ਮੰਗਲਵਾਰ, 9 ਦਸੰਬਰ, 2025
24 ਮੱਘਰ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 189

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 9 DECEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਬਿਜਲੀ ਸੋਧ ਬਿੱਲ ਤੇ ਬੀਜ ਬਿੱਲ ਦਾ ਤਿੱਖਾ ਵਿਰੋਧ

## ਕਿਸਾਨਾਂ ਤੇ ਮੁਲਾਜ਼ਮਾਂ ਨੇ ਪੰਜਾਬ ਭਰ 'ਚ ਬਿੱਲਾਂ ਦੀਆਂ ਕਾਪੀਆਂ ਸਾੜੀਆਂ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਸੂਬੇ ਵਿੱਚ ਬਿਜਲੀ ਦਫ਼ਤਰਾਂ ਦਾ ਘਿਰਾਓ ਕਰਕੇ ਬਿਜਲੀ ਸੋਧ ਬਿੱਲ ਅਤੇ ਸੀਡ ਬਿੱਲ ਦੀਆਂ ਕਾਪੀਆਂ ਸਾੜਨ ਦੇ ਐਲਾਨ ਤਹਿਤ ਪਾਵਰਕਾਮ ਡਵੀਜ਼ਨ ਪਾਤੜਾਂ ਵਿਖੇ ਵਿਸ਼ਾਲ ਰੋਸ ਭਰਪੂਰ ਮੁਜ਼ਾਹਰਾ ਕੀਤਾ ਗਿਆ। ਇਸ ਦੌਰਾਨ ਕਿਸਾਨ ਅਤੇ ਮੁਲਾਜ਼ਮ ਜਥੇਬੰਦੀਆਂ ਨੇ ਇਕੱਠੇ ਹੋ ਕੇ ਦੋਵਾਂ ਬਿੱਲਾਂ ਦੀਆਂ ਕਾਪੀਆਂ ਸਾੜਦਿਆਂ ਕੇਂਦਰ ਤੇ ਪੰਜਾਬ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ।





ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਮੋਰਚੇ ਦੇ ਆਗੂਆਂ ਹਰਭਜਨ ਸਿੰਘ ਬੁੱਟਰ, ਕੁਲਵੰਤ ਸਿੰਘ ਮੌਲਵੀਵਾਲਾ, ਅਮਰੀਕ ਸਿੰਘ ਘੱਗਾ, ਗੁਰਵਿੰਦਰ ਸਿੰਘ ਦੇਧਨਾ ਅਤੇ ਰਾਮਚੰਦ ਚੁਨਾਗਰਾ ਨੇ ਕਿਹਾ ਕਿ ਕੇਂਦਰ ਸਰਕਾਰ ਬਿਜਲੀ ਸੋਧ ਬਿੱਲ ਰਾਹੀਂ ਬਿਜਲੀ ਖੇਤਰ ਨੂੰ ਪੂਰੀ ਤਰ੍ਹਾਂ ਪ੍ਰਾਈਵੇਟ ਕੰਪਨੀਆਂ ਦੇ ਹਵਾਲੇ ਕਰਕੇ ਕਾਰਪੋਰੇਟ ਦੀ ਅੰਨ੍ਹੀ ਲੁੱਟ ਲਈ ਰਾਹ ਪੱਧਰਾ ਕਰ ਰਹੀ ਹੈ।

ਜਦੋਂ ਬਿਜਲੀ ਮਹਿਕਮਾ ਹੋਂਦ ਵਿੱਚ ਆਇਆ ਸੀ ਤਾਂ ਜਨਤਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਬਿਜਲੀ ਦੋ ਸ਼੍ਰੇਣੀਆਂ, ਘਰੇਲੂ ਖਪਤਕਾਰ ਅਤੇ ਮੁਨਾਫ਼ੇ ਲਈ ਬਿਜਲੀ ਵਰਤਣ ਵਾਲੇ ਇਹਨਾਂ ਵਿੱਚ ਵੰਡੀ ਗਈ ਸੀ, ਜਿਸ ਨੂੰ ਸੰਤੁਲਿਤ ਕਰਨ ਲਈ ਕਰਾਸ ਸਬਸਿਡੀ ਚਲਾਈ ਗਈ ਸੀ, ਪਰ ਇਹ ਨਵਾਂ ਬਿੱਲ ਹਰ ਤਰ੍ਹਾਂ ਦੀ ਸਬਸਿਡੀ ਖ਼ਤਮ ਕਰ ਦੇਵੇਗਾ। ਬਿਜਲੀ ਪੈਦਾਵਾਰ ਖੇਤਰ ਦਾ ਨਿੱਜੀਕਰਨ 2003 ਵਿੱਚ ਸ਼ੁਰੂ ਹੋਇਆ ਸੀ, ਪਰ ਹੁਣ ਬਿਜਲੀ ਵੰਡ ਦਾ ਖੇਤਰ ਵੀ ਪੂਰੀ ਤਰ੍ਹਾਂ ਪ੍ਰਾਈਵੇਟ ਕੰਪਨੀਆਂ ਨੂੰ ਸੌਂਪਿਆ ਜਾ ਰਿਹਾ ਹੈ।ਆਗੂਆਂ ਕਿਹਾ ਕਿ ਇਸ ਨਾਲ ਪ੍ਰੀਪੇਡ ਸਮਾਰਟ ਚਿੱਪ ਮੀਟਰ ਲਗਾਏ ਜਾਣਗੇ, ਜਿਸ ਨਾਲ ਬਿਜਲੀ ਮਹਿੰਗੇ ਭਾਅ ਦੀ ਮਿਲੇਗੀ ਅਤੇ ਰਿਚਾਰਜ ਖ਼ਤਮ ਹੋਣ 'ਤੇ ਘਰਾਂ ਦੀ ਬਿਜਲੀ ਕੱਟ ਦਿੱਤੀ ਜਾਵੇਗੀ।

ਆਗੂਆਂ ਨੇ ਸੀਡ ਬਿੱਲ 2025 ਨੂੰ ਸਰਕਾਰ ਦਾ ਦੂਜਾ ਵੱਡਾ ਹੱਲਾ ਦੱਸਦਿਆਂ ਕਿਹਾ ਕਿ ਇਸ ਬਿੱਲ ਤਹਿਤ ਬਿਨਾਂ ਰਜਿਸਟ੍ਰੇਸ਼ਨ ਤੋਂ ਕੋਈ ਵੀ ਆਮ, ਛੋਟਾ ਜਾਂ ਦਰਮਿਆਨਾ ਵਪਾਰੀ/ਦੁਕਾਨਦਾਰ ਬ੍ਰਾਂਡਡ ਬੀਜ ਨਹੀਂ ਵੇਚ ਸਕੇਗਾ। ਦੁਨੀਆ ਦੀਆਂ ਪੰਜ-ਛੇ ਵੱਡੀਆਂ ਕੰਪਨੀਆਂ ਪਹਿਲਾਂ ਹੀ ਖੇਤੀ ਖੋਜ, ਬੀਜ ਅਤੇ ਕੀਟਨਾਸ਼ਕਾਂ ਨੂੰ 75 ਫੀਸਦੀ ਤੱਕ ਕੰਟਰੋਲ ਕਰਦੀਆਂ ਹਨ।ਸਰਕਾਰ ਇਨ੍ਹਾਂ ਕੰਪਨੀਆਂ ਨੂੰ ਲਾਇਸੈਂਸ ਦੇ ਕੇ ਦੇਸ਼ ਦੇ ਖੇਤੀ ਸੈਕਟਰ 'ਤੇ ਕਬਜ਼ਾ ਕਰਵਾਉਣ ਦੀ ਡੂੰਘੀ ਸਾਜ਼ਿਸ਼ ਕਰ ਰਹੀ ਹੈ।

ਐਕਸ਼ਨ ਵਿੱਚ ਇੰਪਲਾਈਜ਼ ਫੈਡਰੇਸ਼ਨ ਦੇ ਰਘਵੀਰ ਸਿੰਘ ਘੱਗਾ, ਅਜੀਤ ਸਿੰਘ ਮੌਲਵੀਵਾਲਾ ਅਤੇ ਪੇਂਡੂ ਖੇਤ ਮਜ਼ਦੂਰ ਯੂਨੀਅਨ ਦੇ ਬਲਵਿੰਦਰ ਸਿੰਘ ਤੋਂ ਇਲਾਵਾ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਜਥੇਬੰਦੀਆਂ ਦੇ ਆਗੂ ਹਰਭਜਨ ਸਿੰਘ ਧੂਹੜ, ਦਲਜਿੰਦਰ ਸਿੰਘ ਹਰਿਆਊ, ਜਸਵਿੰਦਰ ਸਿੰਘ ਬਰਾਸ, ਮਲਕੀਤ ਸਿੰਘ ਨਿਆਲ, ਸੂਬੇਦਾਰ ਨਰਾਤਾ ਰਾਮ, ਜਗਜੀਤ ਸਿੰਘ ਦੁਗਾਲ, ਸੁਖਦੇਵ ਸਿੰਘ ਨਿਆਲ, ਸਾਹਿਬ ਸਿੰਘ ਦੁਤਾਲ, ਗੁਰਮੁਖ ਸਿੰਘ ਕਲਵਾਨੂ, ਮਹਿੰਦਰ ਸਿੰਘ ਖਾਂਗ, ਚਰਨਜੀਤ ਕੌਰ, ਅਵਤਾਰ ਸਿੰਘ ਬੁਰੜ ਅਤੇ ਹਰਦੇਵ ਸਿੰਘ ਘੱਗਾ ਆਦਿ ਨੇ ਸੰਬੋਧਨ ਕੀਤਾ।

**ਤਰਨ ਤਾਰਨ** : ਸੰਯੁਕਤ ਕਿਸਾਨ ਮੋਰਚਾ ਦੇ ਸੂਬਾ ਪੱਧਰੀ ਸੱਦੇ 'ਤੇ ਬਿਜਲੀ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਮਜ਼ਦੂਰ ਜਥੇਬੰਦੀਆਂ ਦੀ ਡਟਵੀਂ ਹਮਾਇਤ ਨਾਲ ਸਥਾਨਕ ਪਾਵਰਕਾਮ ਦੇ ਸਰਕਲ ਦਫਤਰ ਦੇ ਗੇਟ 'ਤੇ ਬਿਜਲੀ ਸੋਧ ਬਿੱਲ 2025, ਸੀਡ ਬਿੱਲ 2025 ਅਤੇ ਚਾਰ ਲੇਬਰ ਕੋਡਾਂ ਦੀਆਂ ਕਾਪੀਆਂ ਫੂਕ ਕੇ ਕੇਂਦਰ ਅਤੇ ਪੰਜਾਬ ਸਰਕਾਰ ਦਾ ਜ਼ੋਰਦਾਰ ਪਿੱਟ-ਸਿਆਪਾ ਕੀਤਾ। ਇਸ ਰੋਸ ਧਰਨੇ ਵਿੱਚ ਇਕੱਤਰ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਨਿਰਵੈਲ ਸਿੰਘ ਡਾਲੇਕੇ, ਮਨਜੀਤ ਸਿੰਘ ਬੱਗੂ, ਤਰਸੇਮ ਸਿੰਘ ਲੁਹਾਰ, ਨਛੱਤਰ ਸਿੰਘ ਮੁਗਲ ਚੱਕ , ਬਲਕਾਰ ਸਿੰਘ ਵਲਟੋਹਾ, ਜੱਸਾ ਸਿੰਘ ਕੰਦਗਿਲ, ਬਲਬੀਰ ਸਿੰਘ ਝਾਮਕਾ, ਜਸਵਿੰਦਰ ਸਿੰਘ ਮਾਨੋਚਾਹਲ ਅਤੇ ਬਿਜਲੀ ਮੁਲਾਜ਼ਮ ਪੈਨਸ਼ਨਰਜ਼ ਆਗੂਆਂ ਗੁਰਪ੍ਰੀਤ ਸਿੰਘ ਗੰਡੀਵਿੰਡ, ਲਖਵੀਰ ਸਿੰਘ ਰੈਸੀਆਣਾ, ਰਣਜੀਤ ਸਿੰਘ, ਨਰਿੰਦਰ ਬੇਦੀ, ਕਰਮਜੀਤ ਸਿੰਘ ਮੱਲਮੋਹਰੀ ਤੋਂ ਇਲਾਵਾ ਖੇਤ ਮਜ਼ਦੂਰ ਸਭਾ ਦੇ ਆਗੂ ਚਰਨ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਪ੍ਰਸਤਾਵਿਤ ਬਿਜਲੀ ਸੋਧ ਬਿੱਲ 2025 ਦਾ ਲੋਕ ਵਿਰੋਧੀ ਖਰੜਾ ਕਾਨੂੰਨ ਬਣ ਜਾਣ ਨਾਲ ਸਾਰੇ ਰਾਜਾਂ ਦੇ ਬਿਜਲੀ ਵਿਭਾਗ ਕਾਰਪੋਰੇਟ ਘਰਾਣਿਆਂ ਦੇ ਹੱਥ ਵਿੱਚ ਚਲੇ ਜਾਣਗੇ।ਇਸ ਮੌਕੇ ਕੇਂਦਰ ਸਰਕਾਰ ਦੇ ਸੀਡ ਬਿੱਲ ਦਾ ਵੀ ਜ਼ਬਰਦਸਤ ਵਿਰੋਧ ਕੀਤਾ ਗਿਆ, ਕਿਉਂਕਿ ਇਹ ਸੀਡ ਬਿੱਲ ਪਾਸ ਹੋਣ ਨਾਲ ਕਿਸਾਨ ਤੇ ਯੂਨੀਵਰਸਿਟੀਆਂ ਬੀਜ ਨਹੀਂ ਪੈਦਾ ਨਹੀਂ ਕਰ ਸਕਣਗੀਆਂ ਤੇ ਸਾਰੇ ਬੀਜਾਂ 'ਤੇ ਕਾਰਪੋਰੇਟ ਘਰਾਣਿਆਂ ਦਾ ਹੀ ਕਬਜ਼ਾ ਹੋ ਜਾਵੇਗਾ ਤੇ ਆਪਣੇ ਤੌਰ 'ਤੇ ਕੋਈ ਵੀ ਬੀਜਾਂ ਦੀ ਵਿਕਰੀ ਨਹੀਂ ਕਰ ਸਕੇਗਾ, ਜਿਸ ਨਾਲ ਪੰਜਾਬ ਸਮੇਤ ਦੇਸ਼ ਦਾ ਖੇਤੀ ਸੈਕਟਰ ਕਾਰਪੋਰੇਟ ਘਰਾਣਿਆਂ ਦਾ ਗੁਲਾਮ ਹੋ ਜਾਵੇਗਾ। ਉਹਨਾਂ ਅਪੀਲ ਕੀਤੀ ਕਿ ਸਮਾਜ ਦੇ ਹਰ ਵਰਗ ਨੂੰ ਇਹਨਾਂ ਲੋਕ ਮਾਰੂ ਬਿੱਲਾਂ ਵਿਰੁੱਧ ਡਟ ਕੇ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਆਗੂਆਂ ਕਿਹਾ ਕਿ ਜੇਕਰ ਪੰਜਾਬ ਤੇ ਕੇਂਦਰ ਸਰਕਾਰ ਨੇ ਇਹ ਲੋਕ ਮਾਰੂ ਫੈਸਲੇ ਵਾਪਸ ਨਾ ਲਏ ਤਾਂ ਇਹ ਸੰਘਰਸ਼ ਹੋਰ ਵੀ ਤਿੱਖਾ ਹੋਵੇਗਾ।

## ਮੁੱਖ ਮੰਤਰੀ ਵੱਲੋਂ ਦੱਖਣੀ ਕੋਰੀਆ ਦੇ ਕਾਰੋਬਾਰੀ ਦਿੱਗਜਾਂ ਨਾਲ ਵਿਚਾਰ-ਵਟਾਂਦਰਾ

### ਪੈਂਗਯੋ ਟੈਕਨੋ ਵੈਲੀ ਦੀ ਤਰਜ਼ 'ਤੇ ਮੁਹਾਲੀ ਨੂੰ ਵਿਕਸਤ ਕਰਨ ਦਾ ਐਲਾਨ




**ਸਿਓਲ** : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਮਵਾਰ ਡੇਵੂ ਈ ਐਂਡ ਸੀ, ਜੀ ਐੱਸ ਇੰਜੀਨੀਅਰਿੰਗ ਐਂਡ ਕੰਸਟ੍ਰਕਸ਼ਨ (ਜੀ ਐੱਸ ਈ ਐਂਡ ਸੀ), ਨੋਂਗਸ਼ਿਮ, ਕੋਰੀਆ ਡਿਫੈਂਸ ਇੰਡਸਟਰੀ ਐਸੋਸੀਏਸ਼ਨ (ਕੇ ਡੀ ਆਈ ਏ), ਸਿਓਲ ਬਿਜ਼ਨਸ ਏਜੰਸੀ (ਐੱਸ ਬੀ ਏ) ਸਮੇਤ ਦੱਖਣੀ ਕੋਰੀਆ ਦੀਆਂ ਹੋਰ ਕੰਪਨੀਆਂ ਨੂੰ ਸੂਬੇ 'ਚ ਨਿਵੇਸ਼ ਕਰਨ ਦਾ ਸੱਦਾ ਦਿੱਤਾ।ਦੱਖਣੀ ਕੋਰੀਆ ਦੇ ਦੌਰੇ ਦੌਰਾਨ ਮੁੱਖ ਮੰਤਰੀ ਨੇ ਡੇਵੂ ਈ ਐਂਡ ਸੀ ਦੇ ਚੇਅਰਮੈਨ ਜੰਗ ਵੌਨ ਜੂ ਨਾਲ ਮੁਲਾਕਾਤ ਕੀਤੀ ਅਤੇ ਨਵਿਆਉਣਯੋਗ ਊਰਜਾ ਪ੍ਰੋਜੈਕਟਾਂ ਆਫਸ਼ੋਰ ਵਿੰਡ ਫਾਰਮ, ਸੋਲਰ ਪਾਵਰ ਪਲਾਂਟ ਅਤੇ ਹਾਈਡ੍ਰੋਜਨ ਉਤਪਾਦਨ ਦੇ ਖੇਤਰਾਂ ਵਿੱਚ ਸਹਿਯੋਗ ਦੀ ਵਕਾਲਤ ਕੀਤੀ। ਉਨ੍ਹਾ ਕਿਹਾ ਕਿ ਸੂਬੇ ਵਿੱਚ ਊਰਜਾ ਬੁਨਿਆਦੀ ਢਾਂਚੇ ਦੇ ਵਿਕਾਸ, ਜਿਵੇਂ ਕਿ ਐੱਲ ਐੱਨ ਜੀ ਟਰਮੀਨਲ, ਪੈਟਰੋ ਕੈਮੀਕਲ ਕੰਪਲੈਕਸ ਤੇ ਖਾਦ ਪਲਾਂਟ, ਰਿਹਾਇਸ਼ ਅਤੇ ਉੱਨਤ ਬੁਨਿਆਦੀ ਢਾਂਚੇ ਸਬੰਧੀ

• ਬਾਕੀ ਸਫਾ 2 'ਤੇ

## ਅਕਾਲ ਤਖਤ ਬਖਸ਼ਿੰਦ, ਵਲਟੋਹਾ ਦੀ ਅਕਾਲੀ ਦਲ 'ਚ ਵਾਪਸੀ ਦਾ ਰਾਹ ਪੱਧਰਾ

### ਸਿੰਘ ਸਾਹਿਬਾਨ ਨੇ ਗਿਆਨੀ ਗੁਰਬਚਨ ਸਿੰਘ, ਵੀ ਸੀ ਕਰਮਜੀਤ ਸਿੰਘ, ਜ਼ਫਰ ਤੇ ਪ੍ਰਚਾਰਕ ਹਰਿੰਦਰ ਸਿੰਘ ਦੇ ਮੁਆਫੀਨਾਮੇ ਵੀ ਕਬੂਲ ਕਰਦਿਆਂ ਲਾਈ ਤਨਖਾਹ



**ਅੰਮ੍ਰਿਤਸਰ** : ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸੋਮਵਾਰ ਪੰਜ ਸਿੰਘ ਸਾਹਿਬਾਨ ਅੱਗੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਅਕਾਲੀ ਲੀਡਰ ਵਿਰਸਾ ਸਿੰਘ ਵਲਟੋਹਾ, ਜਸਵੰਤ ਸਿੰਘ ਜ਼ਫਰ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਸਮੇਤ 5 ਜਣੇ ਪੇਸ਼ ਹੋਏ। ਵਲਟੋਹਾ ਨੇ ਮੁਆਫੀ ਮੰਗੀ ਤਾਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਉਨ੍ਹਾ ਨੂੰ ਸਪੱਸ਼ਟ ਆਦੇਸ਼ ਦਿੱਤਾ ਕਿ ਉਹ ਧਾਰਮਕ ਸ਼ਖਸੀਅਤਾਂ ਬਾਰੇ ਕੋਈ ਬਿਆਨਬਾਜ਼ੀ ਨਾ ਕਰਨ। ਉਨ੍ਹਾ ਵਲਟੋਹਾ 'ਤੇ ਲੱਗੀ 10 ਸਾਲ ਲਈ ਅਕਾਲੀ ਦਲ ਵਿੱਚੋਂ ਕੱਢੇ ਜਾਣ ਦੀ ਪਾਬੰਦੀ ਹਟਾ ਦਿੱਤੀ। ਇਸ ਪਾਬੰਦੀ ਨੂੰ ਹਟਾਉਣ ਦੇ ਨਾਲ ਵਲਟੋਹਾ ਦਾ ਅਕਾਲੀ ਦਲ ਵਿੱਚ ਮੁੜ ਸ਼ਾਮਲ ਹੋਣ ਦਾ ਰਸਤਾ ਹੁਣ ਖੁੱਲ੍ਹ ਗਿਆ ਹੈ। ਵਲਟੋਹਾ ਨੇ ਅਕਤੂਬਰ 2024 'ਚ ਪੰਥ ਦੀਆਂ ਸਿਰਮੌਰ ਸ਼ਖਸੀਅਤਾਂ ਦੇ ਖਿਲਾਫ ਬਿਆਨਬਾਜ਼ੀ ਕੀਤੀ ਸੀ। ਜਥੇਦਾਰ ਗੜਗੱਜ ਨੇ ਵਲਟੋਹਾ ਦੀ ਮੁਆਫੀ ਕਬੂਲ ਕਰਦਿਆਂ 3 ਦਿਨ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਹਾਲ ਵਿੱਚ ਜੂਠੇ ਭਾਂਡੇ ਮਾਂਜਣ, ਇੱਕ ਘੰਟਾ ਸੰਗਤ ਦੇ ਜੋੜੇ ਝਾੜਨ ਦੀ ਸੇਵਾ ਲਗਾਈ ਗਈ ਅਤੇ 11 ਦਿਨ ਰੋਜ਼ਾਨਾ ਗੁਰਬਾਣੀ ਦਾ ਜਾਪ ਕਰਨ ਦਾ ਆਦੇਸ਼ ਦਿੱਤਾ। ਧਾਰਮਿਕ ਸਜ਼ਾ ਪੂਰੀ ਹੋਣ ਮਗਰੋਂ 1100 ਰੁਪਏ ਦੀ ਦੇਗ ਤੇ

• ਬਾਕੀ ਸਫਾ 2 'ਤੇ

## ਗਿੱਦੜਬਾਹਾ ਤੋਂ ਲੜਾਂਗਾ : ਸੁਖਬੀਰ



**ਚੰਡੀਗੜ੍ਹ** : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਲਾਨਿਆ ਹੈ ਕਿ ਉਹ 2027 ਦੀ ਵਿਧਾਨ ਸਭਾ ਚੋਣ ਗਿੱਦੜਬਾਹਾ ਤੋਂ ਲੜਨਗੇ। ਹੁਣ ਤੱਕ ਉਹ ਜਲਾਲਾਬਾਦ ਤੋਂ ਲੜਦੇ ਆ ਰਹੇ ਹਨ।

## ਐੱਸ ਜੀ ਪੀ ਸੀ ਦੀ ਮੀਟਿੰਗ 11 ਨੂੰ

**ਅੰਮ੍ਰਿਤਸਰ** : 328 ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਅਧਿਕਾਰੀਆਂ, ਕਰਮਚਾਰੀਆਂ ਤੇ ਹੋਰਨਾਂ ਖਿਲਾਫ ਦਰਜ ਹੋਈ ਐੱਫ ਆਈ ਆਰ ਤੋਂ ਬਾਅਦ ਪੈਦਾ ਹੋਏ ਸੰਕਟ ਨੂੰ ਨਜਿੱਠਣ ਤੇ ਵਿਚਾਰਨ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਮੀਟਿੰਗ 11 ਦਸੰਬਰ ਨੂੰ ਸੱਦੀ ਗਈ ਹੈ।

## ਕੋਰੀਅਨ ਬੀਬੀ ਨੇ ਮੁੱਖ ਮੰਤਰੀ ਨੂੰ ਕੀਤਾ ਹੈਰਾਨ



**ਚੰਡੀਗੜ੍ਹ** : ਦੱਖਣੀ ਕੋਰੀਆ ਦੇ ਦੌਰੇ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਇੱਕ ਕੋਰੀਅਨ ਮਹਿਲਾ ਦੀ ਪੰਜਾਬੀ ਭਾਸ਼ਾ 'ਤੇ ਪਕੜ ਦੇਖ ਕੇ ਹੈਰਾਨ ਰਹਿ ਗਏ। ਉਹ ਉਸ ਦੀ ਰਵਾਨਗੀ ਵਾਲੀ ਪੰਜਾਬੀ ਸੁਣ ਕੇ ਬਹੁਤ ਪ੍ਰਭਾਵਤ ਹੋਏ। ਇੰਟਰਨੈੱਟ ਉੱਤੇ ਇਸ ਵੀਡੀਓ ਨੂੰ ਖੂਬ ਪਸੰਦ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਵੱਲੋਂ ਆਪਣੇ ਅਧਿਕਾਰਤ ਇੰਸਟਾਗ੍ਰਾਮ ਅਕਾਊਂਟ 'ਤੇ ਸਾਂਝੀ ਕੀਤੀ ਗਈ ਇਸ ਕਲਿੱਪ ਵਿੱਚ ਉਨ੍ਹਾ ਨੂੰ ਕੋਰੀਅਨ ਮਹਿਲਾ ਨਾਲ ਗੱਲਬਾਤ ਕਰਦਿਆਂ ਦੇਖਿਆ ਜਾ ਸਕਦਾ ਹੈ, ਜੋ ਇੱਕ ਮੂਲ ਨਿਵਾਸੀ ਵਾਂਗ ਪੰਜਾਬੀ ਬੋਲਦੀ ਸੀ। ਮਾਨ ਨੇ ਪੋਸਟ ਹੇਠ ਕੈਪਸ਼ਨ ਵਿੱਚ ਲਿਖਿਆ : "ਸਾਡੀ ਮਾਂ ਬੋਲੀ, ਪੰਜਾਬੀ, ਸਾਡੇ ਲਈ ਸਿਰਫ ਇੱਕ ਭਾਸ਼ਾ ਨਹੀਂ ਹੈ... ਇਹ ਸਾਡੀ ਪਛਾਣ ਹੈ... ਮੈਨੂੰ ਦੱਖਣੀ ਕੋਰੀਆ ਦੀ ਆਪਣੀ ਫੇਰੀ ਦੌਰਾਨ ਇੱਕ ਜੋੜੇ ਨੂੰ ਮਿਲਣ ਦਾ ਮੌਕਾ ਮਿਲਿਆ...ਕੋਰੀਆ 'ਚ ਜੰਮੀ ਇੱਕ ਧੀ ਦੇ ਮੂੰਹੋਂ ਮਾਂ ਬੋਲੀ, ਪੰਜਾਬੀ ਸੁਣ ਕੇ ਬਹੁਤ ਵਧੀਆ ਲੱਗਾ।" ਇਹ ਵੀਡੀਓ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ ਤੇ ਸੋਸ਼ਲ ਮੀਡੀਆ ਯੂਜ਼ਰਜ਼ ਨੇ ਕੋਰੀਅਨ ਮਹਿਲਾ ਦੀ ਪੰਜਾਬੀ ਭਾਸ਼ਾ 'ਤੇ ਪਕੜ ਦੀ ਰੱਜ ਕੇ ਤਾਰੀਫ ਕੀਤੀ ਹੈ। ਇਕ ਯੂਜ਼ਰ ਨੇ ਕੁਮੈਂਟ ਕੀਤਾ, "ਪੰਜਾਬੀ ਸੱਭਿਆਚਾਰ ਦੀ ਖੂਬਸੂਰਤ ਝਲਕ ਮਿਲੀ।" ਦੂਜੇ ਨੇ ਲਿਖਿਆ, "ਇਹ ਪਲ ਸੱਚਮੁੱਚ ਮਾਣ ਕਰਨ ਵਾਲਾ ਹੈ।" ਇਹ ਵੀਡੀਓ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਦੀ ਆਲਮੀ ਅਪੀਲ ਨੂੰ ਦਰਸਾਉਂਦਾ ਹੈ, ਜਿਸ ਵਿਚ ਵੱਖੋ-ਵੱਖਰੇ ਪਿਛੋਕੜ ਦੇ ਲੋਕ ਇਸ ਦੀ ਤਾਰੀਫ ਕਰ ਰਹੇ ਹਨ।"

## ਚੀਮਾ ਦਾ ਕਾਂਗਰਸ ਤੇ ਭਾਜਪਾ ਹਾਈਕਮਾਨ ਨੂੰ ਚੈਲਿੰਜ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**-ਵਿੱਤ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਸੋਮਵਾਰ ਕਾਂਗਰਸ ਤੇ ਭਾਜਪਾ ਹਾਈਕਮਾਨ 'ਤੇ ਨਿਸ਼ਾਨਾ ਵਿੰਨ੍ਹਦਿਆਂ ਉਨ੍ਹਾਂ ਨੂੰ ਨਵਜੋਤ ਕੌਰ ਸਿੱਧੂ ਅਤੇ ਸੁਨੀਲ ਜਾਖੜ ਵੱਲੋਂ ਲਗਾਏ ਗਏ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ਾਂ ਦਾ ਤੁਰੰਤ ਜਵਾਬ ਦੇਣ ਦੀ ਚੁਣੌਤੀ ਦਿੱਤੀ।

ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਚੀਮਾ ਨੇ ਕਿਹਾ—ਮੈਂ ਕਾਂਗਰਸ ਅਤੇ ਭਾਜਪਾ ਹਾਈਕਮਾਨ ਨੂੰ ਇਹਨਾਂ ਦੋਸ਼ਾਂ ਸਬੰਧੀ ਤੁਰੰਤ ਜਵਾਬ ਦੇਣ ਦੀ ਚੁਣੌਤੀ ਦਿੰਦਾ ਹਾਂ। ਉਨ੍ਹਾ ਕਾਂਗਰਸ ਅਤੇ ਭਾਜਪਾ ਹਾਈਕਮਾਨ ਨੂੰ ਸਵਾਲ ਪੁੱਛਿਆ—ਤੁਸੀਂ ਚੁੱਪੀ ਕਿਉਂ ਸਾਧੀ ਹੋਈ ਹੈ? ਕੀ ਤੁਸੀਂ ਇਸ ਲਈ ਚੁੱਪ ਹੋ, ਕਿਉਂਕਿ ਤੁਸੀਂ ਇਸ ਭ੍ਰਿਸ਼ਟਾਚਾਰ ਵਿੱਚ ਸ਼ਾਮਲ ਹੋ? ਮੈਂ ਕਾਂਗਰਸ ਅਤੇ ਭਾਜਪਾ ਹਾਈਕਮਾਨ ਨੂੰ 24 ਘੰਟਿਆਂ ਦੇ ਅੰਦਰ ਜਵਾਬ ਦੇਣ ਦੀ ਚੁਣੌਤੀ ਦਿੰਦਾ ਹਾਂ। ਚੀਮਾ ਨੇ ਭਾਜਪਾ ਅਤੇ ਕਾਂਗਰਸ ਹਾਈਕਮਾਨ ਦੀ ਉਨ੍ਹਾਂ ਆਗੂਆਂ ਬਾਰੇ ਚੁੱਪੀ 'ਤੇ ਸਵਾਲ ਉਠਾਇਆ, ਜਿਨ੍ਹਾਂ ਆਪਣੀ ਪਾਰਟੀ ਬਦਲ ਲਈ ਹੈ, ਪਰ ਜਿਨ੍ਹਾਂ ਦੇ ਪਿਛਲੇ ਕੰਮਾਂ ਅਤੇ

• ਬਾਕੀ ਸਫਾ 2 'ਤੇ

## ਕਾਰ ਡਿਵਾਈਡਰ ਨਾਲ ਟਕਰਾਈ, 5 ਮੌਤਾਂ



**ਜਗਰਾਓਂ (ਸੰਜੀਵ ਅਰੋੜਾ)**-ਲੁਧਿਆਣਾ ਦੇ ਲਾਡੋਵਾਲ ਟੋਲ ਪਲਾਜ਼ਾ ਨੇੜੇ ਐਤਵਾਰ ਦੇਰ ਰਾਤ ਕਾਰ ਦੇ ਡਿਵਾਈਡਰ ਨਾਲ ਟਕਰਾਉਣ ਕਰਕੇ 5 ਵਿਅਕਤੀਆਂ ਦੀ ਮੌਤ ਹੋ ਗਈ। ਮ੍ਰਿਤਕਾਂ ਵਿੱਚ ਦੋ ਨਾਬਾਲਗ ਕੁੜੀਆਂ ਤੇ ਤਿੰਨ ਨੌਜਵਾਨ ਹਨ। ਨੌਜਵਾਨਾਂ ਦੀ ਪਛਾਣ ਜਗਰਾਓਂ ਦੇ ਕੋਠੇ ਖੰਜੂਰਾ ਦੇ ਸੱਤਪਾਲ ਸਿੰਘ ਤੇ ਵੀਰੂ ਅਤੇ ਮੁਹੱਲਾ ਅਜੀਤ ਨਗਰ ਦੇ ਸਿਮਰਨਜੀਤ ਸਿੰਘ ਵਜੋਂ ਹੋਈ ਹੈ। ਦੱਸਿਆ ਜਾਂਦਾ ਹੈ ਕਿ ਇਹ ਸਾਰੇ ਜਗਰਾਓਂ ਤੋਂ ਅੰਮ੍ਰਿਤਸਰ ਵੱਲ ਜਾ ਰਹੇ ਸਨ। ਰਿਪੋਰਟਾਂ ਅਨੁਸਾਰ ਹੁੰਡਈ ਵਰਨਾ ਕਾਰ ਸਾਊਥ ਸਿਟੀ ਤੋਂ ਲਾਡੋਵਾਲ ਵੱਲ ਜਾਂਦਿਆਂ ਬੇਕਾਬੂ ਹੋ ਕੇ ਡਿਵਾਈਡਰ ਨਾਲ ਟਕਰਾਉਣ ਮਗਰੋਂ ਪਲਟ ਗਈ ਅਤੇ ਕਾਫੀ ਦੂਰੀ ਤੱਕ ਘਸੀਟਦੀ ਗਈ।

## ਸਰਬ-ਸੰਮਤੀ ਨਾਲ ਰਾਜ ਕੁਮਾਰ ਚੰਡੀਗੜ੍ਹ ਦੇ ਮੁੜ ਜ਼ਿਲ੍ਹਾ ਸਕੱਤਰ ਚੁਣੇ ਗਏ

### ਹੁੰਦਲ ਤੇ ਵਕੀਲ ਸਹਾਇਕ ਸਕੱਤਰ ਬਣੇ






**ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)**

ਸੀ ਪੀ ਆਈ ਚੰਡੀਗੜ੍ਹ ਦੀ 18ਵੀਂ ਜ਼ਿਲ੍ਹਾ ਕਾਨਫਰੰਸ ਅਜੇ ਭਵਨ ਚੰਡੀਗੜ੍ਹ ਵਿਖੇ ਕੀਤੀ ਗਈ। ਕਾਨਫਰੰਸ ਦੀ ਸ਼ੁਰੂਆਤ ਦੇਵੀ ਦਿਆਲ ਵੱਲੋਂ ਪਾਰਟੀ ਦਾ ਝੰਡਾ ਲਹਿਰਾਉਣ ਨਾਲ ਹੋਈ। ਸੂਬੇ ਵੱਲੋਂ ਅਬਜ਼ਰਵਰ ਬੰਤ ਸਿੰਘ ਬਰਾੜ ਸੂਬਾ ਸਕੱਤਰ ਅਤੇ ਨਰਿੰਦਰ ਸੋਹਲ ਵਿਸੇਸ਼ ਤੌਰ 'ਤੇ ਪਹੁੰਚੇ। ਕਾਮਰੇਡ ਬਰਾੜ ਅਤੇ ਸੋਹਲ ਨੇ ਸਫ਼ਲ ਕਾਨਫਰੰਸ ਲਈ ਸਮੁੱਚੀ ਟੀਮ ਨੂੰ ਮੁਬਾਰਕਬਾਦ ਦਿੰਦਿਆਂ ਪੰਜਾਬ ਅਤੇ ਦੇਸ਼ ਦੇ ਮੌਜੂਦਾ ਹਾਲਤਾਂ ਉਤੇ ਵਿਚਾਰ ਸਾਂਝੇ ਕੀਤੇ। ਉਹਨਾਂ ਕਿਹਾ ਕਿ ਦੇਸ਼ ਦੇ ਹਾਲਾਤ ਦਿਨੋ-ਦਿਨ ਖਤਰਨਾਕ ਬਣਦੇ ਜਾ ਰਹੇ ਹਨ। ਇਥੋਂ ਤੱਕ ਕਿ ਸਾਡਾ ਸੰਵਿਧਾਨ ਵੀ ਖਤਰੇ ਵਿੱਚ ਹੈ। ਅਜੋਕੇ ਸਮੇਂ ਵਿੱਚ ਪਾਰਟੀ ਸਾਥੀਆਂ ਨੂੰ ਵਿਚਾਰਧਾਰਕ ਤੌਰ 'ਤੇ ਸੂਝਵਾਨ ਹੋਣਾ ਬਹੁਤ ਜ਼ਰੂਰੀ ਹੈ। ਜਦੋਂ ਅਸੀਂ ਕਮਿਊਨਿਸਟ ਪਾਰਟੀ ਦਾ ਸ਼ਤਾਬਦੀ ਵਰ੍ਹਾ ਮਨਾ ਰਹੇ ਹਾਂ ਤਾਂ ਸਾਨੂੰ ਆਪਣੀਆਂ ਪ੍ਰਾਪਤੀਆਂ ਲੋਕਾਂ ਤੱਕ ਲੈ ਕੇ ਜਾਣੀਆਂ ਚਾਹੀਦੀਆਂ। ਪਾਰਟੀ ਸਾਥੀਆਂ ਦੀ ਗਿਣਤੀ ਵਧਾਉਣਾ ਅਤੇ ਪਾਰਟੀ ਨੂੰ ਮਜ਼ਬੂਤ ਕਰਨਾ ਹਰ ਸਾਥੀ ਦਾ ਪਹਿਲਾ ਫਰਜ਼ ਹੈ। ਪਾਰਟੀ ਲਿਟਰੇਚਰ, ਸੰਵਿਧਾਨ ਅਤੇ ਅੰਤਰਰਾਸ਼ਟਰੀ ਗਤੀਵਿਧੀਆਂ ਬਾਰੇ ਜਾਣਕਾਰੀ ਰੱਖਣਾ ਵੱਡੀ ਜ਼ਰੂਰਤ ਹੈ।

ਇਸ ਦੌਰਾਨ ਪਿਛਲੇ ਤਿੰਨ ਸਾਲਾਂ ਦੀਆਂ ਸਰਗਰਮੀਆਂ ਦੀ ਰਿਪੋਰਟ ਰਾਜ ਕੁਮਾਰ ਨੇ ਪੇਸ਼ ਕੀਤੀ। ਰਿਪੋਰਟ ਉਤੇ ਹੋਈ ਬਹਿਸ ਵਿੱਚ ਰਾਬਿੰਦਰ ਨਾਥ ਸ਼ਰਮਾ, ਕਰਮ ਸਿੰਘ ਵਕੀਲ, ਐੱਸ ਐੱਸ ਕਾਲੀਰਮਨਾ, ਭੁਪਿੰਦਰ ਸਿੰਘ, ਸਤਿਆਵੀਰ, ਸੁਰਜੀਤ ਕਾਲੜਾ, ਪ੍ਰੀਤਮ ਸਿੰਘ ਹੁੰਦਲ ਤੇ ਪ੍ਰਹਿਲਾਦ ਸਿੰਘ ਆਦਿ ਨੇ ਹਿੱਸਾ ਲਿਆ। ਉਪਰੰਤ ਰਿਪੋਰਟ ਸਰਬਸੰਮਤੀ ਨਾਲ ਪਾਸ ਕੀਤੀ ਗਈ। ਪ੍ਰੀਤਮ ਸਿੰਘ ਹੁੰਦਲ ਨੇ ਵਿੱਤ ਅਤੇ ਖਰਚਿਆਂ ਦੀ ਰਿਪੋਰਟ ਪੇਸ਼ ਕੀਤੀ, ਜੋ ਸਰਬਸੰਮਤੀ ਨਾਲ ਪਾਸ ਕੀਤੀ ਗਈ। ਅਖੀਰ ਵਿੱਚ ਸਰਬਸੰਮਤੀ ਨਾਲ ਰਾਜ ਕੁਮਾਰ ਨੂੰ ਲਗਾਤਾਰ ਤੀਜੀ ਵਾਰ ਜ਼ਿਲ੍ਹਾ ਸਕੱਤਰ ਅਤੇ ਪ੍ਰੀਤਮ ਸਿੰਘ ਹੁੰਦਲ ਤੇ ਕਰਮ ਸਿੰਘ ਵਕੀਲ ਨੂੰ ਸਹਾਇਕ ਸਕੱਤਰ ਚੁਣਿਆ ਗਿਆ। ਸਰਬਸੰਮਤੀ ਨਾਲ 23 ਮੈਂਬਰੀ ਜ਼ਿਲ੍ਹਾ ਕੌਂਸਲ, ਚਾਰ ਮੈਂਬਰੀ ਕੰਟਰੋਲ ਕਮਿਸ਼ਨ ਅਤੇ ਪ੍ਰੀਤਮ ਸਿੰਘ ਹੁੰਦਲ ਨੂੰ ਮੁੜ ਖਜ਼ਾਨਚੀ ਦਾ ਅਹੁਦਾ ਸੰਭਾਲਿਆ ਗਿਆ। ਜਨਵਰੀ ਵਿੱਚ ਹੋਣ ਵਾਲੀ ਸੂਬਾ ਕਾਨਫਰੰਸ ਲਈ ਰਾਜ ਕੁਮਾਰ, ਪ੍ਰੀਤਮ ਸਿੰਘ ਹੁੰਦਲ, ਕਰਮ ਸਿੰਘ ਵਕੀਲ, ਸੁਰਜੀਤ ਕਾਲੜਾ ਚਾਰ ਡੈਲੀਗੇਟ ਅਤੇ ਭੁਪਿੰਦਰ ਸਿੰਘ ਨੂੰ ਬਦਲਵਾਂ ਡੈਲੀਗੇਟ ਚੁਣਿਆ ਗਿਆ। ਅੰਤ ਵਿੱਚ ਪ੍ਰਧਾਨਗੀ ਮੰਡਲ ਵੱਲੋਂ ਭੁਪਿੰਦਰ ਸਿੰਘ ਨੇ ਆਏ ਆਗੂਆਂ ਅਤੇ ਡੈਲੀਗੇਟਾਂ ਦਾ ਧੰਨਵਾਦ ਕਰਦਿਆਂ ਨਵੀਂ ਚੁਣੀ ਸਮੁੱਚੀ ਟੀਮ ਨੂੰ ਮੁਬਾਰਕਬਾਦ ਦਿੱਤੀ।

## ਨਵਜੋਤ ਕੌਰ ਸਿੱਧੂ ਨੂੰ ਚੰਗੇ ਮੈਂਟਲ ਹਸਪਤਾਲ 'ਚ ਦਾਖਲ ਕਰਾਉਣ ਦੀ ਸਲਾਹ

**ਬੇਂਗਲੁਰੂ** : ਕਰਨਾਟਕ ਦੇ ਉਪ ਮੁੱਖ ਮੰਤਰੀ ਡੀ ਕੇ ਸ਼ਿਵਕੁਮਾਰ ਨੇ ਸੋਮਵਾਰ ਕਾਂਗਰਸ ਆਗੂ ਨਵਜੋਤ ਕੌਰ ਸਿੱਧੂ ਨੂੰ ਉਨ੍ਹਾ ਦੇ 'ਮੁੱਖ ਮੰਤਰੀ ਦੇ ਅਹੁਦੇ ਲਈ 500 ਕਰੋੜ ਰੁਪਏ' ਵਾਲੇ ਬਿਆਨ 'ਤੇ ਸਲਾਹ ਦਿੱਤੀ ਕਿ ਉਨ੍ਹਾ ਨੂੰ ਕਿਸੇ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ ਜਾਵੇ, ਕਿਸੇ ਚੰਗੇ ਮਾਨਸਿਕ ਹਸਪਤਾਲ ਵਿੱਚ। ਸਾਬਕਾ ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਪਤਨੀ ਨਵਜੋਤ ਕੌਰ ਸਿੱਧੂ ਨੇ ਕਿਹਾ ਸੀ, "ਜੋ 500 ਕਰੋੜ ਰੁਪਏ ਵਾਲਾ ਸੂਟਕੇਸ ਦਿੰਦਾ ਹੈ, ਉਹੀ ਮੁੱਖ ਮੰਤਰੀ ਬਣਦਾ ਹੈ।" ਨਵਜੋਤ ਕੌਰ ਨੇ ਇਹ ਵੀ ਕਿਹਾ ਸੀ ਕਿ ਉਨ੍ਹਾ ਦੇ ਪਤੀ ਨਵਜੋਤ ਸਿੰਘ ਸਿੱਧੂ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਤਾਂ ਹੀ ਸਰਗਰਮ ਸਿਆਸਤ ਵਿੱਚ ਵਾਪਸ ਆਉਣਗੇ ਜੇ ਕਾਂਗਰਸ ਉਨ੍ਹਾ ਨੂੰ ਮੁੱਖ ਮੰਤਰੀ ਦੇ ਅਹੁਦੇ ਦਾ ਚਿਹਰਾ ਐਲਾਨ ਕਰਦੀ ਹੈ। ਉਨ੍ਹਾ ਅੱਗੇ ਕਿਹਾ ਕਿ ਉਨ੍ਹਾ ਕੋਲ ਕਿਸੇ ਵੀ ਪਾਰਟੀ ਨੂੰ ਦੇਣ ਲਈ ਪੈਸਾ ਨਹੀਂ ਹੈ, ਪਰ ਉਹ ਪੰਜਾਬ ਨੂੰ 'ਸੁਨਹਿਰਾ ਸੂਬਾ' ਬਣਾ ਸਕਦੇ ਹਨ। ਆਪਣੇ ਉਪਰੋਕਤ ਬਿਆਨ ਤੋਂ ਬਾਅਦ ਨਵਜੋਤ ਕੌਰ ਨੇ ਐਤਵਾਰ ਸ਼ਾਮ ਨੂੰ ਐਕਸ 'ਤੇ ਪੋਸਟ ਕਰਦੇ ਹੋਏ ਲਿਖਿਆ, "ਮੈਨੂੰ ਇਹ ਦੇਖ ਕੇ ਹੈਰਾਨੀ ਹੋ ਰਹੀ ਹੈ ਕਿ ਮੇਰੀ ਸਿੱਧੀ ਗੱਲ ਨੂੰ ਕਿਵੇਂ ਮੋੜ ਦਿੱਤਾ ਗਿਆ। ਸਾਡੀ ਕਾਂਗਰਸ ਪਾਰਟੀ ਨੇ ਸਾਡੇ ਤੋਂ ਕਦੇ ਕੁਝ ਨਹੀਂ ਮੰਗਿਆ। ਜਦੋਂ ਪੁੱਛਿਆ ਗਿਆ ਕਿ ਕੀ ਨਵਜੋਤ ਸਿੱਧੂ ਕਿਸੇ ਹੋਰ ਪਾਰਟੀ ਤੋਂ ਮੁੱਖ ਮੰਤਰੀ ਦਾ ਚਿਹਰਾ ਬਣ ਸਕਦੇ ਹਨ, ਤਾਂ ਮੈਂ ਸਿਰਫ ਇੰਨਾ ਹੀ ਕਿਹਾ ਕਿ ਸਾਡੇ ਕੋਲ ਮੁੱਖ ਮੰਤਰੀ ਦੇ ਅਹੁਦੇ ਲਈ ਦੇਣ ਨੂੰ ਕੋਈ ਪੈਸਾ ਨਹੀਂ ਹੈ।"

## ਨਾਈਟ ਡਿਊਟੀ ਦੇ ਕੇ ਆ ਰਹੀ ਕੁੜੀ ਦੀ ਹਾਦਸੇ 'ਚ ਮੌਤ



**ਰਈਆ** : ਦਾਣਾ ਮੰਡੀ ਨੇੜੇ ਸੋਮਵਾਰ ਸਵੇਰੇ ਕਰੀਬ 9 ਵਜੇ ਐਕਟਿਵਾ ਟਰੱਕ ਵਿੱਚ ਵੱਜਣ ਕਾਰਨ ਕੁੜੀ ਦੀ ਮੌਕੇ 'ਤੇ ਮੌਤ ਹੋ ਗਈ।

ਪੁਲਸ ਚੌਕੀ ਇੰਚਾਰਜ ਅਮਨਦੀਪ ਸਿੰਘ ਨੇ ਦੱਸਿਆ ਕਿ ਟਰੱਕ ਜਲੰਧਰ ਸਾਈਡ ਤੋਂ ਆ ਕੇ ਪੁਲ ਥੱਲੇ ਖੜ੍ਹਾ ਸੀ। ਇਸ ਦੌਰਾਨ ਪਿੱਛਿਓਂ ਆ ਰਹੀ ਨਿੱਕਾ ਰਈਆ ਦੀ ਨਵਪ੍ਰੀਤ ਕੌਰ, ਜਿਸ ਨੇ ਨਿੱਕਾ ਰਈਆ ਨੂੰ ਮੁੜਨਾ ਸੀ, ਦੀ ਐਕਟਿਵਾ ਬੇਕਾਬੂ ਹੋ ਕੇ ਉਸ ਵਿੱਚ ਵੱਜ ਗਈ।

ਨਵਪ੍ਰੀਤ ਅਕਾਲ ਹਸਪਤਾਲ ਰਈਆ ਵਿੱਚ ਮੁਲਾਜ਼ਮ ਸੀ ਅਤੇ ਰਾਤ ਦੀ ਡਿਊਟੀ ਕਰਕੇ ਵਾਪਸ ਆ ਰਹੀ ਸੀ।

## ਅੱਜ-ਨਾਮਾ

ਫਿਰ ਹੈ ਉੱਬਲਦੀ ਲੱਗ ਰਹੀ ਰਾਜਨੀਤੀ,
ਲੱਗਦਾ ਖਬਰਾਂ ਦਾ ਪੈਂਦਾ ਘੜਮੱਸ ਬੇਲੀ।
ਮੋੜਾ ਕੱਟੂ ਇਹ ਭਲਕ ਨੂੰ ਨਵਾਂ ਕਿਹੜਾ,
ਸਕਦੇ ਨਹੀਂਉਂ ਨਜੂਮੀ ਕੋਈ ਦੱਸ ਬੇਲੀ।
ਜਿਵੇਂ ਹਾਲਾਤ ਆ ਬਦਲਦੇ ਰੋਜ਼ ਲੱਗਦੇ,
ਸੋਚਦੇ ਸਿਰਾਂ ਦੀ ਕੀਤੀ ਪਈ ਬੱਸ ਬੇਲੀ।
ਕਿਹੜਾ ਡੁੱਬਦਾ, ਪਹੁੰਚਦਾ ਪਾਰ ਕਿਹੜਾ,
ਗੁੰਝਲ ਖੋਲ੍ਹਣ ਨਹੀਂ ਕਿਸੇ ਦੇ ਵੱਸ ਬੇਲੀ।
ਅਗਲੀ ਚੋਣ ਲਈ ਵਕਤ ਵੀ ਬੜਾ ਥੋੜ੍ਹਾ,
ਕਰਦਾ ਪੈਂਤੜੇ ਦੀ ਹਰ ਕੋਈ ਭਾਲ ਬੇਲੀ।
ਛਾਲਾਂ ਮਾਰ ਕੇ ਜਾਂਦਾ ਈ ਵਕਤ ਤੁਰਿਆ,
ਰਹਿੰਦਾ ਬਾਕੀ ਤਾਂ ਸਵਾ ਬੱਸ ਸਾਲ ਬੇਲੀ।

-ਤੀਸ ਮਾਰ ਖਾਂ

## ਜਸਪਾਲ ਭੱਟੀ ਬਹੁਤ ਵੱਡਾ ਜੋਤਿਸ਼ੀ ਵੀ ਸੀ...



**ਚੰਡੀਗੜ੍ਹ** : ਉਡਾਣਾਂ ਰੱਦ ਹੋਣ, ਦੇਰੀ, ਸਟਾਫ ਦੀ ਘਾਟ ਅਤੇ ਹਫੜਾ-ਦਫੜੀ ਦਰਮਿਆਨ ਤਜਰਬੇਕਾਰ ਵਿਅੰਗਕਾਰ ਜਸਪਾਲ ਭੱਟੀ ਦਾ ਇੱਕ ਪੁਰਾਣਾ ਵੀਡੀਓ ਸੋਸ਼ਲ ਮੀਡੀਆ 'ਤੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਦੇਸ਼ ਦੀ ਸਭ ਤੋਂ ਵੱਡੀ ਏਅਰਲਾਈਨ ਇੰਡੀਗੋ ਨੂੰ ਦਰਪੇਸ਼ ਸੰਕਟ ਦਰਮਿਆਨ ਜਸਪਾਲ ਭੱਟੀ ਵੱਲੋਂ ਕੀਤਾ ਪੁਰਾਣਾ ਵਿਅੰਗ ਮੁੜ ਪ੍ਰਸੰਗਕ ਹੋ ਗਿਆ ਹੈ। ਇਹ ਵੀਡੀਓ 90ਵਿਆਂ ਦੇ ਦਹਾਕੇ ਵਿੱਚ ਪ੍ਰਸਾਰਤ ਉਨ੍ਹਾ ਦੇ ਮਸ਼ਹੂਰ ਸੀਰੀਅਲ 'ਫੁੱਲ ਟੈਂਸ਼ਨ' ਦਾ ਹੈ। ਲੋਕ ਮਜ਼ਾਕ ਵਿੱਚ ਪੁੱਛ ਰਹੇ ਹਨ, "ਕੀ ਜਸਪਾਲ ਭੱਟੀ ਨੇ 30 ਸਾਲ ਪਹਿਲਾਂ ਇੰਡੀਗੋ ਦੇ 2025 ਦੇ ਸੰਕਟ ਦੀ ਭਵਿੱਖਬਾਣੀ ਕੀਤੀ ਸੀ?" ਵੀਡੀਓ ਵਿੱਚ ਭੱਟੀ ਇੱਕ ਏਅਰਲਾਈਨ ਕਾਰਜਕਾਰੀ ਦੀ ਭੂਮਿਕਾ ਨਿਭਾਉਂਦੇ ਹਨ, ਜੋ ਇਹ ਦਿਖਾਉਣਾ ਚਾਹੁੰਦਾ ਹੈ ਕਿ ਹਰ ਸਥਿਤੀ ਵਿੱਚ 'ਸਭ ਕੁਝ ਕਾਬੂ ਵਿੱਚ ਹੈ', ਜਦੋਂ ਕਿ ਹਕੀਕਤ ਬਿਲਕੁਲ ਉਲਟ ਹੈ। ਕਰੀਬ ਪੌਣੇ ਤਿੰਨ ਮਿੰਟ ਦੇ ਇਸ ਵਿਅੰਗਮਈ ਵੀਡੀਓ ਵਿੱਚ ਦਿਖਾਇਆ ਗਿਆ ਹੈ ਕਿ ਭੱਟੀ ਇੱਕ ਕਾਲਪਨਿਕ ਏਅਰਲਾਈਨ ਚਲਾ ਰਹੇ ਹਨ, ਪਰ ਸਟਾਫ ਦੀ ਇੰਨੀ ਕਮੀ ਹੈ ਕਿ ਉਹ ਯਾਤਰੀਆਂ ਦੀ ਅਗਵਾਈ ਖੁਦ ਕਰਦੇ ਹਨ, ਟਿਕਟ ਕਾਊਂਟਰ 'ਤੇ ਖੁਦ ਬੈਠਦੇ ਹਨ, ਸਾਮਾਨ ਦੀ ਖੁਦ ਜਾਂਚ ਕਰਦੇ ਹਨ, ਸ਼ਿਕਾਇਤ ਲੈਣ ਵਾਲੇ ਅਧਿਕਾਰੀ ਵੀ ਉਹ ਖੁਦ ਹੁੰਦੇ ਹਨ।

ਯਾਤਰੀ ਅਕਸਰ ਹਰੇਕ ਕਾਊਂਟਰ 'ਤੇ ਇੱਕੋ ਵਿਅਕਤੀ ਤੋਂ ਨਿਰਾਸ਼ ਹੁੰਦੇ ਹਨ, ਪਰ ਭੱਟੀ ਉਨ੍ਹਾਂ ਨੂੰ ਸ਼ਾਂਤੀ ਨਾਲ ਭਰੋਸਾ ਦਿਵਾਉਂਦੇ ਹਨ ਕਿ 'ਸਭ ਕੁਝ ਬਿਲਕੁਲ ਆਮ ਹੈ।' ਵੀਡੀਓ ਦਾ ਮੂਲ ਸੁਨੇਹਾ ਇਹ ਸੀ ਕਿ ਕਿਵੇਂ ਸਟਾਫ ਦੀ ਘਾਟ ਪੂਰੇ ਸਿਸਟਮ ਨੂੰ ਗੜਬੜ ਵਿੱਚ ਪਾ ਸਕਦੀ ਹੈ ਅਤੇ ਇਹ ਇੰਡੀਗੋ ਦੀ ਮੌਜੂਦਾ ਸਥਿਤੀ ਨਾਲ ਚੰਗੀ ਤਰ੍ਹਾਂ ਮੇਲ ਖਾਂਦਾ ਜਾਪਦਾ ਹੈ।

ਬਹੁਤ ਸਾਰੇ ਯੂਜ਼ਰਜ਼ ਨੇ ਲਿਖਿਆ, "ਭੱਟੀ ਦੀਆਂ ਵਿਅੰਗਮਈ ਲਿਖਤਾਂ ਇੰਨੀਆਂ ਸਹੀ ਕਿਵੇਂ ਹੋ ਸਕਦੀਆਂ ਹਨ? ਉਹ 2025 ਦੀ ਅਸਲੀਅਤ ਨੂੰ ਦਰਸਾਉਂਦੇ ਹਨ!" ਇੱਕ ਹੋਰ ਟਿੱਪਣੀ ਵਿੱਚ ਲਿਖਿਆ ਗਿਆ, "ਜੇ ਸਰਕਾਰ ਅਤੇ ਏਅਰਲਾਈਨਾਂ ਭੱਟੀ ਦੇ ਐਪੀਸੋਡ ਦੇਖ ਕੇ ਚਲਦੀਆਂ ਤਾਂ ਸ਼ਾਇਦ ਅੱਜ ਇਹ ਸਥਿਤੀ ਪੈਦਾ ਨਾ ਹੁੰਦੀ।"

## 'ਆਪ' ਨੂੰ ਮਿਲ ਰਿਹੈ ਮਜ਼ਬੂਤ ਜਨ-ਸਮਰਥਨ : ਧਾਲੀਵਾਲ



**ਅੰਮ੍ਰਿਤਸਰ** : ਆਗਾਮੀ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਨੂੰ ਲੈ ਕੇ ਆਮ ਆਦਮੀ ਪਾਰਟੀ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਪਿਛਲੇ ਪੌਣੇ ਚਾਰ ਸਾਲਾਂ ਵਿੱਚ ਜੋ ਇਤਿਹਾਸਕ ਵਿਕਾਸ ਕਾਰਜ ਕੀਤੇ ਹਨ, ਉਨ੍ਹਾਂ ਦਾ ਸਪੱਸ਼ਟ ਸਕਾਰਾਤਮਕ ਅਸਰ ਹੁਣ ਇਨ੍ਹਾਂ ਸਥਾਨਕ ਚੋਣਾਂ ਵਿੱਚ ਦਿਖਾਈ ਦੇ ਰਿਹਾ ਹੈ।ਧਾਲੀਵਾਲ ਨੇ ਕਿਹਾ ਕਿ ਮਾਰਚ ਵਿੱਚ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੇ ਪੰਜਾਬ ਦੇ ਪਿੰਡਾਂ ਵਿੱਚ ਬੇਮਿਸਾਲ ਤਬਦੀਲੀ ਲਿਆਂਦੀ ਹੈ। ਲੱਗਭੱਗ 6000 ਪਿੰਡਾਂ ਵਿੱਚ ਇਸ ਮੁਹਿੰਮ ਦਾ ਅਸਰ ਦਿਖਿਆ ਹੈ, ਜਿਨ੍ਹਾਂ ਵਿੱਚੋਂ 50 ਫੀਸਦੀ ਤੋਂ ਵੱਧ ਪਿੰਡ ਨਸ਼ਾ ਮੁਕਤ ਐਲਾਨੇ ਜਾ ਚੁੱਕੇ ਹਨ। 1000 ਪਿੰਡ ਪੂਰੀ ਤਰ੍ਹਾਂ ਨਸ਼ੇ ਤੋਂ ਮੁਕਤ ਹੋ ਚੁੱਕੇ ਹਨ। ਉਨ੍ਹਾ ਕਿਹਾ ਕਿ ਇਹ ਇੱਕ ਲੰਮੀ ਲੜਾਈ ਹੈ, ਪਰ ਮਾਨ ਸਰਕਾਰ ਨੇ ਨਸ਼ੇ 'ਤੇ ਕਾਫ਼ੀ ਹੱਦ ਤੱਕ ਕਾਬੂ ਪਾਇਆ ਹੈ।ਉਨ੍ਹਾ ਦੱਸਿਆ ਕਿ ਨਸ਼ਿਆਂ 'ਤੇ ਕਾਬੂ ਪਾਉਣ ਅਤੇ ਨੌਜਵਾਨਾਂ ਨੂੰ ਸਹੀ ਦਿਸ਼ਾ ਦੇਣ ਲਈ ਮਾਨ ਸਰਕਾਰ ਨੇ ਸੂਬੇ ਦੇ ਪਿੰਡਾਂ ਵਿੱਚ 3100 ਸਟੇਡੀਅਮ ਬਣਾਉਣ ਦੀ ਪਹਿਲ ਕੀਤੀ ਹੈ। ਹਰ ਹਲਕੇ ਵਿੱਚ 30 ਤੋਂ 35 ਸਟੇਡੀਅਮ ਬਣ ਰਹੇ ਹਨ, ਤਾਂ ਜੋ ਨੌਜਵਾਨ ਖੇਡਾਂ ਵੱਲ ਆਕਰਸ਼ਿਤ ਹੋਣ।

ਧਾਲੀਵਾਲ ਨੇ ਕਿਹਾ ਕਿ 'ਆਪ' ਵਿਕਾਸ ਦੇ ਮੁੱਦਿਆਂ 'ਤੇ ਚੋਣ ਲੜ ਰਹੀ ਹੈ ਅਤੇ 14 ਤਰੀਕ ਨੂੰ ਲੋਕ ਵੱਡੇ ਪੱਧਰ 'ਤੇ ਵਿਕਾਸ ਦੇ ਹੱਕ ਵਿੱਚ ਵੋਟ ਪਾ ਕੇ ਵੱਡੀ ਜਿੱਤ ਦਿਵਾਉਣਗੇ।

CMYK

# 5 ਪਿੰਡਾਂ ਦੇ ਸਾਬਕਾ ਸਰਪੰਚਾਂ ਨੇ 'ਆਪ' ਨੂੰ ਛੱਡ ਕਾਂਗਰਸ ਦਾ ਫੜਿਆ ਪੱਲਾ



**ਫਿਰੋਜ਼ਪੁਰ (ਗੁਰਬਚਨ ਸਿੰਘ, ਅਸ਼ੋਕ ਸ਼ਰਮਾ)**-ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਨੂੰ ਪੇਂਡੂ ਖੇਤਰਾਂ ਵਿੱਚ ਜ਼ੋਰਦਾਰ ਝਟਕਾ ਲੱਗਾ, ਜਦੋਂ ਸਾਬਕਾ ਵਿਧਾਇਕ ਪਰਮਿੰਦਰ ਸਿੰਘ ਪਿੰਕੀ ਦੀਆਂ ਗਤੀਵਿਧੀਆਂ ਤੋਂ ਨਿਰਦੇਸ਼ੇ ਸਦਕਾ ਪੰਜ ਵੱਖ-ਵੱਖ ਪਿੰਡਾਂ ਦੇ ਸਾਬਕਾ ਸਰਪੰਚਾਂ ਨੇ ਆਪਣੇ ਸੈਂਕੜੇ ਸਾਥੀਆਂ ਸਮੇਤ 'ਆਪ' ਦੀਆਂ ਕਥਿਤ ਗਲਤ ਨੀਤੀਆਂ ਤੋਂ ਤੰਗ ਆ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।'ਆਪ' ਦੀਆਂ ਨੀਤੀਆਂ ਵਿਰੁੱਧ ਰੋਸ ਸ਼ਾਮਲ ਹੋਣ ਵਾਲੇ ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਪਿੰਡਾਂ ਦੇ ਵਿਕਾਸ ਤੇ ਆਮ ਲੋਕਾਂ ਦੀਆਂ ਉਮੀਦਾਂ ਦੇ ਉਲਟ ਹਨ।ਪਿੰਡ ਗੁਰਦਿੱਤੀ ਵਾਲੇ ਵਿਖੇ ਹੋਏ ਇਸ ਸਮਾਗਮ ਦੌਰਾਨ ਸਾਬਕਾ ਵਿਧਾਇਕ ਪਿੰਕੀ ਨੇ ਕਿਹਾ ਕਿ ਉਹ ਮੌਜੂਦਾ ਸਰਕਾਰ ਦੀ ਕਾਰਜਪ੍ਰਣਾਲੀ ਤੋਂ ਬੇਹੱਦ ਪ੍ਰੇਸ਼ਾਨ ਸਨ, ਜਿਸ ਕਾਰਨ ਉਨ੍ਹਾਂ ਨੇ ਲੋਕ-ਹਿਤੈਸ਼ੀ ਸੋਚ ਰੱਖਣ ਵਾਲੀ ਕਾਂਗਰਸ ਪਾਰਟੀ ਦਾ ਸਾਥ ਦੇਣ ਦਾ ਫੈਸਲਾ ਕੀਤਾ।ਸ਼ਾਮਲ ਹੋਣ ਵਾਲਿਆਂ ਨੂੰ ਸਾਬਕਾ ਵਿਧਾਇਕ ਪਿੰਕੀ ਨੇ ਸਿਰੋਪਾਓ ਦੇ ਕੇ ਪਾਰਟੀ ਵਿੱਚ ਸਵਾਗਤ ਕੀਤਾ।ਸ਼ਾਮਲ ਹੋਣ ਵਾਲਿਆਂ ਵਿੱਚ ਪਿੰਡ ਗੁਰਦਿੱਤੀ ਵਾਲੇ ਦੇ ਸਾਬਕਾ ਸਰਪੰਚ ਹੀਰਾ ਸਿੰਘ, ਬੋਹੜ ਸਿੰਘ, ਬਲੀ ਸਿੰਘ, ਬਲਕਾਰ ਸਿੰਘ, ਗੁਰਪ੍ਰੀਤ ਸਿੰਘ, ਗੁਰਸੇਵਕ ਸਿੰਘ, ਜਸਵੰਤ ਸਿੰਘ, ਨਿੰਦਰ ਸਿੰਘ, ਮੇਜਰ ਸਿੰਘ, ਜੱਸਾ ਸਿੰਘ, ਰੇਸ਼ਮ ਸਿੰਘ ਤੇ ਦਰਸ਼ਨ ਸਿੰਘ।ਪਿੰਡ ਕਮਾਲਾ ਬੋਦਲਾ ਦੇ ਸਾਬਕਾ ਸਰਪੰਚ ਗੁਰਵਿੰਦਰ ਸਿੰਘ, ਪਿੰਡ ਬਸਤੀ ਕਿਸ਼ਨ ਸਿੰਘ ਦੇ ਜਗੀਰ ਸਿੰਘ, ਹਰਦੀਪ ਸਿੰਘ, ਸੁਖਵਿੰਦਰ ਸਿੰਘ, ਜਗਜੀਤ ਸਿੰਘ, ਪ੍ਰਗਟ ਸਿੰਘ ਤੇ ਯੋਧਾ ਸਿੰਘ। ਪਿੰਡ ਫਰੀਦੇਵਾਲਾ ਦੇ ਸਾਬਕਾ ਸਰਪੰਚ ਅਮਨਦੀਪ ਸਿੰਘ, ਪਿੰਡ ਬਸਤੀ ਰੋੜਾਂਵਾਲੀ ਦੇ ਸਾਬਕਾ ਸਰਪੰਚ ਸਾਹਿਬ ਸਿੰਘ ਸ਼ਾਮਲ ਹਨ।ਪਰਮਿੰਦਰ ਸਿੰਘ ਪਿੰਕੀ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਵਰਕਰਾਂ ਦੀ ਪਾਰਟੀ ਰਹੀ ਹੈ।ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਪਾਰਟੀ ਵਿੱਚ ਸ਼ਾਮਲ ਹੋਏ ਹਰ ਆਗੂ ਤੇ ਵਰਕਰ ਨੂੰ ਬਣਦਾ ਮਾਣ-ਸਨਮਾਨ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਲੋਕਾਂ ਦਾ ਮੌਜੂਦਾ ਸਰਕਾਰ ਤੋਂ ਮੋਹ ਭੰਗ ਹੋ ਰਿਹਾ ਹੈ ਤੇ ਆਉਣ ਵਾਲਾ ਸਮਾਂ ਫਿਰ ਤੋਂ ਕਾਂਗਰਸ ਦਾ ਹੋਵੇਗਾ।

# 15 ਸਾਲਾਂ ਦੀ ਸੇਵਾ ਦਾ ਸਿਲਾ; ਸੀ ਟੀ ਯੂ ਦੇ 120 ਡਰਾਈਵਰਾਂ ਦੀ ਨੌਕਰੀ ਖ਼ਤਮ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਿਛਲੇ ਲੰਬੇ ਸਮੇਂ ਤੋਂ ਸੇਵਾ ਕਰ ਰਹੇ ਚੰਡੀਗੜ੍ਹ ਟ੍ਰਾਂਸਪੋਰਟ ਅੰਡਰਟੇਕਿੰਗ ਸੀ.ਟੀ.ਯੂ. ਪ੍ਰਸ਼ਾਸਨ ਵੱਲੋਂ 120 ਬੱਸ ਡਰਾਈਵਰਾਂ ਦੀ ਨੌਕਰੀ ਖ਼ਤਮ ਕਰ ਦਿੱਤੇ ਜਾਣ ਨਾਲ ਉਨ੍ਹਾਂ ਡਰਾਈਵਰਾਂ ਵਿੱਚ ਪ੍ਰਸ਼ਾਸਨ ਪ੍ਰਤੀ ਭਾਰੀ ਰੋਸ ਹੈ, ਜਿਸ ਦੇ ਚਲਦਿਆਂ ਇਹ ਡਰਾਈਵਰਾਂ ਨੇ ਸੋਮਵਾਰ ਸਵੇਰ ਤੜਕੇ ਤੋਂ ਹੀ ਡਿੱਪੂ ਨੰਬਰ-2 ਦੇ ਗੇਟ 'ਤੇ ਧਰਨਾ ਲਗਾ ਕੇ ਬੱਸਾਂ ਨੂੰ ਚੱਲਣ ਤੋਂ ਰੋਕ ਦਿੱਤਾ। ਬੱਸਾਂ ਨਾ ਚੱਲਣ ਕਾਰਨ ਸ਼ਹਿਰ ਦੀ ਸਥਾਨਕ ਬੱਸ ਸੇਵਾ ਵਿੱਚ ਰੁਕਾਵਟਾਂ ਪੇਸ਼ ਆਈਆਂ। ਚੰਡੀਗੜ੍ਹ ਟਰਾਂਸਪੋਰਟ ਅੰਡਰਟੇਕਿੰਗ (ਸੀਟੀਯੂ) ਦੀਆਂ ਸਥਾਨਕ ਬੱਸਾਂ 'ਚ ਬਰਖਾਸਤ ਕੀਤੇ ਗਏ 120 ਡਰਾਈਵਰਾਂ ਨੇ ਦੋਸ਼ ਲਗਾਇਆ ਕਿ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਨਵੀਆਂ ਇਲੈਕਟ੍ਰਿਕ ਬੱਸਾਂ ਜਾਂ ਲੰਬੇ ਰੂਟ ਵਾਲੀਆਂ ਬੱਸਾਂ 'ਚ ਸੇਵਾਵਾਂ ਲੈਣ ਦਾ ਭਰੋਸਾ ਦਿੱਤਾ ਸੀ, ਪਰ ਹੁਣ ਅਚਾਨਕ ਸਾਰੇ ਵਾਅਦੇ ਤੋੜ ਦਿੱਤੇ ਗਏ ਹਨ।ਡਰਾਈਵਰ ਸਵੇਰੇ 5 ਵਜੇ ਤੋਂ ਇਕੱਠੇ ਹੋਏ ਸ਼ੁਰੂ ਹੋਏ ਤੇ ਨਾਅਰੇਬਾਜ਼ੀ ਕਰਦੇ ਹੋਏ ਡਿੱਪੂ ਤੋਂ ਬੱਸਾਂ ਦੀ ਰਵਾਨਗੀ ਰੋਕ ਦਿੱਤੀ।ਯੂ. ਟੀ. ਪ੍ਰਸ਼ਾਸਨ ਨੇ 15 ਸਾਲ ਦੀ ਪੁਰਾਣੀ ਹੋ ਚੁੱਕੀਆਂ ਸੀਟੀਯੂ ਦੀਆਂ 85 ਡੀਜ਼ਲ ਬੱਸਾਂ ਨੂੰ ਬੰਦ ਕਰਕੇ ਉਨ੍ਹਾਂ ਦੀ ਥਾਂ ਨਵੀਆਂ ਇਲੈਕਟ੍ਰਿਕ ਬੱਸਾਂ ਚਲਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੈ।ਪੁਰਾਣੀਆਂ ਬੱਸਾਂ 'ਤੇ ਕੰਮ ਕਰ ਰਹੇ ਡਰਾਈਵਰਾਂ ਦਾ ਕਹਿਣਾ ਹੈ ਕਿ ਤਬਦੀਲੀ ਦੌਰਾਨ ਉਨ੍ਹਾਂ ਨੂੰ ਲਗਾਤਾਰ ਇੱਕ ਮਹੀਨੇ ਬਾਅਦ ਤਾਇਨਾਤੀ ਦਾ ਭਰੋਸਾ ਦਿੱਤਾ ਗਿਆ ਸੀ, ਪਰ ਆਖ਼ਰ 'ਚ ਡਰਾਈਵਰਾਂ ਨੂੰ ਬਿਨਾਂ ਕਿਸੇ ਚਿਤਾਵਨੀ ਦੇ ਨੌਕਰੀ ਤੋਂ ਫ਼ਾਰਗ ਕਰ ਦਿੱਤਾ ਗਿਆ।

# ਸਰਕਾਰੀ ਹਸਪਤਾਲ ਦੇ ਨਿੱਜੀਕਰਨ ਵਿਰੁੱਧ ਕੀਤੀ ਗੇਟ ਰੈਲੀ



**ਫਿਰੋਜ਼ਪੁਰ (ਗੁਰਬਚਨ ਸਿੰਘ)**-ਪੰਜਾਬ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਤਹਿਤ ਸਿਵਲ ਹਸਪਤਾਲ ਫਿਰੋਜ਼ਪੁਰ 'ਚ ਪੈਰਾ ਮੈਡੀਕਲ ਅਤੇ ਸਿਹਤ ਕਰਮਚਾਰੀ ਯੂਨੀਅਨ ਜ਼ਿਲ੍ਹਾ ਫਿਰੋਜ਼ਪੁਰ ਵੱਲੋਂ ਸਮੁੱਚੇ ਕੇਡਰਾਂ ਦੇ ਸਹਿਯੋਗ ਦੇ ਨਾਲ ਕੀਤੀ ਗਈ ਗੇਟ ਰੈਲੀ।ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਪੰਜ ਸਿਵਲ ਹਸਪਤਾਲਾਂ ਨੂੰ ਪ੍ਰਾਈਵੇਟ ਕਰਨ ਦੀ ਨੀਤੀ ਤਹਿਤ ਪ੍ਰਾਈਵੇਟ ਕੰਪਨੀਆਂ ਨਾਲ ਚੱਲ ਰਹੇ ਪੱਤਰ ਵਿਹਾਰ ਦੇ ਵਿਰੋਧ 'ਚ ਅੱਜ ਦੂਜੀ ਵਾਰ ਪੈਰਾ ਮੈਡੀਕਲ ਤੇ ਸਿਹਤ ਕਰਮਚਾਰੀ ਯੂਨੀਅਨ ਜ਼ਿਲ੍ਹਾ ਫਿਰੋਜ਼ਪੁਰ ਵੱਲੋਂ ਪੰਜਾਬ ਮੈਡੀਕਲ ਐਸੋਸੀਏਸ਼ਨ ਫਿਰੋਜ਼ਪੁਰ ਦੇ ਪ੍ਰਧਾਨ ਡਾਕਟਰ ਜਤਿੰਦਰ ਕੋਛੜ ਤੇ ਸੁਧੀਰ ਅਲੈਗਜ਼ੈਂਡਰ ਦੀ ਅਗਵਾਈ ਵਿਚ ਪੰਜਾਬ ਸਰਕਾਰ ਵਿਰੁੱਧ ਗੇਟ ਰੈਲੀ ਕੀਤੀ ਗਈ।ਰੈਲੀ ਵਿਚ ਸਿਹਤ ਵਿਭਾਗ ਦੇ ਵੱਖ-ਵੱਖ ਕੇਡਰਾਂ ਦੇ ਮੁਲਾਜ਼ਮਾਂ ਨੇ ਵੱਡੀ ਗਿਣਤੀ 'ਚ ਹਿੱਸਾ ਲਿਆ।ਇਸ ਸਮੇਂ ਪੰਜਾਬ ਸਰਕਾਰ ਦੁਆਰਾ ਰੋਕੀਆਂ ਗਈਆਂ ਤਨਖਾਹਾਂ ਦੇ ਵਿਰੋਧ ਵਿਚ ਨਾਅਰੇਬਾਜ਼ੀ ਕੀਤੀ ਗਈ।ਪੈਰਾ ਮੈਡੀਕਲ ਤੇ ਸਿਹਤ ਕ੍ਰਮਚਾਰੀ ਯੂਨੀਅਨ ਦੇ ਆਗੂ ਨਰਿੰਦਰ ਸ਼ਰਮਾ ਨੇ ਦੱਸਿਆ ਕਿ ਪੰਜਾਬ ਸਰਕਾਰ ਸਿਹਤ ਵਿਭਾਗ ਨੂੰ ਇਕ ਇਕ ਕਰਕੇ ਪੂਰੇ ਵਿਭਾਗ ਨੂੰ ਹੀ ਪ੍ਰਾਈਵੇਟ ਹੱਥਾਂ ਵਿਚ ਦੇਣ ਦੀ ਨੀਤੀ ਨਾਲ ਆਮ ਲੋਕਾਂ ਤੋਂ ਬਹੁਤ ਵੱਡਾ ਵਿੱਤੀ ਬੋਝ ਪੈ ਜਾਵੇਗਾ। ਸਰਕਾਰ ਵੱਲੋਂ ਮਿਲਣ ਵਾਲੀਆਂ ਮੁਫ਼ਤ ਦੀਆਂ ਸਿਹਤ ਸਹੂਲਤਾਂ, ਹਸਪਤਾਲਾਂ ਨੂੰ ਪ੍ਰਾਈਵੇਟ ਹੋਣ ਤੋਂ ਕੁਝ ਸਮੇਂ ਬਾਅਦ ਵੱਡੇ ਖਰਚੇ ਨਾਲ ਉਪਲਬਧ ਕਰਵਾਈਆਂ ਜਾਣਗੀਆਂ, ਜਿਸ ਨਾਲ ਪ੍ਰਾਈਵੇਟ ਕੰਪਨੀਆਂ ਲੋਕਾਂ ਦੀ ਮਨ ਮਰਜ਼ੀ ਨਾਲ ਲੁੱਟ ਕਰਨਗੀਆਂ।ਡਾਕਟਰ ਰਚਨਾ ਮਿੱਤਲ ਸਾਈਕੈਟਰਿਸਟ ਜ਼ਿਲ੍ਹਾ ਫਿਰੋਜ਼ਪੁਰ ਨੇ ਦੱਸਿਆ ਕਿ ਜਿਵੇਂ ਪਿਛਲੇ ਦਿਨੀਂ ਭਾਰਤ ਸਰਕਾਰ ਦੁਆਰਾ ਹਵਾਈ ਜਹਾਜ਼ਾਂ ਦੀਆਂ ਕੰਪਨੀਆਂ ਨੂੰ ਪ੍ਰਾਈਵੇਟ ਹੱਥਾਂ ਵਿਚ ਦਿੱਤੇ ਜਾਣ ਦੇ ਕਾਰਨ ਜਹਾਜ਼ ਕੰਪਨੀਆਂ ਨੇ ਆਪਣੀ ਮਰਜ਼ੀ ਨਾਲ ਲੋਕਾਂ ਦੀ ਲੁੱਟ ਕਰਨੀ ਸ਼ੁਰੂ ਕਰ ਦਿੱਤੀ।ਇਸੇ ਤਰ੍ਹਾਂ ਹਸਪਤਾਲਾਂ ਨੂੰ ਪ੍ਰਾਈਵੇਟ ਕਰਨ ਤੋਂ ਬਾਅਦ ਪ੍ਰਾਈਵੇਟ ਕੰਪਨੀਆਂ ਆਪਣੀ ਮਨਮਰਜ਼ੀ ਨਾਲ ਲੋਕਾਂ ਦੀ ਲੁੱਟ ਕਰਨਗੀਆਂ, ਜੋ ਲੋਕਾਂ ਨੂੰ ਮਿਲਣ ਵਾਲੇ ਮੁੱਢਲੇ ਅਧਿਕਾਰਾਂ ਦਾ ਸ਼ੋਸ਼ਣ ਹੋਇਗਾ ਸਮੇਂ ਪੈਰਾ ਮੈਡੀਕਲ ਤੇ ਸਿਹਤ ਕ੍ਰਮਚਾਰੀ ਯੂਨੀਅਨ ਦੇ ਜਨਰਲ ਸਕੱਤਰ ਜਸਵਿੰਦਰ ਸਿੰਘ ਕੰਡਾ ਨੇ ਗੇਟ ਰੈਲੀ ਤੋਂ ਬਾਅਦ ਸਮੁੱਚੇ ਮੁਲਾਜ਼ਮਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਪੰਜਾਬ ਸਰਕਾਰ ਇਸ ਫੈਸਲੇ ਨੂੰ ਵਾਪਸ ਨਹੀਂ ਲੈਂਦੀ ਪ੍ਰਾਈਵੇਟਾਈਜੇਸ਼ਨ ਦੀਆਂ ਨੀਤੀਆਂ ਵਿਰੁੱਧ ਇਕ ਸੂਬਾ ਪੱਧਰੀ ਪ੍ਰੋਗਰਾਮ ਉਲੀਕ ਕੇ ਸਰਕਾਰ ਦਾ ਪਿੱਟ ਸਿਆਪਾ ਕੀਤਾ ਜਾਵੇਗਾ।

# ਜ਼ੋਨ ਗਹਿਲ ਤੋਂ ਕਾਂਗਰਸ ਉਮੀਦਵਾਰ ਬਿਨਾਂ ਮੁਕਾਬਲਾ ਪੰਚਾਇਤ ਸੰਮਤੀ ਮੈਂਬਰ ਚੁਣੇ ਗਏ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਬਲਾਕ ਸੰਮਤੀ ਮਹਿਲ ਕਲਾਂ ਦੇ ਜ਼ੋਨ ਨੰਬਰ 7 ਗਹਿਲ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਗੋਰਖਾ ਸਿੰਘ ਨਰਾਇਣਗੜ੍ਹ ਸੋਹੀਆਂ ਬਿਨਾਂ ਮੁਕਾਬਲੇ ਜੇਤੂ ਐਲਾਨੇ ਗਏ।ਜਾਣਕਾਰੀ ਅਨੁਸਾਰ ਉਨ੍ਹਾਂ ਦੇ ਮੁਕਾਬਲੇ ਖੜ੍ਹੇ ਸਾਬਕਾ ਸਰਪੰਚ ਨਿਸ਼ਾਨ ਸਿੰਘ ਗਹਿਲ ਵੱਲੋਂ ਆਪਣੇ ਨਾਮਜ਼ਦਗੀ ਪੱਤਰ ਵਾਪਸ ਲਏ ਜਾਣ ਉਪਰੰਤ ਰਿਟਰਨਿੰਗ ਅਧਿਕਾਰੀ ਐੱਸ.ਡੀ.ਐੱਮ. ਮਹਿਲ ਕਲਾਂ ਬੇਅੰਤ ਸਿੰਘ ਸਿੱਧੂ ਨੇ ਗੋਰਖਾ ਸਿੰਘ ਸੋਹੀਆਂ ਨੂੰ ਜੇਤੂ ਐਲਾਨ ਕੇ ਅਧਿਕਾਰਕ ਤੌਰ 'ਤੇ ਜਿੱਤ ਦਾ ਸਰਟੀਫਿਕੇਟ ਸੌਂਪਿਆ।ਬਲਾਕ ਕਾਂਗਰਸ ਕਮੇਟੀ ਦੇ ਪ੍ਰਧਾਨ ਪਰਮਿੰਦਰ ਸਿੰਘ ਹੁੰਦਲ, ਸਾਬਕਾ ਚੇਅਰਮੈਨ ਸੁਖਦੇਵ ਸਿੰਘ ਗਹਿਲ, ਜ਼ਿਲ੍ਹਾ ਸੈਕਟਰੀ ਡਾ: ਬਲਵੰਤ ਰਾਏ ਸ਼ਰਮਾ, ਜ਼ਿਲ੍ਹਾ ਚੇਅਰਮੈਨ ਐੱਸ ਸੀ ਡਿਪਾਰਟਮੈਂਟ ਜਸਮੇਲ ਸਿੰਘ ਡੇਅਰੀ ਵਾਲਾ, ਜਰਨੈਲ ਸਿੰਘ ਠੁੱਲੀਵਾਲ, ਡਾ: ਅਮਰਜੀਤ ਸਿੰਘ ਨੇ ਗੋਰਖਾ ਸਿੰਘ ਨੂੰ ਬਿਨਾਂ ਮੁਕਾਬਲਾ ਜਿੱਤ 'ਤੇ ਵਧਾਈ ਦਿੰਦਿਆਂ ਕਿਹਾ ਕਿ ਇਹ ਜਿੱਤ ਕਾਂਗਰਸ ਪਾਰਟੀ ਦੀ ਲੋਕਪ੍ਰਿਯਤਾ ਤੇ ਨੀਤੀਆਂ 'ਤੇ ਲੋਕਾਂ ਦੇ ਭਰੋਸੇ ਨੂੰ ਦਰਸਾਉਂਦੀ ਹੈ।ਇਸੇ ਦੌਰਾਨ ਜ਼ਿਲ੍ਹਾ ਪ੍ਰਧਾਨ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਵੀ ਨਵੇਂ ਚੁਣੇ ਬਲਾਕ ਸੰਮਤੀ ਮੈਂਬਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਭਵਿੱਖ ਕਾਂਗਰਸ ਪਾਰਟੀ ਲਈ ਹੋਰ ਕਾਮਯਾਬੀ ਵਾਲਾ ਹੋਵੇਗਾ।ਇਸ ਮੌਕੇ ਕਾਂਗਰਸ ਦੇ ਆਗੂਆਂ, ਵਰਕਰਾਂ ਨੇ ਜਿੱਤ ਦੀ ਖ਼ੁਸ਼ੀ 'ਚ ਮਿਠਾਈਆਂ ਵੰਡ ਕੇ ਖ਼ੁਸ਼ੀ ਸਾਂਝੀ ਕੀਤੀ।

# ਸੈਕੰਡਰੀ ਸਕੂਲ ਝੁਨੀਰ ਵਿਖੇ ਡਾ. ਅੰਬੇਡਕਰ ਦਾ ਪ੍ਰੀ-ਨਿਰਵਾਣ ਦਿਵਸ ਮਨਾਇਆ



**ਮਾਨਸਾ/ਝੁਨੀਰ (ਆਤਮਾ ਸਿੰਘ ਪਮਾਰ)**-ਸਰਕਾਰੀ ਸੈਕੰਡਰੀ ਸਕੂਲ ਝੁਨੀਰ ਵਿਖੇ ਪ੍ਰਿੰਸੀਪਲ ਕੰਵਲਜੀਤ ਕੌਰ ਦੀ ਅਗੁਵਾਈ 'ਚ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਪ੍ਰੀ ਨਿਰਵਾਣ ਦਿਵਸ ਮਨਾਇਆ ਗਿਆ।ਇਸ ਮੌਕੇ ਸਕੂਲ ਸਟਾਫ਼ ਤੇ ਸਮੂਹ ਵਿਦਿਆਰਥੀ ਵੀ ਸ਼ਾਮਲ ਹੋਏ।ਪ੍ਰੋਗਰਾਮ ਦੌਰਾਨ ਸਕੂਲ ਦੇ ਵਿਦਿਆਰਥੀਆਂ ਨੇ ਬਾਬਾ ਸਾਹਿਬ ਦੇ ਜੀਵਨ ਨਾਲ ਸਬੰਧਤ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ।ਆਪਣੇ ਸੰਬੋਧਨ ਦੌਰਾਨ ਪ੍ਰਿੰਸੀਪਲ ਕੰਵਲਜੀਤ ਕੌਰ ਨੇ ਕਿਹਾ ਕਿ ਬਾਬਾ ਸਾਹਿਬ ਸਿਰਫ ਭਾਰਤ ਹੀ ਨਹੀਂ, ਸਗੋਂ ਸਮੁੱਚੀ ਦੁਨੀਆ ਦੇ ਗ਼ਰੀਬ ਲੋਕਾਂ ਦੇ ਹਿਤੈਸ਼ੀ ਰਹੇ ਹਨ।ਇਸ ਲਈ ਉਨ੍ਹਾ ਨੇ ਜੀਵਨ ਸਫ਼ਰ ਦੌਰਾਨ ਅਨੇਕਾਂ ਕਸ਼ਟ ਝੱਲੇ ਹਨ।ਵਿਦਿਆਰਥੀਆਂ ਨੂੰ ਉਨ੍ਹਾਂ ਦੇ ਦੁਖਾਂ ਭਰੇ ਜੀਵਨ ਤੋਂ ਪ੍ਰੇਰਨਾ ਲੈਂਦੇ ਹੋਏ ਅੱਗੇ ਵਧਣ ਲਈ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ, ਜਿਸ ਨਾਲ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਿਆ ਜਾ ਸਕੇ।ਇਸ ਸਮੇਂ ਅਧਿਆਪਕ ਨਛੱਤਰ ਸਿੰਘ ਨੇ ਬਾਬਾ ਸਾਹਿਬ ਨੂੰ ਸਮੁੱਚੀ ਮਾਨਵਤਾ ਦਾ ਹਮਾਇਤੀ ਤੇ ਸਮੁੱਚੇ ਭਾਰਤਵਰਸ਼ ਲਈ ਨੇਕ ਨੀਤੀ ਨਾਲ ਕੰਮ ਕਰਨ ਵਾਲਾ ਨੇਤਾ ਦੱਸਿਆ।ਉਨ੍ਹਾਂ ਹਾਜ਼ਰੀਨ ਨੂੰ ਬਾਬਾ ਸਾਹਿਬ ਦੇ ਫਲਸਫੇ ਤੇ ਜੀਵਨ ਤੋਂ ਪ੍ਰੇਰਨਾ ਲੈਂਦਿਆਂ ਉਨ੍ਹਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਤੇ ਉਨ੍ਹਾਂ ਦੇ ਪੂਰਨਿਆਂ 'ਤੇ ਚੱਲਣ ਦੀ ਅਪੀਲ ਕੀਤੀ।ਪ੍ਰੋਗਰਾਮ 'ਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੀ ਤਕਸੀਮ ਕੀਤੇ ਗਏ।ਮੰਚ ਸੰਚਾਲਨ ਦੀ ਭੂਮਿਕਾ ਅਧਿਆਪਕਾ ਪਰਮਜੀਤ ਕੌਰ ਵੱਲੋਂ ਬਾਖੂਬੀ ਨਿਭਾਈ ਗਈ।ਇਨ੍ਹਾਂ ਤੋਂ ਇਲਾਵਾ ਸੋਨਮ ਮਹਿਤਾ ਲੈਕਚਰ ਕਾਮਰਸ, ਕੁਲਵਿੰਦਰ ਕੌਰ, ਕਿਰਤਪਾਲ ਸਿੰਘ, ਨੀਲਮ ਰਾਣੀ, ਨਿਸ਼ੂ ਬਾਲਾ, ਸੋਨੀਆ, ਮਮਤਾ ਰਾਣੀ, ਹਰਪ੍ਰੀਤ ਕੌਰ, ਜਸਵੀਰ ਕੌਰ, ਰਣਜੀਤ ਕੌਰ, ਗੁਰਪ੍ਰੀਤ ਕੌਰ, ਰਮਨਜੀਤ ਕੌਰ ਨੇ ਵੀ ਡਾ. ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

# ਹੇਮਕੁੰਟ ਸਕੂਲ ਦੇ ਐੱਨ ਸੀ ਸੀ ਕੈਡਿਟਸ ਨੇ ਝੰਡਾ ਦਿਵਸ ਮਨਾਇਆ





**ਕੋਟ ਈਸੇ ਖਾਂ (ਅਰੋੜਾ)**-ਸ੍ਰੀ ਹੇਮਕੁੰਟ ਸੀਨੀ. ਸੈਕੰ. ਸਕੂਲ ਕੋਟ ਈਸੇ ਖਾਂ ਵਿਖੇ 5 ਪੰਜਾਬ ਗਰਲਜ਼ ਬਟਾਲੀਅਨ ਮੋਗਾ ਦੇ ਕਮਾਂਡਿੰਗ ਅਫ਼ਸਰ ਸੁਨੀਲ ਕੁਮਾਰ ਦੇ ਦਿਸ਼ਾ ਨਿਰਦੇਸ਼ ਹੇਠ ਐੱਨ.ਸੀ.ਸੀ. ਕੈਡਿਟਸ ਵੱਲੋਂ ਇੰਡੀਆ ਆਰਮੀ ਫੋਰਸ ਫਲੈਗ ਡੇਅ ਮਨਾਇਆ ਗਿਆ।ਇਸ ਮੌਕੇ ਐੱਨ.ਸੀ.ਸੀ. ਕੈਡਿਟਸ ਦੀਆਂ ਫਲੈਗ ਡੇਅ ਨਾਲ ਸਬੰਧਤ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ।ਕੈਡਿਟਸ ਨੇ ਆਰਮੀ ਫੋਰਸ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ, ਵਿਦਿਆਰਥੀਆਂ ਨੂੰ ਦੇਸ਼ ਦੀ ਸੁਰੱਖਿਆ ਵਿੱਚ ਸਾਡੇ ਸੂਰਮਿਆਂ ਦੇ ਯੋਗਦਾਨ ਬਾਰੇ ਰੂਬਰੂ ਕਰਵਾਇਆ।ਵਿਦਿਆਰਥੀਆਂ ਵੱਲੋਂ ਇਸ ਨਾਲ ਸਬੰਧਤ ਪੋਸਟਰ ਤਿਆਰ ਕੀਤੇ ਗਏ।ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਸ੍ਰ: ਕੁਲਵੰਤ ਸਿੰਘ ਸੰਧੂ ਤੇ ਐੱਮ. ਡੀ. ਮੈਡਮ ਰਣਜੀਤ ਕੌਰ ਸੰਧੂ ਨੇ ਕਿਹਾ ਕਿ ਹਰ ਸਾਲ 7 ਸਤੰਬਰ ਨੂੰ ਭਾਰਤ ਵਿੱਚ ਇੰਡੀਆ ਆਰਮੀ ਫੋਰਸ ਫਲੈਗ ਡੇਅ ਮਨਾਇਆ ਜਾਂਦਾ ਹੈ।ਇਸ ਦਾ ਮੂਲ ਮੰਤਵ ਭਾਰਤੀ ਸੈਨਾ, ਨੇਵੀ ਤੇ ਏਅਰਫੋਰਸ ਦੇ ਜਵਾਨਾਂ ਅਤੇ ਸ਼ਹੀਦਾਂ ਨੂੰ ਸਨਮਾਨ ਦੇਣਾ ਹੈ।ਇਸ ਸਮੇਂ ਪ੍ਰਿੰਸੀਪਲ ਰਮਨਜੀਤ ਕੌਰ ਨੇ ਐੱਨ.ਸੀ.ਸੀ. ਕੈਡਿਟਾਂ ਦੀ ਮਿਹਨਤ ਦੀ ਪ੍ਰਸੰਸਾ ਕੀਤੀ ਤੇ ਕਿਹਾ ਕਿ ਇਸ ਤਰ੍ਹਾਂ ਦੇ ਦਿਨ ਵਿਦਿਆਰਥੀਆਂ ਵਿੱਚ ਦੇਸ਼ ਪ੍ਰੇਮ ਦੀ ਭਾਵਨਾ ਹੋਰ ਮਜ਼ਬੂਤ ਕਰਦੇ ਹਨ।ਉਨ੍ਹਾਂ ਕੈਡਿਟਸ ਨੂੰ ਅਪੀਲ ਕੀਤੀ ਕਿ ਉਹ ਸੈਨਿਕਾਂ ਦਾ ਸਨਮਾਨ ਕਰਨ ਦੇ ਨਾਲ-ਨਾਲ ਦੇਸ਼ ਲਈ ਹਮੇਸ਼ਾ ਤਿਆਰ ਰਹਿਣ।ਇਸ ਮੌਕੇ ਏ.ਐੱਨ.ਓ. ਸਿਮਰਨਜੀਤ ਕੌਰ ਤੇ ਮੈਡਮ ਯਾਦਵਿੰਦਰ ਕੌਰ ਹਾਜ਼ਰ ਸਨ।

# ਰਾਜਾ ਵੜਿੰਗ ਨੇ ਬਿੱਟੂ ਮਾਣੂੰਕੇ ਦੇ ਹੱਕ 'ਚ ਭਰਵੇਂ ਚੋਣ ਜਲਸੇ ਨੂੰ ਕੀਤਾ ਸੰਬੋਧਨ



**ਹਠੂਰ (ਨਛੱਤਰ ਸੰਧੂ)**-ਕਾਂਗਰਸ ਦੇ ਸੂਬਾ ਪ੍ਰਧਾਨ ਤੇ ਮੈਂਬਰ ਪਾਰਲੀਮੈਂਟ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਮਾਣੂੰਕੇ ਜ਼ੋਨ ਤੋਂ ਬਲਾਕ ਸੰਮਤੀ ਉਮੀਦਵਾਰ ਗੁਰਜਿੰਦਰ ਸਿੰਘ ਬਿੱਟੂ ਮਾਣੂੰਕੇ ਦੇ ਹੱਕ ਵਿੱਚ ਚੋਣ ਪ੍ਰਚਾਰ ਦਾ ਆਗਾਜ਼ ਕਰਦਿਆਂ ਕਿਹਾ ਕਿ ਹੁਣ ਆਪ ਸਰਕਾਰ ਦੇ ਦਿਨ ਪੁੱਗ ਚੁੱਕੇ ਹਨ, ਕਿਉਂਕਿ ਅੱਜ ਪੰਜਾਬ ਅੰਦਰ ਗੈਂਗਸਟਰ ਦਾ ਰਾਜ ਚੱਲ ਰਿਹਾ ਹੈ ਅਤੇ ਆਏ ਦਿਨ ਨਸ਼ਿਆਂ ਕਾਰਨ ਨੌਜਵਾਨ ਮਰਦੇ ਨਜ਼ਰ ਆ ਰਹੇ ਹਨ ਅਤੇ ਸਰਕਾਰ ਅੱਜ ਹਰ ਫਰੰਟ 'ਤੇ ਫੇਲ੍ਹ ਸਾਬਿਤ ਹੋ ਰਹੀ ਹੈ।ਉਨ੍ਹਾਂ ਕਿਹਾ ਕਿ ਅਕਾਲੀ ਦਲ ਤੇ ਆਪ ਸਰਕਾਰਾਂ ਨੇ ਪੰਜਾਬ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ।ਉਨ੍ਹਾਂ 14 ਦਸੰਬਰ ਨੂੰ ਲੋਕਾਂ ਨੂੰ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਉਮੀਦਵਾਰਾਂ ਦੇ ਹੱਕ ਵਿੱਚ ਫਤਵਾ ਦੇਣ ਦੀ ਗੱਲ ਨੂੰ ਆਖਦਿਆਂ 2027 ਵਿੱਚ ਸੂਬੇ ਅੰਦਰ ਕਾਂਗਰਸ ਸਰਕਾਰ ਆਉਣ ਦਾ ਦਾਅਵਾ ਕੀਤਾ।ਇਸ ਮੌਕੇ ਸਾਬਕਾ ਵਿਧਾਇਕ ਜਗਤਾਰ ਸਿੰਘ ਜੱਗਾ ਤੇ ਜ਼ਿਲ੍ਹਾ ਪ੍ਰਧਾਨ ਮੇਜਰ ਸਿੰਘ ਮੁਲਾਂਪੁਰ, ਜ਼ਿਲ੍ਹਾ ਪ੍ਰੀਸ਼ਦ ਉਮੀਦਵਾਰ ਸਾਬਕਾ ਸਰਪੰਚ ਗੁਰਮੇਲ ਸਿੰਘ ਭੰਮੀਪੁਰਾ, ਬਲਾਕ ਸੰਮਤੀ ਉਮੀਦਵਾਰ ਜਗਤਾਰ ਸਿੰਘ ਭੰਮੀਪੁਰਾ ਕਲਾਂ, ਬਲਾਕ ਸੰਮਤੀ ਉਮੀਦਵਾਰ ਬਲਦੇਵ ਸਿੰਘ ਚਕਰ, ਬੀਬੀ ਕੁਲਦੀਪ ਕੌਰ ਮਾਣੂੰਕੇ, ਸਰਪੰਚ ਜਸਕਮਲਪ੍ਰੀਤ ਨਿੱਪਾ ਹਠੂਰ, ਰਣਜੋਧ ਸਿੰਘ ਹਠੂਰ, ਮਨੋਜ ਕੁਮਾਰ ਨੀਟਾ ਚਕਰ, ਹਰੀਸ਼ ਜੋਸ਼ੀ ਹਠੂਰ, ਬੇਅੰਤ ਸਿੰਘ ਰਸੂਲਪੁਰ, ਪ੍ਰਸ਼ੋਤਮ ਲਾਲ ਖਲੀਫਾ ਆਦਿ ਹਾਜ਼ਰ ਸਨ।

# ਸ਼ਰਧਾਂਜਲੀ ਸਮਾਗਮ ਮੌਕੇ ਨੇਤਰਦਾਨੀ ਅਮਾਨਤ ਕੌਰ ਇੰਸਾਂ ਦਾ ਪਰਵਾਰ ਸਨਮਾਨਤ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਨੇਤਰਦਾਨੀ ਅਮਾਨਤ ਕੌਰ ਇੰਸਾਂ (13 ਸਾਲ) ਪੁੱਤਰੀ ਗੁਰਪ੍ਰੀਤ ਸਿੰਘ ਇੰਸਾਂ ਵਾਸੀ ਗੁਰੂ ਅਰਜਨ ਦੇਵ ਨਗਰ, ਵਾਰਡ ਨੰਬਰ 6 ਭੁੱਚੋ ਮੰਡੀ, ਜੋ ਕਿ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਕੁੱਲ ਮਾਲਕ ਦੇ ਚਰਨਾਂ ਵਿੱਚ ਸੱਚਖੰਡ ਜਾ ਬਿਰਾਜੇ ਸਨ। ਬਲਾਕ ਭੁੱਚੋ ਦੇ ਮਾਨਵਤਾ ਭਲਾਈ ਕੇਂਦਰ ਵਿੱਚ ਨਾਮਚਰਚਾ ਕਰਕੇ ਸ਼ਰਧਾਂਜਲੀ ਭੇਟ ਕਰਦਿਆਂ ਨਮਰ ਸੇਵਾਦਾਰ ਰਣਜੀਤ ਸਿੰਘ ਇੰਸਾਂ ਤੁੰਗਵਾਲੀ ਨੇ ਕਿਹਾ ਭੈਣ ਅਮਾਨਤ ਕੌਰ ਇੰਸਾਂ ਦੇ ਪਰਵਾਰ ਨੇ ਉਸ ਦੀਆਂ ਅੱਖਾਂ ਦਾਨ ਕਰਕੇ ਬਹੁਤ ਵੱਡਾ ਪਰਉਪਕਾਰ ਕੀਤਾ ਹੈ। ਇਸ ਦੌਰਾਨ ਬਲਾਕ ਦੇ ਸਮੂਹ ਸੇਵਾਦਾਰਾਂ ਨੇ ਪਰਵਾਰ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਬਿਕਰ ਸਿੰਘ ਇੰਸਾਂ, ਸਿਮਰਨ ਇੰਸਾਂ, ਵਿਨੋਦ ਇੰਸਾਂ, ਸ਼ਾਹ ਸਤਿਨਾਮ ਜੀ ਗਰੀਨ ਐੱਸ ਵੈੱਲਫੇਅਰ ਕਮੇਟੀ ਦੇ ਸੇਵਾਦਾਰ, ਪੱਕੀਆਂ ਸੰਮਤੀਆਂ ਦੇ ਸੇਵਾਦਾਰ, ਰਵੀ ਕੁਮਾਰ ਇੰਸਾਂ, ਰਾਜੇਸ਼ ਲਡਵਾਲ ਇੰਸਾਂ, ਪਰਵਿੰਦਰ ਇੰਸਾਂ, ਵਿਕਰਮ ਇੰਸਾਂ, ਰਾਜਿੰਦਰ ਕੁਮਾਰ ਇੰਸਾਂ ਤੇ ਬਿੰਦਰ ਇੰਸਾਂ ਆਦਿ ਹਾਜ਼ਰ ਸਨ।

# ਨੌਕਰੀ ਹਾਸਲ ਕਰਨ ਵਾਲਿਆਂ ਦਾ ਵਿਸ਼ੇਸ਼ ਸਨਮਾਨ

## ਯੂਨੀਕ ਅਕੈਡਮੀ ਦੇ 119 ਵਿਦਿਆਰਥੀ ਪਾਵਰਕਾਮ 'ਚ ਨਿਯੁਕਤ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਸ਼ਹਿਰ ਦੇ ਚੁਨਾਗਰਾ ਰੋਡ ਉੱਤੇ ਸਥਿਤ ਯੂਨੀਕ ਅਕੈਡਮੀ ਵਿੱਚ ਕੋਚਿੰਗ ਹਾਸਲ ਕਰਕੇ 119 ਵਿਦਿਆਰਥੀਆਂ ਵੱਲੋਂ ਇੱਕੋ ਸਮੇਂ ਪਾਵਰਕਾਮ ਵਿੱਚ ਸਰਕਾਰੀ ਨੌਕਰੀ ਪ੍ਰਾਪਤ ਕਰਕੇ ਅਕੈਡਮੀ ਤੇ ਇਲਾਕੇ ਦਾ ਨਾਮ ਰੋਸ਼ਨ ਕੀਤਾ ਗਿਆ ਹੈ।ਅਕੈਡਮੀ ਦੇ ਪ੍ਰਬੰਧਕਾਂ ਵੱਲੋਂ ਉਪਲਬਧੀ ਹਾਸਲ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ ਕਰਨ ਲਈ ਵਿਸ਼ੇਸ਼ ਸਮਾਗਮ ਕੀਤਾ ਗਿਆ, ਜਸ ਦੌਰਾਨ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਸਰਕਾਰੀ ਨੌਕਰੀ ਹਾਸਲ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ ਕੀਤਾ।

ਸਰਕਾਰੀ ਨੌਕਰੀ ਹਾਸਲ ਕਰਨ ਵਾਲਿਆਂ ਨੌਜਵਾਨਾਂ ਦਾ ਸਨਮਾਨ ਕਰਦਿਆਂ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਇਲਾਕੇ ਲਈ ਮਾਣ ਵਾਲੀ ਗੱਲ ਹੈ ਕਿ ਯੂਨੀਕ ਅਕੈਡਮੀ ਦੇ 119 ਵਿਦਿਆਰਥੀਆਂ ਵੱਲੋਂ ਪਾਵਰਕਾਮ ਵਿੱਚ ਵੱਖ-ਵੱਖ ਅਹੁਦਿਆਂ ਉੱਤੇ ਸਰਕਾਰੀ ਨੌਕਰੀ ਹਾਸਲ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਜਿੱਥੇ ਸਰਕਾਰੀ ਨੌਕਰੀਆਂ ਵਿੱਚ ਭ੍ਰਿਸ਼ਟਾਚਾਰ ਦਾ ਖਾਤਮਾ ਕੀਤਾ ਗਿਆ ਹੈ, ਉਥੇ ਸਰਕਾਰ ਵੱਲੋਂ ਕੀਤੇ ਗਏ ਇਸ ਉਪਰਾਲੇ ਨਾਲ ਆਮ ਪਰਵਾਰਾਂ ਦੇ ਨੌਜਵਾਨਾਂ ਨੂੰ ਸਰਕਾਰੀ ਨੌਕਰੀ ਦੀ ਆਸ ਪੂਰੀ ਹੋਈ ਹੈ।ਉਨ੍ਹਾਂ ਨੌਕਰੀ ਹਾਸਲ ਕਰਨ ਵਾਲੇ ਨੌਜਵਾਨਾਂ ਨੂੰ ਮੁਬਾਰਕਬਾਦ ਦਿੱਤੀ। ਅਕੈਡਮੀ ਦੇ ਐੱਮ ਡੀ ਪ੍ਰੋਫ਼ੈਸਰ ਗੁਰਜਿੰਦਰ ਸਿੰਘ ਕਾਲੇਕਾ ਤੇ ਇੰਜੀਨੀਅਰ ਰਕੇਸ਼ ਕੁਮਾਰ ਨੇ ਦੱਸਿਆ ਕਿ 119 ਵਿਦਿਆਰਥੀਆਂ ਵਿੱਚ 49 ਪਾਵਰਕਾਮ ਵਿੱਚ ਲਾਈਨਮੈਨ, 62 ਵਿਦਿਆਰਥੀ ਅਪਰੈਂਟਿਸ਼ਿਪ, ਪੰਜ ਐੱਸ ਐੱਸ ਏ ਤੇ ਤਿੰਨ ਵਿਦਿਆਰਥੀ ਜੂਨੀਅਰ ਇੰਜੀਨੀਅਰ ਵਜੋਂ ਅਸਾਮੀਆਂ ਲਈ ਚੁਣੇ ਗਏ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਟਰੱਕ ਯੂਨੀਅਨ ਪਾਤੜਾਂ ਦੇ ਸਾਬਕਾ ਪ੍ਰਧਾਨ ਸੁਖਜੀਤ ਸਿੰਘ ਹੈਪੀ ਕਾਲੇ ਕਾ, ਕੌਂਸਲਰ ਸੋਨੀ ਜਲੂਰ, ਸੀਨੀਅਰ ਆਪ ਆਗੂ ਕੁਲਦੀਪ ਸਿੰਘ ਥਿੰਦ ਤੇ ਗੁਰਪਿੰਦਰ ਸਿੰਘ ਕਾਲੇਕਾ ਆਦਿ ਹਾਜ਼ਰ ਸਨ।

## 15 ਤੱਕ ਦੁਕਾਨਦਾਰ ਐਡਵਾਂਸ ਇਨਕਮ ਟੈਕਸ ਜ਼ਰੂਰ ਭਰਨ : ਵਪਾਰ ਮੰਡਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਵਪਾਰ ਮੰਡਲ ਵੱਲੋਂ ਇਨਕਮ ਟੈਕਸ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਹੋਈ, ਜਿਸ 'ਚ ਸਾਰੀਆਂ ਵਪਾਰਕ ਐਸੋਸੀਏਸ਼ਨਾਂ ਦੇ ਪ੍ਰਧਾਨਾਂ ਨੂੰ ਆਪਣੇ ਸਬੰਧਤ ਦੁਕਾਨਦਾਰਾਂ ਦੇ 15 ਦਸੰਬਰ ਤੋਂ ਪਹਿਲਾਂ ਐਡਵਾਂਸ ਇਨਕਮ ਟੈਕਸ ਭਰਾਉਣ ਦੀ ਅਪੀਲ ਕੀਤੀ ਗਈ ਹੈ। ਵਪਾਰ ਮੰਡਲ ਦੇ ਪ੍ਰਧਾਨ ਇੰਦਰਜੀਤ ਬਾਂਸਲ ਤੇ ਜਨਰਲ ਸਕੱਤਰ ਦੇਸ ਰਾਜ ਤਨੇਜਾ ਨੇ ਕਿਹਾ ਹੈ ਕਿ ਵਪਾਰ ਮੰਡਲ ਨਾਲ ਸਬੰਧਤ ਸਾਰੀਆਂ ਵਪਾਰਕ ਐਸੋਸੀਏਸ਼ਨਾਂ ਦੇ ਦੁਕਾਨਦਾਰ 15 ਦਸੰਬਰ ਤੋਂ ਪਹਿਲਾ ਆਪਣਾ ਬਣਦਾ ਐਡਵਾਂਸ ਇੰਕਮ ਟੈਕਸ ਜ਼ਰੂਰ ਭਰ ਦੇਣ।ਉਨ੍ਹਾਂ ਸਾਰੀਆਂ ਐਸੋਸੀਏਸ਼ਨਾਂ ਦੇ ਪ੍ਰਧਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਸਮਝਦਿਆਂ ਸਾਰੇ ਦੁਕਾਨਦਾਰਾਂ ਦੇ ਐਡਵਾਂਸ ਇਨਕਮ ਟੈਕਸ ਭਰਾ ਦੇਣ।

## 200 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ 200 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਬਲਦੇਵ ਰਾਜ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰ ਰਹੀ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਕਾਲਾ ਉਰਫ ਕਾਲੀ ਪੁੱਤਰ ਜੰਗ ਸਿੰਘ ਵਾਸੀ ਪਿੰਡ ਅਲੀ ਕੇ ਨਾਜਾਇਜ਼ ਸ਼ਰਾਬ ਕਸੀਦ ਕਰ ਰਿਹਾ ਹੈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ 200 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਕੀਤੀ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਅੰਮ੍ਰਿਤ ਸੰਚਾਰ 15 ਨੂੰ

**ਲੌਂਗੋਵਾਲ (ਪ੍ਰਦੀਪ ਸੱਪਲ)**-ਸਥਾਨਕ ਗੁਰਦੁਆਰਾ ਯਾਦਗਾਰ ਸ਼ਹੀਦ ਭਾਈ ਮਨੀ ਸਿੰਘ ਦੇ ਪ੍ਰਧਾਨ ਮੇਲਾ ਸਿੰਘ ਸੂਬੇਦਾਰ ਤੇ ਸਮੂਹ ਪ੍ਰਬੰਧਕ ਕਮੇਟੀ ਨੇ ਦੱਸਿਆ ਕਿ 15 ਦਸੰਬਰ ਨੂੰ ਇਸ ਸਥਾਨ 'ਤੇ ਭਾਰੀ ਅੰਮ੍ਰਿਤ ਸੰਚਾਰ ਹੋਵੇਗਾ ਅਤੇ ਕਕਾਰ ਫਰੀ ਦਿੱਤੀਆਂ ਜਾਣਗੀਆਂ।ਪ੍ਰਬੰਧਕਾਂ ਨੇ ਸੰਗਤਾਂ ਨੂੰ ਇਸ ਸਮਾਗਮ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

# ਢਿੱਲੋਂ ਤੇ ਘੁੱਲੀ ਦੀ ਅਗਵਾਈ 'ਚ ਚੋਣ ਪ੍ਰਚਾਰ ਜ਼ੋਰਾਂ 'ਤੇ




**ਧੂਰੀ (ਮੋਹਿਤ ਗਰਗ, ਮਨੋਹਰ ਸਿੰਘ ਸੱਗੂ, ਬਿੰਨੀ ਗਰਗ)**-ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਆਮ ਆਦਮੀ ਪਾਰਟੀ ਵੱਲੋਂ ਆਪਣੇ ਕਾਰਜਕਾਲ ਦੌਰਾਨ ਕੀਤੇ ਵਿਕਾਸ ਕਾਰਜਾਂ 'ਤੇ ਲੜੀਆਂ ਜਾ ਰਹੀਆਂ ਹਨ ਤੇ ਧੂਰੀ ਹਲਕੇ ਦੇ ਲੋਕ ਖੇਤਰ 'ਚ ਹੋਏ ਵਿਕਾਸ ਨੂੰ ਦੇਖ ਕੇ ਵੋਟਾਂ ਪਾਉਣ।ਇਹ ਪ੍ਰਗਟਾਵਾਂ ਪੰਜਾਬ ਲਘੂ ਉਦਯੋਗ ਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਤੇ ਚੇਅਰਮੈਨ ਮਾਰਕੀਟ ਕਮੇਟੀ ਰਾਜਵੰਤ ਸਿੰਘ ਘੁੱਲੀ ਨੇ ਹਲਕੇ 'ਚ ਚੋਣ ਪ੍ਰਚਾਰ ਦੌਰਾਨ ਵੱਖ-ਵੱਖ ਜਨ ਸਭਾਵਾਂ ਨੂੰ ਸੰਬੋਧਨ ਕਰਦਿਆਂ ਕੀਤਾ।ਜ਼ਿਲ੍ਹਾ ਪ੍ਰੀਸ਼ਦ ਦੇ ਉਮੀਦਵਾਰ ਜਸਮੀਤ ਕੌਰ ਚਾਹਲ, ਬਲਾਕ ਸੰਮਤੀ ਚੋਣਾਂ ਲਈ ਪਰਮਜੀਤ ਕੌਰ, ਲਖਵੀਰ ਕੌਰ, ਕਰਮਜੀਤ ਸਿੰਘ ਤੇ ਰਮਨਦੀਪ ਕੌਰ ਸਮੇਤ ਹੋਰਨਾਂ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੇ ਹੱਕ ਵਿੱਚ ਪ੍ਰਚਾਰ ਕਰਦਿਆਂ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਲੰਟੀਅਰਜ਼ ਘਰ-ਘਰ ਜਾ ਕੇ ਲੋਕਾਂ ਨਾਲ ਸਿੱਧਾ ਰਾਬਤਾ ਕਰ ਰਹੇ ਹਨ, ਤਾਂ ਜੋ ਲੋਕਾਂ ਨੂੰ ਆਮ ਆਦਮੀ ਪਾਰਟੀ ਵੱਲੋਂ ਕੀਤੇ ਗਏ ਕ੍ਰਾਂਤੀਕਾਰੀ ਸੁਧਾਰਾਂ ਤੋਂ ਜਾਣੂ ਕਰਾਇਆ ਜਾ ਸਕੇ।ਉਨ੍ਹਾਂ ਕਿਹਾ ਕਿ 600 ਯੂਨਿਟ ਮੁਫ਼ਤ ਬਿਜਲੀ, ਘਰਾਂ ਦੇ ਨੇੜੇ ਸਿਹਤ ਸਹੂਲਤਾਂ ਦੇਣ ਦੇ ਮਕਸਦ ਨਾਲ ਖੋਲ੍ਹੇ ਆਮ ਆਦਮੀ ਕਲੀਨਿਕ, ਸਿੱਖਿਆ ਦਾ ਮਿਆਰ ਹੋਰ ਉੱਚਾ ਚੁੱਕਣ ਲਈ ਸਕੂਲ ਆਫ਼ ਐਮੀਨੈਂਸ ਵਰਗੀ ਪਹਿਲਕਦਮੀ ਸਮੇਤ ਕਰੀਬ 58 ਹਜ਼ਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀ ਦੇ ਕੇ ਮਾਨ ਸਰਕਾਰ ਨੇ ਪਹਿਲੇ ਦਿਨ ਤੋਂ ਹੀ ਹਰੇਕ ਖੇਤਰ ਵਿੱਚ ਕ੍ਰਾਂਤੀਕਾਰੀ ਸੁਧਾਰ ਕੀਤੇ ਹਨ।ਉਨ੍ਹਾਂ ਕਿਹਾ ਕਿ ਸੂਬੇ 'ਚ ਨਿਵੇਸ਼ ਨੂੰ ਹੋਰ ਵਧਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਵੱਡੀਆਂ ਵਿਦੇਸ਼ੀ ਕੰਪਨੀਆਂ ਨੂੰ ਪੰਜਾਬ ਵਿੱਚ ਨਿਵੇਸ਼ ਕਰਨ ਦਾ ਸੱਦਾ ਦਿੱਤਾ ਜਾ ਰਿਹਾ ਹੈ, ਜੋ ਸੂਬੇ ਵਿੱਚ ਨੌਕਰੀਆਂ ਦੇ ਮੌਕਿਆਂ ਸਮੇਤ ਖ਼ੁਸ਼ਹਾਲੀ ਵੀ ਲੈ ਕੇ ਆਵੇਗਾ। ਚੇਅਰਮੈਨ ਢਿੱਲੋਂ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪਿਛਲੇ ਕਰੀਬ ਚਾਰ ਸਾਲ ਦੌਰਾਨ ਕੀਤੇ ਕੰਮ ਨੂੰ ਦੇਖਦੇ ਹੋਏ ਲੋਕ ਆਪਣੀ ਵੋਟ ਦੇ ਹੱਕ ਦੀ ਵਰਤੋਂ ਕਰਨ।

# ਵਿਧਾਇਕ ਰਾਏ ਨੇ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਮੈਂਬਰਾਂ ਦੇ ਹੱਕ 'ਚ ਕੀਤਾ ਚੋਣ ਪ੍ਰਚਾਰ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਵਿਧਾਇਕ ਲਖਬੀਰ ਸਿੰਘ ਰਾਏ ਵੱਲੋਂ ਹਲਕਾ ਫਤਿਹਗੜ੍ਹ ਸਾਹਿਬ ਅਧੀਨ ਆਉਂਦੇ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਮੈਂਬਰਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ ਗਿਆ।ਵਿਧਾਇਕ ਲਖਬੀਰ ਸਿੰਘ ਰਾਏ ਵੱਲੋਂ ਪਿੰਡ ਮਹੱਦੀਆਂ ਤੋਂ ਚੋਣ ਪ੍ਰਚਾਰ ਸ਼ੁਰੂ ਕਰਕੇ ਮਾਧੋਪੁਰ, ਭੱਟ ਮਾਜਰਾ, ਸੈਦਪੁਰਾ, ਸਾਨੀਪੁਰ, ਸਿੱਧੂਪੁਰ, ਤਰਖਾਣ ਮਾਜਰਾ, ਮਲਕਪੁਰ, ਚਨਾਲੋ ਤੇ ਮਢੋਰ ਆਦਿ ਪਿੰਡਾਂ ਵਿੱਚ ਮੀਟਿੰਗਾਂ ਨੂੰ ਸੰਬੋਧਨ ਕੀਤਾ ਗਿਆ।ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਦੋਂ ਤੋਂ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਸੱਤਾ ਵਿੱਚ ਆਏ ਹਨ, ਉਨ੍ਹਾਂ ਵੱਲੋਂ ਸੂਬੇ ਦੀ ਨੁਹਾਰ ਬਦਲਣ ਲਈ ਦਿਨ-ਰਾਤ ਕੰਮ ਕੀਤਾ ਜਾ ਰਿਹਾ ਹੈ।ਉਨ੍ਹਾ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਪਿਛਲੇ 70 ਸਾਲਾਂ ਵਿੱਚ ਆਪਣੇ ਸਵਾਰਥ ਲਈ ਕੰਮ ਕੀਤਾ ਗਿਆ, ਜਿਸ ਨੂੰ ਸੁਧਾਰਨ ਲਈ ਪੰਜ ਸਾਲ ਦਾ ਸਮਾਂ ਕਾਫੀ ਨਹੀਂ ਹੈ, ਪ੍ਰੰਤੂ 60 ਤੋਂ 70 ਫੀਸਦੀ ਸੁਧਾਰ ਹੋ ਚੁੱਕੇ ਹਨ।ਸੂਬੇ ਦੇ 60 ਹਜ਼ਾਰ ਦੇ ਕਰੀਬ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ, ਜੋ ਪਿਛਲੀਆਂ ਸਰਕਾਰਾਂ ਦੇ ਸਮੇਂ ਸਿਫਾਰਸ਼ਾਂ ਦੇ ਨਾਲ ਹੀ ਮਿਲਦੀਆਂ ਸਨ।ਉਕਤ ਕਾਰਜਾਂ ਨੂੰ ਦੇਖਦਿਆਂ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਵੋਟ ਦਿੱਤਾ ਜਾਵੇ।ਇਸ ਮੌਕੇ ਦਿਲਪ੍ਰੀਤ ਸਿੰਘ ਭੱਟੀ, ਕੁਲਵਿੰਦਰ ਸਿੰਘ ਡੇਰਾ, ਲਖਵਿੰਦਰ ਸਿੰਘ ਮਾਧੋਪੁਰ, ਗੁਰਬਖ਼ਸ਼ ਸਿੰਘ ਮਾਧੋਪੁਰ, ਅਮਰੀਕ ਸਿੰਘ ਬਾਲਪੁਰ, ਅਸ਼ਵਨੀ ਭੱਟਮਾਜਰਾ, ਇੰਦਰਦੀਪ ਸਿੰਘ ਸਾਨੀਪੁਰ, ਸਰਪੰਚ ਮਲਕੀਤ ਸਿੰਘ, ਬਿਕਰਮਜੀਤ ਤਰਖਾਣ ਮਾਜਰਾ ਆਦਿ ਹਾਜ਼ਰ ਸਨ।

# ਬਲਾਕ ਸੰਮਤੀ ਚੋਣਾਂ ਵੱਡੇ ਫ਼ਰਕ ਨਾਲ ਜਿੱਤਾਂਗੇ : ਕਾਂਗੜ



**ਬਠਿੰਡਾ (ਰਾਜੀਵ ਗੋਇਲ)**-14 ਦਸੰਬਰ ਨੂੰ ਸੂਬੇ ਅੰਦਰ ਹੋਣ ਵਾਲੀਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਨੂੰ ਲੈ ਕੇ ਸਿਆਸੀ ਅਖਾੜਾ ਭਖਿਆ ਹੋਇਆ ਹੈ ਤੇ ਸਿਆਸੀ ਲੀਡਰ ਬੜੇ ਹੀ ਸਰਗਰਮ ਨਜ਼ਰ ਆ ਰਹੇ ਹਨ।ਇਨ੍ਹਾਂ ਚੋਣਾਂ ਨੂੰ ਲੈ ਕੇ ਸਾਬਕਾ ਵਜ਼ੀਰ ਗੁਰਪ੍ਰੀਤ ਸਿੰਘ ਕਾਂਗੜ ਵੱਲੋਂ ਕਾਂਗਰਸੀ ਉਮੀਦਵਾਰਾਂ ਦੇ ਹੱਕ 'ਚ ਲੋਕ ਮਿਲਣੀਆਂ ਕੀਤੀਆਂ ਜਾ ਰਹੀਆਂ ਹਨ ਤੇ ਆਮ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ।ਕਾਂਗੜ ਨੇ ਕਿਹਾ ਕਿ ਇਹ ਚੋਣਾਂ ਕਾਂਗਰਸ ਪਾਰਟੀ ਬੜੇ ਹੀ ਵੱਡੇ ਫ਼ਰਕ ਨਾਲ ਜਿੱਤੇਗੀ, ਕਿਉਂਕਿ ਵੋਟਰਾਂ ਵੱਲੋਂ ਕਾਂਗਰਸੀ ਉਮੀਦਵਾਰਾਂ ਨੂੰ ਬੜਾ ਹੀ ਹੌਸਲਾ ਦਿੱਤਾ ਜਾ ਰਿਹਾ ਹੈ।ਇਸ ਮੌਕੇ ਕਾਂਗੜ ਵੱਲੋਂ ਸੁਰਜੀਤਪੁਰਾ, ਜਲਾਲ, ਆਕਲੀਆ ਸਮੇਤ ਦਰਜਨ ਭਰ ਪਿੰਡਾਂ ਵਿੱਚ ਲੋਕਾਂ ਨਾਲ ਮੁਲਾਕਾਤ ਕੀਤੀ ਗਈ ਤੇ ਕਾਂਗਰਸੀ ਉਮੀਦਵਾਰਾਂ ਨੂੰ ਸਮਰਥਨ ਦੇਣ ਦੀ ਅਪੀਲ ਕੀਤੀ ਗਈ।

# ਡਲਹੌਜ਼ੀ ਦਾ ਤਿੰਨ ਦਿਨਾ ਵਿੱਦਿਅਕ ਟੂਰ ਲਵਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਪੰਜਾਬ ਕੋ ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਦੇ ਬਾਨੀ ਪ੍ਰਿੰਸੀਪਲ ਗੁਰਦੇਵ ਸਿੰਘ, ਡਾਇਰੈਕਟਰ ਤੇ ਪ੍ਰਿੰਸੀਪਲ ਸ਼੍ਰੀ ਸੰਦੀਪ ਮਹਿਤਾ ਦੀ ਅਗਾਂਹਵਧੂ ਤੇ ਸੁਚੱਜੀ ਅਗਵਾਈ 'ਚ ਵਿਦਿਆਰਥੀਆਂ ਦੇ ਪੜ੍ਹਾਈ ਤੇ ਖੇਡਾਂ ਦੇ ਨਾਲ-ਨਾਲ ਸਮਾਜਿਕ ਅਤੇ ਸੱਭਿਆਚਾਰਕ ਵਿਕਾਸ ਲਈ ਵਚਨਬੱਧ ਹੈ। ਵਿਦਿਆਰਥਣਾਂ ਤਿੰਨ ਰੋਜ਼ਾ ਵਿੱਦਿਅਕ ਟੂਰ ਡਲਹੌਜੀ (ਹਿਮਾਚਲ ਪ੍ਰਦੇਸ਼) ਵਿਖੇ ਲਿਜਾਇਆ ਗਿਆ, ਜਿਸ ਦਾ ਮਕਸਦ ਵਿਦਿਆਰਥੀਆਂ ਵਿੱਚ ਆਪਣੇ ਪੰਜਾਬੀ ਸੱਭਿਆਚਾਰ ਦੇ ਨਾਲ-ਨਾਲ ਦੂਸਰੇ ਪ੍ਰਾਂਤਾਂ ਦੇ ਸੱਭਿਆਚਾਰ ਤੇ ਰਹਿਣ-ਸਹਿਣ ਤੋਂ ਜਾਣੂ ਕਰਾਉਣਾ ਸੀ, ਕਿਉਂਕਿ ਭਾਰਤ ਅਨੇਕਤਾ ਵਿੱਚ ਏਕਤਾ ਵਾਲਾ ਦੇਸ਼ ਹੈ।ਇਸ ਟੂਰ ਵਿੱਚ ਸਾਇੰਸ, ਆਰਟਸ ਤੇ ਕਾਮਰਸ ਬਾਰ੍ਹਵੀਂ ਸ਼੍ਰੇਣੀ ਦੀਆਂ 40 ਵਿਦਿਆਰਥਣਾਂ ਨੇ ਭਾਗ ਲਿਆ।ਉਨ੍ਹਾਂ ਨਾਲ ਡਾਇਰੈਕਟਰ ਤੇ ਪ੍ਰਿੰਸੀਪਲ ਸ਼੍ਰੀ ਸੰਦੀਪ ਮਹਿਤਾ, ਮੈਡਮ ਸੁਧਾ ਮਹਿਤਾ, ਕੋਆਰਡੀਨੇਟਰ ਸ਼੍ਰੀ ਮੁਕੇਸ਼ ਅਰੋੜਾ ਲੈਕਚਰਾਰ ਹਰਿੰਦਰ ਸ਼ਰਮਾ, ਮੈਡਮ ਹਰਦੀਪ ਕੌਰ, ਮੈਡਮ ਰੁਪਾਲੀ ਬੱਠਲਾ ਵੀ ਸ਼ਾਮਲ ਸਨ।ਇਸ ਟੂਰ ਦੇ ਵਾਪਸੀ ਤੇ ਲੜਕੀਆਂ ਨੂੰ ਰੰਗਲਾ ਪੰਜਾਬ, ਹਵੇਲੀ ਜਲੰਧਰ ਵਿਖੇ ਵੀ ਲਿਜਾਇਆ ਗਿਆ, ਜਿੱਥੇ ਉਨ੍ਹਾਂ ਪੰਜਾਬੀ ਸੱਭਿਆਚਾਰ ਦੀਆਂ ਅਲੋਪ ਹੋ ਰਹੀਆਂ ਚੀਜ਼ਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ।

# ਬੱਚਿਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਸਮਝਾਇਆ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਸਿਵਲ ਜੱਜ, ਪੈਨਲ ਐਡਵੋਕੇਟ ਤੇ ਸਕੂਲ ਦੇ ਪ੍ਰਿੰਸੀਪਲ, ਸਮੂਹ ਸਟਾਫ਼ ਪੀ.ਐਲ.ਵੀ. ਵੱਲੋਂ ਕੀਤੀ ਗਈ ਰੈਲੀ ਸਕੂਲ ਤੋਂ ਸ਼ੁਰੂ ਕਰਕੇ ਬਜ਼ਾਰ 'ਚ ਨਸ਼ਿਆਂ ਖਿਲਾਫ਼ ਵਿਦਿਆਰਥੀਆਂ ਨੇ ਨਾਅਰੇ ਲਾਉਂਦੇ ਹੋਏ ਸਮਾਪਤ ਕੀਤੀ। ਸਿਵਲ ਜੱਜ ਸ਼ਿਵਾਂਗੀ ਸੰਗਰ ਵੱਲੋਂ ਬੱਚਿਆਂ ਨੂੰ ਨਸ਼ਿਆਂ ਤੋਂ ਹੋਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਤੇ 6 ਦਸੰਬਰ ਤੋਂ 6 ਜਨਵਰੀ ਤੱਕ ਚੱਲ ਰਹੀ ਇਸ ਨਸ਼ਾ ਮੁਕਤ ਪੰਜਾਬ ਮੁਹਿੰਮ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣ ਲਈ ਕਿਹਾ।ਜੂਨੀਅਰ ਸਿਵਲ ਜੱਜ ਮਿਸ ਪ੍ਰਭਜੋਤ ਕੌਰ ਤੇ ਐਡਵੋਕੇਟ ਬਲਜਿੰਦਰ ਬਾਂਸਲ, ਵਿਨੀਤ ਮਿੱਤਲ, ਗੌਤਮ ਗੋਇਲ, ਮੀਤੂ ਰਾਣੀ, ਅਮਨਦੀਪ ਕੌਰ ਤੇ ਗੁਰਬਰਮ ਸਿੰਘ, ਗੁਰਦੀਪ ਸਿੰਘ, ਕੁਲਜੀਤ ਸਿੰਘ, ਗੁਰਪ੍ਰੀਤ ਕੌਰ ਸਾਰੇ ਪੀ.ਐਲ.ਵੀ.ਪ੍ਰਿੰਸੀਪਲ ਮੈਡਮ ਜਯੋਤੀ ਬਾਂਸਲ, ਨਵੀਨ, ਲੈਕਚਰਾਰ ਹਿਸਟਰੀ, ਸੁਰਿੰਦਰ ਸਿੰਘ, ਰੇਨੂੰ ਬਾਲਾ, ਮੈਡਮ ਰੂਪ ਕਿਰਨਾ ਤੇ ਕੰਵਲਜੀਤ ਸਿੰਘ ਮੈਥ ਮਾਸਟਰ, ਸਤਪਾਲ ਸਿੰਘ ਕੈਂਪਸ ਮੈਨੇਜਰ ਸੰਦੀਪ ਸਿੰਘ ਸਮੂਹ ਸਕੂਲ ਸਟਾਫ਼ ਤੇ ਹੌਲਦਾਰ ਬਲਵਿੰਦਰ ਕੌਰ, ਹੌਲਦਾਰ ਹਰਪ੍ਰੀਤ ਸਿੰਘ, ਕਾਂਸਟੇਬਲ ਇਕਬਾਲ ਸਿੰਘ ਰੈਲੀ 'ਚ ਸ਼ਾਮਲ ਸਨ।

# ਮਨਚਲਿਆਂ ਖਿਲਾਫ਼ ਹੋਵੇਗੀ ਸਖ਼ਤ ਕਾਰਵਾਈ : ਡੀ ਐੱਸ ਪੀ



**ਧੂਰੀ (ਮੋਹਿਤ ਗਰਗ, ਮਨੋਹਰ ਸਿੰਘ ਸੱਗੂ, ਬਿੰਨੀ ਗਰਗ)**-ਡੀ.ਐੱਸ.ਪੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਲੜਕੀਆਂ ਦੇ ਸਕੂਲਾਂ-ਕਾਲਜਾਂ ਤੇ ਬੱਸ ਸਟੈਂਡ ਦੇ ਆਲੇ-ਦੁਆਲੇ ਘੁੰਮ ਰਹੇ ਅਵਾਰਾਗਰਦ ਮਨਚਲੇ ਨੌਜਵਾਨਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਪੁਲਸ ਨੇ ਟੀਮਾਂ ਬਣਾ ਕੇ ਸਰਕਾਰੀ ਲੜਕੀਆਂ ਦੇ ਸਕੂਲ, ਭਲਵਾਨ ਵਾਲਾ ਅੱਡਾ, ਖਾਸ ਕਰਕੇ ਬੱਸ ਸਟੈਂਡ ਰੋਡ ਉੱਪਰ ਨਾਕੇ ਲਾਏ ਜਾ ਰਹੇ ਹਨ ਤੇ ਸ਼ੱਕੀ ਵਹੀਕਲਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਪੁਲਸ ਨੇ ਬੱਸ ਸਟੈਂਡ ਰੋਡ ਉੱਪਰ 112 ਨੂੰ ਵਹੀਕਲ ਤਾਇਨਾਤ ਕੀਤਾ ਗਿਆ ਹੈ, ਜੋ ਹਰ ਸਮੇਂ ਸਖਤ ਨਿਗਰਾਨੀ ਕਰੇਗਾ ਤੇ ਸ਼ਹਿਰ ਦੇ ਸਕੂਲਾ ਕਾਲਜਾਂ ਤੇ ਬਸ ਸਟੈਂਡ, ਸਰਕਾਰੀ ਕਾਲਜ ਕੋਲ ਪੁਲਸ ਮੁਲਾਜ਼ਮ ਗਸ਼ਤ ਕਰਿਆ ਕਰਨਗੇ। ਇਹ ਗਸ਼ਤ ਰਾਤ ਸਮੇਂ ਸ਼ਹਿਰ ਦੇ ਵਾਰਡਾਂ ਅਤੇ ਬਜ਼ਾਰਾਂ ਅੰਦਰ ਵੀ ਹੋਇਆ ਕਰੇਗੀ।ਉਨ੍ਹਾਂ ਕਿਹਾ ਕਿ ਸ਼ਹਿਰ ਦੇ ਹਰ ਹਿੱਸੇ ਵਿੱਚ ਪੀ ਸੀ ਆਰ, ਲੋਕਲ ਪੁਲਿਸ ਨਿਗਰਾਨੀ ਕਰੇਗੀ।ਉਨ੍ਹਾਂ ਕਿਹਾ ਸ਼ਹਿਰ ਅੰਦਰ ਅਮਨ ਕਾਨੂੰਨ ਦੀ ਵਿਵਸਥਾ ਹਰ ਹਾਲ ਕਾਇਮ ਰੱਖੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਪੁਲਸ ਦਾ ਸਹਿਯੋਗ ਦੇਣ ਦੀ ਅਪੀਲ ਕੀਤੀ ਤਾਂ ਜੁ ਸ਼ਰਾਰਤੀ ਅਨਸਰਾਂ ਨੂੰ ਜਲਦ ਨੱਥ ਪਾਈ ਜਾ ਸਕੇ।

# ਸਫਾ 1 ਦੇ ਬਾਕੀ...

## ਅਕਾਲ ਤਖਤ ਬਖਸ਼ਿੰਦ...

1100 ਰੁਪਏ ਗੋਲਕ 'ਚ ਪਾਉਣ ਦੇ ਆਦੇਸ਼ ਦਿੱਤੇ।

ਗਿਆਨੀ ਗੁਰਬਚਨ ਸਿੰਘ ਨੇ ਵੀ ਸਮੁੱਚੀ ਕੌਮ ਤੋਂ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦੇਣ ਦੇ ਗੁਨਾਹ ਦੀ ਮੁਆਫੀ ਮੰਗੀ। ਸਤੰਬਰ 2015 'ਚ ਉਨ੍ਹਾ ਗੁਰਮੀਤ ਰਾਮ ਰਹੀਮ ਨੂੰ ਮੁਆਫੀ ਦਿੱਤੀ ਸੀ। ਗਿਆਨੀ ਗੁਰਬਚਨ ਸਿੰਘ 2 ਦਿਨ ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਘਰ 'ਚ ਰੋਜ਼ਾਨਾ ਇੱਕ ਘੰਟਾ ਜੂਠੇ ਬਰਤਨ ਮਾਂਜਣ ਦੀ ਸੇਵਾ ਕਰਨਗੇ ਅਤੇ 2 ਦਿਨ ਜਪੁਜੀ ਸਾਹਿਬ ,ਆਸਾ ਕੀ ਵਾਰ ਪਾਤਸ਼ਾਹੀ ਦਸਵੀਂ ਦਾ ਜਾਪ ਕਰਨਗੇ। 1100 ਦੀ ਦੇਗ ਕਰਵਾ ਕੇ ਭੁੱਲ ਬਖਸ਼ਾਉਣ ਦੀ ਅਰਦਾਸ ਕਰਨਗੇ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਨੇ ਆਪਣੀ ਭੁੱਲ ਲਈ ਮੁਆਫੀ ਮੰਗੀ। ਤਨਖਾਹ ਵਜੋਂ ਉਹ 2 ਦਿਨ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਹਾਲ 'ਚ ਜੂਠੇ ਭਾਂਡੇ ਮਾਂਜਣਗੇ ਤੇ ਜੋੜੇ ਸਾਫ ਕਰਨਗੇ। 5 ਦਿਨ ਰੋਜ਼ਾਨਾ ਨਿਤਨੇਮ ਅਤੇ ਆਸਾ ਕੀ ਵਾਰ ਦਾ ਪਾਠ ਕਰਨ ਦੇ ਵੀ ਆਦੇਸ਼ ਦਿੱਤੇ ਗਏ। ਨਾਲ ਹੀ ਉਨ੍ਹਾ ਨੂੰ ਭਾਈ ਕਾਹਨ ਸਿੰਘ ਨਾਭਾ ਦੀ ਕਿਤਾਬ 'ਹਮ ਹਿੰਦੂ ਨਹੀਂ' ਦੀਆਂ 500 ਕਾਪੀਆਂ ਸਿੱਖ ਸੰਗਤ ਵਿੱਚ ਵੰਡਣ ਦਾ ਹੁਕਮ ਵੀ ਦਿੱਤਾ ਗਿਆ। ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫਰ ਨੂੰ ਆਪਣੀਆਂ ਲਿਖਤਾਂ 'ਚ ਗੁਰੂ ਸਾਹਿਬ ਦੇ ਅਦਬ-ਸਤਿਕਾਰ ਦਾ ਧਿਆਨ ਰੱਖਣ ਦਾ ਆਦੇਸ਼ ਦਿੱਤਾ ਗਿਆ। ਉਹ ਗੁਰਦੁਆਰਾ ਦੂਖ ਨਿਵਾਰਨ ਸਾਹਿਬ 'ਚ 2 ਦਿਨ ਇੱਕ-ਇੱਕ ਘੰਟਾ ਬਰਤਨ ਮਾਂਜਣ ਅਤੇ ਜੋੜੇ ਝਾੜਨ ਦੀ ਸੇਵਾ ਅਤੇ 4 ਦਿਨ ਜਾਪ ਕਰਨਗੇ। ਜ਼ਫਰ ਨੂੰ ਪ੍ਰਿੰਸੀਪਲ ਸਤਬੀਰ ਸਿੰਘ ਦੀ ਕਿਤਾਬ ਦੀਆਂ 100 ਕਾਪੀਆਂ ਵੰਡਣ ਦਾ ਆਦੇਸ਼ ਦਿੱਤਾ ਗਿਆ। ਯੂ ਕੇ ਦੇ ਸਿੱਖ ਪ੍ਰਚਾਰਕ ਹਰਿੰਦਰ ਸਿੰਘ ਨੇ ਵੀ ਆਪਣੀ ਭੁੱਲ ਲਈ ਮੁਆਫੀ ਮੰਗੀ। ਉਨ੍ਹਾ 'ਤੇ ਪ੍ਰਚਾਰ ਕਰਨ 'ਤੇ ਲੱਗੀ ਰੋਕ ਹਟਾ ਦਿੱਤੀ ਗਈ ਹੈ। ਉਹ 2 ਦਿਨ ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਘਰ 'ਚ ਰੋਜ਼ਾਨਾ ਇੱਕ ਘੰਟਾ ਜੂਠੇ ਬਰਤਨ ਮਾਂਜਣਗੇ ਅਤੇ 2 ਦਿਨ ਜਾਪ ਕਰਨਗੇ।

## ਚੀਮਾ ਦਾ ਕਾਂਗਰਸ...

ਬਿਆਨਾਂ ਤੋਂ ਗਹਿਰੇ ਭ੍ਰਿਸ਼ਟਾਚਾਰ ਦਾ ਪਰਦਾ ਫਾਸ਼ ਹੋਇਆ ਹੈ। ਉਨ੍ਹਾ ਕਿਹਾ ਕਿ ਪੰਜਾਬ ਵਿੱਚ ਭਾਜਪਾ ਦੇ ਮੌਜੂਦਾ ਪ੍ਰਧਾਨ, ਜੋ ਪਹਿਲਾਂ ਪੰਜਾਬ ਕਾਂਗਰਸ ਪ੍ਰਧਾਨ ਸਨ, ਨੇ ਦੋ ਮੁੱਖ ਮੰਤਰੀਆਂ, ਕੈਪਟਨ ਅਮਰਿੰਦਰ ਸਿੰਘ (ਨਵਜੋਤ ਕੌਰ ਸਿੱਧੂ ਅਨੁਸਾਰ ਕਥਿਤ ਤੌਰ 'ਤੇ 500 ਕਰੋੜ ਰੁਪਏ ਦੇ ਕੇ ਮੁੱਖ ਮੰਤਰੀ ਬਣੇ) ਅਤੇ ਚਰਨਜੀਤ ਸਿੰਘ ਚੰਨੀ (ਸੁਨੀਲ ਜਾਖੜ ਦੇ ਦਾਅਵੇ ਮੁਤਾਬਕ 350 ਕਰੋੜ ਰੁਪਏ ਦੇ ਕੇ ਮੁੱਖ ਮੰਤਰੀ ਬਣੇ) ਦੇ ਕਾਰਜਕਾਲ ਦੌਰਾਨ ਸੇਵਾ ਨਿਭਾਈ ਸੀ। ਉਨ੍ਹਾ ਸਵਾਲ ਉਠਾਇਆ ਕਿ ਜਾਖੜ ਕਾਂਗਰਸ ਵਿੱਚ ਆਪਣੀ ਸੇਵਾਵਾਂ ਦੌਰਾਨ ਮੰਤਰੀ ਅਹੁਦੇ ਅਤੇ ਵਿਧਾਨ ਸਭਾ ਸੀਟਾਂ ਵੇਚਣ 'ਤੇ ਚੁੱਪ ਕਿਉਂ ਰਹੇ ਅਤੇ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਹੀ ਕਿਉਂ ਬੋਲੇ। ਉਨ੍ਹਾਂ ਨੇ ਚੰਨੀ ਦੇ ਰਿਸ਼ਤੇਦਾਰ ਨਾਲ ਸੰਬੰਧਤ ਮਾਮਲੇ ਵੱਲ ਵੀ ਧਿਆਨ ਦਿਵਾਇਆ, ਜਿਸ ਤੋਂ ਲਗਭਗ 10 ਕਰੋੜ ਰੁਪਏ ਬਰਾਮਦ ਕੀਤੇ ਗਏ ਸਨ। ਉਨ੍ਹਾ ਕਿਹਾ ਕਿ ਇਹ ਮਾਮਲਾ ਅਦਾਲਤ ਵਿੱਚ ਪੈਰਵੀ ਅਧੀਨ ਹੈ। ਵਿੱਤ ਮੰਤਰੀ ਨੇ ਦੱਸਿਆ ਕਿ 1997 ਤੋਂ 2022 ਤੱਕ ਪੰਜਾਬ 'ਤੇ ਰਾਜ ਕਰਨ ਵਾਲੀਆਂ ਪਾਰਟੀਆਂ ਦੇ ਆਗੂਆਂ ਦੇ ਚਰਿੱਤਰ ਅਤੇ ਆਚਰਣ ਨੂੰ ਹੁਣ ਉਨ੍ਹਾਂ ਦੇ ਹੀ ਆਪਣੇ ਮੈਂਬਰਾਂ ਵੱਲੋਂ ਬੇਨਕਾਬ ਕੀਤਾ ਜਾ ਰਿਹਾ ਹੈ। ਉਨ੍ਹਾ ਨਵਜੋਤ ਕੌਰ ਸਿੱਧੂ ਵੱਲੋਂ ਹਾਲ ਹੀ ਵਿੱਚ ਕੀਤੇ ਗਏ ਖੁਲਾਸੇ ਦਾ ਹਵਾਲਾ ਦਿੰਦਿਆਂ ਕਿਹਾ ਕਿ ਕਿਵੇਂ ਕਾਂਗਰਸ ਸਰਕਾਰ ਵਿੱਚ ਮੁੱਖ ਮੰਤਰੀ ਦਾ ਅਹੁਦਾ ਕਥਿਤ ਤੌਰ 'ਤੇ 500 ਕਰੋੜ ਰੁਪਏ ਵਿੱਚ 'ਵੇਚਿਆ' ਗਿਆ ਸੀ। ਐਡਵੋਕੇਟ ਚੀਮਾ ਨੇ ਅੰਦਾਜ਼ਾ ਲਗਾਇਆ ਕਿ ਕਾਂਗਰਸ ਦੇ ਮੁੱਖ ਮੰਤਰੀਆਂ ਨੇ ਲਗਭਗ 2,000 ਕਰੋੜ ਰੁਪਏ ਖਰਚ ਕੀਤੇ ਹੋਣਗੇ, ਜਿਸ ਦੇ ਨਤੀਜੇ ਵਜੋਂ ਪੰਜਾਬ ਦੇ ਲੋਕਾਂ ਦੀ 30,000 ਕਰੋੜ ਰੁਪਏ ਦੀ ਲੁੱਟ ਕੀਤੀ ਗਈ।ਉਹਨਾ ਦੱਸਿਆ ਕਿ ਸੂਬੇ ਵਿੱਚ ਰੇਤ, ਸ਼ਰਾਬ ਅਤੇ ਟਰਾਂਸਪੋਰਟ ਮਾਫੀਆ ਬਣਨ, ਅਨੁਸੂਚਿਤ ਜਾਤੀਆਂ ਨਾਲ ਧੋਖਾਧੜੀ ਵਾਲੇ ਸਕਾਲਰਸ਼ਿਪ ਘੁਟਾਲੇ ਅਤੇ ਨਸ਼ਾ ਛੁਡਾਊ ਕੇਂਦਰਾਂ ਵਿੱਚ ਵੱਡੇ ਪੱਧਰ 'ਤੇ ਘੁਟਾਲੇ ਕਾਂਗਰਸ ਪਾਰਟੀ ਦੇ 'ਲੁੱਟ ਦੇ ਪ੍ਰਣਾਲੀਗਤ ਢਾਂਚੇ' ਦਾ ਨਤੀਜਾ ਸਨ, ਜਿਸ ਕਾਰਨ ਸੂਬੇ ਦੇ ਕਿਸਾਨਾਂ, ਮਜ਼ਦੂਰਾਂ, ਵਪਾਰੀਆਂ, ਦਲਿਤ ਭਾਈਚਾਰੇ ਅਤੇ ਸਰਕਾਰੀ ਕਰਮਚਾਰੀਆਂ ਦਾ ਲਗਾਤਾਰ ਸ਼ੋਸ਼ਣ ਹੁੰਦਾ ਰਿਹਾ।

## ਮੁੱਖ ਮੰਤਰੀ ਵੱਲੋਂ ਦੱਖਣੀ ...

ਏਕੀਕ੍ਰਿਤ ਹੱਲ ਵਾਲੇ ਸ਼ਹਿਰੀ ਵਿਕਾਸ ਤੇ ਸਮਾਰਟ ਸਿਟੀ ਪ੍ਰੋਜੈਕਟਾਂ ਅਤੇ ਸੜਕਾਂ, ਪੁਲਾਂ, ਰੇਲਵੇ, ਬੰਦਰਗਾਹਾਂ ਅਤੇ ਹਵਾਈ ਅੱਡਿਆਂ ਸਮੇਤ ਸਿਵਲ ਬੁਨਿਆਦੀ ਢਾਂਚੇ ਸੰਬੰਧੀ ਪ੍ਰੋਜੈਕਟਾਂ ਵਰਗੇ ਖੇਤਰਾਂ ਵਿੱਚ ਸਹਿਯੋਗ ਦੀਆਂ ਅਥਾਹ ਸੰਭਾਵਨਾਵਾ ਹਨ। ਇੰਜੀਨੀਅਰਿੰਗ ਤੇ ਬੁਨਿਆਦੀ ਢਾਂਚਾ ਖੇਤਰ ਨਾਲ ਸੰਬੰਧਤ ਦੱਖਣੀ ਕੋਰੀਆ ਦੀਆਂ ਪ੍ਰਮੁੱਖ ਕੰਪਨੀਆਂ ਵਿੱਚੋਂ ਇੱਕ ਡੇਵੂ ਈ ਐਂਡ ਸੀ ਨਾਲ ਰਣਨੀਤਕ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਪੰਜਾਬ ਦੀ ਮਜ਼ਬੂਤ ਉਦਯੋਗਿਕ ਗਤੀ, ਆਧੁਨਿਕ ਬੁਨਿਆਦੀ ਢਾਂਚੇ ਸੰਬੰਧੀ ਵੱਡੇ ਉਪਰਾਲੇ ਅਤੇ ਇਨਵੈਸਟ ਪੰਜਾਬ ਅਧੀਨ ਵਿਲੱਖਣ ਸਾਂਝੇ ਨਿਗਰਾਨ ਢਾਂਚੇ ਬਾਰੇ ਚਾਨਣਾ ਪਾਇਆ। ਮਾਨ ਨੇ ਆਲਮੀ ਸਥਿਰਤਾ ਦੇ ਮਾਪਦੰਡਾਂ ਨਾਲ ਸਬੰਧਤ ਸਾਂਝੇ ਉਦਮਾਂ ਰਾਹੀਂ ਈ ਐੱਸ ਜੀ ਅਤੇ ਗ੍ਰੀਨ ਹਾਈਡ੍ਰੋਜਨ ਪਹਿਲਕਦਮੀਆਂ ਵਿੱਚ ਸਹਿਯੋਗ 'ਤੇ ਵੀ ਜ਼ੋਰ ਦਿੱਤਾ।ਇੱਕ ਹੋਰ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਜੀ ਐੱਸ ਇੰਜੀਨੀਅਰਿੰਗ ਐਂਡ ਕੰਸਟ੍ਰਕਸ਼ਨ (ਜੀ ਐੱਸ ਈ ਐਂਡ ਸੀ) ਦੇ ਉਪ ਪ੍ਰਧਾਨ ਯੰਗ ਹਾ ਰਿਉ (ਡੈਨੀਅਲ) ਨਾਲ ਮੁਲਾਕਾਤ ਕੀਤੀ।ਇਸ ਮੁਲਾਕਾਤ ਦੌਰਾਨ ਮੁੱਖ ਮੰਤਰੀ ਨੇ ਨਵਿਆਉਣਯੋਗ ਊਰਜਾ ਪ੍ਰੋਜੈਕਟਾਂ (ਸੂਰਜੀ, ਹਵਾ, ਹਾਈਡ੍ਰੋਜਨ), ਬੁਨਿਆਦੀ ਢਾਂਚਾ ਵਿਕਾਸ (ਸੜਕਾਂ, ਪੁਲ, ਸਮਾਰਟ ਸ਼ਹਿਰ) ਅਤੇ ਉਦਯੋਗਿਕ ਕੰਪਲੈਕਸਾਂ ਅਤੇ ਈ ਪੀ ਸੀ ਸੇਵਾਵਾਂ ਦੇ ਖੇਤਰ 'ਚ ਤਾਲਮੇਲ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।ਕੋਰੀਆ ਡਿਫੈਂਸ ਇੰਡਸਟਰੀ ਐਸੋਸੀਏਸ਼ਨ (ਕੇ ਡੀ ਆਈ ਏ) ਦੇ ਵਾਈਸ ਚੇਅਰਮੈਨ ਲੀ ਸੁੰਗ ਕਿਉ ਨਾਲ ਗੱਲਬਾਤ ਦੌਰਾਨ ਮੁੱਖ ਮੰਤਰੀ ਨੇ ਉਦਯੋਗਿਕ ਸਮਰੱਥਾਵਾਂ ਨੂੰ ਮਜ਼ਬੂਤ ਕਰਨ ਲਈ ਰੱਖਿਆ ਨਿਰਮਾਣ ਅਤੇ ਤਕਨਾਲੋਜੀ ਦੇ ਅਦਾਨ-ਪ੍ਰਦਾਨ ਵਿੱਚ ਸਹਿਯੋਗ ਦੇ ਮੌਕਿਆਂ ਦੀ ਭਾਲ ਦੀ ਵਕਾਲਤ ਕੀਤੀ।ਮੀਟਿੰਗ ਦੌਰਾਨ ਉਨ੍ਹਾ ਪੰਜਾਬ ਨੂੰ ਸਭ ਤੋਂ ਪਸੰਦੀਦਾ ਨਿਵੇਸ਼ ਸਥਾਨ ਵਜੋਂ ਦਰਸਾਇਆ ਤੇ ਸਮੂਹ ਦੱਖਣੀ ਕੰਪਨੀਆਂ ਨੂੰ ਸੂਬਾ ਸਰਕਾਰ ਵੱਲੋਂ ਕੀਤੇ ਗਏ ਪ੍ਰਮੁੱਖ ਸੁਧਾਰਾਂ ਬਾਰੇ ਜਾਣੂ ਕਰਵਾਇਆ। ਉਹਨਾ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਇਸ ਵਿਧੀ ਨੂੰ ਹੋਰ ਸੁਚਾਰੂ ਬਣਾਉਣ ਲਈ ਪ੍ਰਮੁੱਖ ਕੰਪਨੀਆਂ ਦੇ ਵੱਡਮੁੱਲੇ ਵਿਚਾਰ ਵੀ ਮੰਗੇ।ਮੁੱਖ ਮੰਤਰੀ ਨੇ ਏਸ਼ੀਆ ਦੇ ਸਭ ਤੋਂ ਉੱਨਤ ਇਨੋਵੇਸ਼ਨ ਈਕੋ ਸਿਸਟਮ ਵਿੱਚੋਂ ਇੱਕ ਪੈਂਗਯੋ ਟੈਕਨੋ ਵੈਲੀ, ਜਿਸ ਨੂੰ 'ਕੋਰੀਆ ਦੀ ਸਿਲੀਕਨ ਵੈਲੀ' ਵਜੋਂ ਜਾਣਿਆ ਜਾਂਦਾ ਹੈ, ਦਾ ਅਧਿਐਨ ਕਰਨ ਲਈ ਇਸ ਵੈਲੀ ਦਾ ਦੌਰਾ ਵੀ ਕੀਤਾ।ਗਯੋਂਗਿਡੋ ਬਿਜ਼ਨਸ ਐਂਡ ਸਾਇੰਸ ਐਕਸਲੇਟਰ (ਜੀ ਬੀ ਐੱਸ ਏ) ਦੇ ਅਧਿਕਾਰੀਆਂ ਨੇ ਮੁੱਖ ਮੰਤਰੀ ਨੂੰ ਤਕਨੀਕੀ ਨਵੀਨਤਾ, ਸਟਾਰਟਅੱਪਸ ਅਤੇ ਹਾਈ ਵੈਲਯੂ ਰਿਸਰਚ ਨੂੰ ਉਤਸ਼ਾਹਿਤ ਕਰਨ ਲਈ ਪੈਂਗਯੋ ਦੇ ਏਕੀਕ੍ਰਿਤ ਮਾਡਲ ਬਾਰੇ ਜਾਣਕਾਰੀ ਦਿੱਤੀ। ਮਾਨ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਜਾਣ ਕੇ ਬੇਹੱਦ ਖੁਸ਼ੀ ਹੋਈ ਹੈ ਕਿ 1,780 ਤੋਂ ਵੱਧ ਕੰਪਨੀਆਂ, 83,000 ਪੇਸ਼ੇਵਰਾਂ ਅਤੇ 25,000 ਖੋਜਕਰਤਾਵਾਂ ਵਾਲੀ ਪੈਂਗਯੋ, ਵਿਸ਼ਵ ਭਰ ਦੀ ਸਭ ਤੋਂ ਸਫਲ ਇਨੋਵੇਸ਼ਨ ਡਿਸਟ੍ਰਿਕਟ ਹੈ।ਮੁੱਖ ਮੰਤਰੀ ਨੇ ਪੈਂਗਿਓ ਦੇ ਸਟ੍ਰਕਚਰਡ ਐਕਸਲੇਟਰ ਪ੍ਰੋਗਰਾਮਾਂ, ਵਿਸ਼ੇਸ਼ ਟੈਸਟਬੈੱਡਾਂ ਅਤੇ ਕਾਰਗੁਜ਼ਾਰੀ ਅਧਾਰਤ ਮੁਲਾਂਕਣ ਵਿਧੀਆਂ ਦੀ ਪ੍ਰਭਾਵਸ਼ੀਲਤਾ ਦਾ ਜ਼ਿਕਰ ਕੀਤਾ।ਉਹਨਾ ਕਿਹਾ ਕਿ ਮੁਹਾਲੀ ਦੇ ਵਿਆਪਕ ਵਿਕਾਸ ਨੂੰ ਹੋਰ ਹੁਲਾਰਾ ਦੇਣਾ ਸਮੇਂ ਦੀ ਲੋੜ ਹੈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਬਿਜਲੀ ਕਰਮਚਾਰੀਆਂ ਨੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ

**ਬਿਆਸ (ਪਰਮਜੀਤ ਸਿੰਘ ਰੱਖੜਾ) :** ਬਿਜਲੀ ਸੋਧ ਬਿੱਲ -2025 ਤਹਿਤ ਬਿਜਲੀ ਬੋਰਡ ਵਿਭਾਗ ਦੇ ਨਿੱਜੀਕਰਨ ਅਤੇ ਸਮਾਰਟ ਮੀਟਰਾਂ ਨੂੰ ਲੈ ਕੇ ਸਮਰਗ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਦੇ ਵਿੱਚ ਬੀਤੇ ਦਿਨਾਂ ਤੋਂ ਕਿਸਾਨਾਂ ਵੱਲੋਂ ਸੰਘਰਸ਼ ਕਰਦੇ ਹੋਏ ਵਿਰੋਧ ਪ੍ਰਦਰਸ਼ਨ ਦੀਆਂ ਤਸਵੀਰਾਂ ਸਾਹਮਣੇ ਆ ਰਹੀਆਂ ਸਨ ਜਿਸ ਤੋਂ ਬਾਅਦ ਸਬ ਡਵੀਜ਼ਨ ਬਿਆਸ ਵਿਖੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੱਦੇ ਉਤੇ ਟੈਕਨੀਕਲ ਸਰਵਿਸ ਯੂਨੀਅਨ ਵੱਲੋਂ ਕੰਵਲਜੀਤ ਸਿੰਘ, ਇੰਪਲਾਈਜ਼ ਫੈਡਰੇਸ਼ਨ ਯੂਨੀਅਨ ਵੱਲੋਂ ਭਾਰਤ ਜ਼ੋਨ ਸੀਨੀਅਰ ਮੀਤ ਪ੍ਰਧਾਨ ਭੁਪਿੰਦਰ ਸਿੰਘ ਪੱਡਾ ਅਤੇ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਸਤਨਾਮ ਸਿੰਘ ਦੀ ਅਗਵਾਈ ਹੇਠ ਸਾਂਝੇ ਤੌਰ ਉਤੇ ਉਪਮੰਡਲ ਦਫਤਰ ਬਿਆਸ ਦੇ ਮੂਹਰੇ ਰੋਸ ਪ੍ਰਦਰਸ਼ਨ ਦੇ ਤੌਰ ਉਤੇ ਧਰਨਾ ਲਗਾਇਆ ਗਿਆ।ਇਸ ਧਰਨੇ ਤੋਂ ਬਾਅਦ ਬਿਜਲੀ ਬੋਰਡ ਦੇ ਕਰਮਚਾਰੀਆਂ ਵੱਲੋਂ ਬਿਜਲੀ ਸੋਧ ਬਿੱਲ-2025 ਦੀਆਂ ਕਾਪੀਆਂ ਸਾੜ ਕੇ ਆਪਣਾ ਵਿਰੋਧ ਦਰਜ ਕਰਵਾਇਆ ਗਿਆ।ਇਸ ਦੌਰਾਨ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਪੱਡਾ ਅਤੇ ਹੋਰਨਾਂ ਸਾਥੀਆਂ ਨੇ ਕਿਹਾ ਕਿ



ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਦੀ ਸ਼ਹਿ ਉੱਤੇ ਲੋਕਾਂ ਦੇ ਸਰਕਾਰੀ ਵਿਭਾਗ ਬਿਜਲੀ ਬੋਰਡ ਨੂੰ ਨਿੱਜੀਕਰਨ ਦੇ ਤਹਿਤ ਲਿਜਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਲਿਆਂਦੇ ਗਏ ਕਾਨੂੰਨ ਦੇ ਅਨੁਸਾਰ ਆਉਣ ਵਾਲੇ ਸਮੇਂ ਦੇ ਵਿੱਚ ਮੋਬਾਇਲ ਫੋਨ ਦੇ ਰੀਚਾਰਜਾਂ ਦੀ ਤਰ੍ਹਾਂ ਬਿਜਲੀ ਮੀਟਰਾਂ ਨੂੰ ਵੀ ਰੀਚਾਰਜ ਕਰਨਾ ਪਿਆ ਕਰੇਗਾ ਅਤੇ ਅਜਿਹੇ ਦੇ ਵਿੱਚ ਗਰੀਬ ਵਰਗ ਸਮੇਤ ਪੰਜਾਬ ਦੇ ਲੋਕਾਂ ਅਤੇ ਬਿਜਲੀ ਬੋਰਡ ਦੇ ਕਰਮਚਾਰੀਆਂ ਨੂੰ ਵੀ ਇਸਦਾ ਭਾਰੀ ਨੁਕਸਾਨ ਪੁੱਜੇਗਾ।ਉਨ੍ਹਾਂ ਕਿਹਾ ਕਿ ਸਰਕਾਰ ਜਦ ਤੱਕ ਬਿਜਲੀ ਸੋਧ ਬਿੱਲ ਨੂੰ ਰੱਦ ਨਹੀਂ ਕਰ ਦਿੰਦੀ ਉਦੋਂ ਤੱਕ ਸਮੂਹ ਬਿਜਲੀ ਕਰਮਚਾਰੀ ਇਸ ਕਾਨੂੰਨ ਦਾ ਵਿਰੋਧ ਕਰਦੇ ਰਹਿਣਗੇ ਅਤੇ ਆਉਣ ਵਾਲੇ ਸਮੇਂ ਦੇ ਵਿੱਚ ਤਿੱਖੇ ਸੰਘਰਸ਼ ਦੀਆਂ ਰੂਪ ਰੇਖਾਵਾਂ ਉਲੀਕੀਆਂ ਜਾਣਗੀਆਂ। ਇਸ ਮੌਕੇ ਜੋਧਬੀਰ ਸਿੰਘ ਸਿੱਧੂ ਲਾਈਨਮੈਨ, ਗੁਰਦੇਵ ਸਿੰਘ ਇੰਪਲਾਈਜ਼ ਫੈਡਰੇਸ਼ਨ, ਹਰਭਜਨ ਸਿੰਘ ਜਮਹੂਰੀ ਕਿਸਾਨ ਸਭਾ, ਮੈਡਮ ਸੁਖਰਾਜ ਕੌਰ, ਮੈਡਮ ਨਵਜੀਤ ਕੌਰ, ਜੇ. ਈ. ਰਾਕੇਸ਼ ਕੁਮਾਰ, ਦਲਬੀਰ ਸਿੰਘ ਚੀਮਾ, ਰਣਜੀਤ ਸਿੰਘ ਬੱਲ, ਮਨਜੀਤ ਸਿੰਘ ਪੈਨਸ਼ਨ ਐਸੋਸੀਏਸ਼ਨ, ਹਰਭਜਨ ਸਿੰਘ ਬੁਟਾਰੀ, ਪ੍ਰਗਟ ਸਿੰਘ ਸਬ ਡਵੀਜ਼ਨ ਬਿਆਸ ਪ੍ਰਧਾਨ ਇੰਪਲਾਈਜ਼ ਫੈਡਰੇਸ਼ਨ, ਅਜੈ ਸਿੰਘ ਬੁੱਢਾ ਥੇਹ, ਗੁਲਸ਼ਨ ਕੁਮਾਰ ਟੀਐੱਸਯੂ ਆਦਿ ਹਾਜ਼ਰ ਸਨ।

# ਲੱਖਾਂ ਲੋਕਾਂ ਨੇ ਪਾਇਟੈਕਸ ਦੀ ਮਸਤੀ ਨਾਲ ਮਨਾਇਆ ਸੰਡੇ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-** ਪੀਐੱਚਡੀ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਵੱਲੋਂ ਆਯੋਜਿਤ ਕੀਤੇ ਜਾ ਰਹੇ 19ਵੇਂ ਪਾਇਟੈਕਸ ਦੌਰਾਨ ਐਤਵਾਰ ਨੂੰ ਜਿੱਥੇ ਸ਼ਹਿਰ ਵਾਸੀਆਂ ਨੇ ਬਹੁਤ ਮਸਤੀ ਕੀਤੀ, ਉੱਥੇ ਹੀ ਅੰਮ੍ਰਿਤਸਰ ਤੋਂ ਇਲਾਵਾ ਤਰਨਤਾਰਨ, ਗੁਰਦਾਸਪੁਰ, ਪਠਾਨਕੋਟ ਅਤੇ ਜਲੰਧਰ ਤੋਂ ਵੀ ਵੱਡੀ




ਗਿਣਤੀ ਵਿੱਚ ਲੋਕ ਇੱਥੇ ਪਹੁੰਚੇ।ਪਾਇਟੈਕਸ 'ਚ ਐਤਵਾਰ ਨੂੰ ਬਹੁਤ ਸਾਰੇ ਪਰਿਵਾਰ ਅਜਿਹੇ ਵੀ ਦੇਖੇ ਗਏ ਜੋ ਪੂਰਾ ਦਿਨ ਇੱਥੇ ਹੀ ਰੁਕੇ ਰਹੇ।ਚੈਂਬਰ ਨੇ 4 ਦਸੰਬਰ ਤੋਂ ਸ਼ੁਰੂ 19ਵਾਂ ਪਾਇਟੈਕਸ ਆਯੋਜਿਤ ਕੀਤਾ ਸੀ ਜਿਸ ਕਾਰਨ ਐਤਵਾਰ, ਛੁੱਟੀ ਵਾਲੇ ਦਿਨ ਭਾਰੀ ਭੀੜ ਇਕੱਠੀ ਹੋਈ।ਪੀਐੱਚਡੀ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਪੰਜਾਬ ਚੈਪਟਰ ਦੇ ਚੇਅਰ ਕਰਨ ਗਿਲਹੋਤਰਾ ਨੇ ਕਿਹਾ ਕਿ ਅੰਮ੍ਰਿਤਸਰ ਅੰਤਰਰਾਸ਼ਟਰੀ ਮਹੱਤਵ ਵਾਲਾ ਸੈਰ-ਸਪਾਟਾ ਸਥਾਨ ਹੈ ਜਿਸ ਕਾਰਨ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਲਈ ਦੂਰ-ਦੁਰਾਡੇ ਤੋਂ ਪਹੁੰਚੇ ਸ਼ਰਧਾਲੂ ਵੀ ਅੱਜ ਪਾਇਟੈਕਸ 'ਚ ਪਹੁੰਚੇ।ਇੱਥੇ ਲੋਕਾਂ ਨੂੰ ਇੱਕ ਛੱਤ ਹੇਠ ਘਰੇਲੂ ਵਸਤਾਂ ਦੀਆਂ ਅਨੇਕਾਂ ਚੀਜ਼ਾਂ ਮਿਲ ਰਹੀਆਂ ਹਨ।ਨਤੀਜੇ ਵਜੋਂ ਬਹੁਤ ਸਾਰੇ ਲੋਕ ਇੱਥੋਂ ਫਰਨੀਚਰ ਅਤੇ ਹੋਰ ਚੀਜ਼ਾਂ ਖਰੀਦਦੇ ਹੋਏ ਦੇਖੇ ਗਏ।ਔਰਤਾਂ ਨੇ ਜਿੱਥੇ ਸੂਟਾਂ ਅਤੇ ਘਰੇਲੂ ਸਜਾਵਟ ਦੀਆਂ ਚੀਜ਼ਾਂ ਦੀ ਖਰੀਦਦਾਰੀ ਕੀਤੀ, ਉੱਥੇ ਹੀ ਦੁਕਾਨਦਾਰਾਂ ਨੇ ਆਪਣੇ ਉਤਪਾਦਾਂ ਦਾ ਲਾਈਵ ਪ੍ਰਦਰਸ਼ਨ ਕਰਦੇ ਹੋਏ ਗਾਹਕਾਂ ਨੂੰ ਮੌਕੇ 'ਤੇ ਟੇਸਟ ਕਰਵਾਇਆ ਤਾਂ ਖਾਣੇ ਦੇ ਸਟਾਲਾਂ ਨੇ ਵੱਡੀ ਭੀੜ ਨੂੰ ਆਕਰਸ਼ਿਤ ਕੀਤਾ।ਐਤਵਾਰ ਨੂੰ ਇੱਥੇ ਪਹੁੰਚਣ ਵਾਲੇ ਲੋਕਾਂ ਨੇ ਫੂਡ ਕੋਰਟ ਵਿੱਚ ਲੱਗੇ ਵੱਖ-ਵੱਖ ਸਟਾਲਾਂ ਦੇ ਭੋਜਨ ਦਾ ਆਨੰਦ ਮਾਣਿਆ।ਜ਼ਿਕਰਯੋਗ ਹੈ ਕਿ ਸੈਲਾਨੀ ਸਰਦੀਆਂ ਦੀ ਤੇਜ਼ ਧੁੱਪ ਵਿੱਚ ਆਪਣੇ ਪਰਿਵਾਰਾਂ ਦੇ ਨਾਲ ਪਹੁੰਚੇ ਸਨ।ਇਸ ਦੌਰਾਨ ਪੀਐੱਚਡੀ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਦੀ ਸੀਨੀਅਰ ਖੇਤਰੀ ਨਿਰਦੇਸ਼ਕ ਭਾਰਤੀ ਸੂਦ ਨੇ ਕਿਹਾ ਕਿ ਐਤਵਾਰ ਨੂੰ ਲਗਭਗ 1,50,000 ਸੈਲਾਨੀਆਂ ਨੇ ਪਾਇਟੈਕਸ ਦਾ ਦੌਰਾ ਕੀਤਾ, ਜੋ ਕਿ ਆਪਣੇ ਆਪ ਵਿੱਚ ਇੱਕ ਰਿਕਾਰਡ ਹੈ।ਸੋਮਵਾਰ ਮੇਲੇ ਦਾ ਆਖਰੀ ਦਿਨ ਹੈ, ਇਸ ਲਈ ਆਖਰੀ ਦਿਨ ਖਰੀਦਦਾਰਾਂ ਦੀ ਗਿਣਤੀ ਵਧਣ ਦੀ ਸੰਭਾਵਨਾ ਹੈ।

# ਚਾਰ ਵੱਖ-ਵੱਖ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ

**ਗੁਰਦਾਸਪੁਰ (ਜਨਕ ਮਹਾਜਨ)-** ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਆਦਿੱਤਿਆ ਦੇ ਹੁਕਮਾਂ ਤਹਿਤ ਯੁੱਧ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਕਾਰਵਾਈ ਕਰਦਿਆਂ ਜ਼ਿਲ੍ਹਾ ਗੁਰਦਾਸਪੁਰ ਪੁਲਸ ਨੇ ਵੱਖ-ਵੱਖ ਥਾਣਿਆਂ ਅੰਦਰ ਚਾਰ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਥਾਣਾ ਸਿਟੀ ਗੁਰਦਾਸਪੁਰ ਦੇ ਐੱਸ.ਆਈ. ਵਰਿੰਦਰ ਪਾਲ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਗੇਟ ਡਾਕਖਾਨਾ ਗੁਰਦਾਸਪੁਰ ਤੋਂ ਪੰਕਜ ਪੁੱਤਰ ਜਨਕ ਰਾਜ ਵਾਸੀ ਸੰਗਲਪੁਰਾ ਰੋਡ ਗੁਰਦਾਸਪੁਰ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ ਬਰਾਮਦ ਲਿਫਾਫੇ ਨੂੰ ਚੈਕ ਕੀਤਾ ਜਿਸ ਵਿੱਚੋਂ 6 ਗ੍ਰਾਮ 950 ਮਿਲੀਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਥਾਣਾ ਤਿੱਬੜ ਦੇ ਏ.ਐਸ.ਆਈ. ਮਹਿੰਦਰ ਪਾਲ ਨੇ ਸਮੇਤ ਪੁਲਸ ਪਾਰਟੀ ਪੁੱਲ ਨਹਿਰ ਬੱਬੇਹਾਲੀ ਤੋਂ ਦਿਨੇਸ਼ ਸਿੰਘ ਉਰਫ ਜੋਨੀ ਪੁੱਤਰ ਜਸਪਾਲ ਵਾਸੀ ਗੁਰਦਾਸਪੁਰ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈਕ ਕੀਤਾ ਜਿਸ ਵਿੱਚੋਂ 7 ਗ੍ਰਾਮ ਹੈਰੋਇਨ ਬ੍ਰਾਮਦ ਹੋਈ । ਥਾਣਾ ਕਾਹਨੂੰਵਾਨ ਦੇ ਏ.ਐਸ.ਆਈ. ਨਿਰਮਲ ਸਿੰਘ ਨੇ ਸਮੇਤ ਪੁਲਸ ਪਾਰਟੀ ਸ਼ਮਸ਼ਾਨਘਾਟ ਪਿੰਡ ਕਾਲਾ ਬਾਲਾ ਤੋਂ ਅਕਾਸ਼ਦੀਪ ਸਿੰਘ ਪੁੱਤਰ ਨਿਸ਼ਾਨ ਸਿੰਘ, ਰਣਬੀਰ ਸਿੰਘ ਪੁੱਤਰ ਮਨਜੀਤ ਸਿੰਘ, ਮਨਜੀਤ ਸਿੰਘ ਪੁੱਤਰ ਸੁਲੱਖਣ ਸਿੰਘ ਵਾਸੀ ਚੋਸੀਆਂ ਜੋ ਸ਼ਮਸ਼ਾਨਘਾਟ ਵਿੱਚ ਲੁਕ ਛਿਪ ਕੇ ਨਸ਼ੇ ਦਾ ਸੇਵਨ ਕਰ ਰਹੇ ਸੀ, ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕੀਤਾ, ਉਕਤ ਵਿਅਕਤੀਆਂ ਪਾਸੋਂ ਸਿਲਵਰ ਪੇਪਰ, ਲਾਈਟਰ ਅਤੇ 10 ਰੁਪਏ ਦਾ ਨੋਟ ਬ੍ਰਾਮਦ ਹੋਇਆ। ਥਾਣਾ ਦੋਰਾਂਗਲਾ ਦੇ ਏ.ਐੱਸ.ਆਈ. ਭੁਪਿੰਦਰ ਸਿੰਘ ਨੇ ਸਮੇਤ ਪੁਲਸ ਪਾਰਟੀ ਪਿੰਡ ਗਾਹਲੜੀ ਦੀਆਂ ਮੜ੍ਹੀਆਂ ਵਿੱਚੋਂ ਮੁਨੀਸ਼ ਕੁਮਾਰ ਉਰਫ ਮਿਟੂ ਪੁੱਤਰ ਰਮੇਸ਼ ਚੰਦ ਵਾਸੀ ਗਾਹਲੜੀ ਲੁਕ ਛਿਪ ਕੇ ਨਸ਼ੇ ਦਾ ਸੇਵਨ ਕਰ ਰਿਹਾ ਸੀ, ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕੀਤਾ ਉਕਤ ਵਿਅਕਤੀ ਪਾਸੋਂ ਮੌਕੇ 'ਤੇ ਸਿਲਵਰ ਪੇਪਰ, ਲਾਈਟਰ ਅਤੇ 10 ਰੁਪਏ ਦਾ ਨੋਟ ਬਰਾਮਦ ਹੋਇਆ। ਪੁਲਸ ਨੇ ਇਨ੍ਹਾਂ ਚਾਰ ਮਾਮਲਿਆਂ ਵਿਚ ਕਾਬੂ ਨਸ਼ਾ ਤਸਕਰਾਂ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਲਗੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# 350ਵੇਂ ਸ਼ਹੀਦੀ ਪੁਰਬ 'ਤੇ ਵਿਦਿਆਰਥੀਆਂ ਨੂੰ ਸ੍ਰੀ ਅਨੰਦਪੁਰ ਸਾਹਿਬ ਦਾ ਵਿਦਿਅਕ ਦੌਰਾ ਕਰਵਾਇਆ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)-** ਪੰਜਾਬ ਦੇ ਸ਼ਾਂਤੀ ਨਿਕੇਤਨ ਵਜੋਂ ਜਾਣੇ ਜਾਂਦੇ ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਦੇ ਅਧੀਨ ਚੱਲ ਰਹੇ ਸੀਨੀਅਰ ਸੈਕੰਡਰੀ ਸਕੂਲ ਦੇ ਲੜਕਿਆਂ ਦੇ ਵਿੰਗ ਦੇ 100 ਵਿਦਿਆਰਥੀ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਤੇ ਸ਼੍ਰੀ ਅਨੰਦਪੁਰ ਸਾਹਿਬ ਗਏ।ਪ੍ਰਿੰ. ਸਵਰਨ ਸਿੰਘ ਜੀ ਵਿਰਕ ਨੇ ਵਿਦਿਆਰਥੀਆਂ ਨੂੰ ਟੂਰ ਦੀ ਮਹੱਤਤਾ ਤੋਂ ਜਾਣੂ ਕਰਵਾਇਆ ਤੇ ਕਿਹਾ ਸਿੱਖ ਕੌਮ ਦੀ ਸ਼ਾਨ ਰਹੇ ਸ੍ਰੀ ਅਨੰਦਪੁਰ ਸਾਹਿਬ ਦਾ ਦੌਰਾ ਕਰਨਾ ਕੇਵਲ ਇੱਕ ਸਧਾਰਣ ਟੂਰ ਨਹੀਂ, ਬਲਕਿ ਨੌਜਵਾਨ ਪੀੜ੍ਹੀ ਲਈ ਰੂਹਾਨੀ ਜਾਗਰਣ, ਇਤਿਹਾਸਕ ਸੂਝ ਅਤੇ ਸੱਭਿਆਚਾਰਕ ਸੰਸਕਾਰਾਂ ਦਾ ਇੱਕ ਅਮੋਲਕ ਅਨੁਭਵ ਹੈ।ਜਦੋਂ ਮੁੰਡਿਆਂ ਨੂੰ ਇਸ ਪਵਿੱਤਰ ਧਰਤੀ ਨਾਲ ਰੂਬਰੂ ਕਰਵਾਇਆ ਜਾਂਦਾ ਹੈ ਤਾਂ ਉਹ ਸਿਰਫ਼ ਇਤਿਹਾਸ ਨਹੀਂ ਵੇਖਦੇ—ਉਹ ਆਪਣੀ ਜੜ੍ਹ, ਆਪਣੀ ਵਿਰਾਸਤ ਅਤੇ ਆਪਣੀ ਪਹਿਚਾਣ ਨੂੰ ਨੇੜੇ ਤੋਂ ਮਹਿਸੂਸ ਕਰਦੇ ਹਨ।ਟੂਰ ਦੌਰਾਨ ਵਿਦਿਆਰਥੀਆਂ ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਕਿਲਾ ਅਨੰਦਗੜ੍ਹ, ਗੁਰਦੁਆਰਾ ਭਾਈ ਜੀਵਨ ਸਿੰਘ ਜੀ ਅਤੇ ਹੋਰ ਗੁਰੂ ਘਰਾਂ ਦੇ ਦਰਸ਼ਨ ਕਰਦਿਆਂ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ, ਕਸ਼ਮੀਰੀ ਪੰਡਤਾ ਦੀ



ਰੱਖਿਆ ਲਈ ਕੀਤੇ ਬੇਮਿਸਾਲ ਬਲੀਦਾਨ ਅਤੇ ਸਿੱਖੀ ਦੇ ਅਸੂਲਾਂ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ।ਟੂਰ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਵਿਰਾਸਤ ਏ ਖਾਲਸਾ ਮਿਊਜ਼ੀਅਮ ਰਿਹਾ।ਵਿਦਿਆਰਥੀਆਂ ਨੇ ਇੱਥੇ ਸਿੱਖ ਇਤਿਹਾਸ ਦੀ ਵਿਸਥਾਰ ਪੂਰਨ ਤਸਵੀਰੀ ਪ੍ਰਸਤੁਤੀ, ਦਸ ਗੁਰੂ ਸਾਹਿਬਾਨ ਦੀ ਜੀਵਨੀ, ਖਾਲਸੇ ਦੀ ਰਚਨਾ ਅਤੇ ਵੱਖ-ਵੱਖ ਇਤਿਹਾਸਿਕ ਯੁੱਗਾਂ ਦੀ ਜੀਵੰਤ ਪ੍ਰਦਰਸ਼ਨੀ ਵੇਖੀ।ਵਿਰਾਸਤ ਏ ਖਾਲਸਾ ਦੀ ਆਧੁਨਿਕ ਟੈਕਨੋਲੋਜੀ ਲਾਈਟਨਿੰਗ ਅਤੇ ਆਡੀਓ ਵਿਜ਼ੂਅਲ ਗੈਲਰੀਆਂ ਨੇ ਵਿਦਿਆਰਥੀਆਂ ਤੇ ਡੂੰਘਾ ਪ੍ਰਭਾਵ ਛੱਡਿਆ।ਸਟੂਡੈਂਟ ਸੈਕਟਰੀ ਹਰਨੂਰ ਸਿੰਘ ਬਸਰਾਵਾਂ ਨੇ ਦੱਸਿਆ ਕਿ ਇਹ ਯਾਤਰਾ ਵਿਦਿਆਰਥੀਆਂ ਲਈ ਸਿਰਫ ਟੂਰ ਨਹੀਂ ਸਗੋਂ ਇੱਕ ਜ਼ਿੰਦਗੀ ਬਦਲਣ ਵਾਲਾ ਅਨੁਭਵ ਸੀ ਜਿਸ ਨੇ ਉਨ੍ਹਾਂ ਨੂੰ ਆਪਣੇ ਧਾਰਮਿਕ ਅਤੇ ਸੰਸਕ੍ਰਤਿਕ ਮੁੱਲਾਂ ਵੱਲ ਹੋਰ ਨੇੜੇ ਲਿਆਂਦਾ।ਇਸ ਮੌਕੇ ਗਗਨਦੀਪ ਸਿੰਘ ਵਿਰਕ ਨੇ ਕਿਹਾ ਕਿ ਇਹੋ ਜਿਹੇ ਟੂਰ ਸੰਸਥਾਵਾਂ ਦੇ ਸਿਰਫ਼ ਸਿੱਖਿਆਕਾਰੀ ਪ੍ਰੋਗਰਾਮ ਨਹੀਂ—ਇਹ ਉਹ ਉਪਰਾਲੇ ਹਨ ਜੋ ਨੌਜਵਾਨ ਪੀੜ੍ਹੀ ਨੂੰ ਆਪਣੇ ਰੂਹਾਨੀ ਸਰੋਤ ਨਾਲ ਜੋੜਦੇ ਹਨ।ਜਦੋਂ ਇਕ ਮੁੰਡਾ ਅਨੰਦਪੁਰ ਸਾਹਿਬ ਦੀਆਂ ਗੱਲੀਆਂ ਵਿੱਚ ਚਲਦਾ ਹੈ, ਉਹ ਦਰਅਸਲ ਆਪਣੇ ਅੰਦਰਲੇ ਸਿਪਾਹੀ, ਸਿੱਖ ਅਤੇ ਸੱਚੇ ਮਨੁੱਖ ਨੂੰ ਜਾਗਦਾ ਮਹਿਸੂਸ ਕਰਦਾ ਹੈ।ਅੱਜ ਦੇ ਸਮੇਂ ਵਿੱਚ ਅਜਿਹੀਆਂ ਯਾਤਰਾਵਾਂ ਦੀ ਲੋੜ ਇਸ ਲਈ ਵੀ ਵੱਧ ਗਈ ਹੈ ਕਿਉਂਕਿ ਅੱਜ ਨੌਜਵਾਨ ਪੀੜ੍ਹੀ ਨੂੰ ਗੁਰੂਆਂ ਦੀ ਵਿਰਾਸਤ ਨਾਲ ਜੋੜਨਾ ਅਤੇ ਸਮਾਜਿਕ ਤੇ ਆਤਮਿਕ ਤੌਰ 'ਤੇ ਮਜ਼ਬੂਤ ਬਣਾਉਣਾ ਸੰਸਥਾਵਾਂ ਦੀ ਜ਼ਿੰਮੇਵਾਰੀ ਹੈ।ਇਸ ਤਰ੍ਹਾਂ ਦੇ ਧਾਰਮਿਕ ਅਤੇ ਸਿਖਿਆਤਮਕ ਟੂਰ ਵਿਦਿਆਰਥੀਆਂ ਦੇ ਜੀਵਨ ਦੇ ਸਿਧਾਂਤਾਂ ਨੂੰ ਬਦਲਣ ਲਈ ਬਹੁਤ ਜਰੂਰੀ ਹਨ, ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਟੂਰ ਜਾਰੀ ਰਹਿਣਗੇ।ਇਸ ਮੌਕੇ ਵਿਦਿਆਰਥੀਆਂ ਨਾਲ ਹੈੱਡਮਾਸਟਰ ਹਰਵਿੰਦਰ ਸਿੰਘ, ਮਾਸਟਰ ਨਵਦੀਪ ਸਿੰਘ ਤੇ ਸੁਖਜਿੰਦਰ ਸਿੰਘ, ਮੈਡਮ ਪਸਪਿੰਦਰ ਕੌਰ, ਏਕਮਜੋਤ ਕੌਰ ਅਤੇ ਜਸ਼ਨਦੀਪ ਕੌਰ ਵੀ ਹਾਜਰ ਸਨ।

# ਐੱਸ ਕੇ ਐੱਮ ਨੇ ਬਿਜਲੀ ਸੋਧ ਬਿੱਲ ਦਾ ਖਰੜਾ ਰੱਦ ਕਰਾਉਣ ਲਈ ਲਾਇਆ ਧਰਨਾ

**ਪਠਾਨਕੋਟ (ਦਵਿੰਦਰ ਸਿੰਘ)-** ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਪਠਾਨਕੋਟ ਵੱਲੋਂ ਸੂਬਾ ਪਧਰੀ ਫੈਸਲੇ ਅਨੁਸਾਰ ਪਾਵਰ-ਕਾਮ ਦੇ ਮੁੱਖ ਦਫ਼ਤਰ ਪਠਾਨਕੋਟ ਵਿਖੇ ਭਾਰੀ ਧਰਨਾ ਬਿਜਲੀ ਸੋਧ ਬਿੱਲ ਦਾ ਖਰੜਾ-



2025 ਨੂੰ ਰੱਦ ਕਰਾਉਣ ਅਤੇ ਇਸ ਦੀਆਂ ਕਾਪੀਆਂ ਸਾੜਣ ਲਈ ਕੇਂਦਰ ਸਰਕਾਰ ਖਿਲਾਫ ਦਿੱਤਾ ਗਿਆ ਜਿਸ ਦੀ ਪ੍ਰਧਾਨਗੀ ਸਾਥੀ ਕੇਵਲ ਸਿੰਘ ਕੰਗ, ਬਲਦੇਵ ਰਾਜ ਭੋਆ, ਦਿਨੇਸ਼ ਸਿੰਘ ਅਤੇ ਬਲਵੰਤ ਸਿੰਘ ਘੋਹ ਨੇ ਕੀਤੀ ।ਸਟੇਜ ਦੀ ਕਾਰਵਾਈ ਕਾਮਰੇਡ ਬਲਵੰਤ ਸਿੰਘ ਘੋਹ ਨੇ ਨਿਭਾਈ।ਪਾਵਰ-ਕਾਮ ਦੇ ਮੁਲਾਜ਼ਮ ਅਤੇ ਪੈਨਸ਼ਨਰ ਅਪਣੇ ਆਗੂਆਂ ਸਮੇਤ ਭਾਰੀ ਗਿਣਤੀ ਵਿਚ ਹਾਜ਼ਰ ਸਨ।ਵੱਖ-ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ ਜਿਸ 'ਚ ਮੰਗ ਕੀਤੀ ਕਿ ਪੰਜਾਬ ਸਰਕਾਰ ਇਸ ਬਿਜਲੀ ਸੋਧ ਬਿੱਲ-2025 ਦੇ ਖਰੜੇ ਨੂੰ ਵਿਧਾਨ ਸਭਾ 'ਚ ਪੇਸ਼ ਕਰਕੇ ਰੱਦ ਕਰੇ ।ਕੇਂਦਰ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ ਇਸ ਬਾਰੇ ਦੇਸ਼ ਪੱਧਰ ਤੇ ਸੰਯੁਕਤ ਕਿਸਾਨ ਮੋਰਚੇ ਨਾਲ ਗੱਲਬਾਤ ਕੀਤੀ ਜਾਵੇ। ਇਸ ਬਾਰੇ ਜਦੋਂ ਕੇਂਦਰ ਸਰਕਾਰ ਨੇ ਦਸੰਬਰ 2021 'ਚ ਦਿੱਲੀ ਮੋਰਚੇ ਦੌਰਾਨ ਵਿਸ਼ਵਾਸ ਦੁਆਇਆ ਸੀ ਕਿ ਇਸ ਖਰੜੇ ਬਾਰੇ ਐੱਸ ਕੇ ਐੱਮ ਨਾਲ ਗੱਲਬਾਤ ਕੀਤੀ ਜਾਵੇਗੀ ਪਰ ਗੱਲਬਾਤ ਨਹੀਂ ਕੀਤੀ।ਧਰਨੇ ਨੂੰ ਮਾਸਟਰ ਸਤ ਪਰਕਾਸ਼, ਕਾਮਰੇਡ ਇਕਬਾਲ ਸਿੰਘ, ਨਸੀਬ ਸਿੰਘ, ਕਾਮਰੇਡ ਬਿਕਰਮਜੀਤ, ਰਜਿੰਦਰ ਸਿੰਘ ਬਾਜਵਾ ਉਗਰਾਹਾਂ, ਬਲਦੇਵ ਰਾਜ ਭੋਆ, ਜੋਗਾ ਸਿੰਘ ਮਿਆਣੀ, ਆਈ. ਐੱਸ. ਗੁਲਾਟੀ ਸ਼ਾਦੀਪੁਰ, ਰਣਬੀਰ ਸਿੰਘ ਭੋਆ ਨੇ ਸੰਬੋਧਨ ਕੀਤਾ ।ਅਖੀਰ 'ਚ ਮਿਥੇ ਪ੍ਰੋਗਰਾਮ ਅਨੁਸਾਰ ਬਿਜਲੀ ਸੋਧ ਬਿੱਲ-2025 ਦੇ ਖਰੜੇ ਦੀਆਂ ਕਾਪੀਆਂ ਸਾੜੀਆਂ ਗਈਆਂ।

# ਚਿੰਤਪੂਰਨੀ ਸੇਵਕ ਸਭਾ ਨੇ ਕਰਵਾਇਆ ਕੀਰਤਨ



**ਛੇਹਰਟਾ (ਮਨੋਜ ਕੁਮਾਰ)-** ਮਾਂ ਚਿੰਤਪੂਰਨੀ ਸੇਵਕ ਸਭਾ ਵੱਲੋਂ ਮਾਂ ਚਿੰਤਪੂਰਨੀ ਮੰਦਰ, ਨਮਕ ਮੰਡੀ ਵਿਖੇ ਕੀਰਤਨ ਕੀਤਾ ਗਿਆ। ਪ੍ਰਸਿੱਧ ਭਜਨ ਗਾਇਕ ਨਵਲ ਵਰਮਾ ਨੇ ਮਾਤਾ ਦੀ ਮਹਿਮਾ ਦਾ ਗੁਣਗਾਨ ਕੀਤਾ। ਕੀਰਤਨ 'ਚ ਵੱਡੀ ਗਿਣਤੀ 'ਚ ਸੰਗਤ ਨੇ ਪਹੁੰਚ ਕੇ ਮਾਤਾ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਭੰਡਾਰਾ ਵੀ ਕਰਵਾਇਆ ਗਿਆ। ਇਸ ਮੌਕੇ ਰਾਸ਼ਟਰੀ ਹਿੰਦੂ ਚੇਤਨਾ ਮੰਚ ਦੇ ਪੰਜਾਬ ਪ੍ਰਧਾਨ ਅਨੁਜ ਖੇਮਕਾ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮਾਜ ਸੇਵਕ ਅਸ਼ੀਸ਼ ਖੇਮਕਾ, ਅਸ਼ਵਨੀ ਜੋਸ਼ੀ, ਪੁਨੀਤ, ਕ੍ਰਿਸ਼ਨਾ ਨਾਇਰ, ਡਾ. ਸਚਿਨ ਅਰੋੜਾ, ਸ਼ੰਕਰ ਅਰੋੜਾ, ਰਾਜਿੰਦਰ ਅਰੋੜਾ, ਮੁਕੇਸ਼ ਕੁਮਾਰ, ਸਿਧਾਂਤ ਅਗਰਵਾਲ ਤੇ ਕਪੀਸ਼ ਖੇਮਕਾ ਨੂੰ ਪ੍ਰਸਿੱਧ ਭਜਨ ਗਾਇਕ ਨਵਲ ਵਰਮਾ ਨੇ ਸਨਮਾਨਿਤ ਕੀਤਾ।

# ਪੰਜਾਬ ਦੇ ਲੋਕ ਸਾਲ 2027 'ਚ ਵੀ 'ਆਪ' ਨੂੰ ਸੇਵਾ ਦਾ ਮੌਕਾ ਦੇਣਗੇ : ਸੰਧੂ



**ਵੇਰਕਾ (ਰਾਣਾ)-** ਪੰਜਾਬ ਦੀ ਅਵਾਮ ਮੁੜ ਆਮ ਆਦਮੀ ਪਾਰਟੀ ਨੂੰ ਸਾਲ 2027 ਦੌਰਾਨ ਰਾਜ ਦੇ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਦੇਵੇਗੀ ਕਿਉਂਕਿ ਆਪ ਸਰਕਾਰ ਵੱਲੋਂ ਕਰਵਾਏ ਜਾ ਰਹੇ ਵਿਕਾਸ ਕਾਰਜ, ਸੁਖ-ਸਹੂਲਤਾਂ ਅਤੇ ਨਸ਼ੇ ਦੇ ਵਹਿੰਦੇ ਹੋਏ ਦਰਿਆ ਨੂੰ ਬੰਨ੍ਹ ਮਾਰਨ ਦਾ ਨਿਵੇਕਲਾ ਕਾਰਜ ਹੋਣ ਕਰਕੇ ਲੋਕ ਬੇਹੱਦ ਖੁਸ਼ ਹਨ। ਖਾਸਕਰ ਇਸ ਸਰਕਾਰ ਲੋਕਾਂ ਦੇ ਨੌਜਵਾਨ ਪੁੱਤ ਅਣਆਈ ਮੌਤ ਦੇ ਮੂੰਹ 'ਚ ਜਾਣ ਤੋਂ ਬਚਾਏ ਹਨ, ਉਨ੍ਹਾਂ ਨੂੰ ਰੁਜ਼ਗਾਰ ਵੀ ਦਿੱਤਾ ਹੈ।ਇਨਾਂ ਵਿਚਾਰਾਂ ਦਾ ਪ੍ਰਗਟਾਵਾ ਡਾ. ਜਸਬੀਰ ਸਿੰਘ ਸੰਧੂ ਹਲਕਾ ਵਿਧਾਇਕ ਪੱਛਮੀ ਅੰਮ੍ਰਿਤਸਰ ਨੇ ਵਾਰਡ ਨੰਬਰ 76 ਦੇ ਇਲਾਕਾ ਪ੍ਰੀਤਮ ਸਿਟੀ ਜੰਡਪੀਰ ਵਿਖੇ ਲੋਕਾਂ ਦੇ ਹੋਏ ਇੱਕ ਭਰਮੇ ਇਕੱਠ ਨੂੰ ਸੰਬੋਧਨ ਕਰਦੇ ਹੋਇਆਂ ਕੀਤਾ।ਇਸ ਉਪਰੰਤ ਉਨ੍ਹਾਂ ਇਲਾਕੇ ਨਾਲ ਸੰਬੰਧਿਤ ਪੀੜਤ ਲੋਕਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਅਤੇ ਮੌਕੇ 'ਤੇ ਉਨ੍ਹਾਂ ਦੀ ਮੁਸ਼ਕਿਲ ਦਾ ਹੱਲ ਕਰਵਾਉਂਦੇ ਹੋਏ ਸਬੰਧਤ ਅਧਿਕਾਰੀਆਂ/ਕ੍ਰਮਚਾਰੀਆਂ ਨੂੰ ਨਿਰਦੇਸ਼ ਵੀ ਦਿੱਤੇ।

# ਕਿਸਾਨਾਂ, ਮਜ਼ਦੂਰਾਂ ਤੇ ਬਿਜਲੀ ਮੁਲਾਜ਼ਮ ਜਥੇਬੰਦੀਆਂ ਨੇ ਬਿਜਲੀ/ਬੀਜ ਬਿੱਲ ਦੀਆਂ ਕਾਪੀਆਂ ਸਾੜੀਆਂ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)-** ਸੰਯੁਕਤ ਕਿਸਾਨ ਮੋਰਚਾ ਪੰਜਾਬ, ਬਿਜਲੀ ਮੁਲਾਜ਼ਮ ਅਤੇ ਮਜ਼ਦੂਰ ਜਥੇਬੰਦੀਆਂ ਵੱਲੋਂ ਬਿਜਲੀ ਸੋਧ ਬਿੱਲ 2025, ਸਰਕਾਰੀ ਜ਼ਮੀਨਾਂ ਵੇਚਣ, ਨਵੇਂ ਬਣਾਏ ਚਾਰ ਲੇਬਰ ਕੋਡ ਅਤੇ ਬੀਜ ਬਿੱਲ 2025 ਖਿਲਾਫ ਬਿਜਲੀ ਘਰ ਹਰਸ਼ਾ ਛੀਨਾ ਵਿਖੇ ਵਿਸ਼ਾਲ ਧਰਨਾ ਦੇਣ ਉਪਰੰਤ ਬਿੱਲਾਂ ਤੇ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ ਗਈਆਂ।ਇਸ ਸਮੇਂ ਵੱਖ-ਵੱਖ ਬੁਲਾਰਿਆਂ ਨੇ ਬੋਲਦਿਆਂ ਕਿਹਾ ਕਿ ਕੇਂਦਰ ਸਰਕਾਰ ਨੇ ਬਿਜਲੀ ਵਿਭਾਗ ਦਾ ਮੁਕੰਮਲ ਨਿੱਜੀਕਰਨ ਕਰਕੇ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਲਈ ਬਿਜਲੀ ਸੋਧ ਬਿੱਲ 2025 ਲਿਆਂਦਾ ਹੈ ਜਿਸ ਨਾਲ



ਬੰਬੀਆਂ ਦੇ ਬਿੱਲ ਲੱਗਣਗੇ, ਘਰੇਲੂ 300 ਯੂਨਿਟ ਦੀ ਮੁਆਫੀ ਖਤਮ ਹੋਵੇਗੀ ਤੇ ਬਿਜਲੀ ਮਹਿੰਗੀ ਹੋ ਜਾਣ ਕਰਕੇ ਗਰੀਬ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਜਾਵੇਗੀ, ਬੇਰੁਜ਼ਗਾਰੀ ਤੇ ਮਹਿੰਗਾਈ ਵਧੇਗੀ ।ਉਨ੍ਹਾਂ ਕਿਹਾ ਕਿ ਇਨ੍ਹਾਂ ਕਾਨੂੰਨਾਂ ਤਹਿਤ ਕਾਮਿਆਂ ਦੀ ਕਿਰਤ ਦੀ ਲੁੱਟ ਨੂੰ ਤਿੱਖਾ ਕਰਦਿਆਂ ਐਕਟ 1948 ਵਾਲੇ ਕਾਮਾ ਹਿੱਤਕਾਰੀ ਕਿਰਤ ਕਾਨੂੰਨ ਰੱਦ ਕਰਕੇ ਚਾਰ ਲੇਬਰ ਕੋਡਾਂ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ।ਪੰਜਾਬ ਸਰਕਾਰ ਵੱਲੋਂ ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਦੀਆਂ ਜਮੀਨਾਂ ਵੇਚਣ ਦਾ ਫੈਸਲਾ ਕੀਤਾ ਹੈ। ਕੇਂਦਰ ਸਰਕਾਰ ਵੱਲੋਂ ਖੇਤੀਬਾੜੀ ਤੇ ਕਬਜ਼ਾ ਕਰਨ ਲਈ ਕਿਸਾਨ ਵਿਰੋਧੀ ਬੀਜ ਬਿੱਲ 2025 ਲਿਆਂਦਾ ਗਿਆ ਹੈ।ਬੀਜ ਬਿੱਲ 2025 ਰਾਹੀਂ ਵੱਡੀਆਂ ਕੰਪਨੀਆਂ ਨੂੰ ਲਾਈਸੈਂਸ ਦੇ ਕੇ ਮਨਮਰਜ਼ੀ ਦੇ ਭਾਅ ਤੇ ਬੀਜ ਵੇਚਣ ਦੀ ਖੁੱਲ ਦਿੱਤੀ ਜਾਵੇਗੀ। ਕੇਂਦਰ ਸਰਕਾਰ ਵੱਲੋਂ ਨਿੱਜੀਕਰਨ ਦੀ ਨੀਤੀ ਦੇ ਤਹਿਤ ਸਭਨਾਂ ਵਿਭਾਗਾਂ, ਕਾਲਜਾਂ, ਯੂਨੀਵਰਸਿਟੀਆਂ ਦਾ ਕੇਂਦਰੀਕਰਨ ਕਰਕੇ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਆਗੂਆਂ ਨੇ ਇਹਨਾਂ ਕਾਨੂੰਨਾਂ/ਬਿੱਲਾਂ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਪੰਜਾਬ ਸਰਕਾਰ ਤੁਰੰਤ ਵਿਧਾਨ ਸਭਾ ਅੰਦਰ ਬਿਜਲੀ ਵਿਭਾਗ ਦੇ ਕੀਤੇ ਜਾ ਰਹੇ ਕੇਂਦਰੀਕਰਨ, ਬਿਜਲੀ ਸੋਧ ਬਿਲ 2025 ਅਤੇ ਬੀਜ ਬਿੱਲ 2025 ਨੂੰ ਰੱਦ ਕਰਨ ਦਾ ਮਤਾ ਪਾਸ ਕਰੇ।ਸਰਕਾਰੀ ਅਤੇ ਅਰਧ ਸਰਕਾਰੀ ਵਿਭਾਗਾਂ ਦੀਆਂ ਜਮੀਨਾਂ ਵੇਚਣ ਦੇ ਮਨਸੂਬਿਆਂ ਨੂੰ ਤੁਰੰਤ ਵਾਪਸ ਲਵੇ। ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਸਭਨਾਂ ਵਿਭਾਗਾਂ, ਕਾਲਜਾਂ, ਯੂਨੀਵਰਸਿਟੀਆਂ, ਡੈਮਾਂ ਅਤੇ ਦਰਿਆਈ ਪਾਣੀਆਂ ਦਾ ਕੇਂਦਰੀਕਰਨ ਕਰਨਾ ਬੰਦ ਕੀਤਾ ਜਾਵੇ। ਕਾਰਪੋਰੇਟ ਪੱਖੀ ਬਣਾਏ ਚਾਰ ਲੇਬਰ ਕੋਡ ਰੱਦ ਕਰਕੇ ਐਕਟ 1948 ਵਾਲੇ ਕਿਰਤ ਕਾਨੂੰਨ ਬਹਾਲ ਕੀਤੇ ਜਾਣ।ਜੇਕਰ ਕੇਂਦਰ ਅਤੇ ਪੰਜਾਬ ਸਰਕਾਰ ਨੇ ਇਨ੍ਹਾਂ ਬਿੱਲਾਂ ਅਤੇ ਕਾਨੂੰਨਾਂ ਨੂੰ ਵਾਪਸ ਨਾ ਲਿਆ ਤਾਂ ਸਮੂਹ ਜਨਤਕ ਤੇ ਟਰੇਡ ਜਥੇਬੰਦੀਆਂ ਅਗਲੇ ਤਿੱਖੇ ਸੰਘਰਸ਼ ਦਾ ਫੈਸਲਾ ਕਰਨ ਲਈ ਮਜਬੂਰ ਹੋਣਗੀਆਂ, ਜਿਸ ਤੋਂ ਨਿਕਲਣ ਵਾਲੇ ਸਿੱਟਿਆਂ ਦੀ ਜਿੰਮੇਵਾਰੀ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੀ ਹੋਵੇਗੀ।ਰੈਲੀ ਨੂੰ ਟੀਐੱਸਯੂ ਦੇ ਸੂਬਾ ਆਗੂ ਮਲਕੀਅਤ ਸਿੰਘ ਸੈਂਸਰਾ, ਜੁਗਰਾਜ ਸਿੰਘ ਛੀਨਾ, ਜਰਨੈਲ ਸਿੰਘ ਸੈਂਸਰਾ, ਕਿਰਤੀ ਕਿਸਾਨ ਯੂਨੀਅਨ ਪੰਜਾਬ ਹਰਪਾਲ ਸਿੰਘ ਛੀਨਾ, ਕਾਬਲ ਸਿੰਘ ਛੀਨਾ, ਕੁਲਵੰਤ ਸਿੰਘ ਤੋਲਾ ਨੰਗਲ, ਕਿਰਤੀ ਕਿਸਾਨ ਯੂਨੀਅਨ ਸੂਬਾ ਆਗੂ ਜਤਿੰਦਰ ਸਿੰਘ ਛੀਨਾ ਜਮਹੂਰੀ ਕਿਸਾਨ ਸਭਾ ਸੁਖਨਿੰਦਰ ਸਿੰਘ ਜਗਦੇਵ ਕਲਾਂ, ਰਣਜੀਤ ਸਿੰਘ ਮੱਲੂ ਨੰਗਲ ਕੁੱਲ ਹਿੰਦ ਕਿਸਾਨ ਸਭਾ, ਮਾਸਟਰ ਸੁੱਚਾ ਸਿੰਘ ਅਜਨਾਲਾ, ਭੁਪਿੰਦਰ ਸਿੰਘ ਛੀਨਾ ਪੈਨਸ਼ਨਰ ਐਸੋਸੀਏਸ਼ਨ ਕਰਮ ਸਿੰਘ ਅਤੇ ਬਲਵਿੰਦਰ ਸਿੰਘ ਨਾਗ ਨੇ ਵੀ ਸੰਬੋਧਨ ਕੀਤਾ।

# ਠੇਕੇਦਾਰ ਕੁਲਵੰਤ ਸਿੰਘ ਲੁਬਾਣਾ ਨੇ ਆਪਣੇ ਪਿੰਡ ਅੰਦਰ ਚੋਣ ਮੁਹਿੰਮ ਭਖਾਈ



**ਗੁਰਦਾਸਪੁਰ (ਜਨਕ ਮਹਾਜਨ)-** ਜ਼ੋਨ ਨੰਬਰ 20 ਬਹਾਦਰ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਠੇਕੇਦਾਰ ਕੁਲਵੰਤ ਸਿੰਘ ਲੁਬਾਣਾ ਨੇ ਆਪਣੇ ਅਧੀਨ ਪੈਂਦੇ ਪਿੰਡਾਂ ਵਿੱਚ ਚੋਣ ਮੁਹਿੰਮ ਬਹੁਤ ਵਿਉਂਤਬੰਦੀ ਢੰਗ ਨਾਲ ਤੇਜ਼ ਕਰ ਦਿੱਤੀ ਹੈ। ਠੇਕੇਦਾਰ ਕੁਲਵੰਤ ਸਿੰਘ ਨੇ ਦੱਸਿਆ ਕਿ ਪਿੰਡਾਂ ਅੰਦਰ ਕਾਂਗਰਸ ਪਾਰਟੀ ਕਾਫੀ ਮਜ਼ਬੂਤ ਹੈ ਜਿਸ ਨਾਲ ਲੋਕਾਂ ਵੱਲੋਂ ਕਾਂਗਰਸ ਪਾਰਟੀ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਕਿਉਂਕਿ ਹਲਕਾ ਵਿਧਾਇਕਾ ਤੇ ਸਾਬਕਾ ਕੈਬਨਿਟ ਮੰਤਰੀ ਅਰੁਣਾ ਚੌਧਰੀ ਅਤੇ ਸੀਨੀਅਰ ਕਾਂਗਰਸੀ ਅਸ਼ੋਕ ਚੌਧਰੀ ਦੀ ਬਦੌਲਤ ਪਿੰਡਾਂ ਦੇ ਲੋਕ ਕਾਂਗਰਸ ਪਾਰਟੀ ਨੂੰ ਲੋਕ ਹਮੇਸ਼ਾ ਤਰਜੀਹ ਦਿੰਦੇ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਲੋਕਾਂ ਦੇ ਪਿਆਰ ਸਦਕਾ 20 ਨੰਬਰ ਜ਼ੋਨ ਦੀ ਸੀਟ ਹਲਕਾ ਵਿਧਾਇਕਾ ਦੀ ਝੋਲੀ ਵਿੱਚ ਪਾਏ ਜਾਵੇਗੀ ਅਤੇ ਪਿੰਡ ਬਹਾਦਰ, ਨੁਸ਼ਹਿਰਾ, ਨਵਾਂ ਪਿੰਡ ਅਤੇ ਨਵਾਂ ਸ਼ਹਿਰ ਦੇ ਲੋਕਾਂ ਵਲੋਂ ਪੂਰਨ ਤੌਰ 'ਤੇ ਸਹਿਯੋਗ ਤੇ ਭਰੋਸਾ ਦਿੱਤਾ ਗਿਆ ਹੈ। ਇਸ ਮੌਕੇ ਉਨ੍ਹਾਂ ਨਾਲ ਚੋਣ ਪ੍ਰਚਾਰ ਵਿੱਚ ਸਰਪੰਚ ਕਾਂਗਰਸੀ ਹਰਜਿੰਦਰ ਸਿੰਘ ਜਿੰਦੀ, ਕਸ਼ਮੀਰ ਸਿੰਘ, ਸਰਬਜੀਤ ਸਿੰਘ, ਬਲਵੀਰ ਸਿੰਘ, ਮੁਖਤਿਆਰ ਸਿੰਘ, ਮਨਪ੍ਰੀਤ ਸਿੰਘ ਮਾਨਾ, ਅਮਰੀਕ ਸਿੰਘ, ਸਾਬਕਾ ਸਰਪੰਚ ਭਜਨ ਸਿੰਘ, ਸਾਬਕਾ ਸਰਪੰਚ ਪੂਰਨ ਸਿੰਘ, ਅਮਰਜੀਤ ਸਿੰਘ ਅਮਰੀਕਾ, ਕਪੂਰ ਸਿੰਘ, ਪਰਮਜੀਤ ਸਿੰਘ, ਬਰਿੰਦਰ ਸਿੰਘ ਅਤੇ ਸੌਰਵ ਸਿੰਘ ਆਦਿ ਹਾਜ਼ਰ ਸਨ।

# ਪਾਬੰਦੀ ਦੇ ਬਾਵਜੂਦ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਜ਼ੋਰਾਂ 'ਤੇ

**ਗੁਰਦਾਸਪੁਰ (ਜਨਕ ਮਹਾਜਨ)-** ਸਰਕਾਰ ਵਲੋਂ ਪਲਾਸਟਿਕ ਦੇ ਲਿਫਾਫਿਆਂ 'ਤੇ ਪੂਰਨ ਪਾਬੰਦੀ ਲਗਾਉਣ ਦੇ ਬਾਵਜੂਦ ਇਨ੍ਹਾਂ ਦੀ ਵਰਤੋ ਧੜੱਲੇ ਨਾਲ ਕੀਤੀ ਜਾ ਰਹੀ ਹੈ ਕਿਉਂ ਜੋ ਪ੍ਰਸ਼ਾਸਨ ਵਲੋਂ ਇਸ ਦੀ ਵਿਕਰੀ ਤੇ ਵਰਤੋਂ ਉਪਰ ਸਖਤੀ ਨਾਲ ਪਾਬੰਦੀ ਨਾ ਲਗਾਉਣ ਕਰਕੇ ਲਗਭਗ ਹਰ ਰੇਹੜੀ ਵਾਲਾ ਤੇ ਦੁਕਾਨਦਾਰ ਖੁੱਲੇਆਮ ਇਸ ਦੀ ਵਰਤੋਂ ਕਰ ਰਿਹਾ ਹੈ। ਪ੍ਰਸ਼ਾਸਨ ਚਾਹੇ ਤਾਂ ਇਸ ਦੀ ਵਰਤੋਂ ਰੁਕ ਸਕਦੀ ਹੈ ਜਿਸ ਦੀ ਮਿਸਾਲ ਨੇੜਲੇ ਸੂਬੇ ਹਿਮਾਚਲ ਵਿੱਚ ਵੇਖਣ ਨੂੰ ਮਿਲਦੀ ਹੈ ਜਿੱਥੋਂ ਕੋਈ ਵੀ ਦੁਕਾਨਦਾਰ ਰੇਹੜੀ ਵਾਲਾ



ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਨਹੀਂ ਕਰ ਰਿਹਾ ਉੱਥੇ ਕੇਵਲ ਸਰਕਾਰ ਵੱਲੋਂ ਪਾਸ ਕੀਤਾ ਲਿਫਾਫਾ ਹੀ ਵਰਤਿਆ ਜਾ ਰਿਹਾ ਹੈ ਜਦਕਿ ਸਾਡੇ ਪੰਜਾਬ ਵਿੱਚ ਰੇਹੜੀ ਵਾਲੇ, ਢਾਬੇ ਵਾਲੇ ਅਤੇ ਦੁਕਾਨਦਾਰ ਪਲਾਸਟਿਕ ਦੇ ਲਿਫਾਫਿਆਂ ਵਿਚ ਦਾਲ, ਸਬਜ਼ੀ, ਕਰਿਆਨਾ, ਡੇਅਰੀਆਂ 'ਤੇ ਦੁੱਧ, ਦਹੀ ਗ੍ਰਾਹਕਾਂ ਨੂੰ ਵੇਚ ਰਹੇ ਹਨ ਜੋ ਕਾਨੂੰਨ ਦੇ ਖਿਲਾਫ ਹੈ। ਇਨ੍ਹਾਂ ਪਲਾਸਟਿਕ ਨੂੰ ਵਰਤੋਂ ਤੋਂ ਬਾਅਦ ਖੁੱਲ੍ਹੇਆਮ ਸੁੱਟ ਦਿੱਤਾ ਜਾਂਦਾ ਹੈ ਜਿਸ ਨਾਲ ਇਹ ਪ੍ਰਦੂਸ਼ਣ ਵਿਚ ਵਾਧਾ ਕਰਦੇ ਹਨ, ਉਥੇ ਹੀ ਨਾਲਿਆਂ ਵਿਚ ਫਸ ਜਾਣ ਨਾਲ ਇਨ੍ਹਾਂ ਕਰਕੇ ਸੀਵਰੇਜ ਵੀ ਜਾਮ ਹੋ ਜਾਂਦਾ ਹੈ ਜਿਸ ਕਾਰਨ ਨਾਲੀਆਂ ਦੀ ਨਿਕਾਸੀ ਬੰਦ ਹੋ ਜਾਂਦੀ ਹੈ। ਹਨੂੰਮਾਨ ਚੌਕ, ਲਾਈਬ੍ਰੇਰੀ ਰੋਡ 'ਤੇ ਫਾਸਟ ਫੂਡ ਦੀਆਂ ਰੇਹੜੀਆਂ 'ਤੇ ਰੋਜ਼ਾਨਾ ਪਲਾਸਟਿਕ ਲਿਫਾਫਿਆਂ ਦੀ ਵਰਤੋਂ ਆਮ ਹੀ ਦੇਖੀ ਜਾ ਸਕਦੀ ਹੈ। ਲੋਕਾਂ ਨੇ ਨਗਰ ਕੌਂਸਲ ਗੁਰਦਾਸਪੁਰ ਦੇ ਅਧਿਕਾਰੀਆਂ ਪਾਸੋਂ ਮੰਗ ਕੀਤੀ ਕਿ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਨਾਲ ਲੈ ਕੇ ਰੇਹੜੀਆਂ, ਦੁਕਾਨਾਂ 'ਤੇ ਛਾਪੇਮਾਰੀ ਕਰਕੇ ਅਜਿਹੇ ਘਟੀਆ ਮਿਆਰ ਵਾਲੇ ਲਿਫਾਫਿਆਂ ਨੂੰ ਜ਼ਬਤ ਕਰਨ ਤੋਂ ਬਾਅਦ ਇਨ੍ਹਾਂ ਦੀ ਵਿਕਰੀ ਕਰਨ ਵਾਲਿਆਂ ਦੇ ਚਲਾਨ ਕੀਤੇ ਜਾਣ।

# ਜੰਡੀ ਦੀ ਸਮੁੱਚੀ ਪੰਚਾਇਤ ਆਮ ਆਦਮੀ ਪਾਰਟੀ 'ਚ ਸ਼ਾਮਲ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-** ਸੂਬੇ ਅੰਦਰ ਚੱਲ ਰਹੀਆਂ ਜ਼ਿਲ੍ਹਾ ਪਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੌਰਾਨ ਵਿਧਾਨ ਸਭਾ ਹਲਕਾ ਦੀਨਾਨਗਰ ਅੰਦਰ ਆਮ ਆਦਮੀ ਪਾਰਟੀ ਨੂੰ ਉਦੋਂ ਤਗੜਾ ਹੁੰਗਾਰਾ ਮਿਲਿਆ ਜਦੋਂ ਹਲਕੇ ਦੇ ਪਿੰਡ ਜੰਡੀ ਦੀ ਸਾਰੀ ਗ੍ਰਾਮ ਪੰਚਾਇਤ ਨੇ ਆਮ ਆਦਮੀ ਪਾਰਟੀ ਵਿੱਚ



ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਪਿੰਡ ਜੰਡੀ ਦੇ ਸਰਪੰਚ ਸਾਹਿਲ ਠਾਕੁਰ, ਮੈਂਬਰ ਪੰਚਾਇਤ ਸੋਮ ਰਾਜ, ਅਰਪਣ ਕੁਮਾਰ, ਮਹਿੰਦਰ ਸਿੰਘ, ਬਲਬੀਰ ਚੰਦ, ਸੁਮਨ ਬਾਲਾ ਅਤੇ ਮੈਂਬਰ ਪੰਚਾਇਤ ਪੂਜਾ ਦੇ ਇਲਾਵਾ ਉਨ੍ਹਾਂ ਦੇ ਸਮਰਥਕ ਬਚਨ ਸਿੰਘ, ਅੰਕਿਤ ਮਿਨਹਾਸ, ਅਕਾਸ਼ ਸ਼ਰਮਾ, ਯੁਵਰਾਜ ਸਿੰਘ ਅਤੇ ਬਿੱਟਾ ਦੇ ਨਾਂ ਮੁੱਖ ਤੌਰ ਤੇ ਸ਼ਾਮਲ ਹਨ। ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਦਾ ਸਵਾਗਤ ਕਰਦਿਆਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਉਹਨਾਂ ਨੂੰ ਪਾਰਟੀ ਅੰਦਰ ਪੂਰੇ ਮਾਣ ਸਤਿਕਾਰ ਦਾ ਭਰੋਸਾ ਦਿਵਾਇਆ ਅਤੇ ਕਿਹਾ ਕਿ ਇਹ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀਆਂ ਨੀਤੀਆਂ ਅਤੇ ਕੰਮਾਂ ਦਾ ਨਤੀਜਾ ਹੈ ਕਿ ਅੱਜ ਪੰਜਾਬ ਦੇ ਲੋਕ ਧੜਾਧੜ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ। ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਦੇ ਹਰ ਵਰਗ ਨਾਲ ਸਬੰਧਤ ਮੁੱਦਿਆਂ ਨੂੰ ਜਮੀਨੀ ਪੱਧਰ ਤੇ ਜਾਣ ਕੇ ਫਿਰ ਉਹਨਾਂ ਦੇ ਹੱਲ ਕੀਤੇ ਜਾ ਰਹੇ ਹਨ, ਜਿਸ ਕਾਰਨ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਕੋਲੋਂ ਪੂਰੀ ਤਰ੍ਹਾਂ ਖੁਸ਼ ਨਜ਼ਰ ਆ ਰਹੇ ਹਨ।ਸ਼ਮਸ਼ੇਰ ਸਿੰਘ ਨੇ ਕਿਹਾ ਕਿ ਵਿਧਾਨਸਭਾ ਹਲਕਾ ਦੀਨਾਨਗਰ ਅੰਦਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਬਿਨਾਂ ਕਿਸੇ ਪੱਖਪਾਤ ਹਲਕੇ ਦੇ ਸਰਵਪੱਖੀ ਵਿਕਾਸ ਲਈ ਕੰਮ ਕਰਵਾਏ ਜਾ ਰਹੇ ਹਨ ਅਤੇ ਆਉਣ ਵਾਲੇ ਦਿਨਾਂ ਅੰਦਰ ਇਹਨਾਂ ਕੰਮਾਂ ਦੀ ਸਪੀਡ ਹੋਰ ਵੀ ਤੇਜ਼ ਹੋਵੇਗੀ।ਇਸ ਮੌਕੇ ਬਲਾਕ ਪ੍ਰਧਾਨ ਨਰਿੰਦਰ ਸਿੰਘ ਬਹੇੜੀ ਅਤੇ ਸਰਪੰਚ ਰਣਜੀਤ ਸਲਾਰੀਆ ਢਾਕੀ ਵੀ ਮੌਜੂਦ ਸਨ।

# ਦਿਵਯ ਜਯੋਤੀ ਜਾਗਰਤੀ ਸੰਸਥਾਨ 'ਚ ਤਿੰਨ ਦਿਨਾ ਸਾਧਨਾ ਕੈਂਪ ਸੰਪੰਨ

**ਤਰਨ ਤਾਰਨ ( ਪ੍ਰਿਤਪਾਲ ਸਿੰਘ)-** ਦਿਵਯ ਜਯੋਤੀ ਜਾਗਰਤੀ ਸੰਸਥਾਨ ਤਰਨ ਤਾਰਨ ਆਸ਼ਰਮ ਵਿਖੇ ਤਿੰਨ ਦਿਨਾ ਸਾਧਨਾ ਸ਼ਿਵਰ ਦਾ ਆਯੋਜਨ ਕੀਤਾ ਗਿਆ।ਜਿਸ ਦੇ ਤੀਸਰੇ ਦਿਨ ਆਸ਼ੂਤੋਸ਼ ਮਹਾਰਾਜ ਦੀ ਸ਼ਿਸ਼ਯਾ ਸਾਧਵੀ ਜਯੋਤਸਨਾ



ਭਾਰਤੀ ਨੇ ਆਏ ਹੋਏ ਸ਼ਰਧਾਲੂਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਸਮੁੰਦਰ ਦੇ ਅੰਦਰ ਲਹਿਰਾਂ ਦਾ ਕੋਈ ਅੰਤ ਨਹੀਂ ਹੈ, ਇੱਕ ਤੋਂ ਬਾਅਦ ਇੱਕ ਲਹਿਰ ਉੱਠਦੀ ਰਹਿੰਦੀ ਹੈ, ਉਸੇ ਤਰ੍ਹਾਂ ਮਨ ਦੇ ਸੰਕਲਪ ਅਤੇ ਵਿਕਲਪ ਵੀ ਹਨ। ਪਾਣੀ ਅਤੇ ਮਨ ਦੋਵਾਂ ਦੀ ਗਤੀ ਇੱਕੋ ਜਿਹੀ ਹੈ। ਜਿਸ ਤਰ੍ਹਾਂ ਪਾਣੀ ਕੁਦਰਤੀ ਤੌਰ 'ਤੇ ਹੇਠਾਂ ਵੱਲ ਵਗਦਾ ਹੈ, ਉਸੇ ਤਰ੍ਹਾਂ ਮਨ ਕੁਝ ਸੰਸਾਰਕ ਵਸਤੂਆਂ ਪ੍ਰਤੀ ਆਪਣੀ ਇੱਛਾ ਦੁਆਰਾ ਪ੍ਰੇਰਿਤ ਹੁੰਦਾ ਹੈ। ਮਨ ਨੂੰ ਕਾਬੂ ਕਰਨਾ ਹਵਾ ਨੂੰ ਕਾਬੂ ਕਰਨ ਜਿੰਨਾ ਮੁਸ਼ਕਲ ਹੈ। ਮਨ ਬਹੁਤ ਚੰਚਲ ਹੈ। ਇਸ ਨੂੰ ਕਾਬੂ ਕਰਨਾ ਯਕੀਨੀ ਤੌਰ 'ਤੇ ਮੁਸ਼ਕਲ ਹੈ, ਪਰ ਅਸੰਭਵ ਨਹੀਂ ਹੈ। ਮਨ ਨੂੰ ਅਭਿਆਸ ਅਤੇ ਨਿਰਲੇਪਤਾ ਦੁਆਰਾ ਕਾਬੂ ਕੀਤਾ ਜਾ ਸਕਦਾ ਹੈ। ਅਭਿਆਸ ਬਾਰੇ ਇਹ ਕਿਹਾ ਜਾਂਦਾ ਹੈ ਕਿ ਮਨੁੱਖ ਨੂੰ ਧਿਆਨ ਦਾ ਅਭਿਆਸ ਕਰਨਾ ਚਾਹੀਦਾ ਹੈ। ਸ਼ਾਸਤਰਾਂ ਵਿੱਚ ਗਿਆਨ ਨੂੰ ਦੋ ਕਿਸਮਾਂ ਵਿੱਚ ਦਰਸਾਇਆ ਗਿਆ ਹੈ: ਸਥੂਲ ਅਤੇ ਸੂਖਮ। ਕਿਸੇ ਮੂਰਤੀ ਜਾਂ ਰੂਪ ਦਾ ਚਿੰਤਨ ਕਰਨਾ ਸਥੂਲ ਗਿਆਨ ਹੈ, ਜਦੋਂ ਕਿ ਦਿਲ ਵਿੱਚ ਬਲਦੇ ਪ੍ਰਕਾਸ਼ ਅਤੇ ਪ੍ਰਕਾਸ਼ ਦਾ ਦ੍ਰਿਸ਼ਟੀਕੋਣ ਸੂਖਮ ਗਿਆਨ ਹੈ। ਮਨ ਨੂੰ ਸਥੂਲ ਧਿਆਨ ਦੁਆਰਾ ਕਾਬੂ ਨਹੀਂ ਕੀਤਾ ਜਾ ਸਕਦਾ। ਸੂਖਮ ਧਿਆਨ ਦੁਆਰਾ, ਇਸ ਨੂੰ ਜਲਦੀ ਹੀ ਬ੍ਰਹਮ ਤੱਤ ਨਾਲ ਜੋੜਿਆ ਜਾ ਸਕਦਾ ਹੈ।ਪ੍ਰੋਗਰਾਮ ਦੌਰਾਨ ਸਾਧਵੀ ਰਮਨ ਭਾਰਤੀ, ਸਾਧਵੀ ਲਖਵਿੰਦਰ ਭਾਰਤੀ ਅਤੇ ਸਾਧਵੀ ਰਾਜਦੀਪ ਭਾਰਤੀ ਨੇ ਮੰਤਰ ਉਚਾਰਣ ਅਤੇ ਵਿਸ਼ਵ ਸ਼ਾਂਤੀ ਲਈ ਅਰਦਾਸ ਕੀਤੀ ਅਤੇ ਰੂਹਾਨੀ ਭਜਨ ਗਾਏ। ਲੰਗਰ ਅਤੇ ਪ੍ਰਸ਼ਾਦ ਦਾ ਵੀ ਪ੍ਰਬੰਧ ਕੀਤਾ ਗਿਆ ਸੀ।

# ਡਾ. ਬੀ. ਆਰ. ਅੰਬੇਡਕਰ ਦੇ 69ਵੇਂ ਮਹਾ-ਪ੍ਰੀਨਿਰਵਾਣ ਦਿਵਸ ਮੌਕੇ ਅੰਬੇਡਕਰੀ ਸੋਚ ਦ੍ਰਿੜ੍ਹ ਕਰਨ ਦਾ ਸੱਦਾ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-** ਬਾਬਾ ਸਾਹਿਬ ਡਾਕਟਰ ਬੀ. ਆਰ. ਅੰਬੇਡਕਰ ਦੇ 69ਵੇਂ ਮਹਾ-ਪ੍ਰੀਨਿਰਵਾਣ ਦਿਵਸ ਦੇ ਸਬੰਧ ਵਿੱਚ ਪੰਜਾਬ ਬਹੁਜਨ ਕੋਆਰਡੀਨੇਸ਼ਨ ਟੀਮ ਦੀ ਤਰਨ ਤਾਰਨ ਇਕਾਈ ਦੇ ਟੀਮ ਮੈਂਬਰ ਬਲਦੇਵ ਸਿੰਘ ਪੰਨੂ ਦੇ ਗ੍ਰਹਿ ਵਿਖੇ ਸਮੂਹ ਟੀਮ ਮੈਂਬਰ ਸਾਹਿਬਾਨ ਅਤੇ ਅੰਬੇਡਕਰ ਸਾਹਿਬ ਦੀ ਵਿਰਾਸਤ ਨੂੰ ਜਾਨਣ ਅਤੇ ਸੰਭਾਲਣ ਵਾਲੇ ਹੋਰ ਅਨੁਆਈਆਂ ਵੱਲੋਂ ਸ਼ਰਧਾਂਜਲੀ ਸਮਾਗਮ ਕਰਵਾ ਕੇ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ।ਵੱਖ-ਵੱਖ ਬੁਲਾਰਿਆਂ ਵੱਲੋਂ ਜਿਨ੍ਹਾਂ ਵਿੱਚ ਸਰਦਾਰ ਪਰਮਜੀਤ ਸਿੰਘ ਡੀਈਓ ਰਿਟਾਇਰ, ਵਰਿੰਦਰ ਸਿੰਘ ਧਾਮੀ, ਸਰਵਣ ਸਿੰਘ ਰਸੂਲਪੁਰ ਅਤੇ ਬਲਦੇਵ ਸਿੰਘ ਨਾਹਰ ਵੱਲੋਂ ਡਾਕਟਰ ਅੰਬੇਡਕਰ ਸਾਹਿਬ ਦੇ ਸੰਘਰਸ਼ਮਈ ਜੀਵਨ ਉਤੇ ਚਾਨਣਾ ਪਾਇਆ ਅਤੇ ਦੱਸਿਆ ਕਿ ਕਿਸ ਤਰ੍ਹਾਂ ਜਿਸ ਵੇਲੇ ਮਨੂਵਾਦੀ ਸੋਚ ਵਾਲੇ ਲੋਕ ਸਿੱਖਿਆ ਅਤੇ ਆਰਥਿਕ ਸਾਧਨਾਂ ਉਤੇ ਏਕਾ ਅਧਿਕਾਰ ਸਥਾਪਿਤ ਕਰਕੇ ਬੈਠੇ ਸਨ ਅਤੇ ਸ਼ੂਦਰਾਂ ਨੂੰ ਸਿੱਖਿਆ ਤੋਂ ਕੋਹਾਂ ਦੂਰ ਰੱਖਿਆ ਜਾਂਦਾ ਸੀ ਤਾਂ ਡਾ. ਭੀਮ ਰਾਓ ਅੰਬੇਡਕਰ ਨੇ ਉਨ੍ਹਾਂ ਮੰਨੂਵਾਦੀ ਅਤੇ ਰੂੜੀਵਾਦੀ ਸੋਚ ਵਾਲੇ ਲੋਕਾਂ ਨੂੰ ਸੰਘਰਸ਼ ਨਾਲ ਪਛਾੜਿਆ ਅਤੇ ਉਨ੍ਹਾਂ ਨਾਲੋਂ ਵੀ ਵੱਧ ਸਿੱਖਿਆ ਅਤੇ ਗਿਆਨ ਹਾਸਿਲ ਕਰਕੇ ਭਾਰਤ ਦੇ ਸੰਵਿਧਾਨ ਦਾ ਨਿਰਮਾਤਾ ਬਣਨ ਦਾ ਮਾਣ ਹਾਸਲ ਕਰਨ ਤੋਂ ਬਾਅਦ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਦੀ ਪਦਵੀ ਹਾਸਿਲ ਕੀਤੀ ਅਤੇ ਔਰਤਾਂ, ਬੱਚਿਆਂ, ਗਰੀਬ ਮਜ਼ਦੂਰਾਂ, ਵੰਚਿਤਾਂ ਅਤੇ ਦਲਿਤਾਂ ਦੀ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਆਜ਼ਾਦੀ ਦੀ ਬਹਾਲੀ ਦੇ



ਮਹਾਂ-ਮਾਨਵ ਬਣੇ।ਸਮਾਗਮ ਦੇ ਅੰਤ ਵਿਚ ਬਲਦੇਵ ਸਿੰਘ ਪੰਨੂ ਨੇ ਹਾਜ਼ਰ ਟੀਮ ਦੇ ਬਾਕੀ ਮੈਂਬਰਾਂ ਬੰਟੀ ਚੀਦਾ, ਬਲਦੇਵ ਸਿੰਘ ਨਾਹਰ ਅਤੇ ਹੋਰ ਪਤਵੰਤੇ ਸੱਜਣਾਂ ਵੱਲੋਂ ਬਾਬਾ ਸਾਹਿਬ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਧੰਨਵਾਦ ਕੀਤਾ ਅਤੇ ਧੰਨਵਾਦੀ ਭਾਸ਼ਣ ਵਿੱਚ ਦੱਸਿਆ ਕਿ 25 ਜਨਵਰੀ 1950 ਨੂੰ ਸੰਵਿਧਾਨ ਸਮਰਪਣ ਵਾਲੇ ਦਿਨ ਡਾਕਟਰ ਅੰਬੇਡਕਰ ਸਾਹਿਬ ਨੇ ਕਿਹਾ ਭਾਵੇਂ ਕਿ ਇਸ ਸੰਵਿਧਾਨ ਨੂੰ ਦੁਨੀਆ ਦੇ ਛੇ ਪ੍ਰਮੁੱਖ ਦੇਸ਼ਾਂ ਦੇ ਸੰਵਿਧਾਨਾਂ ਦੀਆਂ ਕਮੀਆਂ ਦੂਰ ਕਰਕੇ ਤਿਆਰ ਕੀਤਾ ਗਿਆ ਹੈ ਪਰ ਫਿਰ ਵੀ ਅਗਰ ਸੰਵਿਧਾਨ ਨੂੰ ਲਾਗੂ ਕਰਨ ਵਾਲੇ ਲੋਕ ਚੰਗੇ ਨਾ ਹੋਣ ਤਾਂ ਵਧੀਆ ਸੰਵਿਧਾਨ ਨੂੰ ਵੀ ਚੰਗਾ ਸਾਬਤ ਨਹੀਂ ਹੋਏਗਾ ਦੂਜੇ ਪਾਸੇ ਅਗਰ ਸੰਵਿਧਾਨ ਨੂੰ ਲਾਗੂ ਕਰਨ ਵਾਲੇ ਲੋਕ ਚੰਗੇ ਹੋਣ ਤਾਂ ਮਾੜੇ ਸੰਵਿਧਾਨ ਨੂੰ ਵੀ ਵਧੀਆ ਢੰਗ ਨਾਲ ਲਾਗੂ ਕਰਕੇ ਚੰਗਾ ਬਣਾਇਆ ਜਾ ਸਕਦਾ ਹੈ ? ਨਾਲ ਹੀ ਬਲਦੇਵ ਸਿੰਘ ਪੰਨੂ ਨੇ ਕਿਹਾ ਕਿ ਕਾਂਗਰਸ ਤਾਂ ਆਜ਼ਾਦੀ ਤੋਂ ਪਹਿਲਾਂ ਵੀ ਅਤੇ ਆਜ਼ਾਦੀ ਤੋਂ ਬਾਅਦ ਵੀ ਡਾ. ਅੰਬੇਡਕਰ ਅਤੇ ਸੰਵਿਧਾਨ ਦਾ ਵਿਰੋਧ ਕਰਦੀ ਰਹੀ ਹੈ ਜਿਸ ਕਾਰਨ ਸੰਵਿਧਾਨ ਗਰੀਬ ਲੋਕਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਆਜ਼ਾਦੀ ਪ੍ਰਦਾਨ ਕਰਨ ਵਿੱਚ ਕਾਮਯਾਬ ਨਹੀਂ ਹੋ ਸਕਿਆ ਸਗੋਂ ਕਾਂਗਰਸ ਨੇ 42ਵੀਂ ਸੋਧ ਕਰਕੇ ਸੰਵਿਧਾਨ ਅਤੇ ਨਿਆਪਾਲਿਕਾ ਨੂੰ ਬਹੁਤ ਕਮਜ਼ੋਰ ਕਰ ਦਿੱਤਾ ਸੀ ਜਿਸ ਦੇ ਸਿੱਟੇ ਵਜੋਂ ਅੱਜ ਭਾਰਤੀ ਜਨਤਾ ਪਾਰਟੀ ਸਾਰੀਆਂ ਸੰਵਿਧਾਨਕ ਸੰਸਥਾਵਾਂ ਜਿਵੇਂ ਈ.ਡੀ, ਸੀ. ਬੀ. ਆਈ. ਇਲੈਕਸ਼ਨ ਕਮਿਸ਼ਨ ਇੱਥੋਂ ਤੱਕ ਕਿ ਨਿਆਏ ਪਾਲਿਕਾ ਵੀ ਇਲੈਕਸ਼ਨ ਕਮਿਸ਼ਨ ਦੁਆਰਾ ਨਾਗਰਿਕਾਂ ਦੇ ਵੋਟ ਦੇ ਅਧਿਕਾਰ ਦੇ ਖਿਲਾਫ ਉਜਾਗਰ ਹੋਈਆਂ ਗੈਰ ਲੋਕਤੰਤਰੀ ਕਾਰਵਾਈਆਂ ਦੇ ਖਿਲਾਫ ਕੋਈ ਠੋਸ ਕਾਰਵਾਈ ਕਰਨ ਦੀ ਬਜਾਏ ਟਿੱਪਣੀਆਂ ਨਾਲ ਹੀ ਟਾਈਮ ਪਾਸ ਕਰ ਰਹੀ ਹੈ।ਅੰਤ ਵਿੱਚ ਬਲਦੇਵ ਸਿੰਘ ਪੰਨੂ ਨੇ ਬਹੁਜਨ ਸਮਾਜ ਅਤੇ ਸਾਰੇ ਗਰੀਬ ਵਰਗਾਂ ਨੂੰ ਬਾਬਾ ਸਾਹਿਬ ਦੇ ਅੰਤਿਮ ਸੰਦੇਸ਼ ਅਤੇ ਅਪੀਲ ਨੂੰ ਯਾਦ ਕਰਦਿਆਂ ਕਿ ਇਸ ਨਾਬਰਾਬਰੀ ਦੇ ਖਿਲਾਫ ਇਸ ਸੰਘਰਸ਼ ਨੂੰ ਜੇ ਮੇਰਾ ਸਮਾਜ ਹੋਰ ਅੱਗੇ ਨਹੀਂ ਲੈ ਕੇ ਨਹੀਂ ਜਾ ਸਕਦਾ ਤਾਂ ਕਮ-ਸ-ਕਮ ਇਸ ਸੰਘਰਸ਼ ਨੂੰ ਇਸ ਤੋਂ ਪਿੱਛੇ ਨਾ ਜਾਣ ਦੇਵੇ।ਇਸ ਮੌਕੇ ਗੁਰਚਰਨ ਸਿੰਘ ਬੱਬੀ ਮੁਰਾਦਪੁਰ, ਜਸਵੰਤ ਸਿੰਘ ਗਿੱਲ, ਅਮਰ ਸਿੰਘ, ਦਿਲਬਾਗ ਸਿੰਘ, ਕੁਲਵੰਤ ਸਿੰਘ ਅਕਾਊਂਟੈਂਟ, ਅਵਤਾਰ ਸਿੰਘ ਸੈਕਟਰੀ, ਕੁਲਦੀਪ ਭਾਰਤੀ ਅਜੀਤ ਕੁਮਾਰ, ਗੁਰਮੀਤ ਸਿੰਘ ਮੈਂਬਰ ਪੰਚਾਇਤ ਮੁਗਲ ਚੱਕ, ਕਸ਼ਮੀਰ ਸਿੰਘ ਪੰਡੋਰੀ, ਕੁਲਵਿੰਦਰ ਸਿੰਘ ਵਾਲੀਆ ਠੇਕੇਦਾਰ, ਵਰਿੰਦਰ ਸਿੰਘ ਧਾਮੀ ਭੀਮ ਯੂਥ ਫੈਡਰੇਸ਼ਨ ਦੇ ਪ੍ਰਧਾਨ ਜਸਪਾਲ ਸਿੰਘ ਖਾਲੜਾ ਅਤੇ ਮੀਤ ਪ੍ਰਧਾਨ ਰਾਜਵਿੰਦਰ ਸਿੰਘ ਅਤੇ ਹੋਰ ਬਹੁਤ ਸਾਰੇ ਬਾਬਾ ਸਾਹਿਬ ਅੰਬੇਡਕਰ ਦੇ ਅਨੁਆਈ ਹਾਜ਼ਰ ਸਨ।

# ਨਵਾਬ ਅਹਿਮਦ ਆਲਮ ਖਾਨ ਦਾ ਅੰਮ੍ਰਿਤਸਰ 'ਚ ਗਰਮਜੋਸ਼ੀ ਨਾਲ ਸਵਾਗਤ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-** ਪੰਜਾਬ ਦਾ ਅੰਮ੍ਰਿਤਸਰ ਸ਼ਹਿਰ ਅਜੇ ਵੀ ਬਹੁਤ ਸਾਰੀਆਂ ਪ੍ਰਸਿੱਧ ਸ਼ਖਸੀਅਤਾਂ ਦਾ ਘਰ ਹੈ ਜਿਨ੍ਹਾਂ ਦੀ ਮੌਜੂਦਗੀ ਅਕਸਰ ਅਣਦੇਖੀ ਕੀਤੀ ਜਾਂਦੀ ਹੈ।ਮੁਸਲਿਮ ਵਿਦਿਅਕ, ਸਮਾਜਿਕ ਅਤੇ ਸੱਭਿਆਚਾਰਕ ਸੰਗਠਨਾਂ ਦੇ ਪ੍ਰਧਾਨ ਹੈਦਰਾਬਾਦ ਦੇ ਮਾਣਯੋਗ ਨਵਾਬ ਅਹਿਮਦ ਆਲਮ ਖਾਨ ਨੇ ਉਨ੍ਹਾਂ ਦੇ ਆਉਣ ਦੀ ਸ਼ੋਭਾ



ਵਧਾਈ।ਉਹ ਆਪਣੇ ਪੁੱਤਰ ਬਰਕਤ ਆਲਮ ਖਾਨ ਨਾਲ ਪਹੁੰਚੇ, ਜੋ ਕਿ ਆਲ ਇੰਡੀਆ ਮਜਲਿਸ-ਏ-ਇਤੇਹਾਦੁਲ ਮੁਸਲਿਮੀਨ ਦੇ ਪ੍ਰਧਾਨ ਮਾਨਯੋਗ ਅਸਦੁਦੀਨ ਓਵੈਸੀ ਦੇ ਸਤਿਕਾਰਯੋਗ ਜਵਾਈ ਹਨ।ਇਹ ਵਿਸ਼ੇਸ਼ ਮਹਿਮਾਨ ਪੰਜਾਬ ਦੀ ਆਪਣੀ ਨਿਰਧਾਰਤ ਯਾਤਰਾ ਦੌਰਾਨ ਆਚਾਰੀਆ ਗੁਰਮੀਤ ਨੂੰ ਮਿਲਣ ਆਏ।ਉਹ ਸਵੇਰੇ 9:30 ਵਜੇ ਦੇ ਕਰੀਬ ਅੰਮ੍ਰਿਤਸਰ ਪਹੁੰਚੇ ਅਤੇ ਆਚਾਰੀਆ ਗੁਰਮੀਤ ਨੇ ਖੁਦ ਉਨ੍ਹਾਂ ਦਾ ਸਵਾਗਤ ਕੀਤਾ, ਜੋ ਉਨ੍ਹਾਂ ਦਾ ਸਵਾਗਤ ਕਰਨ ਲਈ ਹਵਾਈ ਅੱਡੇ 'ਤੇ ਆਏ ਸਨ।ਉਥੋਂ ਵਫ਼ਦ ਨੂੰ ਸਿੱਧਾ ਆਚਾਰੀਆ ਗੁਰਮੀਤ ਦੇ ਨਿਵਾਸ 'ਤੇ ਲਿਜਾਇਆ ਗਿਆ।ਨਿਵਾਸ ਸਥਾਨ 'ਤੇ ਸੁਰਿਆਵੰਸ਼ੀ ਈਸ਼ਵਰੀ ਅਤੇ ਅਰਜੁਨ ਸਿੰਘ ਨੇ ਨਵਾਬ ਅਹਿਮਦ ਆਲਮ ਖਾਨ ਅਤੇ ਬਰਕਤ ਆਲਮ ਖਾਨ ਦਾ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਨਿੱਘਾ ਅਤੇ ਰਵਾਇਤੀ ਸਵਾਗ ਤ ਕੀਤਾ, ਜਿਸ ਨਾਲ ਉਨ੍ਹਾਂ ਦੀ ਫੇਰੀ ਦੀ ਸ਼ੁਰੂਆਤ ਸਤਿਕਾਰ ਅਤੇ ਮਹਿਮਾਨਨਿਵਾਜ਼ੀ ਨਾਲ ਹੋਈ।ਇਹ ਖਾਸ ਤੌਰ 'ਤੇ ਧਿਆਨ ਦੇਣ ਯੋਗ ਹੈ ਕਿ ਆਚਾਰੀਆ ਗੁਰਮੀਤ ਇੱਕ ਵਿਸ਼ਵ-ਪ੍ਰਸਿੱਧ ਜੋਤਿਸ਼ ਆਚਾਰੀਆ ਵੀ ਹਨ, ਜਿਨ੍ਹਾਂ ਨੂੰ ਦੁਨੀਆ ਭਰ ਦੇ ਕਈ ਦੇਸ਼ਾਂ ਵਿੱਚ ਆਪਣੀ ਮੁਹਾਰਤ ਲਈ ਮਾਨਤਾ ਪ੍ਰਾਪਤ ਹੈ।ਹਾਲ ਹੀ ਵਿੱਚ ਅੰਤਰਰਾਸ਼ਟਰੀ ਪੱਧਰ ਤੇ ਪ੍ਰਸਿੱਧ ਅਮਰੀਕੀ ਗਾਇਕਾ ਮਾਰੀਆ ਕੈਰੀ ਨੇ ਨਿਊਯਾਰਕ ਤੋਂ ਉਨ੍ਹਾਂ ਨਾਲ ਇੱਕ ਨਿੱਜੀ ਮੁਲਾਕਾਤ ਅਤੇ ਸਲਾਹ-ਮਸ਼ਵਰੇ ਦਾ ਸਮਾਂ ਤਹਿ ਕਰਨ ਲਈ ਸੰਪਰਕ ਕੀਤਾ, ਜੋ ਉਨ੍ਹਾਂ ਦੀ ਜੋਤਿਸ਼ ਪ੍ਰਤੀ ਸਮਝ ਲਈ ਵਿਸ਼ਵਵਿਆਪੀ ਸਤਿਕਾਰ ਨੂੰ ਦਰਸਾਉਂਦਾ ਹੈ।ਵਿਸ਼ੇਸ਼ ਮਹਿਮਾਨਾਂ ਅਤੇ ਆਚਾਰੀਆ ਗੁਰਮੀਤ ਵਿਚਕਾਰ ਇਸ ਸੁਹਿਰਦ ਮੁਲਾਕਾਤ ਨੇ ਸਵੇਰ ਨੂੰ ਇੱਕ ਯਾਦਗਾਰੀ ਵਿੱਚ ਬਦਲ ਦਿੱਤਾ।ਉਨ੍ਹਾਂ ਦੇ ਆਉਣ ਨਾਲ ਸ਼ਹਿਰ ਦੇ ਮਾਹੌਲ ਵਿੱਚ ਇੱਕ ਕੋਮਲ ਗੌਰਵ ਵਧ ਗਿਆ ਅਤੇ ਇਹ ਪਲ ਅੰਮ੍ਰਿਤਸਰ ਲਈ ਇੱਕ ਮਾਣ ਵਾਲੀ ਯਾਦ ਬਣਿਆ ਰਹੇਗਾ।

9-Dec-PAGE-4-25.qxd 12/8/2025 9:23 PM Page 1

ਨਵਾਂ ਜ਼ਮਾਨਾ
ਮੰਗਲਵਾਰ, 9 ਦਸੰਬਰ 2025

# ਲਿਹਾਜ਼ਦਾਰੀ

ਰੋਜ਼ਾਨਾ ਸੈਂਕੜੇ ਉਡਾਨਾਂ ਰੱਦ ਕਰਕੇ ਲੋਕਾਂ ਨੂੰ ਖੱਜਲ-ਖੁਆਰ ਕਰਨ ਵਾਲੀ ਦੇਸ਼ ਦੇ ਕਰੀਬ ਦੋ-ਤਿਹਾਈ ਰੂਟਾਂ 'ਤੇ ਕਬਜ਼ਾ ਕਰੀ ਬੈਠੀ ਏਅਰਲਾਈਨ ਇੰਡੀਗੋ ਖਿਲਾਫ ਕੇਂਦਰੀ ਹਵਾਬਾਜ਼ੀ ਮੰਤਰਾਲੇ ਵੱਲੋਂ ਸਖਤ ਕਾਰਵਾਈ ਨਾ ਕਰਨਾ ਦਰਸਾਉਂਦਾ ਹੈ ਕਿ ਉਹ ਉਸ ਨਾਲ ਲਿਹਾਜ਼ ਪਾਲ ਰਿਹਾ ਹੈ। ਇਸ ਇੰਕਸ਼ਾਫ ਨੇ ਇਸ ਦੋਸ਼ ਨੂੰ ਬਲ ਬਖਸ਼ਿਆ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ 2023 ਵਿੱਚ ਇੰਡੀਗੋ ਨੂੰ ਚਲਾਉਣ ਵਾਲੇ ਇੰਟਰਗਲੋਬ ਗਰੁੱਪ ਨੇ 36 ਕਰੋੜ ਰੁਪਏ ਦੇ ਚੋਣ ਬਾਂਡ ਖਰੀਦੇ ਸਨ, ਜੋ ਕਿ ਕਿਸੇ ਏਅਰਲਾਈਨ ਵੱਲੋਂ ਸਿਆਸੀ ਚੰਦੇ ਦੀ ਸਭ ਤੋਂ ਵੱਡੀ ਖਰੀਦਦਾਰੀ ਸੀ। ਇਹ ਤਾਂ ਪਹਿਲਾਂ ਹੀ ਸਾਫ ਹੋ ਚੁੱਕਾ ਹੈ ਕਿ ਚੋਣ ਬਾਂਡਾਂ ਦੀ ਸਭ ਤੋਂ ਵੱਧ ਰਕਮ ਭਾਜਪਾ ਦੇ ਖਾਤੇ ਵਿੱਚ ਗਈ ਸੀ। ਚੋਣ ਕਮਿਸ਼ਨ ਦੀ 2024 ਦੀ ਸੂਚੀ ਮੁਤਾਬਕ ਇੰਟਰਗਲੋਬ ਦੀਆਂ ਤਿੰਨ ਸੰਸਥਾਵਾਂ ਇੰਟਰਗਲੋਬ ਐਵੀਏਸ਼ਨ, ਇੰਟਰਗਲੋਬ ਏਅਰ ਟਰਾਂਸਪੋਰਟ ਤੇ ਇੰਟਰਗਲੋਬ ਰੀਅਲ ਅਸਟੇਟ ਵੈਂਚਰ ਨੇ ਇੱਕ ਕਰੋੜ ਰੁਪਏ ਪ੍ਰਤੀ ਬਾਂਡ ਦੇ 36 ਬਾਂਡ ਖਰੀਦੇ, ਜਿਨ੍ਹਾਂ ਵਿੱਚੋਂ 31 ਬਾਂਡ ਮਈ 2019 ਵਿੱਚ ਖਰੀਦੇ ਸਨ, ਜਦਕਿ ਬਾਕੀ ਅਕਤੂਬਰ 2023 ਵਿੱਚ। ਇਸ ਦੇ ਇਲਾਵਾ ਇੰਟਰਗਲੋਬ ਦੇ ਪ੍ਰਮੋਟਰ ਰਾਹੁਲ ਭਾਟੀਆ ਨੇ ਅਪ੍ਰੈਲ 2021 ਵਿੱਚ ਆਪਣੀ ਨਿੱਜੀ ਸਮਰੱਥਾ ਨਾਲ 20 ਕਰੋੜ ਦੇ 29 ਬਾਂਡਾਂ ਦਾ ਇੱਕ ਹੋਰ ਸੈੱਟ ਖਰੀਦਿਆ ਸੀ। ਦਿਲਚਸਪ ਗੱਲ ਹੈ ਕਿ ਭਾਟੀਆ ਨੇ ਸਾਰੇ ਬਾਂਡ ਉਦੋਂ ਖਰੀਦੇ, ਜਦੋਂ ਹਵਾਬਾਜ਼ੀ ਖੇਤਰ ਕੋਵਿਡ-19 ਨਾਲ ਬੁਰੀ ਤਰ੍ਹਾਂ ਪ੍ਰਭਾਵਤ ਸੀ। ਚੋਣ ਬਾਂਡ ਖਰੀਦਣ ਵਾਲੀ ਦੂਜੀ ਏਅਰਲਾਈਨ ਸਪਾਈਸਜੈੱਟ ਸੀ, ਜਿਸ ਨੇ 2021 ਦੀ ਜਨਵਰੀ ਤੇ ਜੁਲਾਈ ਵਿਚਾਲੇ 65 ਲੱਖ ਰੁਪਏ ਦੇ 20 ਬਾਂਡ ਖਰੀਦੇ ਸਨ।

ਇੰਡੀਗੋ ਦੀ ਹਵਾਬਾਜ਼ੀ ਬਾਜ਼ਾਰ ਵਿੱਚ ਹਿੱਸੇਦਾਰੀ 63 ਫੀਸਦੀ ਹੈ ਜਦਕਿ ਏਅਰ ਇੰਡੀਆ 13.6 ਫੀਸਦੀ ਨਾਲ ਦੂਜੇ ਨੰਬਰ 'ਤੇ ਹੈ। ਇੰਡੀਗੋ ਨੇ ਕੋਵਿਡ-19 ਮਹਾਂਮਾਰੀ ਦੇ ਬਾਅਦ ਦੇ ਸਾਲਾਂ ਵਿੱਚ ਇਸ ਖੇਤਰ ਵਿੱਚ ਇਜਾਰੇਦਾਰੀ ਕਾਇਮ ਕੀਤੀ। ਇਸ ਵਿੱਚ ਸਰਕਾਰ ਨੇ ਉਸ ਦਾ ਪੂਰਾ ਸਾਥ ਦਿੱਤਾ। ਇਸ ਇਜਾਰੇਦਾਰੀ ਦਾ ਨਤੀਜਾ ਇਹ ਨਿਕਲਿਆ ਕਿ ਪਾਇਲਟਾਂ ਦੀਆਂ ਕੰਮ ਹਾਲਤਾਂ ਸੁਧਾਰਨ ਲਈ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਉਸ ਨੇ ਪ੍ਰਵਾਹ ਨਹੀਂ ਕੀਤੀ। ਜਨਵਰੀ 2024 ਵਿੱਚ ਡੀ ਜੀ ਸੀ ਏ (ਡਾਇਰੈਕਟੋਰੇਟ ਜਨਰਲ ਆਫ ਸਿਵਲ ਐਵੀਏਸ਼ਨ) ਨੇ ਨਵੀਂ ਉਡਾਨ ਡਿਊਟੀ ਸਮਾਂ-ਸੀਮਾ (ਐੱਫ ਡੀ ਟੀ ਐੱਲ) ਜਾਰੀ ਕੀਤੀ ਸੀ। ਇੰਡੀਗੋ ਨੇ ਇਸ ਨੂੰ ਲਾਗੂ ਨਹੀਂ ਕੀਤਾ। ਉਸ ਨੇ ਇਸ ਨੂੰ ਜੁਲਾਈ 2025 ਵਿੱਚ ਅੰਸ਼ਕ ਤੌਰ 'ਤੇ ਲਾਗੂ ਕੀਤਾ। ਡੀ ਜੀ ਸੀ ਏ ਨੇ ਉਸ ਤੋਂ ਨਵੇਂ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਾਉਣ ਲਈ ਸਖਤੀ ਨਹੀਂ ਕੀਤੀ। ਜਾਪਦਾ ਹੈ ਕਿ ਡੀ ਜੀ ਸੀ ਏ ਏਅਰਲਾਈਨ ਵੱਲੋਂ ਭਾਜਪਾ ਨੂੰ ਦਿੱਤੇ ਚੋਣ ਚੰਦੇ ਕਾਰਨ ਬੇਬੱਸ ਸੀ।

ਮੋਦੀ ਸਰਕਾਰ ਸ਼ੁਰੂ ਤੋਂ ਹੀ ਉਸ ਨੂੰ ਫਾਇਦਾ ਪਹੁੰਚਾਉਣ ਵਾਲੇ ਕਾਰਪੋਰੇਟ ਸਹਿਯੋਗੀਆਂ ਦੇ ਇੱਕ ਛੋਟੇ ਜਿਹੇ ਗਰੁੱਪ ਨੂੰ ਖੁਸ਼ ਕਰਨ ਵਿੱਚ ਲੱਗੀ ਹੋਈ ਹੈ। ਇੰਡੀਗੋ ਦੀ ਇਜਾਰੇਦਾਰੀ ਤਾਂ ਇਸ ਨੇ ਕਾਇਮ ਕਰਵਾਈ ਹੈ, ਹਵਾਈ ਖੇਤਰ ਦੀਆਂ ਰਣਨੀਤਕ ਤੌਰ 'ਤੇ ਅਹਿਮ ਸੰਪਤੀਆਂ 'ਤੇ ਵੀ ਇੱਕ ਹੀ ਕਾਰਪੋਰੇਟ ਦਾ ਕਬਜ਼ਾ ਕਰਵਾ ਦਿੱਤਾ ਹੈ। ਕਈ ਹਵਾਈ ਅੱਡੇ, ਜਿਹੜੇ ਪਹਿਲਾਂ ਸਰਕਾਰ ਜਾਂ ਕਈ ਦੂਜੇ ਗਰੁੱਪ ਚਲਾਉਂਦੇ ਸਨ, ਮੋਦੀ ਦੇ ਪਿਆਰੇ ਦੋਸਤ ਅਡਾਨੀ ਗਰੁੱਪ ਹਵਾਲੇ ਕਰ ਦਿੱਤੇ ਗਏ ਹਨ। ਭਾਰਤ ਨੇ ਉਦਾਰੀਕਰਨ ਤੇ ਖੁੱਲ੍ਹੀ ਅਰਥਵਿਵਸਥਾ ਦੀ ਨੀਤੀ ਅਪਣਾਈ ਹੋਈ ਹੈ। ਇਹ ਨੀਤੀ ਵੀ ਮੁਕਾਬਲੇ 'ਤੇ ਅਧਾਰਤ ਹੁੰਦੀ ਹੈ ਪਰ ਮੋਦੀ ਸਰਕਾਰ ਨੇ ਇੱਥੇ ਵੀ ਆਪਣੇ ਸਹਿਯੋਗੀ ਕਾਰਪੋਰੇਟਾਂ ਨਾਲ ਲਿਹਾਜ਼ਦਾਰੀ ਵਰਤੀ ਹੈ, ਜਿਸ ਦਾ ਨਤੀਜਾ ਇਸ ਵੇਲੇ ਹਵਾਈ ਮੁਸਾਫਰ ਭੁਗਤ ਰਹੇ ਹਨ।

**-ਚੰਦ ਫਤਿਹਪੁਰੀ**

## ਜਦੋਂ ਦੀ 'ਏ ਆਈ' ਆਈ

ਪਹਿਲੀਆਂ ਵਿਰਾਸਤੀ ਕਲਾਵਾਂ ਲੋਕ ਛੱਡੀ ਜਾਂਦੇ,
ਸਾਰਿਆਂ ਨੇ 'ਰਾਗਣੀ' ਨਵੀਨਤਾ ਦੀ ਗਾਈ ਏ।
ਚੌਵੀ ਘੰਟੇ ਲੋਕੀਂ ਹੁਣ ਆਨਲਾਈਨ ਬੈਠੇ ਰਹਿੰਦੇ,
ਫਾਹੀ ਵਾਂਗ ਗਲ਼ੇ ਪਈ ਜਦੋਂ ਵੀ ਵਾਈ-ਫਾਈ ਏ।
ਕੀ ਪਤਾ ਕਿ 'ਚੰਗੇ ਭਲੇ' ਬੰਦੇ ਦੀ 'ਬਣਾ ਕੇ' ਰੀਲ੍ਹ,
ਉਹਦੇ ਸਾਫ ਕਿਰਦਾਰ 'ਤੇ ਫੇਰਨੀ ਸਿਆਹੀ ਏ।
ਪਹਿਲਾਂ ਵਾਂਗ ਰਿਹਾ ਨਾ 'ਭਰੋਸਾ' ਏਸ ਮੰਚ 'ਤੇ,
'ਮੀਡੀਆ ਸੋਸ਼ਲ' ਹੁਣ ਬਣਿਆ 'ਭਕਾਈ' ਏ।
'ਪੁੱਟੀ ਜਾਂਦੀ ਮਿੱਟੀ' ਚੌਹਾਂ ਕੂੰਟਾਂ ਵਿੱਚ ਉਦੋਂ ਤੱਕ,
ਜਦੋਂ ਬੰਦਾ 'ਬੇਕਸੂਰਾ' ਦਿੰਦਾ ਕੋਈ 'ਸਫ਼ਾਈ' ਏ।
ਅਸਲੀ ਕਿ ਨਕਲੀ ਹੈ ਰਹੀ ਨਾ 'ਪਛਾਣ' ਕੋਈ,
ਜਦੋਂ ਦੀ 'ਏ-ਆਈ' ਤਕਨੀਕ ਹੱਥ ਆਈ ਏ।

**-ਤਰਲੋਚਨ ਸਿੰਘ ਦੁਪਾਲਪੁਰ, 001-408-905-5517**

# ਭਾਰਤ 'ਚ ਵਧ ਰਹੀ ਧਾਰਮਿਕ ਅਸਹਿਣਸ਼ੀਲਤਾ ਚਿੰਤਾ ਦਾ ਵਿਸ਼ਾ



ਸੁਖਜੀਤ ਸਿੰਘ ਚਹਿਲ

ਭਾਰਤ, ਜਿਸ ਨੂੰ ਸਦੀਆਂ ਤੋਂ ਸਹਿਣਸ਼ੀਲਤਾ ਅਤੇ ਅਨੇਕਤਾ ਵਿੱਚ ਏਕਤਾ ਦੀ ਪਛਾਣ ਮਿਲੀ ਹੈ, ਅੱਜ ਇੱਕ ਗੰਭੀਰ ਸਮਾਜਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਧਰਮ, ਜੋ ਮਨੁੱਖਤਾ, ਪਿਆਰ ਅਤੇ ਨੈਤਿਕਤਾ ਨੂੰ ਮਜ਼ਬੂਤ ਬਣਾਉਣ ਦਾ ਸਾਧਨ ਮੰਨਿਆ ਜਾਂਦਾ ਹੈ, ਉਹੀ ਧਰਮ ਕਈ ਵਾਰ ਟਕਰਾਅ, ਤਣਾਅ ਅਤੇ ਹਿੰਸਾ ਦਾ ਕਾਰਨ ਬਣਦਾ ਨਜ਼ਰ ਆ ਰਿਹਾ ਹੈ। ਪਿਛਲੇ ਦਸ-ਪੰਦਰਾਂ ਸਾਲਾਂ ਦੌਰਾਨ ਭਾਰਤ ਵਿੱਚ ਧਾਰਮਿਕ ਅਸਹਿਣਸ਼ੀਲਤਾ ਵਿੱਚ ਨਿਰੰਤਰ ਵਾਧਾ ਦੇਖਣ ਨੂੰ ਮਿਲਿਆ ਹੈ, ਜਿਸ ਨੇ ਸਮਾਜਿਕ ਤਾਣੇ-ਬਾਣੇ ਨੂੰ ਕਈ ਥਾਵਾਂ 'ਤੇ ਖਰਾਬ ਕੀਤਾ ਹੈ। ਗਲਤ ਜਾਣਕਾਰੀ, ਰਾਜਨੀਤਕ ਲਾਭ, ਸਿਆਸੀ ਧਰੁਵੀਕਰਨ, ਜਾਤੀਵਾਦ, ਵੱਖ-ਵੱਖ ਸੰਗਠਨਾਂ ਦੀ ਉਕਸਾਉਣ ਵਾਲੀ ਭਾਸ਼ਾ ਅਤੇ ਸੋਸ਼ਲ ਮੀਡੀਆ ਦੀ ਬੇਰੋਕ ਟਰੋਲਿੰਗ ਨੇ ਇਸ ਮਾਹੌਲ ਨੂੰ ਹੋਰ ਪੇਚੀਦਾ ਬਣਾਇਆ ਹੈ।

ਭਾਵੇਂ ਭਾਰਤ ਸਿੱਖਿਆ, ਤਕਨਾਲੋਜੀ, ਬੁਨਿਆਦੀ ਢਾਂਚੇ ਅਤੇ ਆਰਥਿਕਤਾ ਵਿੱਚ ਅੱਗੇ ਵਧ ਰਿਹਾ ਹੈ, ਪਰ ਸਿਆਸੀ ਅਤੇ ਧਾਰਮਿਕ ਤਣਾਅ ਦੀਆਂ ਵਧਦੀਆਂ ਘਟਨਾਵਾਂ ਇਸ ਤਰੱਕੀ ਨੂੰ ਖਤਰੇ ਵਿੱਚ ਪਾ ਰਹੀਆਂ ਹਨ । ਛੋਟੇ ਟਕਰਾਵਾਂ ਤੋਂ ਲੈ ਕੇ ਵੱਡੇ ਦੰਗਿਆਂ ਤੱਕ ਅੰਕੜੇ ਇੱਕ ਖੌਫਨਾਕ ਹਕੀਕਤ ਦਰਸਾਉਂਦੇ ਹਨ ਕਿ ਸਮਾਜ ਬੇਸ਼ੱਕ ਵਿਗਿਆਨਕ ਅਤੇ ਤਕਨੀਕੀ ਤੌਰ 'ਤੇ ਤਰੱਕੀ ਕਰ ਰਿਹਾ ਹੈ, ਪਰ ਮਨੁੱਖੀ ਮੁੱਲਾਂ ਅਤੇ ਸਹਿਣਸ਼ੀਲਤਾ ਵਿੱਚ ਕਮੀ ਆ ਰਹੀ ਹੈ।ਇੱਥੇ ਅਸੀਂ 2015 ਤੋਂ 2025 ਤੱਕ ਵਾਪਰੀਆਂ ਮਹੱਤਵਪੂਰਨ ਘਟਨਾਵਾਂ, ਸਮਾਜ 'ਤੇ ਉਨ੍ਹਾਂ ਦੇ ਪ੍ਰਭਾਵ, ਮੁੱਖ ਕਾਰਨ ਅਤੇ ਅਗਲਾ ਰਾਹ ਦੇਖਾਂਗੇ। 2015-2017 ਦੇ ਸਮੇਂ ਦੀ ਗੱਲ ਕਰੀਏ ਤਾਂ ਛੋਟੇ ਟਕਰਾਅ ਤੋਂ ਵੱਡੀ ਹਿੰਸਾ ਤੱਕ ਦੇਖਣ ਨੂੰ ਮਿਲੀ ਹੈ।ਇਹ ਤਿੰਨ ਸਾਲ ਭਾਰਤ ਦੇ ਕਈ ਇਲਾਕਿਆਂ ਵਿੱਚ ਧਾਰਮਿਕ ਤਣਾਅ ਦੇ ਵਧਣ ਦਾ ਸਮਾਂ ਸਾਬਤ ਹੋਏ ਹਨ।

**ਬਲਾਲਭਗੜ੍ਹ, ਹਰਿਆਣਾ** (2015): ਮਸਜਿਦ ਲਈ ਜ਼ਮੀਨ ਨਾਲ ਸੰਬੰਧਤ ਵਿਵਾਦ ਨੇ ਹਿੰਦੂ-ਮੁਸਲਿਮ ਤਣਾਅ ਨੂੰ ਹਿੰਸਾ ਵਿੱਚ ਬਦਲ ਦਿੱਤਾ। ਇਹ ਸਿਰਫ ਜ਼ਮੀਨ ਦਾ ਝਗੜਾ ਨਹੀਂ ਸੀ, ਇਹ ਉਸ ਤਣਾਅ ਦਾ ਨਤੀਜਾ ਸੀ, ਜੋ ਸਾਲਾਂ ਤੋਂ ਹੌਲੀ-ਹੌਲੀ ਪੈਦਾ ਹੋ ਰਿਹਾ ਸੀ । ਇਸ ਘਟਨਾ ਵਿੱਚ ਲੱਗਭੱਗ 400 ਮੁਸਲਿਮ ਪਰਵਾਰਾਂ ਨੂੰ ਘਰ ਛੱਡਣਾ ਪਿਆ, ਜੋ ਮਨੁੱਖੀ ਪੀੜਾ ਦੀ ਗੰਭੀਰਤਾ ਨੂੰ ਦਰਸਾਉਂਦਾ ਹੈ।

**ਗੁਜਰਾਤ ਜ਼ਿਲ੍ਹਾ (ਜਨਵਰੀ** 2015): ਜ਼ਮੀਨੀ ਵਿਵਾਦ ਨੇ ਤਿੰਨ ਜਾਨਾਂ ਖੋਹ ਲਈਆਂ ਅਤੇ ਕਈ ਘਰ ਤਬਾਹ ਹੋਏ । ਅਜਿਹੀਆਂ ਲਪੇਟਾਂ ਨੇ ਦੱਸਿਆ ਕਿ ਸਥਾਨਕ ਟਕਰਾਵ ਕਿਵੇਂ ਤੁਰੰਤ ਧਾਰਮਿਕ ਰੰਗ ਪਾ ਲੈਂਦੇ ਹਨ।

**ਧੁਲਾਗੜ੍ਹ, ਪੱਛਮੀ ਬੰਗਾਲ** (2016) : ਰਮਜ਼ਾਨ ਦੌਰਾਨ ਛੋਟੇ ਤਣਾਅ ਨੇ ਵੱਡੇ ਹੰਗਾਮੇ ਦਾ ਰੂਪ ਧਾਰ ਲਿਆ। ਘਰ, ਦੁਕਾਨਾਂ ਅਤੇ ਧਾਰਮਿਕ ਸਥਾਨ ਨੁਕਸਾਨ ਦਾ ਨਿਸ਼ਾਨ ਬਣੇ। ਇਹ ਘਟਨਾ ਸਮਾਜਿਕ ਤਣਾਅ ਦੀ ਨਾਜ਼ੁਕਤਾ ਨੂੰ ਸਾਹਮਣੇ ਲੈ ਆਈ।

**ਪਟਨ, ਗੁਜਰਾਤ** (2017): ਸਕੂਲ ਦੇ ਵਿਦਿਆਰਥੀਆਂ ਦੇ ਛੋਟੇ ਝਗੜੇ ਨੇ 2 ਮੌਤਾਂ ਅਤੇ 50 ਤੋਂ ਵੱਧ ਮੁਸਲਿਮ ਘਰਾਂ ਦੀ ਤਬਾਹੀ ਦਾ ਕਾਰਨ ਬਣ ਕੇ ਇਹ ਦੱਸਿਆ ਕਿ ਸਿਆਸੀ ਅਤੇ ਧਾਰਮਿਕ ਤਣਾਅ ਕਿੰਨਾ ਤੇਜ਼ੀ ਨਾਲ ਭਖ ਸਕਦਾ ਹੈ।2018-2020 ਦੇ ਦੌਰਾਨ ਸ਼ਹਿਰੀ ਹਿੰਸਾ ਅਤੇ ਵੱਡੇ ਦੰਗੇ ਵਾਪਰ ਗਏ ।ਇਨ੍ਹਾਂ ਸਾਲਾਂ ਵਿੱਚ ਵਾਪਰੀਆਂ ਘਟਨਾਵਾਂ ਨੇ ਰਾਸ਼ਟਰੀ ਪੱਧਰ 'ਤੇ ਚਰਚਾ ਨੂੰ ਜਨਮ ਦਿੱਤਾ।

**ਭੀਮਾ ਕੋਰੇਗਾਓਂ, ਪੂਨੇ** (1 **ਜਨਵਰੀ** 2018): ਇੱਕ ਇਤਿਹਾਸਕ ਸਮਾਰੋਹ ਦੌਰਾਨ ਹਿੰਸਾ ਭੜਕ ਉੱਠੀ। 2 ਮੌਤਾਂ ਹੋ ਗਈਆਂ ਤੇ 35 ਜ਼ਖਮੀ ਹੋ ਗਏ।300 ਤੋਂ ਵੱਧ ਗ੍ਰਿਫ਼ਤਾਰੀਆਂ ਹੋਈਆਂ।ਇਸ ਘਟਨਾ ਨੇ ਜਾਤੀ ਅਤੇ ਧਾਰਮਿਕ ਤਣਾਅ ਦੇ ਮਿਲੇ-ਜੁਲੇ ਪ੍ਰਭਾਵਾਂ ਨੂੰ ਸਾਹਮਣੇ ਲਿਆਂਦਾ ।

**ਦਿੱਲੀ ਦੰਗੇ** (**ਫ਼ਰਵਰੀ** 2020) **ਵਿੱਚ ਵਾਪਰੇ**: ਇਹ ਭਾਰਤ ਦੇ ਆਧੁਨਿਕ ਇਤਿਹਾਸ ਦੇ ਸਭ ਤੋਂ ਖੌਫਨਾਕ ਦੰਗੇ ਸਾਬਤ ਹੋਏ।53 ਲੋਕ ਮਾਰੇ ਗਏ ਅਤੇ 200 ਤੋਂ ਵੱਧ ਜ਼ਖਮੀ, ਹਜ਼ਾਰਾਂ ਲੋਕ ਬੇਘਰ ਹੋ ਗਏ।ਮੁੱਖ ਤੌਰ 'ਤੇ ਮੁਸਲਿਮ ਸਮੁਦਾਇ ਸਭ ਤੋਂ ਵੱਧ ਪ੍ਰਭਾਵਿਤ ਹੋਇਆ। ਘਰ, ਦੁਕਾਨਾਂ, ਮਸਜਿਦਾਂ ਅਤੇ ਜਾਇਦਾਦ ਤਬਾਹ ਹੋਈ। ਇਹ ਘਟਨਾ ਸਿਆਸੀ, ਧਾਰਮਿਕ ਅਤੇ ਸਮਾਜਿਕ ਤਣਾਅ ਦੇ ਇਕੱਠੇ ਫਟਣ ਦਾ ਨਤੀਜਾ ਸੀ ।

**2021-2023:** ਉੱਤਰੀ-ਪੂਰਬ ਅਤੇ ਦੱਖਣੀ ਭਾਰਤ ਵਿੱਚ ਘਟਨਾਵਾਂ ਵਧ ਗਈਆਂ।ਤ੍ਰਿਪੁਰਾ, ਅਸਮ ਅਤੇ ਮਨੀਪੁਰ (2021-2023) ਦੀ ਗੱਲ ਹੈ।

ਇਨ੍ਹਾਂ ਰਾਜਾਂ ਵਿੱਚ ਧਾਰਮਿਕ ਸਥਾਨਾਂ 'ਤੇ ਹਮਲੇ, ਸਮੁਦਾਇਕ ਟਕਰਾਅ ਅਤੇ ਦੰਗੇ ਵਾਪਰੇ । ਉੱਤਰੀ-ਪੂਰਬ ਭਾਵੇਂ ਧਾਰਮਿਕ ਤੌਰ 'ਤੇ ਵੱਖਰਾ ਖੇਤਰ ਹੈ, ਪਰ ਟਕਰਾਅ, ਅਸਹਿਣਸ਼ੀਲਤਾ ਦੇ ਵਧ ਰਹੇ ਰਾਸ਼ਟਰੀ ਰੁਝਾਨ ਨੂੰ ਦਰਸਾਉਂਦੇ ਹਨ।

**ਨੂੰਹ/ਮੇਵਾਤ, ਹਰਿਆਣਾ** (2023): ਦੋ ਧਾਰਮਿਕ ਸਮੁਦਾਇਆਂ ਵਿਚਕਾਰ ਵੱਡਾ ਟਕਰਾਅ ਹੋਇਆ । ਬਹੁਤ ਸਾਰੇ ਘਰ ਖਾਲੀ ਕਰਵਾਉਣੇ ਪਏ ਅਤੇ ਪੁਲਸ ਨੂੰ ਸਥਿਤੀ ਕਾਬੂ ਕਰਨ ਲਈ ਵੱਡੀ ਤੈਨਾਤੀ ਕਰਨੀ ਪਈ।

**ਕਰਨਾਟਕ—ਸ਼ਿਵਮੋਗਗਾ** (2022) ਵਿੱਚ ਇੱਕ ਹਿੰਦੂ ਕਾਰਕੁਨ ਦੀ ਹੱਤਿਆ ਤੋਂ ਬਾਅਦ ਹੰਗਾਮਾ ਹੋਇਆ ਅਤੇ ਕਮਿਊਨਲ ਤਣਾਅ ਨੇ ਅਨੇਕ ਪਰਵਾਰਾਂ ਨੂੰ ਪ੍ਰਭਾਵਿਤ ਕੀਤਾ।

ਰਾਮ ਨਵਮੀ ਦੰਗੇ (2022) ਕਈ ਰਾਜਾਂ ਵਿੱਚ ਪ੍ਰੋਸੈਸ਼ਨਾਂ ਦੌਰਾਨ ਟਕਰਾਅ ਵਾਪਰੇ। ਗੁਜਰਾਤ ਵਿੱਚ ਇੱਕ ਮੌਤ ਅਤੇ ਬਹੁਤ ਸਾਰੇ ਜ਼ਖਮੀ ਹੋਏ। 2024-2025 ਵਿੱਚ ਵੀ ਨਫ਼ਰਤ ਅਤੇ ਧਰੁਵੀਕਰਨ ਦੀ ਤੇਜ਼ੀ ਆਈ ।

CSSS ਦੀ 2024 ਰਿਪੋਰਟ ਕੁਝ ਵੱਖਰਾ ਹੀ ਕਹਿੰਦੀ ਹੈ।ਇਸ ਰਿਪੋਰਟ ਅਨੁਸਾਰ ਕੇਵਲ ਇੱਕ ਸਾਲ ਵਿੱਚ ਧਾਰਮਿਕ ਅਤੇ ਜਾਤੀਗਤ ਦੰਗਿਆਂ ਵਿੱਚ 84 ਫੀਸਦੀ ਵਾਧਾ ਦਰਜ ਕੀਤਾ ਗਿਆ।

ਇਸ ਦੌਰਾਨ 13 ਲੋਕ ਮਾਰੇ ਗਏ, 10 ਮੁਸਲਿਮ ਅਤੇ 3 ਹਿੰਦੂ ਸ਼ਾਮਲ ਸਨ।ਮੁੱਖ ਕਾਰਨ ਧਾਰਮਿਕ ਤਿਉਹਾਰ, ਪ੍ਰੋਸੈਸ਼ਨ ਅਤੇ ਰਾਜਨੀਤਕ ਲਾਭ ਲਈ ਤਣਾਅ ਦੀ ਵਰਤੋਂ ਕੀਤੀ ਗਈ।ਕਰਨਾਟਕ ਸਕੂਲ, 2025 ਵਿੱਚ ਗੁੱਸੇ ਦੀ ਲਹਿਰ ਐਨੀ ਵਧ ਗਈ ਕਿ ਬੱਚਿਆਂ ਦੇ ਪੀਣ ਵਾਲੇ ਪਾਣੀ ਵਿੱਚ ਜ਼ਹਿਰ ਮਿਲਾ ਦਿੱਤਾ ਗਿਆ।ਇਹ ਸਭ ਤੋਂ ਡਰਾਉਣੀਆਂ ਘਟਨਾਵਾਂ ਵਿੱਚੋਂ ਇੱਕ ਸੀ। ਕਿਸੇ ਨੇ ਨਫ਼ਰਤ ਦੇ ਕਾਰਨ ਬੱਚਿਆਂ ਦੇ ਪਾਣੀ ਦੇ ਟੈਂਕ ਵਿੱਚ ਕੀਟਨਾਸ਼ਕ ਮਿਲਾ ਦਿੱਤਾ, ਜਿਸ ਨਾਲ 12 ਬੱਚੇ ਬਿਮਾਰ ਅਤੇ 11 ਹਸਪਤਾਲ ਵਿੱਚ ਦਾਖਲ ਹੋਏ, ਇਸ ਲਈ 3 ਦੋਸ਼ੀ ਗ੍ਰਿਫ਼ਤਾਰ ਕੀਤੇ ਗਏ । ਇਹ ਕਹਾਣੀ ਦੱਸਦੀ ਹੈ ਕਿ ਨਫ਼ਰਤ ਕਿਸ ਹੱਦ ਤੱਕ ਮਨੁੱਖਤਾ ਨੂੰ ਢਾਹ ਸਕਦੀ ਹੈ । ਧਾਰਮਿਕ ਹਿੰਸਾ ਦੇ ਮੁੱਖ ਕਾਰਨ ਕਈ ਹਨ।ਭਾਵੇਂ ਹਰ ਘਟਨਾ ਦੇ ਆਪਣੇ ਸਥਾਨਕ ਕਾਰਨ ਹੁੰਦੇ ਹਨ, ਪਰ ਕੁਝ ਸਾਂਝੇ ਰੁਝਾਨ ਸਾਰੇ ਦੇਸ਼ ਵਿੱਚ ਨਜ਼ਰ ਆਉਂਦੇ ਹਨ-ਧਾਰਮਿਕ ਪ੍ਰੋਸੈਸ਼ਨ ਅਤੇ ਤਿਉਹਾਰ ਵੱਡੇ ਕਾਰਨ ਬਣੇ ਹਨ।ਛੋਟੀਆਂ ਘਟਨਾਵਾਂ-ਡਾਂਸ ਨਾਲ ਸੰਗੀਤ ਦਾ ਸ਼ੋਰ, ਰਸਤੇ ਦੀ ਰੁਕਾਵਟ, ਨਾਹਰੇਬਾਜ਼ੀ ਤੁਰੰਤ ਵੱਡੇ ਟਕਰਾਅ ਵਿੱਚ ਬਦਲ ਜਾਂਦੀਆਂ ਹਨ।

ਜ਼ਮੀਨ ਅਤੇ ਜਾਤੀ ਸੰਘਰਸ਼ ਦੂਜਾ ਕਾਰਨ ਹਨ।ਜ਼ਮੀਨ ਦੇ ਵਿਵਾਦ ਅਤੇ ਜਾਤੀ ਆਧਾਰਤ ਦਰਜੇ ਦੀ ਲੜਾਈ ਕਈ ਵਾਰ ਧਾਰਮਿਕ ਰੰਗ ਲੈ ਲੈਂਦੀ ਹੈ।ਸਿਆਸੀ ਲਾਭ ਅਤੇ ਵੋਟ ਬੈਂਕ ਸਿਆਸਤ ਵੀ ਮੁੱਖ ਕਾਰਨ ਹੈ।ਕਈ ਵਾਰ ਟਕਰਾਅ ਨੂੰ ਜਾਣ-ਬੁੱਝ ਕੇ ਭਖਾਇਆ ਜਾਂਦਾ ਹੈ। ਇਹ ਧਾਰਮਿਕ ਤਣਾਅ ਦਾ ਸਭ ਤੋਂ ਖ਼ਤਰਨਾਕ ਪੱਖ ਹੈ।ਸੋਸ਼ਲ ਮੀਡੀਆ ਦੀ ਬੇਰੋਕ ਟੋਕ ਭੂਮਿਕਾ ਵੱਡੀ ਜ਼ਿੰਮੇਵਾਰ ਹੈ।

ਫੇਕ ਖ਼ਬਰਾਂ, ਵੀਡੀਓ, ਟਰੋਲ ਆਰਮੀ ਅਤੇ ਉਕਸਾਉਣ ਵਾਲੀ ਭਾਸ਼ਾ-ਇਹ ਸਭ ਧਾਰਮਿਕ ਤਣਾਅ ਨੂੰ ਕੁਝ ਘੰਟਿਆਂ ਵਿੱਚ ਦੰਗੇ ਦੀ ਸ਼ਕਲ ਦੇ ਸਕਦੀਆਂ ਹਨ।ਇਸ ਦੇ ਸਮਾਜ 'ਤੇ ਬੁਰੇ ਪ੍ਰਭਾਵ ਪੈ ਰਹੇ ਹਨ। ਮਨੁੱਖੀ, ਆਰਥਿਕ ਅਤੇ ਮਾਨਸਿਕ ਨੁਕਸਾਨ ਵੀ ਵਾਪਰ ਰਹੇ ਹਨ।ਜ਼ਿੰਦਗੀਆਂ ਦੀ ਤਬਾਹੀ ਹੋ ਰਹੀ ਹੈ।ਦੰਗਿਆਂ ਵਿੱਚ ਮਰਨ ਵਾਲੇ ਲੋਕ ਸਿਰਫ਼ ਅੰਕੜੇ ਨਹੀਂ, ਉਹ ਕਿਸੇ ਦੇ ਬੱਚੇ, ਮਾਪੇ, ਭਰਾ-ਭੈਣ ਹੁੰਦੇ ਹਨ।ਜਾਇਦਾਦ ਅਤੇ ਵਪਾਰ ਦਾ ਨੁਕਸਾਨ ਹੋ ਰਿਹਾ ਹੈ।

ਘਰ, ਦੁਕਾਨਾਂ, ਮਸਜਿਦਾਂ, ਮੰਦਰ-ਬਹੁਤ ਕੁਝ ਜਲ ਜਾਂਦਾ ਹੈ। ਕਈ ਪਰਵਾਰ ਮੁੜ ਖੜ੍ਹੇ ਹੀ ਨਹੀਂ ਹੋ ਸਕਦੇ।ਭਰੋਸੇ ਦਾ ਟੁੱਟਣਾ ਸਭ ਤੋਂ ਮਾੜਾ ਹੈ।ਸਭ ਤੋਂ ਵੱਡੀ ਹਾਨੀ ਭਰੋਸੇ ਦੀ ਹੁੰਦੀ ਹੈ । ਪੜੋਸੀ 'ਤੇ ਸ਼ੱਕ, ਦੂਜੇ ਧਰਮ ਦੇ ਲੋਕਾਂ ਨਾਲ ਦੂਰੀ ਹੋਣ ਲੱਗਦੀ ਹੈ।

ਬੱਚਿਆਂ ਅਤੇ ਬਜ਼ੁਰਗਾਂ 'ਤੇ ਮਾੜਾ ਮਨੋਵਿਗਿਆਨਕ ਪ੍ਰਭਾਵ ਪੈਂਦਾ ਹੈ। ਬੱਚੇ ਦੰਗਿਆਂ ਦੀਆਂ ਘਟਨਾਵਾਂ ਨੂੰ ਸਾਰੀ ਉਮਰ ਨਹੀਂ ਭੁੱਲਦੇ। ਉਸ ਡਰ ਨਾਲ ਉਹ ਇੱਕ 'ਹੋਰ' ਧਰਮ ਵਾਲੇ ਨੂੰ ਦੁਸ਼ਮਣ ਮੰਨਣ ਲੱਗਦੇ ਹਨ, ਜੋ ਸਮਾਜ ਲਈ ਖ਼ਤਰਨਾਕ ਹੈ।ਇਹ ਨਹੀਂ ਕਿ ਸਾਰੇ ਹੀ ਇਸ ਨਫਰਤੀ ਭਾਵਨਾ ਦੇ ਸ਼ਿਕਾਰ ਹੁੰਦੇ ਹਨ।ਮਨੁੱਖਤਾ ਦੀਆਂ ਰੌਸ਼ਨ ਮਿਸਾਲਾਂ ਵੀ ਮਿਲਦੀਆਂ ਹਨ ।ਹਨੇਰੇ ਵਿਚਕਾਰ ਹਮੇਸ਼ਾ ਰੌਸ਼ਨੀ ਵੀ ਹੁੰਦੀ ਹੈ। ਦਿੱਲੀ ਦੰਗਿਆਂ ਦੌਰਾਨ ਸਿੱਖ ਸਮੁਦਾਇ ਨੇ ਲੰਗਰ ਅਤੇ ਰਾਹਤ ਕੇਂਦਰ ਚਲਾਉਣ ਵਿੱਚ ਵੱਡੀ ਭੂਮਿਕਾ ਨਿਭਾਈ।

ਕਈ ਥਾਵਾਂ 'ਤੇ ਹਿੰਦੂਆਂ ਨੇ ਮਸਜਿਦਾਂ ਦੀ ਰੱਖਿਆ ਕੀਤੀ ਅਤੇ ਮੁਸਲਮਾਨਾਂ ਨੇ ਆਪਣੇ ਇਲਾਕਿਆਂ ਦੇ ਮੰਦਰਾਂ ਦੀ ਸੁਰੱਖਿਆ ਕੀਤੀ।ਕੁਝ ਸ਼ਹਿਰਾਂ ਵਿੱਚ ਦੋਨੋਂ ਸਮੁਦਾਇਆਂ ਨੇ ਮਿਲ ਕੇ ਰਾਹਤ ਕੰਮ ਕੀਤੇ।ਇਹ ਮਿਸਾਲਾਂ ਸਾਬਤ ਕਰਦੀਆਂ ਹਨ ਕਿ ਇਨਸਾਨੀਅਤ ਨਫ਼ਰਤ ਤੋਂ ਵੱਡੀ ਹੈ।ਭਵਿੱਖ ਲਈ ਜ਼ਰੂਰੀ ਕਦਮ ਉਠਾਉਣ ਦੀ ਲੋੜ ਹੈ, ਤਾਂ ਕਿ ਇਸ ਨਫਰਤੀ ਲਹਿਰ ਨੂੰ ਰੋਕਿਆ ਜਾ ਸਕੇ।

ਫੇਕ ਖ਼ਬਰਾਂ ਰੋਕਣ ਲਈ ਕਾਨੂੰਨ ਅਤੇ ਤਕਨਾਲੋਜੀਕਲ ਪ੍ਰਬੰਧ ਮਜ਼ਬੂਤ ਕਰਨੇ ਪੈਣਗੇ। ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ।ਨਫ਼ਰਤ ਫੈਲਾਉਣ ਵਾਲਿਆਂ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ। ਦੰਗੇ ਦੀ ਸਿਆਸਤ ਖ਼ਤਮ ਹੋਣੀ ਚਾਹੀਦੀ ਹੈ।ਧਾਰਮਿਕ ਆਗੂਆਂ ਦੀ ਸਾਂਝੀ ਭੂਮਿਕਾ ਲਈ ਪ੍ਰੇਰਿਤ ਕਰਨਾ ਜ਼ਰੂਰੀ ਹੈ।

ਇੱਕ ਸਾਂਝਾ ਮੰਚ ਹੋਵੇ, ਜਿੱਥੇ ਸਾਰੇ ਧਰਮਾਂ ਦੇ ਪ੍ਰਤੀਨਿਧ ਇਕੱਠੇ ਹੋ ਕੇ ਸ਼ਾਂਤੀ ਦਾ ਸੰਦੇਸ਼ ਦੇਣ । ਰਾਜਨੀਤਕ ਕੰਟਰੋਲ ਜ਼ਰੂਰੀ ਹੈ। ਨੇਤਾਵਾਂ ਦੀ ਬੋਲੀ ਸਮਾਜ ਨੂੰ ਜੋੜ ਸਕਦੀ ਹੈ ਜਾਂ ਤੋੜ ਸਕਦੀ ਹੈ। ਇਸ ਲਈ ਜ਼ਿੰਮੇਵਾਰੀ ਨਾਲ ਬੋਲਣਾ ਬਹੁਤ ਜ਼ਰੂਰੀ ਹੈ।ਬੱਚਿਆਂ ਦੇ ਸਿਲੇਬਸ ਵਿੱਚ ਵੀ ਧਾਰਮਿਕ ਸਹਿਣਸ਼ੀਲਤਾ ਨਾਲ ਸੰਬੰਧਤ ਪਾਠ-ਕ੍ਰਮ ਸ਼ਾਮਲ ਕਰਨੇ ਚਾਹੀਦੇ ਹਨ।

ਅੰਤ ਸਿੱਟੇ ਦੀ ਗੱਲ ਕਰੀਏ ਤਾਂ ਪਿਛਲੇ ਦਹਾਕੇ ਦੀਆਂ ਘਟਨਾਵਾਂ ਇਹ ਸਪੱਸ਼ਟ ਕਰਦੀਆਂ ਹਨ ਕਿ ਭਾਰਤ ਵਿੱਚ ਧਾਰਮਿਕ ਅਸਹਿਣਸ਼ੀਲਤਾ ਇੱਕ ਵੱਡਾ ਸਮਾਜਿਕ ਖਤਰਾ ਬਣ ਚੁੱਕੀ ਹੈ। ਇਹ ਸਿਰਫ ਟਕਰਾਅ ਨਹੀਂ, ਇਹ ਮਨੁੱਖਤਾ, ਭਰੋਸੇ, ਸਹਿਣਸ਼ੀਲਤਾ ਅਤੇ ਦੇਸ਼ ਦੀ ਏਕਤਾ ਲਈ ਚੁਣੌਤੀ ਹੈ।

ਹਿੰਦੂ, ਸਿੱਖ, ਮੁਸਲਿਮ, ਈਸਾਈ-ਸਾਰੇ ਭਾਰਤ ਦੇ ਬਰਾਬਰ ਦੇ ਨਾਗਰਿਕ ਹਨ । ਅਸੀਂ ਇੱਕ-ਦੂਜੇ ਦੀ ਇੱਜ਼ਤ ਕਰਕੇ, ਨਫ਼ਰਤ ਛੱਡ ਕੇ ਅਤੇ ਪਿਆਰ ਦੀ ਨੀਤੀ ਅਪਣਾ ਕੇ ਹੀ ਅਨੇਕਤਾ ਵਿੱਚ ਏਕਤਾ ਦੇ ਸੁਪਨੇ ਨੂੰ ਬਚਾ ਸਕਦੇ ਹਾਂ।ਦੇਸ਼ ਦਾ ਵਿਕਾਸ ਤਦੋਂ ਹੀ ਸੰਭਵ ਹੈ, ਜੇਕਰ ਅਸੀਂ ਇੱਕ-ਦੂਜੇ ਨੂੰ ਦੁਸ਼ਮਣ ਨਹੀਂ, ਸਗੋਂ ਭਾਈਚਾਰੇ ਦੇ ਸਾਥੀ ਦੇ ਤੌਰ 'ਤੇ ਵੇਖੀਏ। ਨਹੀਂ ਤਾਂ ਨਫ਼ਰਤ ਦਾ ਰਸਤਾ ਭਾਰਤ ਨੂੰ ਦੁਨੀਆ ਦੀ ਦੌੜ ਵਿੱਚ ਪਿੱਛੇ ਧੱਕੇਗਾ। ਸਮਾਂ ਹੈ ਕਿ ਅਸੀਂ ਸੋਚੀਏ ਅਤੇ ਸਹਿਣਸ਼ੀਲਤਾ ਨੂੰ ਆਪਣਾ ਰਾਹ ਬਣਾਈਏ।

**# ਸੰਪਰਕ: 98154-04611**

# ਆਨਲਾਈਨ ਗੇਮਿੰਗ ਦੇ ਮਨੋਵਿਗਿਆਨਕ ਨੁਕਸਾਨ



ਡਾ. ਕ੍ਰਿਸ਼ਨ ਲਾਲ

ਆਨਲਾਈਨ ਗੇਮਿੰਗ ਦਾ ਮਤਲਬ ਅਜਿਹੀਆਂ ਗੇਮਾਂ ਨਾਲ ਹੈ, ਜੋ ਇੰਟਰਨੈੱਟ ਰਾਹੀਂ ਖੇਡੀਆਂ ਜਾਂਦੀਆਂ ਹਨ-ਮੋਬਾਇਲ, ਕੰਪਿਊਟਰ ਜਾਂ ਕੰਸੋਲ 'ਤੇ। ਇਹ ਕਈ ਕਿਸਮਾਂ ਦੀਆਂ ਹੋ ਸਕਦੀਆਂ ਹਨ: ਕੈਜ਼ੂਅਲ ਗੇਮ, ਮਲਟੀਪਲੇਅਰ ਆਨਲਾਈਨ ਗੇਮ, ਵਰਚੂਅਲ ਰਿਐਲਿਟੀ ਤਕਨਾਲੋਜੀ ਨਾਲ ਬਣੀ ਗੇਮ, ਇ-ਸਪੋਰਟ, ਰੀਅਲ ਮਨੀ ਗੇਮ (ਜਿੱਥੇ ਪੈਸਾ ਜੁੜਦਾ ਹੈ) ਆਦਿ । 2024 ਵਿੱਚ ਭਾਰਤ ਵਿੱਚ ਲੱਗਭੱਗ 488 ਮਿਲੀਅਨ (4.88 ਕਰੋੜ) ਆਨਲਾਈਨ ਖਿਡਾਰੀ ਸਨ। ਭਾਰਤੀ ਗੇਮਿੰਗ ਮਾਰਕੀਟ 2023 ਵਿੱਚ 33,000 ਕਰੋੜ ਦੇ ਆਕਾਰ 'ਤੇ ਸੀ ਅਤੇ ਪ੍ਰਾਈਸ ਵਾਟਰ ਹਾਊਸ ਕੂਪਰਸ ਅਨੁਮਾਨ ਲਗਾਉਂਦੀ ਹੈ ਕਿ ਇਹ 2028 ਤੱਕ ਲੱਗਭੱਗ 66,000 ਕਰੋੜ ਤੱਕ ਚਲੇ ਜਾਵੇਗਾ। 2024 ਵਿੱਚ ਗੇਮਿੰਗ ਮਾਰਕੀਟ ਵਿੱਚ 23 ਫੀਸਦੀ ਵਾਧਾ ਹੋਇਆ। 2024 ਵਿੱਚ (ਇੱਕ ਰਿਪੋਰਟ ਮੁਤਾਬਕ) ਭਾਰਤ ਨੂੰ £3.7 ਬਿਲੀਅਨ ਦਾ ਗੇਮਿੰਗ ਬਜ਼ਾਰ ਸੀ ਅਤੇ 2029 ਤੱਕ ਇਹ £9.1 ਬਿਲੀਅਨ ਤੱਕ ਜਾਣ ਦਾ ਅੰਦਾਜ਼ਾ ਹੈ । ਇੱਕ ਰਿਪੋਰਟ ਦੱਸਦੀ ਹੈ ਕਿ ਲੱਗਭੱਗ 45 ਕਰੋੜ ਭਾਰਤੀ ਹਰ ਸਾਲ ਰੀਅਲ ਮਨੀ ਗੇਮਾਂ 'ਚ ਲੱਗਭੱਗ 20,000 ਕਰੋੜ ਖੋ ਰਹੇ ਹਨ ।

ਗੇਮਿੰਗ ਮਨੋਰੰਜਨ ਦਾ ਇੱਕ ਸਸਤਾ ਅਤੇ ਸਹੂਲਤਪੂਰਕ ਜ਼ਰੀਆ ਹੈ। ਗੇਮਾਂ ਦਿਮਾਗੀ ਤੰਦਰੁਸਤੀ ਨੂੰ ਮਜ਼ਬੂਤ ਕਰਦੀਆਂ ਹਨ-ਜਿਵੇਂ ਰਣਨੀਤੀ, ਪ੍ਰਸਿੱਧੀ, ਸਮੱਸਿਆ-ਹੱਲ ਕਰਨ ਦੀ ਕਾਬਲੀਅਤ। ਗਲੋਬਲ ਗੇਮਿੰਗ ਪਲੇਟਫਾਰਮ 'ਤੇ ਖਿਡਾਰੀ ਦੂਸਰੇ ਲੋਕਾਂ ਨਾਲ ਗੱਲਬਾਤ ਕਰ ਸਕਦੇ ਹਨ, ਟੀਮ ਬਣਾਉਂਦੇ ਹਨ । ਇਹ ਬੱਚਿਆਂ ਅਤੇ ਨੌਜਵਾਨਾਂ ਲਈ ਸਮੂਹ ਬਣਾਉਣ ਅਤੇ ਦੋਸਤੀ ਬਣਾਉਣ ਦਾ ਇੱਕ ਮਾਧਿਅਮ ਹੈ । ਕਈ ਗੇਮਿੰਗ ਕੰਪਨੀਆਂ ਤੋਂ ਨੌਕਰੀਆਂ ਹੁੰਦੀਆਂ ਹਨ (ਡਿਵੈਲਪਰ, ਡਿਜ਼ਾਈਨਰ, ਐਸਪੋਰਟ ਖਿਡਾਰੀ ਆਦਿ) । ਆਨਲਾਈਨ ਗੇਮਿੰਗ ਆਧੁਨਿਕ ਡਿਜੀਟਲ ਯੁੱਗ ਦਾ ਸਭ ਤੋਂ ਤੇਜ਼ ਵਧਦਾ ਖੇਤਰ ਹੈ । ਇਹ ਸਿਰਫ਼ ਮਨੋਰੰਜਨ ਹੀ ਨਹੀਂ, ਸਗੋਂ ਆਰਥਿਕ ਵਿਕਾਸ, ਤਕਨੀਕੀ ਇਨੋਵੇਸ਼ਨ ਅਤੇ ਯੁਵਾ ਦੀ ਸਮਾਜਿਕਤਾ ਦਾ ਵੱਡਾ ਮਾਧਿਅਮ ਬਣ ਗਿਆ ਹੈ, ਪਰ ਇਸ ਨਾਲ ਲਤ, ਮਾਲੀ ਹਾਨੀ, ਸਾਇਬਰ ਖਤਰੇ ਅਤੇ ਮਨੋਵਿਗਿਆਨਿਕ ਪ੍ਰਭਾਵ ਵੀ ਜੁੜੇ ਹਨ ।

ਆਨਲਾਈਨ ਗੇਮਿੰਗ ਇੱਕ ਬਹੁਤ ਸੰਭਾਵਨਾਵਾਂ ਵਾਲਾ ਖੇਤਰ ਹੈ । ਇਹ ਜਿੱਥੇ ਮਨੋਰੰਜਨ, ਆਰਥਿਕ ਮੌਕੇ ਅਤੇ ਤਕਨੀਕੀ ਵਿਕਾਸ ਦਿੰਦਾ ਹੈ, ਓਥੇ ਸਾਵਧਾਨੀ ਨਾ ਰੱਖੀ ਜਾਵੇ ਤਾਂ ਇਹ ਲਤ, ਮਾਨਸਿਕ ਖਤਰੇ ਅਤੇ ਮਾਲੀ ਹਾਨੀ ਦਾ ਕਾਰਨ ਵੀ ਬਣ ਸਕਦਾ ਹੈ । ਲੰਮੇ ਸਮੇਂ ਤੱਕ ਗੇਮ ਖੇਡਣ ਨਾਲ ਨੀਂਦ ਦੀ ਘਾਟ ਅਤੇ ਬੱਚਿਆਂ ਦੀ ਪੜ੍ਹਾਈ 'ਤੇ ਮਾੜਾ ਪ੍ਰਭਾਵ ਪੈਂਦਾ ਹੈ, ਜਿਸ ਨਾਲ ਗੁੱਸਾ, ਤਣਾਅ, ਹਿੰਸਕ ਵਿਹਾਰ ਵਧਦਾ ਹੈ । ਰੀਅਲ ਮਨੀ ਗੇਮਾਂ ਵਿੱਚ ਦਿਨੋਂ-ਦਿਨ ਲੋਕ ਪੈਸਾ ਗਵਾ ਰਹੇ ਹਨ ਅਤੇ ਕਈ ਨੌਜਵਾਨ ਕਰਜ਼ਿਆਂ ਵਿੱਚ ਫਸ ਰਹੇ ਹਨ । ਇਸ ਨਾਲ ਸਾਈਬਰ ਖਤਰੇ ਡੇਟਾ ਚੋਰੀ, ਫਰੌਡ, ਫੇਕ ਐਪ, ਹੈਕਰ ਹਮਲੇ ਵਧ ਸਕਦੇ ਹਨ।14-35 ਸਾਲ ਦੇ ਯੂਥ ਸਭ ਤੋਂ ਵੱਧ ਖੇਡਦੇ ਹਨ, ਜਿਸ ਕਾਰਨ ਆਨਲਾਈਨ ਗੇਮਿੰਗ ਦਾ ਵਿੱਚ 23% ਸਾਲਾਨਾ ਵਾਧਾ ਹੈ। ਮੋਦੀ ਸਰਕਾਰ ਵੱਲੋਂ ਵਿੱਤੀ ਨੁਕਸਾਨ ਦੇ ਉੱਚ ਜੋਖਮ ਨੂੰ ਦਰਸਾਉਣ ਤੋਂ ਬਾਅਦ ਭਾਰਤ ਦੀ ਸੰਸਦ ਨੂੰ ਪੈਸੇ ਨਾਲ ਖੇਡੀਆਂ ਜਾਣ ਵਾਲੀਆਂ ਆਨਲਾਈਨ ਗੇਮਾਂ 'ਤੇ ਪਾਬੰਦੀ ਲਗਾਉਣ ਲਈ ਇੱਕ ਬਿੱਲ ਪਾਸ ਕਰ ਦਿੱਤਾ, ਜੋ ਕਿ ਪ੍ਰਸਿੱਧ ਫੈਂਟਸੀ ਗੇਮਿੰਗ ਸੈਕਟਰ ਦੇ ਬਚਾਅ ਲਈ ਖ਼ਤਰਾ ਹੈ। ਇਹ ਬਿੱਲ 'ਨੁਕਸਾਨਦੇਹ' ਔਨਲਾਈਨ ਮਨੀ ਗੇਮਿੰਗ ਸੇਵਾਵਾਂ, ਇਸ਼ਤਿਹਾਰਾਂ ਅਤੇ ਉਨ੍ਹਾਂ ਨਾਲ ਸੰਬੰਧਤ ਵਿੱਤੀ ਲੈਣ-ਦੇਣ 'ਤੇ ਪਾਬੰਦੀ ਲਗਾਉਂਦਾ ਹੈ ਅਤੇ ਸਰਕਾਰ ਉਨ੍ਹਾਂ ਦੇ ਕਾਰਨ ਹੋਣ ਵਾਲੇ ਮਨੋਵਿਗਿਆਨਕ ਨੁਕਸਾਨ ਦਾ ਵੀ ਹਵਾਲਾ ਦਿੰਦੀ ਹੈ। ਨਵੇਂ ਬਿੱਲ ਵਿੱਚ ਕਿਹਾ ਗਿਆ ਹੈ ਕਿ ਕਾਨੂੰਨ ਦੇ ਲਾਗੂ ਹੋਣ ਤੋਂ ਬਾਅਦ ਜੋ ਵੀ ਵਿਅਕਤੀ ਪੈਸੇ ਵਾਲੇ ਗੇਮ ਪੇਸ਼ ਕਰਦਾ ਹੈ, ਉਸ ਨੂੰ ਤਿੰਨ ਸਾਲ ਤੱਕ ਦੀ ਕੈਦ ਅਤੇ ਜੁਰਮਾਨਾ ਹੋ ਸਕਦਾ ਹੈ । ਨਿਯਮਾਂ ਦੀ ਉਲੰਘਣਾ ਕਰਕੇ ਔਨਲਾਈਨ ਮਨੀ ਗੇਮਿੰਗ ਸੇਵਾਵਾਂ ਦੀ ਪੇਸ਼ਕਸ਼ ਕਰਨ ਵਾਲੇ ਕਿਸੇ ਵੀ ਵਿਅਕਤੀ ਜਾਂ ਕੰਪਨੀ ਨੂੰ ਤਿੰਨ ਸਾਲ ਤੱਕ ਦੀ ਕੈਦ, 1 ਕਰੋੜ ਰੁਪਏ ਤੱਕ ਦਾ ਜੁਰਮਾਨਾ ਜਾਂ ਦੋਵੇਂ ਹੋ ਸਕਦੇ ਹਨ। ਇਸ ਤੋਂ ਇਲਾਵਾ ਕਾਨੂੰਨ ਦੀ ਉਲੰਘਣਾ ਕਰਕੇ ਇਸ਼ਤਿਹਾਰ ਪ੍ਰਕਾਸ਼ਤ ਕਰਨ ਵਾਲਿਆਂ ਨੂੰ ਦੋ ਸਾਲ ਤੱਕ ਦੀ ਕੈਦ ਅਤੇ/ਜਾਂ 50 ਲੱਖ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ ।ਤਾਮਿਲਨਾਡੂ, ਕੇਰਲ, ਤੇਲੰਗਾਨਾ ਨੇ ਕਈ ਪੈਸਾ-ਵਾਲੀਆਂ ਗੇਮਾਂ 'ਤੇ ਰੋਕ ਲਗਾ ਦਿੱਤੀ ਹੈ ਅਤੇ ਪੰਜਾਬ ਵਿੱਚ ਜਾਗਰੂਕਤਾ ਮੁਹਿੰਮਾਂ ਚੱਲ ਰਹੀਆਂ ਹਨ। ਸਰਕਾਰ ਨੇ ਕਿਹਾ ਕਿ ਪ੍ਰਸਤਾਵਿਤ ਨਿਯਮ ਦਾ ਉਦੇਸ਼ ਨਾਗਰਿਕਾਂ, ਖਾਸ ਕਰਕੇ ਨੌਜਵਾਨਾਂ ਨੂੰ ਉਨ੍ਹਾਂ ਸ਼ਿਕਾਰੀ ਐਪਸ ਤੋਂ ਬਚਾਉਣਾ ਹੈ, ਜੋ ਖਿਡਾਰੀਆਂ ਨੂੰ ਵਿੱਤੀ ਵਾਪਸੀ ਦੇ ਵਾਅਦੇ ਨਾਲ ਲੁਭਾਉਂਦੇ ਹਨ ਜਿਸ ਨਾਲ ਜ਼ਬਰਦਸਤੀ ਵਿਹਾਰ ਅਤੇ ਵਿੱਤੀ ਪ੍ਰੇਸ਼ਾਨੀ ਹੁੰਦੀ ਹੈ।ਇਹ ਬਿੱਲ ਫੈਂਟਸੀ ਖੇਡਾਂ, ਪੋਕਰ ਅਤੇ ਰੰਮੀ ਵਰਗੀਆਂ ਕਾਰਡ ਗੇਮਾਂ ਅਤੇ ਆਨਲਾਈਨ ਲਾਟਰੀਆਂ ਸਮੇਤ ਸਾਰੀਆਂ ਕਿਸਮਾਂ ਦੀਆਂ ਆਨਲਾਈਨ ਸੱਟੇਬਾਜ਼ੀ ਅਤੇ ਜੂਏ ਦੀਆਂ ਗਤੀਵਿਧੀਆਂ ਨੂੰ ਗੈਰ-ਕਾਨੂੰਨੀ ਬਣਾਉਂਦਾ ਹੈ। ਗ੍ਰਾਂਟ ਥੋਰਨਟਨ ਭਾਰਤ ਦੇ ਪਾਰਟਨਰ ਅਨਨਯ ਜੈਨ ਨੇ ਕਿਹਾ ਕਿ ਬਿੱਲ ਈ-ਸਪੋਰਟਸ, ਸਮਾਜਿਕ ਅਤੇ ਵਿਦਿਅਕ ਖੇਡਾਂ ਨੂੰ ਹੁਨਰ, ਰਚਨਾਤਮਕਤਾ ਅਤੇ ਆਰਥਿਕ ਵਿਕਾਸ ਦੇ ਇੰਜਣ ਵਜੋਂ ਰੱਖਦਾ ਹੈ, ਜਦੋਂ ਕਿ ਆਨਲਾਈਨ ਪੈਸੇ ਵਾਲੀਆਂ ਖੇਡਾਂ ਦੇ ਵਿਰੁੱਧ ਇੱਕ ਨਿਰਣਾਇਕ ਸਟੈਂਡ ਲੈਂਦਾ ਹੈ, ਜੋ ਨਸ਼ਾਖੋਰੀ, ਧੋਖਾਧੜੀ ਅਤੇ ਸਮਾਜਿਕ ਨੁਕਸਾਨ ਨੂੰ ਵਧਾਉਂਦੀਆਂ ਹਨ।

**# ਸੰਪਰਕ : 62831-16797**

# ਮੌਜੂਦਾ ਚੋਣਾਂ 'ਚ ਪਾਰਟੀਆਂ ਆਪਣੇ ਖੰਭ ਤੋਲ ਰਹੀਆਂ



ਸੁਰਜੀਤ ਸਿੰਘ

ਪੰਜਾਬ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦਾ ਬਿਗਲ ਵੱਜ ਗਿਆ ਹੈ । ਇਹ ਚੋਣਾਂ ਬੇਸ਼ੱਕ ਬਹੁਤੇ ਮਾਇਨੇ ਨਹੀਂ ਰੱਖਦੀਆਂ, ਪਰ ਸਿਆਸੀ ਤੌਰ 'ਤੇ ਇਹਨਾ ਦਾ ਬਹੁਤ ਮਹੱਤਵ ਹੈ। ਇਹਨਾਂ ਚੋਣਾਂ ਨੂੰ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਸੈਮੀ ਫਾਈਨਲ ਮੈਚ ਵੀ ਕਿਹਾ ਜਾ ਸਕਦਾ ਹੈ। ਸਾਰੀਆਂ ਸਿਆਸੀ ਪਾਰਟੀਆਂ ਲਈ ਇਹ 'ਕਰੋ ਜਾਂ ਮਰੋ' ਦੀ ਤਰਜ਼ 'ਤੇ ਆਪੋ ਆਪਣੇ ਅਸਤਿੱਤਵ ਦਾ ਸਵਾਲ ਬਣ ਗਿਆ ਹੈ । ਬੇਸ਼ੱਕ ਜ਼ਿਮਨੀ ਚੋਣਾਂ, ਪੰਚਾਇਤ ਚੋਣਾਂ ਅਤੇ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿੱਚ ਤਤਕਾਲੀ ਰਾਜ ਕਰਦਾ ਪਾਰਟੀ ਦਾ ਹੀ ਬੋਲਬਾਲਾ ਹੁੰਦਾ ਹੈ। ਆਮ ਆਦਮੀ ਪਾਰਟੀ ਲਈ ਇਹ ਚੋਣਾਂ ਜਿੱਤਣੀਆਂ ਜ਼ਰੂਰੀ ਅਤੇ ਮਜਬੂਰੀ ਦੋਵੇਂ ਹਨ। ਆਮ ਆਦਮੀ ਪਾਰਟੀ ਲਈ ਇਹ ਚੋਣਾਂ ਨਾ ਸਿਰਫ ਜਿੱਤਣੀਆਂ ਹਨ, ਬਲਕਿ ਬਹੁਮਤ ਵੀ ਸਾਬਤ ਕਰਨਾ ਲਾਜ਼ਮ ਹੈ।

ਇਹਨਾਂ ਚੋਣਾਂ ਦੇ ਜੇਕਰ ਪਿਛੋਕੜ ਵੱਲ ਝਾਤ ਮਾਰੀਏ ਤਾਂ ਅਕਾਲੀ ਅਤੇ ਕਾਂਗਰਸੀਆਂ ਦੇ ਸਿੰਗ ਹੀ ਭਿੜਦੇ ਸਨ। ਹੁਣ ਤੀਜੀ ਧਿਰ ਆਮ ਆਦਮੀ ਪਾਰਟੀ ਇਹਨਾਂ ਨਾਲ ਆਢਾ ਲੈਣ ਲੱਗ ਪਈ ਅਤੇ ਉਸ ਨੇ ਸੱਤਾ ਵੀ ਹਾਸਲ ਕਰ ਲਈ । ਇਸ ਤੋਂ ਪਹਿਲਾਂ ਭਾਜਪਾ-ਅਕਾਲੀ ਦਲ ਦੇ ਮੋਢਿਆਂ 'ਤੇ ਸਵਾਰ ਹੋ ਕੇ ਇਹ ਸਾਰਾ ਦ੍ਰਿਸ਼ ਨਿਰਲੇਪ ਹੋ ਕੇ ਦੇਖਦੀ ਸੀ। ਜਿੱਤ ਗਏ ਤਾਂ ਬੱਲੇ-ਬੱਲੇ, ਨਾ ਜਿੱਤੇ ਤਾਂ ਕੋਈ ਫਰਕ ਨਹੀਂ। ਇਸ ਵਾਰ ਅਲੋਕਾਰੀ ਘਟਨਾ ਇਹ ਹੋਈ ਕਿ ਭਾਜਪਾ ਨੇ ਆਪਣੀ ਹੈਂਕੜ ਦਿਖਾਉਂਦਿਆਂ ਆਪਣੀ ਹੋਂਦ ਦਾ ਪ੍ਰਗਟਾਵਾ ਕਰਨ ਦਾ ਫੈਸਲਾ ਕਰ ਲਿਆ ਅਤੇ ਆਜ਼ਾਦਾਨਾ ਤੌਰ 'ਤੇ ਚੋਣ ਮੈਦਾਨ ਵਿਚ ਉਤਰਨ ਦਾ ਫੈਸਲਾ ਕਰ ਲਿਆ। ਇਸ ਤਰ੍ਹਾਂ ਮੁਕਾਬਲਾ ਸਖ਼ਤ ਅਤੇ ਚੌਤਰਫਾ ਹੀ ਗਿਆ। ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਕਿ ਭਾਜਪਾ ਨੇ ਇਹਨਾਂ ਚੋਣਾਂ ਵਿਚ ਜਿੱਥੇ ਜ਼ਿਆਦਾਤਰ ਪੇਂਡੂ ਇਲਾਕੇ ਹੀ ਆਉਂਦੇ ਹਨ, ਵਿਚ ਆਪਣੇ ਖੰਭ ਤੋਲਣ ਦਾ ਨਿਰਣਾ ਲਿਆ ਹੈ । ਭਾਜਪਾ ਵਿਚ ਇਸ ਸਮੇਂ ਦੋ ਵਿਚਾਰਧਾਰਾਵਾਂ ਕੰਮ ਕਰ ਰਹੀਆਂ ਹਨ। ਇੱਕ ਟਕਸਾਲੀ ਗਰੁੱਪ ਜੋ ਚਾਹੁੰਦਾ ਹੈ ਕਿ ਅਕਾਲੀਆਂ ਦੇ ਮੋਢਿਆਂ 'ਤੇ ਸਵਾਰ ਹੋ ਕੇ ਲੋਕਤੰਤਰ ਦਾ ਤਮਾਸ਼ਾ ਨਾ ਦੇਖਿਆ ਜਾਵੇ, ਬਲਕਿ ਪਾਰਟੀ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵੱਲ ਵਧਦੇ ਹੋਏ 'ਏਕਲਾ ਚਲੋ' ਦੀ ਨੀਤੀ ਨੂੰ ਅਪਣਾਇਆ ਜਾਵੇ, ਕਿਉਂਕਿ ਇਤਿਹਾਸ ਗਵਾਹ ਹੈ ਕਿ ਅਕਾਲੀ ਦਲ ਨਾਲ ਮਿਲ ਕੇ ਸੱਤਾ ਤਾਂ ਪ੍ਰਾਪਤ ਕੀਤੀ ਜਾ ਸਕਦੀ ਹੈ, ਪਰ ਪਾਰਟੀ ਮਜ਼ਬੂਤ ਨਹੀਂ ਹੋ ਸਕਦੀ। ਭਾਜਪਾ ਦੇ ਟਕਸਾਲੀ ਆਗੂ ਕਹਿੰਦੇ ਹਨ ਕਿ ਅਕਾਲੀਆਂ ਨੇ ਭਾਜਪਾ ਨੂੰ ਕਮਜ਼ੋਰ ਸਾਥੀ ਬਣਾ ਕੇ ਹੀ ਰੱਖਿਆ ਹੈ । ਭਾਜਪਾ ਦੇ ਦੂਸਰੇ ਧੜੇ ਦਾ ਵਿਚਾਰ ਹੈ ਕਿ ਸੱਤਾ ਹਾਸਲ ਕਰਨ ਲਈ ਅਕਾਲੀਆਂ ਨਾਲ ਗਠਜੋੜ ਕਰਨ ਤੋਂ ਬਿਨਾਂ ਗੁਜ਼ਾਰਾ ਨਹੀਂ, ਜਿਹਨਾਂ 'ਚ ਸੱਤਾ ਸੁੱਖ ਮਾਨਣ ਲਈ ਕਾਹਲੇ ਕੈਪਟਨ ਅਮਰਿੰਦਰ ਸਿੰਘ ਅਤੇ ਸੁਨੀਲ ਜਾਖੜ ਹਨ । ਉਧਰ ਅਕਾਲੀ ਦਲ ਅਤੇ ਸੱਤਾ ਸੁੱਖ ਲਾਲਚੀ ਉਸ ਦਾ ਕੇਡਰ ਵੀ ਗਠਜੋੜ ਲਈ ਬੇਚੈਨ ਹੈ, ਪਰ ਭਾਜਪਾ ਦੀ ਹਾਈ ਕਮਾਂਡ ਅਜੇ ਕਿਸੇ ਕਾਹਲੀ ਵਿਚ ਨਹੀਂ ਲਗਦੀ ਅਤੇ ਨਾ ਉਹ ਏਨੀ ਛੇਤੀ ਅਕਾਲੀ ਦਲ ਨੂੰ ਪੱਲਾ ਫੜਾਉਣ ਲੱਗੀ ਹੈ। ਇਹ ਗੱਲ ਸਪੱਸ਼ਟ ਹੈ ਕਿ ਦੋਹਾਂ ਧਿਰਾਂ ਵਿਚ ਸੱਤਾ ਪ੍ਰਾਪਤੀ ਲਈ ਇੱਕ-ਦੂਜੇ ਲਈ ਮਿਕਨਾਤੀਸੀ ਖਿੱਚ ਬਰਕਰਾਰ ਹੈ । ਦੋਵੇਂ ਧਿਰਾਂ ਚੋਣ ਨਤੀਜਿਆਂ ਨੂੰ ਲੈਕੇ ਆਪੋ ਆਪਣੇ ਖੰਭ ਤੋਲ ਰਹੀਆਂ ਹਨ ।

ਭਾਜਪਾ ਨੂੰ ਇਸ ਗੱਲ ਦਾ ਹੌਸਲਾ ਹੈ ਕਿ ਉਸ ਨੇ ਪੰਜਾਬ ਜਿੱਥੇ ਉਸ ਦਾ ਕਿਸਾਨ ਅੰਦੋਲਨ ਦੌਰਾਨ ਭਾਰੀ ਵਿਰੋਧ ਹੋਇਆ ਸੀ, ਉਹ ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਨੂੰ ਬਹੁਤ ਪਿੱਛੇ ਛੱਡ ਕੇ 18.6 ਫੀਸਦੀ ਵੋਟ ਹਾਸਲ ਕਰਨ ਵਿਚ ਸਫ਼ਲ ਹੋ ਗਈ। ਉਧਰ ਨਿਰਾਸ਼ ਅਕਾਲੀ ਦਲ ਤਰਨ ਤਾਰਨ ਜ਼ਿਮਨੀ ਚੋਣ ਵਿਚ ਦੂਜਾ ਸਥਾਨ ਹਾਸਲ ਹੋਣ 'ਤੇ ਆਪਣੀ ਪਿੱਠ ਖੁਦ ਹੀ ਥਾਪੜਨ ਲੱਗ ਪਿਆ, ਜਦਕਿ ਤਰਨ ਤਾਰਨ ਇਲਾਕੇ ਵਿਚ ਪਹਿਲਾਂ ਹੀ ਅਕਾਲੀ ਦਲ ਦਾ ਤਸੱਲੀਬਖ਼ਸ਼ ਅਧਾਰ ਹੈ। ਅਕਾਲੀ ਦਲ ਲਈ ਬਦਕਿਸਮਤੀ ਇਹ ਹੈ ਕਿ ਉਸ ਦੇ ਮੱਥੇ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਸਰਸਾ ਸਾਧ ਨੂੰ ਮੁਆਫੀ ਦਾ ਕਲੰਕ ਅਜੇ ਤੱਕ ਨਹੀਂ ਲੱਥਾ । ਬੇਸ਼ੱਕ ਅਕਾਲੀ ਦਲ ਵਿੱਚੋਂ ਅਕਾਲੀ ਦਲ (ਪੁਨਰ ਸੁਰਜੀਤੀ) ਬਣ ਗਿਆ, ਪਰ ਉਹ ਅਜੇ ਤੱਕ ਨਾ ਤਾਂ ਆਪਣਾ ਅਧਾਰ ਹੀ ਬਣਾ ਸਕਿਆ ਅਤੇ ਨਾ ਹੀ ਉਹ ਲੋਕ ਮਨਾਂ 'ਚ ਥਾਂ ਬਣਾਉਣ ਵਿੱਚ ਸਫਲ ਹੋ ਸਕਿਆ ਹੈ। ਗਰਮ ਖਿਆਲੀਏ ਅੰਮ੍ਰਿਤਪਾਲ ਵੀ ਸਮੇਂ ਦੀ ਗਰਦਿਸ਼ ਵਿਚ ਰੁਲ ਕੇ ਰਹਿ ਗਿਆ ਤੇ ਆਉਣ ਵਾਲੇ ਸਮੇਂ ਵਿੱਚ ਵੀ ਇਸ ਦੇ ਆਸਾਰ ਮੱਧਮ ਹੀ ਲਗਦੇ ਹਨ। ਜੇਕਰ ਕਾਂਗਰਸ ਦੀ ਗੱਲ ਕਰੀਏ ਤਾਂ ਕਾਂਗਰਸ ਬੇਸ਼ੱਕ ਇਸ ਵਾਰ ਪੰਜਾਬ ਵਿੱਚ ਸੱਤਾ ਦੀ ਪ੍ਰਬਲ ਦਾਅਵੇਦਾਰ ਹੈ, ਪਰ ਇਹ ਆਮ ਚਰਚਾ ਹੈ ਕਿ ਕਾਂਗਰਸ ਦਾ ਕਾਟੋ-ਕਲੇਸ਼ ਇਸ ਦੀ ਕਿਸਮਤ ਨੂੰ ਗ੍ਰਹਿਣ ਲਗਾ ਦਿੰਦਾ ਹੈ। ਹਰਿਆਣੇ ਦੀ ਜਿੱਤੀ ਹੋਈ ਬਾਜ਼ੀ ਹਰਨਾ ਇਸ ਦੀ ਕੌੜੀ ਸਚਾਈ ਹੈ। ਕਾਂਗਰਸ ਦੇ ਮੱਥੇ 'ਤੇ ਵੀ ਦਰਬਾਰ ਸਾਹਿਬ 'ਤੇ ਹਮਲੇ ਅਤੇ ਦਿੱਲੀ ਦੰਗਿਆਂ ਦਾ ਬਦਨੁਮਾ ਦਾਗ ਪੱਕੇ ਤੌਰ ਤੇ ਲਗ ਗਿਆ ਹੈ। ਸਿੱਖਾਂ ਦੇ ਮਨਾਂ ਤੇ ਇਹ ਘਟਨਾ ਸਥਾਈ ਤੌਰ 'ਤੇ ਉੱਘੜੀ ਹੈ। ਅਜੇ ਵੀ ਕੱਟੜ ਸਿੱਖ ਕਾਂਗਰਸ ਤੋਂ ਪਾਸਾ ਹੀ ਵੱਟਦੇ ਹਨ, ਪਰ ਉਸ ਬਦਕਿਸਮਤ ਘਟਨਾ ਤੋਂ ਬਾਅਦ ਕਾਂਗਰਸ ਤਿੰਨ ਵਾਰ ਪੰਜਾਬ ਵਿੱਚ ਆਪਣੀ ਸਰਕਾਰ ਬਣਾਉਣ ਵਿੱਚ ਸਫਲ ਰਹੀ । ਲੋਕਾਂ ਨੇ ਅਕਾਲੀ ਕਾਂਗਰਸ ਦੀ ਉਤਰ ਕਾਟੋ ਮੈਂ ਚੜ੍ਹਾਂ ਤੋਂ ਉਦਾਸ ਹੋ ਕੇ ਆਮ ਆਦਮੀ ਪਾਰਟੀ ਲਈ ਵੋਟਾਂ ਦੀ ਹਨੇਰੀ ਲਿਆ ਦਿੱਤੀ। ਨਤੀਜੇ ਵਜੋਂ ਆਮ ਆਦਮੀ ਪਾਰਟੀ 92 ਸੀਟਾਂ ਜਿੱਤ ਕੇ ਦੇਸ਼ ਵਿਚ ਦਿੱਲੀ ਤੋਂ ਬਾਅਦ ਦੂਜੇ ਸੂਬੇ ਵਿਚ ਕਬਜ਼ਾ ਕਰਨ ਵਿਚ ਸਫ਼ਲ ਹੋ ਗਈ ।

ਹੁਣ ਦਿੱਲੀ ਖੁੱਸ ਗਿਆ, ਪਰ ਆਮ ਆਦਮੀ ਪਾਰਟੀ ਪੰਜਾਬ ਨੂੰ ਕਿਸੇ ਕੀਮਤ 'ਤੇ ਵੀ ਹੱਥੋਂ ਜਾਣ ਦੇਣਾ ਨਹੀਂ ਚਾਹੁੰਦੀ। ਹੁਣ ਭਾਜਪਾ ਇਸ ਸੋਚ 'ਤੇ ਚੱਲ ਰਹੀ ਹੈ ਕਿ ਜਿਸ ਤਰ੍ਹਾਂ ਪੰਜਾਬ ਦੇ ਲੋਕਾਂ ਨੇ ਤੀਜੀ ਧਿਰ ਨੂੰ ਸੱਤਾ ਪ੍ਰਾਪਤੀ ਲਈ ਤਰਜੀਹ ਦਿੱਤੀ ਤਾਂ ਕਿਉਂ ਨਾ ਭਾਜਪਾ ਵੀ ਉਹੀ ਫਾਰਮੂਲਾ ਵਰਤੇ । ਉਸ ਦਾ ਵਿਚਾਰ ਹੈ ਕਿ ਪੰਜਾਬ ਦੇ ਲੋਕਾਂ ਨੇ ਅਕਾਲੀ, ਕਾਂਗਰਸ ਅਤੇ ਆਮ ਆਦਮੀ ਪਾਰਟੀ ਨੂੰ ਅਜ਼ਮਾ ਲਿਆ । ਹੁਣ ਭਾਜਪਾ ਉਹਨਾਂ ਨੂੰ ਬਿਹਤਰ ਪ੍ਰਸ਼ਾਸਨ ਦੇਵੇਗੀ ਅਤੇ ਪੰਜਾਬ ਨੂੰ ਮੁੜ ਲੀਹਾਂ 'ਤੇ ਲਿਆ ਕੇ ਰੰਗਲਾ ਪੰਜਾਬ ਬਣਾਵੇਗੀ। ਭਾਜਪਾ ਦੀ ਹਾਈ ਕਮਾਂਡ ਪੰਜਾਬ ਵਿੱਚ ਡਬਲ ਇੰਜਣ ਦੀ ਸਰਕਾਰ ਸਥਾਪਤ ਕਰਨ ਲਈ ਬਹੁਤ ਹੀ ਵਿਉਂਤਬੱਧ ਢੰਗ ਨਾਲ ਸੋਚ-ਸਮਝ ਕੇ ਅੱਗੇ ਵਧ ਰਹੀ ਹੈ। ਲੋਕ ਮਨਾਂ ਨੂੰ ਜਿੱਤਣ ਲਈ ਬਿਹਾਰ ਦੀ ਤਰਜ਼ 'ਤੇ ਭਾਜਪਾ ਪੰਜਾਬ ਦੇ ਲੋਕਾਂ ਲਈ ਕੁੱਝ ਨਵਾਂ ਕਰ ਸਕਦੀ ਹੈ। ਸੂਤਰਾਂ ਮੁਤਾਬਕ ਭਾਜਪਾ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰ ਸਕਦੀ ਹੈ ਅਤੇ ਬੰਦੀ ਸਿੰਘਾਂ ਦੀ ਰਿਹਾਈ ਦੀ ਚਿਰੋਕਣੀ ਮੰਗ ਵੀ ਪੂਰੀ ਹੋ ਸਕਦੀ ਹੈ । ਇਹ ਗੱਲ ਸਪੱਸ਼ਟ ਹੈ ਕਿ ਹੁਣ ਜੇਕਰ ਅਕਾਲੀ-ਭਾਜਪਾ ਗਠਜੋੜ ਹੋਇਆ ਤਾਂ ਉਹ ਪ੍ਰਕਾਸ਼ ਸਿੰਘ ਬਾਦਲ ਦੇ ਸਮੇਂ ਵਰਗਾ ਨਹੀਂ ਹੋਵੇਗਾ, ਜਿਸ ਵਿਚ ਭਾਜਪਾ ਦੀਨ-ਹੀਣ ਬਣ ਕੇ ਡੰਗ ਟਪਾਉਂਦੀ ਰਹੀ। ਜੇਕਰ ਹੁਣ ਸਮਰਾਲਾ ਵਿਧਾਨ ਸਭਾ ਹਲਕੇ ਦੀ ਗੱਲ ਕਰੀਏ ਤਾਂ ਏਥੇ ਚਾਰੇ ਸਿਆਸੀ ਪਾਰਟੀਆਂ ਦੇ ਆਗੂ ਨੌਜਵਾਨ ਹਨ ।

**# ਸੰਪਰਕ : 98154-61301**

# ਕਿਸਾਨਾਂ, ਮਜ਼ਦੂਰਾਂ ਤੇ ਮੁਲਾਜ਼ਮਾਂ ਨੇ ਬਿਜਲੀ ਸੋਧ ਬਿੱਲ ਤੇ ਸੀਡ ਬਿੱਲ ਦੀਆਂ ਕਾਪੀਆਂ ਫੂਕੀਆਂ


ਨਾਭਾ


ਜਲਾਲਾਬਾਦ


ਸਮਰਾਲਾ


ਰਾਜਪੁਰਾ

**ਨਾਭਾ (ਵਰਿੰਦਰ ਵਰਮਾ)**-ਐੱਸ ਕੇ ਐੱਮ ਦੇ ਸੱਦੇ 'ਤੇ ਕਿਸਾਨ, ਮੁਲਾਜ਼ਮ ਤੇ ਮਜ਼ਦੂਰ ਜਥੇਬੰਦੀਆਂ ਨੇ ਸੂਬੇ ਭਰ ਵਿੱਚ ਵੱਡੀ ਗਿਣਤੀ 'ਚ ਐਕਸੀਅਨ ਦਫਤਰਾਂ ਅੱਗੇ ਇਕੱਠੇ ਹੋ ਕੇ ਬਿਜਲੀ ਸੋਧ ਬਿਲ ਤੇ ਸੀਡ ਬਿਲ ਦੀਆਂ ਕਾਪੀਆਂ ਸਾੜੀਆਂ ਗਈਆਂ।ਇਸੇ ਤਹਿਤ ਸਥਾਨਕ ਐਕਸੀਅਨ ਦਫਤਰ ਅੱਗੇ ਵੱਡੇ ਧਰਨੇ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਆਗੂਆਂ ਨੇ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕੀਤੀ। ਬਿਜਲੀ ਸੋਧ ਬਿੱਲ ਬਾਰੇ ਬੋਲਦਿਆਂ ਉਨ੍ਹਾਂ ਆਖਿਆ ਕਿ ਇਹ ਆਮ ਲੋਕਾਂ ਦੀ ਸੰਸਥਾ ਹੈ, ਜਿਸ ਨੂੰ ਪ੍ਰਾਈਵੇਟ ਹੱਥਾਂ ਵਿੱਚ ਦੇਣ ਲਈ ਦੋਵੇਂ ਸਰਕਾਰਾਂ ਇੱਕ ਦੂਜੇ ਤੋਂ ਕਾਹਲੀਆਂ ਹੋਈਆਂ ਪਈਆਂ ਹਨ।ਇਸ ਤਰ੍ਹਾਂ ਸੀਡ ਬਿਲ ਬਾਰੇ ਵੀ ਆਗੂਆਂ ਨੇ ਦੱਸਿਆ ਕਿ ਕੇਂਦਰ ਦੀ ਸਰਕਾਰ ਨੂੰ ਪਤਾ ਨਹੀਂ ਕਿਉਂ ਹਰ ਤੀਜੇ ਦਿਨ ਕੋਈ ਨਾ ਕੋਈ ਅਜਿਹਾ ਬਿੱਲ ਲੈ ਆਉਂਦੀ ਹੈ, ਜਿਸ ਦਾ ਸਿੱਧਾ-ਸਿੱਧਾ ਮਕਸਦ ਕਿਸਾਨਾਂ ਨੂੰ ਕਾਰਪੋਰੇਟ ਦੇ ਰਹਿਮੋ ਕਰਮ 'ਤੇ ਛੱਡਣਾ ਹੁੰਦਾ ਹੈ, ਪ੍ਰੰਤੂ ਧਰਨੇ ਵਿੱਚ ਇਕੱਠੇ ਹੋਏ ਸਾਰੇ ਲੋਕਾਂ ਨੇ ਸਰਕਾਰ ਵਿਰੁੱਧ ਜ਼ਬਰਦਸਤ ਨਾਹਰੇਬਾਜ਼ੀ ਕਰਦੇ ਹੋਏ ਇਹ ਚੇਤਾਵਨੀ ਦਿੱਤੀ ਕਿ ਉਹ ਇਨ੍ਹਾਂ ਬਿਲਾਂ ਦਾ ਸਖਤ ਵਿਰੋਧ ਕਰਨਗੇ।ਇਸ ਧਰਨੇ ਵਿੱਚ ਬੀਕੇਯੂ ਰਾਜੇਵਾਲ, ਬੀਕੇਯੂ ਉਗਰਾਹਾਂ, ਬੀਕੇਯੂ ਡਕੌਂਦਾ, ਬੀਕੇਯੂ ਲੱਖੋਵਾਲ, ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਕੁੱਲ ਹਿੰਦ ਕਿਸਾਨ ਸਭਾ, ਖੇਤੀਬਾੜੀ ਤੇ ਕਿਸਾਨ ਵਿਕਾਸ ਫਰੰਟ, ਟੈਕਨੀਕਲ ਸਰਵਿਸ ਯੂਨੀਅਨ, ਆਈਟੀਆਈ ਐਸੋਸੀਏਸ਼ਨ, ਪੰਜਾਬ ਸਟੂਡੈਂਟਸ ਯੂਨੀਅਨ, ਪੈਨਸ਼ਨਰ ਐਸੋਸੀਏਸ਼ਨ, ਇਮਪਲਾਈਜ਼ ਫੈਡਰੇਸ਼ਨ ਭਾਰਦਵਾਜ, ਇਸਤਰੀ ਜਾਗ੍ਰਿਤੀ ਮੰਚ, ਪਾਵਰ ਕਾਮ ਟਰਾਂਸਕੋ ਪੈਨਸ਼ਨਰ ਯੂਨੀਅਨ, ਠੇਕਾ ਮੁਲਾਜ਼ਮ ਯੂਨੀਅਨ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਜਥੇਬੰਦੀਆਂ ਨੇ ਹਿੱਸਾ ਲਿਆ।

**ਸਿਰਸਾ (ਪੱਤਰ ਪ੍ਰੇਰਕ)** : ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਪਿੰਡ ਕਰੀਵਾਲਾ, ਵਣੀ, ਅੰਮ੍ਰਿਤਸਰ ਕਲਾਂ ਸਹਿਤ ਹੋਰ ਅਨੇਕ ਪਿੰਡਾਂ ਵਿੱਚ ਲੋਕਾਂ ਨੇ ਬਿਜਲੀ ਤੇ ਬੀਜ ਬਿੱਲ 2025 ਦੀਆਂ ਕਾਪੀਆਂ ਸਾੜ ਕੇ ਕੇਂਦਰ ਸਰਕਾਰ ਤੋਂ ਦੋਵੇਂ ਬਿੱਲਾਂ ਨੂੰ ਵਾਪਸ ਲੈਣ ਦੀ ਮੰਗ ਕੀਤੀ।ਇਸ ਮੌਕੇ ਸੰਬੋਧਨ ਕਰਦਿਆਂ ਹਰਿਆਣਾ ਕਿਸਾਨ ਸਭਾ (1936) ਦੇ ਸਰਪ੍ਰਸਤ ਕਾਮਰੇਡ ਸਵਰਨ ਸਿੰਘ ਵਿਰਕ ਨੇ ਕਿਹਾ ਕਿ ਕੇਂਦਰ ਤੇ ਰਾਜ ਸਰਕਾਰਾਂ ਦੀਆਂ ਇਨ੍ਹਾਂ ਨੀਤੀਆਂ ਨਾਲ ਕਿਸਾਨਾਂ, ਮਜ਼ਦੂਰਾਂ, ਦੁਕਾਨਦਾਰਾਂ ਤੇ ਆਮ ਖਪਤਕਾਰਾਂ ਲਈ ਬਿਜਲੀ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੋ ਜਾਵੇਗੀ।ਸਰਕਾਰ ਦਾ ਇਰਾਦਾ ਕਾਰਪੋਰੇਟਾਂ ਨੂੰ ਬਿਜਲੀ ਸੌਂਪ ਕੇ ਤੇ ਸਮਾਰਟ ਮੀਟਰਾਂ ਰਾਹੀਂ ਪ੍ਰੀਪੇਡ ਕਰਕੇ ਲੋਕਾਂ ਨੂੰ ਪ੍ਰੇਸ਼ਾਨ ਕਰਨਾ ਹੈ।ਸਾਰੀਆਂ ਬਿਜਲੀ ਸਬਸਿਡੀਆਂ ਖਤਮ ਕਰ ਦਿੱਤੀਆਂ ਜਾਣਗੀਆਂ।ਇਸੇ ਤਰ੍ਹਾਂ ਬੀਜ ਬਿੱਲ 2025 ਦਾ ਉਦੇਸ਼ ਖੇਤੀਬਾੜੀ ਖੇਤਰ ਵਿੱਚ ਕਾਰਪੋਰੇਟ ਬੀਜ ਉਤਪਾਦਕਾਂ ਲਈ ਏਕਾਧਿਕਾਰ ਸਥਾਪਤ ਕਰਨਾ ਅਤੇ ਮਹਿੰਗੇ ਤੇ ਹਰ ਸਾਲ ਨਵੇਂ ਬੀਜ ਖ੍ਰੀਦਣ ਵਾਲੇ ਬੀਜਾਂ ਨਾਲ ਖੇਤੀਬਾੜੀ ਨਾਲ ਜੁੜੇ ਲੋਕਾਂ ਨੂੰ ਤਬਾਹ ਕਰਨਾ ਹੈ।ਸਰਕਾਰ ਸਿੱਧੇ ਰੂਪ ਵਿੱਚ ਕਾਰਪੋਰੇਟਾਂ ਨੂੰ ਉਪਜਾਊ ਖੇਤੀਬਾੜੀ ਜ਼ਮੀਨ 'ਤੇ ਕਬਜ਼ਾ ਕਰਨ ਦੀ ਆਗਿਆ ਦੇ ਰਹੀ ਹੈ।ਲੋਕ ਪੰਚਾਇਤ ਦੇ ਮਹਾਂ ਮੰਤਰੀ ਸੁਖਦੇਵ ਸਿੰਘ ਕੱਕਾ, ਇਨੈਲੋ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਕਸ਼ਮੀਰ ਸਿੰਘ ਕਰੀਵਾਲਾ, ਜ਼ਿਲ੍ਹਾ ਕਿਸਾਨ ਸਭਾ ਦੇ ਉਪ ਪ੍ਰਧਾਨ ਬਲਰਾਜ ਸਿੰਘ ਵਣੀ, ਪ੍ਰੀਤਪਾਲ ਸਿੱਧੂ ਤੇ ਹੀਰਾ ਸਿੰਘ ਦਰਦ ਨੇ ਵੀ ਇਨ੍ਹਾਂ ਦੋ ਲੋਕ ਵਿਰੋਧੀ ਬਿੱਲਾਂ ਦੇ ਵਿਰੁੱਧ ਲੋਕਾਂ ਨੂੰ ਸੰਬੋਧਨ ਕੀਤਾ।ਇਸ ਮੌਕੇ ਸ਼ੀਤਲ ਸਿੰਘ, ਕੁਲਵੰਤ ਸਿੰਘ ਸੰਧੂ, ਗੁਰਨਾਮ ਸਿੰਘ, ਕੁਲਦੀਪ ਸਿੰਘ, ਸੰਤ ਜੋਗਾ ਸਿੰਘ, ਮਾਸਟਰ ਲੱਖਾ ਸਿੰਘ, ਸਤਨਾਮ ਸਿੰਘ ਵਰਨ, ਗੁਰਮੇਜ ਸਿੰਘ, ਡਾ. ਕਸ਼ਮੀਰ ਸਿੰਘ, ਹਰਪ੍ਰੀਤ ਸਿੰਘ, ਸ਼ੇਰ ਸਿੰਘ ਕਾਹਲੋਂ, ਲਖਵਿੰਦਰ ਸਿੰਘ, ਸੁਖਦੇਵ ਸਿੰਘ ਰੰਧਾਵਾ, ਹਰਦੀਪ ਸਿੰਘ, ਫੁੰਮਣ ਸਿੰਘ, ਸਰਦਾਰਾ ਸਿੰਘ, ਦਲੀਪ ਸਿੰਘ, ਵਰਿੰਦਰ ਸਿੰਘ, ਲੱਖਾ ਸਿੰਘ, ਜਸਪਾਲ ਸਿੰਘ, ਦਲੀਪ ਸੋਲੰਕੀ ਸਹਿਤ ਪਿੰਡ ਵਾਸੀ ਮੌਜੂਦ ਸਨ।


ਜਗਰਾਉਂ

**ਜਲਾਲਾਬਾਦ (ਜੀਤ ਕੁਮਾਰ)** : ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਡਵੀਜ਼ਨ ਪੱਧਰ 'ਤੇ ਕੇਂਦਰ ਦੀ ਬੀਜੇਪੀ ਸਰਕਾਰ ਵੱਲੋਂ ਲਿਆਂਦੇ ਗਏ ਬਿੱਜਲੀ ਬਿੱਲ, ਬੀਜ ਬਿੱਲ 2025 ਦੀਆਂ ਕਾਪੀਆਂ ਸਾੜੀਆਂ ਗਈਆਂ। ਇਸ ਸਬੰਧੀ ਕਿਸਾਨ ਜਥੇਬੰਦੀਆਂ ਵੱਲੋਂ ਬਿਜਲੀ ਵਿਭਾਗ ਦੇ ਸਥਾਨਕ ਐਕਸੀਅਨ ਦਫਤਰ ਅੱਗੇ ਰੋਹ ਭਰਪੂਰ ਧਰਨਾ ਦਿੱਤਾ ਗਿਆ, ਜਿਸ ਵਿੱਚ


ਨਿਹਾਲ ਸਿੰਘ ਵਾਲਾ

ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਭਾਗ ਲਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਰੇਸ਼ਮ ਮਿੱਡਾ ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ, ਬੀ ਕੇ ਯੂ ਉਗਰਾਹਾਂ ਦੇ ਜਿਲ੍ਹਾ ਸਕੱਤਰ ਜਗਸੀਰ ਸਿੰਘ,ਬਲਾਕ ਪ੍ਰਧਾਨ ਪਿੱਪਲ ਸਿੰਘ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਢੰਡੀਆਂ, ਬੀ ਕੇ ਯੂ ਡਕੌਂਦਾ ਬੁਰਜ ਗਿੱਲ ਦੇ ਜ਼ਿਲ੍ਹਾ ਪ੍ਰਧਾਨ ਜੋਗਾ ਸਿੰਘ, ਗੁਰਵਿੰਦਰ ਸਿੰਘ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਬਿਸ਼ਨ ਚੌਹਾਨ, ਬੀ ਕੇ ਯੂ ਕਾਦੀਆਂ ਦੇ ਬਲਦੇਵ ਰਾਜ ਤੇ ਪੈਨਸ਼ਨਰ ਐਸੋਏਸ਼ਨ ਦੇ ਆਗੂ ਰਾਮ ਕ੍ਰਿਸ਼ਨ, ਰਜਿੰਦਰ ਸਿੰਘ, ਟੀਐੱਸਯੂ ਦੇ ਸਾਥੀ ਰਜੇਸ਼, ਸ਼ੇਰ ਸਿੰਘ, ਇੰਪਲਾਈਜ਼ ਫੈਡਰੇਸ਼ਨ ਦੇ ਸੁਖਵਿੰਦਰ ਭਗਤ ਨੇ ਕਿਹਾ ਕਿ ਬਿਜਲੀ ਸੋਧ ਬਿੱਲ 2025 ਨੂੰ ਕੇਂਦਰ ਸਰਕਾਰ ਦਾ ਲੋਕਾਂ ਵਿਰੁੱਧ ਇੱਕ ਵੱਡਾ ਹਮਲਾ ਕਰਾਰ ਦਿੰਦਿਆਂ ਇਸ ਨੂੰ ਵਾਪਸ ਕਰਵਾਉਣ ਲਈ ਤਾਲਮੇਲਵੇ ਸੰਘਰਸ਼ਾਂ ਰਾਹੀਂ ਜਨਤਕ ਲਹਿਰ ਖੜੀ ਕਰਨ ਦਾ ਫੈਸਲਾ ਕੀਤਾ ਗਿਆ। ਬਿਜਲੀ ਨੂੰ ਜਨਤਕ ਹਿੱਤ ਦੀ ਵਸਤੂ ਵਜੋਂ ਸਮਝਦਿਆਂ ਸਰਕਾਰਾਂ ਨੇ ਸਰਕਾਰੀ ਬਿਜਲੀ ਅਦਾਰੇ ਤੇ ਢਾਂਚਾ ਖੜ੍ਹਾ ਕੀਤਾ ਸੀ। ਆਰਥਿਕ ਉਦਾਰੀਕਰਨ ਦੀਆਂ ਨੀਤੀਆਂ ਕਾਰਨ ਸਰਕਾਰਾਂ ਦੀ ਇਹ ਨੀਤੀ ਬਦਲ ਗਈ। ਹੁਣ ਬਿਜਲੀ ਨੂੰ ਮੰਡੀ ਦੀ ਵਸਤੂ ਬਣਾਉਣ ਲਈ ਯਤਨ ਕੀਤੇ ਜਾ ਰਹੇ ਹਨ। ਕੇਂਦਰ ਦੀ ਮੋਦੀ ਸਰਕਾਰ ਤਾਂ ਇਸ ਸਬੰਧੀ ਕਾਰਪੋਰੇਟ ਘਰਾਣਿਆਂ ਦੇ ਸਾਹਮਣੇ ਪੂਰੀ ਤਰ੍ਹਾਂ ਗੋਡੇ ਟੇਕ ਚੁੱਕੀ ਹੈ। ਬਿਜਲੀ ਸੋਧ ਬਿੱਲ 2025 ਬਿਜਲੀ ਦੇ ਵੰਡ ਖੇਤਰ ਦੇ ਨਿੱਜੀਕਰਨ ਦੀ ਕਾਰਪੋਰੇਟ ਦੀ ਲੋੜ ਨੂੰ ਪੂਰਾ ਕਰੇਗਾ, ਜਿਸ ਕਾਰਨ ਦੇਸ਼ ਦੇ ਕਰੋੜਾਂ ਖਪਤਕਾਰਾਂ ਨੂੰ ਪ੍ਰਾਈਵੇਟ ਕੰਪਨੀਆਂ ਦੀ ਲੁੱਟ ਦਾ ਸ਼ਿਕਾਰ ਬਣਾਇਆ ਜਾਵੇਗਾ, ਬਿਜਲੀ ਸੋਧ ਬਿੱਲ ਵਾਪਸ ਲੈਣ, ਸਮਾਰਟ ਚਿੱਪ ਮੀਟਰ ਵਾਪਸ ਲੈਣ ਦੀ ਮੰਗ ਕੀਤੀ। ਇਸ ਮੌਕੇ ਮਨਦੀਪ ਸਿੰਘ, ਜਸਕੌਰ ਸਿੰਘ ਨੇ ਸਟੇਜ ਸੰਚਾਲਨ ਦੀ ਭੂਮਿਕਾ ਨਿਭਾਈ ਗਈ।

**ਬੁਢਲਾਡਾ (ਅਸ਼ੋਕ ਲਾਕੜਾ)** : ਬਿਜਲੀ ਸੋਧ ਬਿੱਲ 2025 ਦੇ ਵਿਰੋਧ ਵਿੱਚ ਸਥਾਨਕ ਐਕਸੀਅਨ ਪਾਵਰਕੌਮ ਦਫ਼ਤਰ ਅੱਗੇ ਇੱਕ ਵਿਸ਼ਾਲ ਰੋਸ ਧਰਨਾ ਦਿੱਤਾ ਗਿਆ।ਇਸ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਮੂਲੀਅਤ ਕੀਤੀ ਤੇ ਸਰਕਾਰ ਦੀਆਂ ਲੋਕਮਾਰੂ ਨੀਤੀਆਂ ਖਿਲਾਫ਼ ਜ਼ਬਰਦਸਤ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨਕਾਰੀਆਂ ਨੇ ਮੰਗ ਕੀਤੀ ਕਿ ਇਸ ਕਾਰਪੋਰੇਟ ਪੱਖੀ ਤੇ ਲੋਕ ਵਿਰੋਧੀ ਬਿਜਲੀ ਬਿੱਲ 2025 ਨੂੰ ਤੁਰੰਤ ਰੱਦ ਕੀਤਾ ਜਾਵੇ।ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਇਹ ਬਿੱਲ ਵਾਪਸ ਨਾ ਲਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਅੰਤ ਵਿੱਚ ਸੰਯੁਕਤ ਮੋਰਚੇ ਦੇ ਵਫ਼ਦ ਵੱਲੋਂ ਐਕਸੀਅਨ ਦਫਤਰ ਅੱਗੇ 2025 ਬਿਲ ਦੀਆਂ ਕਾਪੀਆਂ ਸਾੜੀਆਂ ਗਈਆਂ।ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ ਜਗਸੀਰ ਸਿੰਘ ਦੋਦੜਾ, ਕਪੂਰ ਸਿੰਘ ਦਰੀਆਪੁਰ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ ਦੇ ਦਰਸ਼ਨ ਸਿੰਘ ਗੁਰਨੇ ਕਲਾਂ, ਸੱਤਪਾਲ ਸਿੰਘ ਵਰੇ, ਬਲਦੇਵ ਸਿੰਘ ਪਿਪਲੀਆ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਬੁਰਜ ਗਿੱਲ ਜਗਰਾਜ ਸਿੰਘ ਅਹਿਮਦਪੁਰ, ਭਾਰਤੀ ਕਿਸਾਨ ਯੂਨੀਅਨ ਕਾਦੀਆ ਦੇ ਸਿੰਗਾਰਾ ਸਿੰਘ ਦੋਦੜਾ, ਪੰਜਾਬ ਕਿਸਾਨ ਯੂਨੀਅਨ ਦੇ ਰਾਮਫਲ ਸਿੰਘ ਚੱਕ, ਜਮਹੂਰੀ ਕਿਸਾਨ ਸਭਾ ਦੇ ਅਮਰੀਕ ਸਿੰਘ ਬੱਲਮ ਸਿੰਘ, ਕੁੱਲ ਹਿੰਦ ਕਿਸਾਨ ਸਭਾ ਦੇ ਭੁਪਿੰਦਰ ਸਿੰਘ ਹਰਮੀਤ ਸਿੰਘ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਦਿਲਬਾਗ ਸਿੰਘ ਗੱਗੀ, ਟੈਕਨੀਕਲ ਸਰਵਿਸ ਯੂਨੀਅਨ ਰਮਨ ਕੁਮਾਰ, ਇੰਪਲਾਈਜ਼ ਫੈਡਰੇਸ਼ਨ ਦਲਜੀਤ ਸਿੰਘ ਉਗਰਾਹਾਂ ਜਥੇਬੰਦੀ ਦੀ ਇਸਤਰੀ ਆਗੂ ਦਲੀਪ ਕੌਰ ਆਦਿ ਹਾਜ਼ਰ ਸਨ।

**ਮੂਨਕ (ਰਾਜਪਾਲ ਸਿੰਗਲਾ)** : ਸੰਯੁਕਤ ਕਿਸਾਨ ਮੋਰਚਾ ਭਾਰਤ ਦੇ ਸੱਦੇ ਉੱਤੇ ਲਹਿਰਾਗਾਗਾ ਦੀ ਸ਼ਹਿਰੀ ਸਬ ਡਵੀਜ਼ਨ ਦੇ ਦਫ਼ਤਰ ਮੂਨਕ ਮੂਹਰੇ ਇਲਾਕੇ ਦੀਆਂ ਸਮੂਹ ਕਿਸਾਨ ਜਥੇਬੰਦੀਆਂ, ਬਿਜਲੀ ਬੋਰਡ ਦੀਆਂ ਸਮੂਹ ਜਥੇਬੰਦੀਆਂ, ਪੈਨਸ਼ਨ ਯੂਨੀਅਨ ਤੇ ਐਸੋਸੀਏਸ਼ਨ, ਹੋਰ ਮਜ਼ਦੂਰ ਜਥੇਬੰਦੀਆਂ ਵੱਲੋਂ ਸਾਂਝੇ ਰੂਪ ਵਿੱਚ ਮੋਦੀ ਸਰਕਾਰ ਤੇ ਪੰਜਾਬ ਸਰਕਾਰ ਖਿਲਾਫ ਵਿਸ਼ਾਲ ਧਰਨਾ ਦਿੱਤਾ ਗਿਆ। ਇਸ ਸਾਂਝੇ ਵਿਸ਼ਾਲ ਧਰਨੇ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਮੋਦੀ ਸਰਕਾਰ ਵੱਲੋਂ ਬਿਜਲੀ ਬੋਰਡ ਤੋੜ ਕੇ ਬਿਜਲੀ ਬਿੱਲ 2025 ਲਿਆਉਣ ਦੇ ਖਿਲਾਫ ਸਖਤ ਚੇਤਾਵਨੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਸਰਕਾਰ ਬਿਜਲੀ ਬਿੱਲ 2025 ਲਿਆ ਕੇ ਚੰਗੇ ਭੱਲੇ ਚੱਲ ਰਹੇ ਸਾਰੇ ਦੇਸ਼ ਦੇ ਬਿਜਲੀ ਬੋਰਡਾਂ ਨੂੰ ਤੋੜ ਕੇ ਪ੍ਰਾਈਵੇਟ ਕੰਪਨੀਆਂ ਨੂੰ ਸੌਂਪਣਾ ਚਾਹੁੰਦੀ ਹੈ, ਜਿਸ ਨੂੰ ਭਾਰਤ ਦੇ ਲੋਕ ਕਦਾ ਚਿੱਤ ਵੀ ਪ੍ਰਵਾਨ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਸਰਕਾਰ ਜਿੱਥੇ ਲੋਕ ਮਾਰੂ ਫੈਸਲੇ ਲਏ ਰਹੀ ਹੈ, ਉੱਥੇ ਨਵਾਂ ਬੀਜ ਕਾਨੂੰਨ ਵੀ ਲਿਆ ਰਹੀ ਹੈ ਜੋ ਕਿ ਕਿਸਾਨਾਂ ਨਾਲ ਸਰਾਸਰ ਧੱਕਾ ਹੈ। ਇਸ ਬੀਜ ਬਿਲ ਪਾਸ ਹੋਣ ਨਾਲ ਕੋਈ ਵੀ ਕਿਸਾਨ ਆਪਣਾ ਘਰੇ ਦੇਸੀ ਬੀਜ ਨਹੀਂ ਰੱਖ ਸਕੇਗਾ, ਇਸ ਕਾਨੂੰਨ ਵਿੱਚ ਅਜਿਹਾ ਕਰਨ ਤੇ ਸਜ਼ਾ ਦਾ ਵੀ ਪ੍ਰਬੰਧ ਹੈ। ਉਨ੍ਹਾਂ ਕਿਹਾ ਕਿ ਸਰਕਾਰ ਹਰ ਉਹ ਕਾਨੂੰਨ ਖਤਮ ਕਰ ਰਹੀ ਹੈ, ਜੋ ਲੋਕਾਂ ਦੇ ਹੱਕ ਵਿੱਚ ਹਨ। ਬੁਲਾਰਿਆਂ ਨੇ ਚੇਤਾਵਨੀ ਦਿੱਤੀ ਕਿ ਅਜਿਹੇ ਕਿਸਾਨ ਤੇ ਮਜ਼ਦੂਰ ਵਿਰੋਧੀ ਕਾਨੂੰਨਾਂ ਨੂੰ ਕਿਸੇ ਵੀ ਹਾਲਤ ਵਿੱਚ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ।ਧਰਨੇ ਨੂੰ ਬਿਜਲੀ ਬੋਰਡ ਦੀਆਂ ਜਥੇਬੰਦੀਆਂ ਵੱਲੋਂ ਪੂਰਨ ਸਿੰਘ ਖਾਈ, ਚਿਮਨ ਲਾਲ, ਸੁਰਿੰਦਰ ਮੋਹਨ, ਗੁਰਸ਼ੈਬਰ ਸਿੰਘ, ਗੁਰਮੀਤ ਸਿੰਘ, ਅਮਨਦੀਪ ਗਰਗ, ਮਨਜੀਤ ਕੁਮਾਰ, ਨਿਰੰਜਨ ਸਿੰਘ ਗਿੱਦੜਿਆਣੀ, ਪੈਨਸ਼ਨਰਾਂ ਵੱਲੋਂ ਗੁਰਚਰਨ ਸਿੰਘ, ਸੀਤਾ ਰਾਮ ਸ਼ਰਮਾ, ਪਾਲ ਸਿੰਘ ਖਾਈ, ਗੁਰਪ੍ਰੀਤ ਸਿੰਘ ਸੰਗਤਪੁਰਾ, ਬਹਾਦਰ ਸਿੰਘ ਭਟਾਲ ਖੁਰਦ, ਗੋਪੀ ਗਿਰ ਖੇਤ ਮਜ਼ਦੂਰ ਯੂਨੀਅਨ, ਅਮਰੀਕ ਸਿੰਘ ਗੰਢੂਆਂ ਜ਼ਿਲ੍ਹਾ ਪ੍ਰਧਾਨ ਏਕਤਾ ਉਗਰਾਹਾਂ, ਦਵਿੰਦਰ ਸਿੰਘ ਪਿਸ਼ੌਰ ਏਕਤਾ ਮੰਚ ਪੰਜਾਬ ਆਗੂ ਆਦਿ ਬੁਲਾਰਿਆਂ ਨੇ ਸੰਬੋਧਨ ਕੀਤਾ।

**ਬੱਧਨੀ ਕਲਾਂ (ਲਵਲੀ ਕੁਮਾਰ)** : ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਬਿਜਲੀ ਐਕਟ 2025 ਦੇ ਵਿਰੋਧ ਵਿੱਚ ਸਬ ਡਵੀਜ਼ਨ ਬੱਧਨੀ ਕਲਾਂ ਅੱਗੇ ਧਰਨਾ ਲਗਾਇਆ ਗਿਆ।ਇਸ ਮੌਕੇ ਬੇਅੰਤ ਸਿੰਘ ਮੱਲੇਆਣਾ ਬਲਾਕ ਪ੍ਰਧਾਨ ਕਿਰਤੀ ਕਿਸਾਨ ਯੂਨੀਅਨ ਤੇ ਜਗਤਾਰ ਸਿੰਘ ਰਾਮਾ ਮਜ਼ਦੂਰ ਆਗੂ ਨੇ ਸੰਬੋਧਨ ਕਰਦਿਆਂ ਹੋਇਆਂ ਬਿਜਲੀ ਐਕਟ 2025 ਦਾ ਵਿਰੋਧ ਕਰਦਿਆਂ ਇਸ ਐਕਟ ਦੇ ਤਹਿਤ ਲੋਕਾਂ ਤੇ ਪੈਣ ਵਾਲੇ ਮਾਰੂ ਪ੍ਰਭਾਵਾਂ ਤੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਇਸ ਐਕਟ ਦੇ ਲਾਗੂ ਹੋਣ ਨਾਲ 90% ਲੋਕ ਇਸ ਐਕਟ ਦੇ ਨਾਲ ਪ੍ਰਭਾਵਤ ਹੋਣਗੇ, ਜਿਸ ਦੇ ਚਲਦਿਆਂ ਉਹ ਇਸ ਸਹੂਲਤ ਤੋਂ ਵਾਂਝੇ ਰਹਿ ਜਾਣ ਦਾ ਖਤਰਾ ਪੈਦਾ ਹੋ ਰਿਹਾ ਹੈ।ਇਸ ਸਮੇਂ ਮਾਸਟਰ ਸਵਰਨ ਸਿੰਘ ਬੱਧਨੀ ਕਲਾਂ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਤੇ ਜਗਰਾਜ ਸਿੰਘ ਕੁੱਸਾ ਪੰਜਾਬ ਖੇਤ ਮਜ਼ਦੂਰ ਯੂਨੀਅਨ, ਸਤਿੰਦਰਪਾਲ ਸਿੰਘ ਆਗੂ ਲੱਖੋਵਾਲ, ਲਖਵੀਰ ਸਿੰਘ ਲੱਖਾ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ, ਕਾਮਰੇਡ ਕੁਲਵੰਤ ਸਿੰਘ ਸਾਬਕਾ ਸਰਪੰਚ ਕੁੱਲ ਹਿੰਦ ਕਿਸਾਨ ਸਭਾ, ਗੁਰਮੀਤ ਸਿੰਘ ਧਾਲੀਵਾਲ ਪੀ.ਐੱਸ.ਈ.ਬੀ. ਰਿਟਾਇਰਡ ਫੈਡਰੇਸ਼ਨ, ਸੇਵਕ ਸਿੰਘ ਟੀ. ਐੱਸ.ਯੂ. ਆਗੂ, ਬੰਤ ਸਿੰਘ ਪ੍ਰਧਾਨ, ਗੁਰਚਰਨ ਸਿੰਘ ਫੈਡਰੇਸ਼ਨ ਏਟਕ ਆਗੂ, ਗੁਰਮੀਤ ਸਿੰਘ ਡਾਲਾ ਆਗੂ ਟੀ ਐੱਸ ਯੂ ਆਦਿ ਆਗੂਆਂ ਨੇ ਸੰਬੋਧਨ ਕੀਤਾ।ਇਸ ਮੌਕੇ


ਮੋਗਾ

ਸਟੇਜ ਦੀ ਕਾਰਵਾਈ ਕੇਵਲ ਕ੍ਰਿਸ਼ਨ ਆਗੂ ਭਾਰਤੀ ਕਿਸਾਨ ਏਕਤਾ ਉਗਰਾਹਾਂ ਨੇ ਬਾਖੂਬੀ ਨਿਭਾਈ। ਧਰਨੇ ਉਪਰੰਤ ਬੱਧਨੀ ਕਲਾਂ ਦੇ ਬਜ਼ਾਰਾਂ ਵਿੱਚ ਮੁਜ਼ਾਹਰਾ ਕਰਨ ਉਪਰੰਤ ਮੇਨ ਬੱਸ ਸਟੈਂਡ ਵਿਖੇ ਬਿਜਲੀ ਐਕਟ 2025 ਦੀਆਂ ਕਾਪੀਆਂ ਸਾੜੀਆਂ ਗਈਆਂ।

**ਲੌਂਗੋਵਾਲ (ਪ੍ਰਦੀਪ ਸੱਪਲ)** : ਕੇਂਦਰ ਸਰਕਾਰ ਵੱਲੋਂ ਪ੍ਰਸਤਾਵਿਤ ਬਿਜਲੀ ਸੋਧ ਬਿਲ 2025 ਤੇ ਸੀਡ ਬਿਲ 2025 ਖਿਲਾਫ ਸੰਯੁਕਤ ਕਿਸਾਨ ਮੋਰਚੇ ਵੱਲੋਂ ਰੋਸ ਪ੍ਰਦਰਸ਼ਨ ਕਰਨ ਦੇ ਦਿੱਤੇ ਸੱਦੇ ਤਹਿਤ ਸਬ ਡਵੀਜ਼ਨ ਲੌਂਗੋਵਾਲ ਦੇ ਦਫਤਰ ਅੱਗੇ ਕਿਸਾਨ ਜਥੇਬੰਦੀਆਂ, ਬਿਜਲੀ ਮੁਲਾਜ਼ਮਾਂ ਤੇ ਮਜ਼ਦੂਰਾਂ ਵੱਲੋਂ ਵਿਸ਼ਾਲ ਰੋਸ ਪ੍ਰਦਰਸ਼ਨ ਕਰਦਿਆਂ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ ਅਤੇ ਬਿਲਾਂ ਦੀਆਂ ਕਾਪੀਆਂ ਫੂਕੀਆਂ ਗਈਆਂ।ਇਸ ਮੌਕੇ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਬਲਾਕ ਪ੍ਰਧਾਨ ਭੁਪਿੰਦਰ ਸਿੰਘ ਲੌਂਗੋਵਾਲ, ਬੀਕੇਯੂ ਏਕਤਾ ਉਗਰਾਹਾਂ ਦੇ ਬਲਾਕ ਪ੍ਰਧਾਨ ਅਮਰੀਕ ਸਿੰਘ ਗੰਢੂਆਂ, ਬੀਕੇਯੂ ਡਕੌਂਦਾ ਬੁਰਜ ਗਿੱਲ ਦੇ ਬਲਜੀਤ ਸਿੰਘ, ਟੀਐੱਸਯੂ ਦੇ ਜਗਤਾਰ ਸਿੰਘ, ਨਰਿੰਦਰ ਸ਼ਰਮਾ ਤੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਲਖਵੀਰ ਸਿੰਘ ਨੇ ਕਿਹਾ ਕਿ ਮੋਦੀ ਸਰਕਾਰ ਲੋਕ ਵਿਰੋਧੀ ਕਾਨੂੰਨ ਲਿਆ ਰਹੀ ਹੈ। ਬਿਜਲੀ ਸੋਧ ਬਿਲ ਦੇ ਲਾਗੂ ਹੋਣ ਨਾਲ ਇਸ ਖੇਤਰ ਵਿੱਚ ਕਾਰਪੋਰੇਟ ਘਰਾਣਿਆਂ ਦੀ ਅਜਾਰੇਦਾਰੀ ਹੋ ਜਾਵੇਗੀ ਅਤੇ ਆਮ ਲੋਕਾਂ ਦੀ ਪਹੁੰਚ ਤੋਂ ਬਿਜਲੀ ਬਾਹਰ ਹੋ ਜਾਵੇਗੀ। ਇਸ ਤਰ੍ਹਾਂ ਸੀਡ ਬਿਲ ਰਾਹੀਂ ਪਹਿਲਾਂ ਹੀ ਸੰਕਟ ਦਾ ਸ਼ਿਕਾਰ ਖੇਤੀ ਖੇਤਰ ਕਾਰਪੋਰੇਟ ਘਰਾਣਿਆਂ ਦੀ ਰਹਿਮੋ ਕਰਮ 'ਤੇ ਹੋ ਜਾਵੇਗਾ ਅਤੇ ਛੋਟੀ ਕਿਸਾਨੀ ਖੇਤੀ ਸੈਕਟਰ ਚੋਂ ਬਾਹਰ ਹੋ ਜਾਵੇਗੀ ਤੇ ਸਿੱਧੇ ਢੰਗ ਨਾਲ ਕਾਰਪੋਰੇਟ ਘਰਾਣਿਆਂ ਦਾ ਖੇਤੀ ਤੇ ਕਬਜ਼ਾ ਹੋ ਜਾਵੇਗਾ।ਇਹ ਦੋਨੋਂ ਬਿਲਾਂ ਨੂੰ ਕੇਂਦਰ ਸਰਕਾਰ ਰੱਦ ਕਰੇ ਅਤੇ ਪੰਜਾਬ ਸਰਕਾਰ ਇਹਨਾਂ ਬਿਲਾਂ ਨੂੰ ਰੱਦ ਕਰਨ ਲਈ ਵਿਸ਼ੇਸ਼ ਮਤਾ ਪਾ ਕੇ ਕੇਂਦਰ ਸਰਕਾਰ ਨੂੰ ਭੇਜੇ ਅਤੇ ਇਹਨਾਂ ਬਿਲਾਂ ਦਾ ਵਿਰੋਧ ਕਰੇ। ਇਸ ਮੌਕੇ ਕਿਸਾਨ ਆਗੂ ਦਰਸ਼ਨ ਸਿੰਘ ਕੁੰਨਰਾਂ, ਹੈਪੀ ਸ਼ੇਰੋਂ, ਮਹਿੰਦਰ ਸਿੰਘ, ਹਰਦੇਵ ਸਿੰਘ, ਭਜਨ ਸਿੰਘ ਢਡਰੀਆਂ, ਭੋਲਾ ਸਿੰਘ ਪਨਾਂਚ, ਹਰਦੇਵ ਸਿੰਘ ਦੁੱਲਟ, ਭਰਪੂਰ ਸਿੰਘ ਦੁੱਗਾਂ ਅਤੇ ਚਮਕੌਰ ਸਿੰਘ ਲੌਂਗੋਵਾਲ ਨੇ ਵੀ ਸੰਬੋਧਨ ਕੀਤਾ।

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)** : ਜੀ ਐੱਚ ਟੀ ਪੀ ਠੇਕਾ ਮੁਲਾਜ਼ਮ ਯੂਨੀਅਨ (ਆਜ਼ਾਦ) ਦੇ ਬੈਨਰ ਹੇਠ ਗੁਰੂ ਹਰਿਗੋਬਿੰਦ ਥਰਮਲ ਪਲਾਂਟ ਲਹਿਰਾ ਮੁਹੱਬਤ ਦੇ ਠੇਕਾ ਮੁਲਾਜ਼ਮਾਂ ਨੇ ਪਲਾਂਟ ਦੇ ਮੁੱਖ ਗੇਟ 'ਤੇ ਰੈਲੀ ਕਰਨ ਉਪਰੰਤ 'ਬਿਜਲੀ ਐਕਟ 2025' ਦੀਆਂ ਕਾਪੀਆਂ ਸਾੜ ਕੇ ਕੀਤਾ ਰੋਸ ਪ੍ਰਦਰਸ਼ਨ ਕੀਤਾ। ਜਥੇਬੰਦੀ ਦੇ ਪ੍ਰਧਾਨ ਜਗਰੂਪ ਸਿੰਘ, ਜਰਨਲ ਸਕੱਤਰ ਜਗਸੀਰ ਸਿੰਘ ਭੰਗੂ, ਵਿੱਤ ਸਕੱਤਰ ਲਛਮਣ ਸਿੰਘ ਰਾਮਪੁਰਾ ਤੇ ਮੀਤ ਪ੍ਰਧਾਨ ਹਰਦੀਪ ਸਿੰਘ ਤੱਗੜ ਨੇ ਸੰਬੋਧਨ ਕੀਤਾ। ਉਨ੍ਹਾਂ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕੇਂਦਰ ਤੇ ਪੰਜਾਬ ਸਰਕਾਰ ਨੇ ਇਨ੍ਹਾਂ ਬਿਲਾਂ ਤੇ ਕਾਨੂੰਨਾਂ ਨੂੰ ਵਾਪਸ ਨਾ ਲਿਆ ਤਾਂ ਸਮੂਹ ਜਨਤਕ ਤੇ ਟਰੇਡ ਜਥੇਬੰਦੀਆਂ ਅਗਲੇ ਤਿੱਖੇ ਸੰਘਰਸ਼ ਦਾ ਫੈਸਲਾ ਕਰਨ ਲਈ ਮਜਬੂਰ ਹੋਣਗੀਆਂ, ਜਿਸ ਦੀ ਸਾਰੀ ਜ਼ਿੰਮੇਵਾਰੀ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੀ ਹੋਵੇਗੀ।

**ਮੋਗਾ (ਇਕਬਾਲ ਸਿੰਘ ਖਹਿਰਾ)** : ਸੰਯੁਕਤ ਕਿਸਾਨ ਮੋਰਚਾ ਦਿਸ਼ਾ ਨਿਰਦੇਸ਼ ਅਨੁਸਾਰ ਸਯੁਕਤ ਕਿਸਾਨ ਮੋਰਚਾ ਜਥੇਬੰਦੀਆਂ ਤੇ ਭਾਰਤਰੀ ਜਥੇਬੰਦੀਆਂ ਜਿਸ ਵਿਚ ਭਾਰਤੀ ਕਿਸਾਨ ਲੱਖੋਵਾਲ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਕਿਰਤੀ ਕਿਸਾਨ ਯੂਨੀਅਨ, ਪਾਵਰ ਕੌਮ ਐਂਡ ਟਰਾਂਸਕੋ ਪੈਨਸ਼ਨ ਯੂਨੀਅਨ ਪੰਜਾਬ ਰਜਿਸਟਰਡ ਏਟਕ, ਪੀ ਐਸ ਈ ਵੀ ਅਪਲਾਈ ਫੈਡਰੇਸ਼ਨ ਏਟਕ ਪੰਜਾਬ, ਨੌਜਵਾਨ ਭਾਰਤ ਸਭਾ, ਪੰਜਾਬ ਪੈਨਸ਼ਨ ਯੂਨੀਅਨ, ਗੌਰਮੈਂਟ ਪੈਨਸ਼ਨਰ ਐਸੋਸੀਏਸ਼ਨ, ਟੈਕਨੀਕਲ ਸਰਵਿਸ ਯੂਨੀਅਨ, ਨੌਜਵਾਨ ਭਾਰਤ ਸਭਾ, ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰ ਯੂਨੀਅਨ, ਪਾਵਰਕਾਮ ਪ੍ਰਾਈਵੇਟ ਮੀਟਰ ਰੀਡਰ ਯੂਨੀਅਨ, ਆਈ ਟੀ ਆਈ ਇੰਪਲਾਈਜ਼ ਐਸੋਸੀਏਸ਼ਨ ਨੇ ਬਿਜਲੀ ਸੋਧ ਤੇ ਬੀਜ ਸੋਧ ਬਿੱਲਾਂ ਦੀਆਂ ਮੋਗਾ ਹੈਡ ਆਫਿਸ ਬਿਜਲੀ ਬੋਰਡ ਦਫਤਰ ਵਿਖੇ ਸਰਕਾਰ ਵੱਲੋਂ ਸੰਯੁਕਤ ਕਿਸਾਨ ਮੋਰਚੇ ਨਾਲ ਦਿੱਲੀ ਦੇ ਇਤਿਹਾਸਕ ਕਿਸਾਨ ਘੋਲ ਸਮੇਂ ਕੀਤੇ ਗਏ ਵਾਅਦਿਆਂ ਨੂੰ ਉਲੰਘ ਕੇ, ਬਿਜਲੀ ਸੋਧ ਬਿੱਲ 2025 ਪਾਰਲੀਮੈਂਟ ਦੇ ਸਰਦ ਰੁੱਤ ਸੈਸ਼ਨ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੋਧ ਬਿੱਲ ਦੇ ਖ਼ਿਲਾਫ਼ ਸੰਯੁਕਤ ਕਿਸਾਨ ਮੋਰਚਾ ਪੂਰੇ ਭਾਰਤ ਵਿੱਚ ਡੱਟਵੀਂ ਲੜਾਈ ਲੜੇਗਾ।ਉਨ੍ਹਾਂ ਬਿਲਾਂ ਦੀਆਂ ਕਾਪੀਆਂ ਵੀ ਸਾੜੀਆਂ। ਇਸ ਸਮੇਂ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ, ਇਕਬਾਲ ਸਿੰਘ ਸਿੰਘਾਂਵਾਲਾ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਤੀਰਥ ਸਿੰਘ ਘਲ ਕਲਾਂ ਕਿਰਤੀ ਕਿਸਾਨ ਯੂਨੀਅਨ, ਕਰਮਜੀਤ ਸਿੰਘ ਮਾਣੂਕੇ, ਅਮਰੀਕ ਸਿੰਘ ਮਸੀਤਾਂ, ਜਗਦੀਸ਼ ਸਿੰਘ ਚਾਹਲ, ਅਮਨਪ੍ਰੀਤ ਸਿੰਘ ਆਦਿ ਆਗੂਆਂ ਨੇ ਕਿਹਾ ਕਿ ਅੱਗੇ ਸੰਯੁਕਤ ਕਿਸਾਨ ਮੋਰਚਾ ਤੇ ਭਰਾਤਰੀ ਜਥੇਬੰਦੀਆਂ ਦੀ ਜੋ ਵੀ ਕਾਲ ਆਵੇਗੀ, ਅਸੀਂ ਉਸ ਸੰਸਾਰ ਵੱਡਾ ਸੰਘਰਸ਼ ਵਿੱਢਾਂਗੇ। ਇਸ ਸਮੇਂ ਬਲਕਰਨ ਸਿੰਘ ਢਿੱਲੋਂ, ਲਖਵਿੰਦਰ ਸਿੰਘ ਰੌਲੀ, ਗੁਰਨਾਮ ਸਿੰਘ ਲਵਲੀ, ਪੋਲਾ ਸਿੰਘ ਕਾਮਰੇਡ, ਕੇਵਲ ਸਿੰਘ, ਗੁਰਮੀਤ ਸਿੰਘ ਸੰਧੂ, ਸੁਰਿੰਦਰ ਸਿੰਘ, ਪ੍ਰਕਾਸ਼ ਸਿੰਘ, ਹਰਜੀਤ ਸਿੰਘ ਮਨਾਵਾਂ, ਸੁਖਜੀਤ ਸਿੰਘ ਲੰਡਕੇ, ਜਸਵਿੰਦਰ ਸਿੰਘ ਘੱਲ ਕਲਾਂ, ਗੁਰਪ੍ਰੀਤ ਸਿੰਘ ਮੋਗਾ, ਲਖਬੀਰ ਸਿੰਘ ਸਰਪੰਚ ਸੰਧੂ, ਗੁਰਚਰਨ ਸਿੰਘ ਗੋਧੇਵਾਲਾ, ਅੰਗਰੇਜ਼ ਸਿੰਘ ਡਰੋਲੀ ਭਾਈ ਆਦਿ ਆਗੂ ਸ਼ਾਮਲ ਸਨ।

**ਦੋਰਾਹਾ (ਹਰਮਿੰਦਰ ਸੇਠ)** : ਇੱਥੇ ਗਿੱਲ ਰੋਡ 'ਤੇ ਸਥਿਤ ਬਿਜਲੀ ਬੋਰਡ ਦੀ ਜਨਤਾ ਨਗਰ ਡਵੀਜ਼ਨ ਦਫ਼ਤਰ ਅੱਗੇ ਪਾਵਰਕਾਮ ਐਂਡ ਟ੍ਰਾਂਸਕੋ ਕੰਟਰੈਕਟ ਵਰਕਰਜ਼ ਯੂਨੀਅਨ ਤੇ ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ ਵੱਲੋਂ ਕੇਂਦਰ ਤੇ ਸੂਬਾ ਸਰਕਾਰਾਂ ਵੱਲੋਂ ਲਾਗੂ ਲੋਕ ਵਿਰੋਧੀ ਬਿਜਲੀ ਬਿੱਲ-2025, ਪਾਵਰਕਾਮ ਸਮੇਤ ਸਰਕਾਰੀ ਜਾਇਦਾਦਾਂ ਨੂੰ ਕੌਡੀਆਂ ਦੇ ਭਾਅ ਦੇਸੀ ਬਦੇਸ਼ੀ ਕੰਪਨੀਆਂ ਨੂੰ ਵੇਚਣ ਤੇ 4 ਨਵੇਂ ਕਿਰਤ ਕਾਨੂੰਨਾਂ ਦੀਆਂ ਕਾਪੀਆਂ ਨੂੰ ਸਾੜ ਕੇ ਆਪਣੇ ਰੋਹ ਦਾ ਪ੍ਰਗਟਾਵਾ ਕਰਦੇ ਹੋਏ ਇਨ੍ਹਾਂ ਬਿਲਾਂ/ਕਾਨੂੰਨਾਂ ਨੂੰ ਵਾਪਸ ਲੈਣ ਦੀ ਮੰਗ ਕੀਤੀ।ਸਾਂਝਾ ਪ੍ਰੈੱਸ ਬਿਆਨ ਜਾਰੀ ਕਰਦਿਆਂ ਪਾਵਰਕਾਮ ਐਂਡ ਟ੍ਰਾਂਸਕੋ ਕੰਟਰੈਕਟ ਵਰਕਰਜ਼ ਯੂਨੀਅਨ ਦੇ ਆਗੂ ਸੁਰਜੀਤ ਸਿੰਘ ਤੇ ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ (ਰਜਿ:) ਲੁਧਿਆਣਾ ਦੇ ਪ੍ਰਧਾਨ ਹਰਜਿੰਦਰ ਸਿੰਘ ਨੇ ਕਿਹਾ ਕਿ ਜੇਕਰ ਸਰਕਾਰਾਂ ਨੇ ਲੋਕ ਵਿਰੋਧੀ ਤੇ ਦੇਸ਼-ਧ੍ਰੋਹੀ ਇਹ ਬਿੱਲ-ਕਾਨੂੰਨ ਵਾਪਸ ਨਾ ਲਏ ਤੇ ਮਜ਼ਦੂਰਾਂ ਦੇ ਪੱਕੇ ਰੁਜ਼ਗਾਰ, 8 ਘੰਟੇ ਕੰਮ ਦਿਹਾੜੀ, ਗੁਜ਼ਾਰੇਯੋਗ ਤਨਖਾਹ, ਪੈਨਸ਼ਨ ਦੀ ਗਰੰਟੀ ਤੇ ਜਮਹੂਰੀ ਹੱਕ ਬਹਾਲ ਨਾ ਕੀਤੇ ਤਾਂ ਇਨ੍ਹਾਂ ਖ਼ਿਲਾਫ਼ ਮਜ਼ਦੂਰ, ਮੁਲਾਜ਼ਮ, ਕਿਸਾਨ ਤੇ ਸਭਨਾਂ ਕਿਰਤੀਆਂ ਦੀ ਵਿਸ਼ਾਲ ਏਕਤਾ ਉਸਾਰ ਕੇ ਸਾਂਝੇ ਸੰਘਰਸ਼ ਤੇਜ਼ ਕੀਤੇ ਜਾਣਗੇ।ਇਸ ਮੌਕੇ ਪਾਵਰਕਾਮ ਦੇ ਠੇਕਾ ਮੁਲਾਜ਼ਮ ਰਾਜਿੰਦਰ ਕੁਮਾਰ, ਸੁਰਜੀਤ ਸਿੰਘ, ਅਨੰਦ ਕੁਮਾਰ, ਸ਼ਿਵ ਕੁਮਾਰ, ਜਸਪਾਲ ਸਿੰਘ, ਅਵਤਾਰ ਸਿੰਘ, ਜੌਨੀ,


ਤਲਵੰਡੀ ਸਾਬੋ

ਅਨਿਲ ਕੁਮਾਰ, ਮੋਲਡਰ ਯੂਨੀਅਨ ਜੀ ਐੱਸ ਜੌਹਰੀ, ਗੁਰਮੀਤ ਸਿੰਘ, ਲਛਮੀ, ਮਲਕੀਤ ਮਾਲੜਾ ਸਮੇਤ ਅਨੇਕਾਂ ਔਰਤਾਂ ਮਨਜੀਤ ਕੌਰ, ਆਸ਼ਾ ਕੁਮਾਰੀ, ਬਲਵੀਰ ਕੌਰ ਆਦਿ ਸਮੇਤ ਵੱਡੀ ਸੰਖਿਆ 'ਚ ਸ਼ਮੂਲੀਅਤ ਹੋਈ।

**ਮਾਨਸਾ (ਆਤਮਾ ਸਿੰਘ ਪਮਾਰ)** : ਸੰਯੁਕਤ ਕਿਸਾਨ ਮੋਰਚੇ, ਪੰਜਾਬ ਦੀਆਂ ਪੇਂਡੂ ਖੇਤ ਮਜ਼ਦੂਰ ਜਥੇਬੰਦੀਆਂ ਦੇ ਸੱਦੇ 'ਤੇ ਬਿਜਲੀ ਸੋਧ ਬਿਲ 2025 ਅਤੇ ਸੀਡ ਬਿਲ ਖਿਲਾਫ਼ ਬਿਜਲੀ ਮਹਿਕਮੇ ਦੀਆਂ ਸਬ ਡਵੀਜ਼ਨਾਂ ਅੱਗੇ ਵੱਡੇ ਪ੍ਰਦਰਸ਼ਨ ਕਰਕੇ ਬਿਲਾਂ ਦੀਆਂ ਕਾਪੀਆਂ ਸਾੜਨ ਦੇ ਸੱਦੇ ਅਨੁਸਾਰ ਬਿਜਲੀ ਗ੍ਰੈਂਡ ਨੇੜੇ ਤਿੰਕੋਨੀ ਮਾਨਸਾ ਵਿਖੇ ਸੰਯੁਕਤ ਮੋਰਚੇ ਤੇ ਮਜ਼ਦੂਰਾਂ ਅਤੇ ਵੱਖ ਵੱਖ ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਪ੍ਰਦਰਸ਼ਨ ਉਪਰੰਤ ਬਿਲਾਂ ਦੀਆਂ ਕਾਪੀਆਂ ਸਾੜੀਆਂ ਗਈਆਂ।ਇਸ ਸਮੇਂ ਮਹਿੰਦਰ ਸਿੰਘ ਭੈਣੀ ਬਾਘਾ, ਨਿਰਮਲ ਸਿੰਘ ਝੰਡੂਕੇ, ਬਾਘਾ, ਲਖਬੀਰ ਸਿੰਘ ਅਕਲੀਆ, ਮੇਜ਼ਰ ਸਿੰਘ ਦੂਲੋਵਾਲ, ਧੰਨਾ ਮੱਲ ਗੋਇਲ, ਭਜਨ ਸਿੰਘ ਘੁੰਮਣ, ਰਤਨ ਭੋਲਾ ਨੇ ਸੰਬੋਧਨ ਕੀਤਾ ਤੇ ਸਟੇਜ ਦੀ ਜ਼ਿੰਮੇਵਾਰੀ ਰੂਪ ਸਿੰਘ ਢਿੱਲੋਂ ਵੱਲੋਂ ਬਾਖੂਬੀ ਨਿਭਾਈ ਗਈ।ਇਸ ਸਮੇਂ ਬਿਜਲੀ ਬੋਰਡ ਦੀਆਂ ਜਥੇਬੰਦੀਆਂ ਵੱਲੋਂ ਵੀ ਧਰਨੇ ਵਿੱਚ ਸਹਿਯੋਗ ਦਿੱਤਾ ਗਿਆ।

**ਰਾਜਪੁਰਾ (ਰਮੇਸ਼ ਕਟਾਰੀਆ)** : ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਰਾਜਪੁਰਾ ਦੇ ਦਫਤਰ ਅੱਗੇ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਜਥੇਬੰਦੀਆਂ ਵੱਲੋਂ ਖਰੜਾ ਬਿਜਲੀ ਸੋਧ ਬਿਲ 2025 ਤੇ ਖਰੜਾ ਬੀਜ ਬਿੱਲ 2019 ਦੀਆਂ ਕਾਪੀਆਂ ਸਾੜੀਆਂ ਗਈਆਂ। ਕੇਂਦਰ ਦੀ ਬੀਜੇਪੀ ਸਰਕਾਰ ਪਾਵਰ ਕਾਰਪੋਰੇਸ਼ਨ ਤੇ ਖੇਤੀਬਾੜੀ ਦੇ ਬੀਜਾਂ ਸਬੰਧੀ ਸਾਰਾ ਕੰਟਰੋਲ ਆਪਣੇ ਹੱਥ ਵਿੱਚ ਲੈਣਾ ਚਾਹੁੰਦੀ ਹੈ, ਤਾਂ ਕਿ ਇਨ੍ਹਾਂ ਦੀਆਂ ਕੀਮਤਾਂ ਵਿੱਚ ਮਨਮਰਜ਼ੀ ਨਾਲ ਵਾਧਾ ਕੀਤਾ ਜਾਵੇ ਅਤੇ ਕਿਸਾਨ ਹਿੱਤਾਂ ਨੂੰ ਢਾਹ ਲਾਈ ਜਾਵੇ। ਖੇਤੀਬਾੜੀ ਦੇ ਤਿੰਨ ਕਾਲੇ ਕਾਨੂੰਨ ਵਾਪਸ ਲੈਣ ਪਿੱਛੋਂ ਬੀਜੇਪੀ ਦੀ ਕੇਂਦਰੀ ਸਰਕਾਰ ਉਨ੍ਹਾਂ ਕਾਲੇ ਕਾਨੂੰਨਾਂ ਨੂੰ ਵਿੰਗੇ ਟੇਢੇ ਢੰਗ ਨਾਲ ਲਾਗੂ ਕਰਨਾ ਚਾਹੁੰਦੀ ਹੈ, ਜਿਸ ਦਾ ਕਿ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਜਥੇਬੰਦੀਆਂ ਜ਼ੋਰਦਾਰ ਵਿਰੋਧ ਕਰਦੀਆਂ ਹਨ ਅਤੇ ਇਹ ਚੇਤਾਵਨੀ ਦਿੰਦੀਆਂ ਹਨ ਕਿ ਜੇਕਰ ਅਜਿਹਾ ਕੀਤਾ ਗਿਆ ਤਾਂ ਵੱਡੇ ਸੰਘਰਸ਼ ਕੀਤੇ ਜਾਣਗੇ, ਜਿਸ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਹੋਵੇਗੀ। ਇਸ ਪ੍ਰੋਗਰਾਮ ਵਿੱਚ ਹੋਰਨਾਂ ਤੋਂ ਇਲਾਵਾ ਤੇਜਿੰਦਰ ਸਿੰਘ ਹਾਸ਼ਮਪੁਰ ਗੁਰਸੇਵਕ ਸਿੰਘ ਧੰਧਾਰਸੀ, ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਹਰਿੰਦਰ ਸਿੰਘ ਲਾਖਾ, ਸ਼ਹੀਦ ਭਗਤ ਸਿੰਘ ਲੋਕ ਹਿੱਤ ਕਮੇਟੀ, ਗੁਰਬਿੰਦਰ ਸਿੰਘ ਧੁੰਮਾ ਕੁੱਲ ਹਿੰਦ ਕਿਸਾਨ ਸਭਾ, ਬ੍ਰਿਜ ਲਾਲ ਬੈਠੋਨੀਆ ਰਿਟਾਇਰਡ ਬਿਜਲੀ ਮੁਲਾਜ਼ਮ, ਬਾਬੂ ਖ਼ਰਾਜ ਪੁਰ ਭਾਰਤੀ ਕਿਸ਼ਾਨ ਲੱਖੋਵਾਲ, ਸੁਨੀਲ ਕੁਮਾਰ ਸੀਟੂ, ਬਲਬੀਰ ਸਿੰਘ ਏਟਕ, ਸੁਨੀਲ ਕੁਮਾਰ ਰਿਟਾਇਰਡ ਬਿਜਲੀ ਕਾਰਪੋਰੇਸ਼ਨ, ਮੇਜਰ ਸਿੰਘ ਆਦਿ ਨੇ ਹਿੱਸਾ ਲਿਆ ਅਤੇ ਅਹਿਦ ਕੀਤਾ ਕਿ ਕਿਸਾਨ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਸ਼ਕਤੀਆਂ ਦੀ ਸ਼ਨਾਖਤ ਕਰਕੇ ਉਨ੍ਹਾਂ ਵਿਰੁੱਧ ਸਮੂਹ ਕਿਸਾਨ ਜਥੇਬੰਦੀਆਂ ਦੀ ਲਾਮਬੰਦੀ ਕਰਕੇ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

**ਮਲੋਟ (ਓਮ ਪ੍ਰਕਾਸ਼ ਸੇਖੂ)** : ਸਥਾਨਕ ਬਿਜਲੀ ਘਰ ਦੇ ਨੇੜੇ ਸੰਯੁਕਤ ਕਿਸਾਨ ਮੋਰਚਾ ਦੀਆਂ ਜਥੇਬੰਦੀਆਂ ਤੇ ਬਿਜਲੀ ਕਾਮਿਆਂ ਦੀ ਜਥੇਬੰਦੀ ਵੱਲੋਂ ਸਾਂਝੇ ਤੌਰ 'ਤੇ ਬਿਜਲੀ ਸੋਧ ਕਾਨੂੰਨ 2025 ਦੇ ਵਿਰੋਧ ਵਿੱਚ ਜੁਗਰਾਜ ਸਿੰਘ ਰੰਧਾਵਾ ਸੂਬਾ ਸੀਨੀਅਰ ਮੀਤ ਪ੍ਰਧਾਨ ਕਿਸਾਨ ਯੂਨੀਅਨ ਦੀ ਪ੍ਰਧਾਨਗੀ ਹੇਠ ਪੰਜਾਬ ਤੇ ਸੈਂਟਰ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਬਿੱਕਰ ਸਿੰਘ ਪ੍ਰਧਾਨ ਟੀਐੱਸਯੂ, ਭੁਪਿੰਦਰ ਸਿੰਘ ਸਕੱਤਰ ਪੰਜਾਬ, ਬਲਰਾਜ ਮੱਕੜ ਸੀਨੀਅਰ ਮੀਤ ਪ੍ਰਧਾਨ ਪੈਨਸ਼ਨਰਜ਼ ਐਸੋਏਸ਼ਨ, ਇੰਦਰਜੀਤ ਸਿੰਘ ਅਸਪਾਲ ਜ਼ਿਲ੍ਹਾ ਪ੍ਰਧਾਨ ਪੰਜਾਬ ਕਿਸਾਨ ਯੂਨੀਅਨ, ਗਗਨਦੀਪ ਸਿੰਘ ਜ਼ਿਲ੍ਹਾ ਪ੍ਰਧਾਨ ਲੱਖੋਵਾਲ, ਮੋੜਾ ਸਿੰਘ ਸਕੱਤਰ ਪੈਨਸ਼ਨਰ ਮੰਡਲ ਮਲੋਟ ਬੁਲਾਰਿਆਂ ਨੇ ਸੰਬੋਧਨ ਕੀਤਾ।

**ਧੂਰੀ (ਮੋਹਿਤ ਗਰਗ, ਮਨੋਹਰ ਸਿੰਘ ਸੱਗੂ, ਬਿੰਨੀ**


ਲੌਂਗੋਵਾਲ

**ਗਰਗ)** : ਸੰਯੁਕਤ ਕਿਸਾਨ ਮੋਰਚੇ ਨਾਲ ਜੁੜੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਮੰਡਲ ਧੂਰੀ ਹੇਠਲੇ ਉਪ ਮੰਡਲ ਧੂਰੀ, ਕਾਂਝਲਾ, ਰੰਗੀਆਂ ਤੇ ਸ਼ੇਰਪੁਰ ਵਿਖੇ ਰੋਸ ਪ੍ਰਦਰਸ਼ਨ ਕੀਤਾ।ਇਸ ਦੌਰਾਨ ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ਵੱਲੋਂ ਲਿਆਂਦੇ ਬਿਜਲੀ ਐਕਟ 2025 ਅਤੇ ਸੀਡ ਬਿੱਲ ਦੀਆਂ ਕਾਪੀਆਂ ਸਾੜਦਿਆਂ ਸਰਕਾਰ ਵਿਰੁੱਧ ਤਿੱਖਾ ਗੁੱਸਾ ਜਤਾਇਆ।ਆਗੂਆਂ ਨੇ ਕਿਹਾ ਕਿ ਇਹ ਦੋਵੇਂ ਬਿੱਲ ਕਿਸਾਨਾਂ ਦੀ ਰੋਜ਼ੀ-ਰੋਟੀ ਉੱਪਰ ਸਿੱਧਾ ਹੱਲਾ ਹਨ ਤੇ ਇਨ੍ਹਾਂ ਨਾਲ ਖੇਤੀਬਾੜੀ ਸੈਕਟਰ ਨੂੰ ਕੰਪਨੀਆਂ ਦੇ ਹੱਥੀਂ ਸੌਂਪਣ ਦੀ ਸਾਜ਼ਿਸ਼ ਰਚੀ ਗਈ ਹੈ।ਬੁਲਾਰਿਆਂ ਨੇ ਸਭਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਲਗਾਤਾਰ ਕਿਸਾਨ ਵਿਰੋਧੀ ਨੀਤੀਆਂ ਲਾਗੂ ਕਰ ਰਹੀ ਹੈ, ਜਿਨ੍ਹਾਂ ਨਾਲ ਪਿੰਡਾਂ ਦੀ ਅਰਥਵਿਵਸਥਾ ਅਤੇ ਖੇਤੀ ਦਾ ਭਵਿੱਖ ਖਤਰੇ ਵਿੱਚ ਪੈ ਗਿਆ ਹੈ।ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਨੇ ਇਹ ਮਾਰੂ ਨੀਤੀਆਂ ਵਾਪਸ ਨਾ ਲਈਆਂ ਤਾਂ ਸੰਘਰਸ਼ ਹੋਰ ਵੀ ਤਿੱਖਾ ਕੀਤਾ ਜਾਵੇਗਾ। ਕਿਸਾਨਾਂ ਨੇ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਉਹ ਆਪਣੇ ਹੱਕਾਂ ਲਈ ਹਰ ਮੈਦਾਨ ਵਿੱਚ ਜੁਝਣ ਨੂੰ ਤਿਆਰ ਹਨ ਅਤੇ ਬਿਲਾਂ ਦੀ ਵਾਪਸੀ ਤੋਂ ਬਿਨਾਂ ਪਿੱਛੇ ਨਹੀਂ ਹਟਣਗੇ।ਉਨ੍ਹਾ ਸਪੱਸ਼ਟ ਕੀਤਾ ਕਿ ਜੇਕਰ ਸਰਕਾਰ ਨੇ ਇਹ ਬਿੱਲ ਵਾਪਸ ਨਾ ਲਏ ਤਾਂ ਸੰਘਰਸ਼ ਹੋਰ ਪ੍ਰਚੰਡ ਕੀਤਾ ਜਾਵੇਗਾ।

**ਜਗਰਾਉਂ (ਸੰਜੀਵ ਅਰੋੜਾ)** : ਕੇਂਦਰ ਸਰਕਾਰ ਦੇ ਇਸ ਗੈਰ-ਵਿਧਾਨਕ ਬਿੱਲਾਂ ਵਿੑੁਧ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਪੇਂਡੂ ਮਜ਼ਦੂਰ ਯੂਨੀਅਨ ਦੀ ਅਗਵਾਈ ਹੇਠ ਸਬ ਡਵੀਜ਼ਨ ਪਾਵਰਕਾਮ ਸਿੱਧਵਾਂ ਕਾਲਜ ਦੇ ਦਫ਼ਤਰ ਅੱਗੇ ਰੋਹ ਭਰਪੂਰ ਧਰਨਾ ਲਾ ਕੇ ਬਿਜਲੀ ਸੋਧ ਬਿੱਲ 2025 ਤੇ ਸੀਡ ਬਿੱਲ ਦੀਆਂ ਕਾਪੀਆਂ ਸਾੜੀਆਂ ਗਈਆਂ। ਇਸ ਮੌਕੇ ਇੱਕਤਰਤਾ ਨੂੰ ਸੰਬੋਧਨ ਕਰਦਿਆਂ ਪੇਂਡੂ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ ਇਲਾਕਾ ਜਗਰਾਉਂ ਦੇ ਪ੍ਰਧਾਨ ਕੁਲਵੰਤ ਸਿੰਘ ਸੋਨੀ ਤੇ ਸਮਾਜ ਸੇਵੀ ਨਰਿੰਦਰ ਸਿੰਘ ਨਿੰਦਾ ਨੇ ਕਿਹਾ ਕਿ ਬਿਜਲੀ ਸੋਧ ਬਿੱਲ 2025 ਦੇ ਲਾਗੂ ਹੋਣ ਨਾਲ ਘਰੇਲੂ ਬਿਜਲੀ ਬਿੱਲਾਂ ਤੇ ਖੇਤੀ ਮੋਟਰਾਂ 'ਤੇ ਮਿਲ ਰਹੀ ਸਬਸਿਡੀ ਤੇ ਮੁਆਫੀ ਜਿੱਥੇ ਖਤਮ ਕਰ ਦਿੱਤੀ ਜਾਵੇਗੀ, ਉੱਥੇ ਬਿਜਲੀ ਵੋਲਟੇਜ ਵੱਧ ਘੱਟ ਜਾਂ ਹੋਰ ਕਾਰਨਾਂ ਕਰਕੇ ਹੋਣ ਵਾਲੀ ਸਾਰੀ ਰਿਪੇਅਰ ਦੇ ਸਾਰੇ ਖਰਚੇ ਖਪਤਕਾਰ ਸਿਰ ਪਾਏ ਜਾਣਗੇ। ਚਿੱਪ ਸਿਸਟਮ ਰਾਹੀਂ ਐਡਵਾਂਸ ਬਿੱਲ ਲੈ ਕੇ ਬਿਜਲੀ ਮਹਿੰਗੀ ਕੀਤੀ ਜਾਵੇਗੀ। ਸੀਡ ਬਿੱਲ ਕਿਸਾਨੀ ਤੇ ਸਬੰਧਤ ਵਰਗਾਂ ਨਾਲ ਵੱਡਾ ਧ੍ਰੋਹ ਹੈ ਤੇ ਗ਼ਦਾਰੀ ਹੈ, ਮੋਦੀ ਹਕੂਮਤ ਵੱਲੋਂ ਬੀਜ ਰੱਖਣ ਦਾ ਅਧਿਕਾਰ ਕਾਰਪੋਰੇਟ ਘਰਾਣਿਆਂ ਦੀਆਂ ਕੰਪਨੀਆਂ ਕੋਲ ਸੀਮਤ ਕਰਨ ਦੀ ਬਦਨੀਤੀ ਤਹਿਤ ਸੀਡ ਬਿੱਲ ਲਾਗੂ ਹੋਣ ਤੋਂ ਬਾਅਦ ਖੇਤੀ ਸੈਕਟਰ ਤੇ ਕਿਸਾਨ ਕਾਰਪੋਰੇਟ ਦਾ ਗੁਲਾਮ ਹੋ ਕੇ ਰਹਿ ਜਾਵੇਗਾ, ਸਿੱਟੇ ਵਜੋਂ ਇਸ ਦੇ ਭਿਆਨਕ ਅਸਰ ਦੇਸ਼ ਦੇ ਹਰ ਵਰਗ ਨੂੰ ਸਹਿਣ ਕਰਨੇ ਪੈਣਗੇ। ਜਥੇਬੰਦੀ ਦੇ ਆਗੂਆਂ ਨੇ ਸੱਦਾ ਦਿੱਤਾ ਕਿ ਸੂਬਿਆਂ ਦੇ ਅਧਿਕਾਰਾਂ ਤੇ ਵਿਰਾਸਤ ਦੀ ਰਾਖੀ ਲਈ ਅਜਿਹੇ ਖਤਰਨਾਕ ਕਾਨੂੰਨਾਂ ਵਿਰੁੱਧ ਹਰ ਦੇਸ਼ ਵਾਸੀ ਨੂੰ ਸੰਘਰਸ਼ ਦੇ ਮੈਦਾਨ ਵਿੱਚ ਆਉਣਾ ਚਾਹੀਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਧਾਨ ਬੀਬੀ ਜਸਵੀਰ ਕੌਰ, ਹਾਕਮ ਸਿੰਘ, ਬਾਬੀ ਕੌਰ, ਚਰਨਜੀਤ ਕੌਰ, ਜੀਤੋ ਕੌਰ ਤੇ ਸੁਰਿੰਦਰ ਕੌਰ ਛਿੰਦੋ ਆਦਿ ਹਾਜ਼ਰ ਸਨ।

**ਤਲਵੰਡੀ ਸਾਬੋ (ਜਗਦੀਪ ਗਿੱਲ)** : ਬਿਜਲੀ ਸੋਧ ਬਿੱਲ 2025 ਤੇ ਸੀਡ ਬਿੱਲ 2025 ਰਾਹੀਂ ਬਿਜਲੀ ਬੋਰਡ ਦੇ ਕੀਤੇ ਜਾ ਰਹੇ ਨਿੱਜੀਕਰਨ ਤੇ ਕਿਸਾਨਾਂ ਤੋਂ ਆਪਣਾ ਬੀਜ ਵਰਤਣ ਵਿਰੁੱਧ ਬਲਾਕ ਤਲਵੰਡੀ ਸਾਬੋ ਵੱਲੋਂ ਸੰਯੁਕਤ ਮੋਰਚੇ ਵਿੱਚ ਸ਼ਾਮਲ ਜਥੇਬੰਦੀਆਂ ਵੱਲੋਂ ਬਿਜਲੀ ਦਫਤਰਾਂ ਅੱਗੇ ਦੋਨਾਂ ਬਿੱਲਾਂ ਦੀਆਂ ਕਾਪੀਆਂ ਸਾੜੀਆਂ ਗਈਆਂ। ਇਕੱਠਾਂ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਤਲਵੰਡੀ ਸਾਬੋ ਦੇ ਪ੍ਰਧਾਨ ਬਿੰਦਰ ਜੋਗੇਵਾਲਾ ਤੇ ਜਨਰਲ ਸਕੱਤਰ ਕਾਲਾ ਚੱਠੇਵਾਲਾ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ (ਬੁਰਜ ਗਿੱਲ) ਦੇ ਜ਼ਿਲ੍ਹਾ ਆਗੂ ਬਲਕਰਨ ਸਿੰਘ ਭਾਗੀ ਵਾਂਦਰ, ਜਮੂਹਰੀ ਕਿਸਾਨ ਸਭਾ ਦੇ ਬਲਾਕ ਪ੍ਰਧਾਨ ਸੁਰਜੀਤ ਸਿੰਘ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਮੱਖਣ ਸਿੰਘ, ਕੁਲ ਹਿੰਦ ਕਿਸਾਨ ਸਭਾ ਦੇ ਬਲਾਕ ਆਗੂ ਹਰੀ ਸਿੰਘ, ਸਾਬਕਾ ਸੈਨਿਕ ਸਰਵਿਸਮੈਨ ਯੂਨੀਅਨ ਪੰਜਾਬ ਸਰਕਲ ਸਕੱਤਰ ਬੇਅੰਤ ਸਿੰਘ, ਐੱਮ ਐੱਸ ਯੂ ਤੇ ਪੀ ਐੱਸ ਈ ਬੀ ਦੇ ਬੁਲਾਰਿਆਂ ਨੇ ਸੰਬੋਧਨ ਕੀਤਾ।ਉਨ੍ਹਾਂ ਕਿਹਾ ਕਿ ਇਸ ਐਕਟ ਅਧੀਨ ਕੇਂਦਰ ਦੀ ਮੋਦੀ ਸਰਕਾਰ ਸੂਬਿਆਂ ਤੋਂ ਲੋਕਾਂ ਲਈ ਬਿਜਲੀ ਦੀ ਸਹੂਲਤਾਂ ਦੇ ਅਧਿਕਾਰ ਖੋਹ ਕੇ ਕੇਂਦਰ ਸਰਕਾਰ ਆਪਣੇ ਹੱਥ ਵਿੱਚ ਕਰਨ ਲਈ ਰਾਹ ਪੱਧਰਾ ਕਰ ਰਹੀ ਹੈ।ਇਸ ਦੇ ਲਾਗੂ ਹੋਣ ਨਾਲ ਸਾਰਾ ਬਿਜਲੀ ਪ੍ਰਬੰਧ ਨਿੱਜੀ ਹਥਾਂ ਵਿੱਚ ਜਾਣ ਕਾਰਨ ਕੰਪਨੀਆਂ ਵੱਲੋਂ ਗਰੀਬ ਲੋਕਾਂ ਨੂੰ ਮਿਲਦੀਆਂ ਸਾਰੀਆਂ ਸਬਸਿਡੀਆਂ ਬੰਦ ਹੋਣ ਕਾਰਨ ਤੇ ਖੇਤੀ ਮੋਟਰਾਂ ਲਈ ਮਿਲਦੀ ਮੁਫਤ ਬਿਜਲੀ ਦੀਆਂ ਕੀਮਤਾਂ ਵੀ ਬਹੁਤ ਵੱਧ ਜਾਣਗੀਆਂ।ਬੁਲਾਰਿਆਂ ਨੇ ਕਿਹਾ ਕਿ ਬੀਜ ਸੋਧ ਬਿਲ 2025 ਦੇ ਲਾਗੂ ਹੋਣ ਨਾਲ ਬੀਜ ਬਣਾਉਣ ਵਾਲੀਆਂ ਕੰਪਨੀਆਂ ਦਾ ਹੀ ਕਿਸਾਨ ਬੀਜ ਬੀਜ ਸਕਣਗੇ ਤੇ ਕਿਤੋਂ ਹੋਰ ਬੀਜ ਬੀਜਣ ਤੇ ਕੰਪਨੀ ਨੂੰ ਕਿਸਾਨਾਂ ਖਿਲਾਫ ਕਾਰਵਾਈ ਕਰਾਉਣ ਦਾ ਅਧਿਕਾਰ ਪ੍ਰਾਪਤ ਹੋ ਜਾਵੇਗਾ ਅਤੇ ਕੰਪਨੀ ਵੱਲੋਂ ਦਿੱਤੇ ਬੀਜਾਂ ਕਾਰਨ ਕਿਸਾਨ ਦੇ ਹੋਣ ਵਾਲੇ ਨੁਕਸਾਨ ਦਾ ਕੰਪਨੀ ਜ਼ਿੰਮੇਵਾਰ ਨਹੀਂ ਹੋਵੇਗੀ।ਅੱਜ ਦੇ ਇਕੱਠਾਂ ਵਿੱਚ ਕਿਸਾਨਾਂ ਤੋਂ ਇਲਾਵਾ ਬਿਜਲੀ ਮੁਲਾਜ਼ਮਾਂ ਦੀਆਂ ਜਥੇਬੰਦੀਆਂ, ਠੇਕਾ ਕਾਮਿਆਂ, ਮਜ਼ਦੂਰਾਂ ਸਮੇਤ ਔਰਤਾਂ ਨੇ ਵੀ ਸ਼ਮੂਲੀਅਤ ਕੀਤੀ।

**ਸਮਰਾਲਾ (ਸੁਰਜੀਤ ਸਿੰਘ)** : ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਸੁਖਵਿੰਦਰ ਸਿੰਘ ਭੱਟੀਆਂ ਸੂਬਾ ਮੀਤ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਮਨਜੀਤ ਸਿੰਘ ਢੀਂਡਸਾ ਜ਼ਿਲ੍ਹਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ), ਸਿਕੰਦਰ ਸਿੰਘ ਮੰਡਲ ਪ੍ਰਧਾਨ ਪੈਨਸ਼ਨਰਜ਼ ਐਸੋ: ਪਾਵਰਕਾਮ ਦੀ ਅਗਵਾਈ ਤੇ ਹੋਰ ਭਰਾਤਰੀ ਜਥੇਬੰਦੀਆਂ ਨੇ ਸਾਂਝੇ ਰੂਪ ਵਿੱਚ ਪਾਵਰਕਾਮ ਦਫਤਰ ਘੁਲਾਲ ਵਿਖੇ ਵਿਸ਼ਾਲ ਰੋਸ ਧਰਨਾ ਦਿੱਤਾ ਗਿਆ।ਧਰਨੇ ਨੂੰ ਸੰਬੋਧਨ ਕਰਨ ਵਾਲੇ ਵੱਖ ਵੱਖ ਬੁਲਾਰਿਆਂ ਨੇ ਕੇਂਦਰ ਸਰਕਾਰ ਵੱਲੋਂ ਸਰਦ ਰੁੱਤ ਅਜਲਾਸ ਵਿੱਚ ਬਿਜਲੀ ਸੋਧ ਬਿੱਲ 2025 ਨੂੰ ਪਾਸ ਕਰਨ ਦੀਆਂ ਤਿਆਰੀਆਂ ਕੀਤੀਆਂ ਹੋਈਆਂ ਹਨ, ਜੇਕਰ ਇਹ ਬਿਜਲੀ ਸੋਧ ਬਿੱਲ ਪਾਸ ਹੋ ਜਾਂਦਾ ਹੈ ਤਾਂ ਇਸ ਦਾ ਪ੍ਰਭਾਵ ਖਪਤਕਾਰਾਂ ਤੇ ਤਾਂ ਪੈਣਾ ਹੀ ਹੈ, ਸਗੋਂ ਮੁਲਾਜ਼ਮਾਂ 'ਤੇ ਵੀ ਪੈਣਾ ਹੈ, ਇਸ ਸੋਧ ਬਿੱਲ ਦੇ ਲਾਗੂ ਹੁੰਦੇ ਹੀ ਬਿਜਲੀ ਖੇਤਰ ਵੱਡੇ ਵੱਡੇ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਚਲਿਆ ਜਾਵੇਗਾ ਤੇ ਉਹ ਆਪਣੀ ਮਰਜੀ ਨਾਲ ਮਹਿੰਗੇ ਭਾਅ ਵਿੱਚ ਬਿਜਲੀ ਖਪਤਕਾਰਾਂ ਨੂੰ ਵੇਚਣਗੇ।ਇਸ ਤੋਂ ਇਲਾਵਾ ਪੰਜਾਬ ਸਰਕਾਰ ਬਿਜਲੀ ਬੋਰਡ ਦੀਆਂ ਜ਼ਮੀਨਾਂ ਵੇਚਣ ਦੇ ਰਾਹ ਵੀ ਤੁਰ ਪਈ ਹੈ, ਪ੍ਰੰਤੂ ਅਜਿਹਾ ਹੋਣ ਨਹੀਂ ਦਿੱਤਾ


ਮੂਣਕ

ਜਾਵੇਗਾ।ਆਗੂਆਂ ਨੇ ਇਸ ਵਿਰੁੱਧ ਤਿੱਖੇ ਸੰਘਰਸ਼ ਦੀ ਚਿਤਾਵਨੀ ਦਿੱਤੀ।ਅੱਜ ਦੇ ਵਿਸ਼ਾਲ ਰੋਸ ਧਰਨੇ ਵਿੱਚ ਸੰਯੁਕਤ ਕਿਸਾਨ ਮੋਰਚੇ ਦਾ ਸਾਥ ਦੇਣ ਲਈ ਪਾਵਰਕਾਮ ਪੈਨਸ਼ਨਰਾਂ ਨੇ ਵੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।

## ਲਾਵਾਰਿਸ ਪਿਸਟਲ ਬਰਾਮਦ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਰਹੱਦੀ ਪਿੰਡ ਗੰਦੂ ਕਿਲਚਾ ਵਿਖੇ ਇਕ ਲਵਾਰਿਸ ਹਾਲਤ ਵਿੱਚ ਪਿਸਟਲ ਬਰਾਮਦ ਹੋਇਆ ਹੈ। ਇਸ ਸਬੰਧੀ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਪਰਮਜੀਤ ਸਿੰਘ ਨੇ ਦੱਸਿਆ ਕਿ ਇੱਕ ਪੱਤਰ ਵੱਲੋਂ ਡੀ ਕਾਅ 155 ਬਟਾਲੀਅਨ ਬੀਐੱਸਐੱਫ ਬੀਓਪੀ ਜਗਦੀਸ਼ ਮੌਸੂਲ ਹੋਇਆ ਕਿ ਇਕ ਲਵਾਰਿਸ ਪਿਸਟਲ ਕਨਾਲ ਰੋਡ ਗੰਦੂ ਕਿਲਚਾ ਵਿਖੇ ਪਿਆ ਹੈ। ਪੁਲਸ ਨੇ ਦੱਸਿਆ ਕਿ ਉਕਤ ਜਗ੍ਹਾ 'ਤੇ ਪਹੁੰਚ ਕੇ ਇਕ ਲਵਾਰਿਸ ਹਾਲਤ ਵਿੱਚ ਪਿਸਟਲ ਮਾਰਕਾ 9 ਐੱਮ ਐੱਮ ਗਲੋਕ ਸਮੇਤ ਚਾਰ ਜ਼ਿੰਦਾ ਰੌਂਦ 9 ਐੱਮ ਐੱਮ, ਇਕ ਮੈਗਜ਼ੀਨ ਬਰਾਮਦ ਕੀਤਾ। ਪੁਲਸ ਨੇ ਦੱਸਿਆ ਕਿ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## 80ਵਾਂ ਕਬੱਡੀ ਕੱਪ ਭੌਰਲਾ ਵਿਖੇ ਅੱਜ ਤੋਂ

**ਦੋਰਾਹਾ (ਹਰਮਿੰਦਰ ਸੇਠ)**-ਪਿੰਡ ਭੌਰਲਾ ਵਿਖੇ ਬਾਬਾ ਲਾਲ ਸਿੰਘ ਸਪੋਰਟਸ ਕਲੱਬ ਵੱਲੋਂ 80ਵਾਂ ਕਬੱਡੀ ਕੱਪ 9, 10, 11 ਦਸੰਬਰ 2025 ਨੂੰ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ 30, 35, 40, 45, 50, 57, 65 ਕਿੱਲੋ ਭਾਰ ਤੇ ਕਲੱਬਾਂ ਦੇ ਮੈਚ ਕਰਵਾਏ ਜਾਣਗੇ।ਪਿੰਡ ਭੌਰਲਾ ਵਿਖੇ ਸਮੂਹ ਗ੍ਰਾਮ ਪੰਚਾਇਤ ਤੇ ਸਪੋਰਟਸ ਕਲੱਬ ਤੇ ਪਿੰਡ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਕਬੱਡੀ ਕੱਪ 'ਚ ਖੇਡ ਪ੍ਰੇਮੀਆ ਨੂੰ ਪਹੁੰਚਣ ਦੀ ਅਪੀਲ ਕੀਤੀ।

## ਸੰਮਤੀ ਚੋਣਾਂ 'ਚ ਅਕਾਲੀ ਦਲ ਸ਼ਾਨਦਾਰ ਜਿੱਤ ਹਾਸਲ ਕਰੇਗਾ : ਮਾਣੂੰਕੇ, ਬਰਾੜ, ਬਾਂਸਲ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਆਉਣ ਵਾਲੀ 14 ਦਸੰਬਰ ਨੂੰ ਹੋਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਨੂੰ ਲੈ ਕੇ ਸੂਬੇ ਅੰਦਰ ਰਾਜਨੀਤਕ ਗਤੀਵਿਧੀਆਂ ਤੇਜ਼ ਹੋ ਚੁੱਕੀਆਂ ਹਨ। ਇਸ ਸਬੰਧੀ ਸ਼੍ਰੋਮਣੀ ਅਕਾਲੀ ਦਲ ਦੇ ਚੇਅਰਮੈਨ ਅਮਰਜੀਤ ਸਿੰਘ ਮਾਣੂੰਕੇ, ਕੌਂਸਲਰ ਚਰਨਪ੍ਰੀਤ ਸਿੰਘ ਬਰਾੜ, ਲਵਲੀ ਬਾਂਸਲ (ਲਧਾਈ ਕੇ ਵਾਲੇ), ਕੌਂਸਲਰ ਪਵਨ ਢੰਡ, ਰਕੇਸ਼ ਜਿੰਦਲ ਤੋਤਾ ਤੇ ਹਰਿੰਦਰ ਸਿੰਘ ਪਾਲੀ ਵੱਲੋਂ ਸਾਂਝਾ ਬਿਆਨ ਜਾਰੀ ਕੀਤਾ ਗਿਆ, ਜਿਸ ਵਿੱਚ ਉਨ੍ਹਾਂ ਨੇ ਦਾਅਵਾ ਕੀਤਾ ਕਿ ਇਸ ਵਾਰ ਅਕਾਲੀ ਦਲ ਪਾਰਟੀ ਪੰਜਾਬ ਭਰ ਵਿੱਚ ਸ਼ਾਨਦਾਰ ਜਿੱਤ ਹਾਸਲ ਕਰੇਗੀ।ਨੇਤਾਵਾਂ ਨੇ ਕਿਹਾ ਕਿ ਅੱਜ ਪੰਜਾਬ ਦਾ ਆਮ ਵੋਟਰ ਇੱਕ ਵਾਰ ਫਿਰ ਖੇਤਰੀ ਪਾਰਟੀ 'ਸ਼੍ਰੋਮਣੀ ਅਕਾਲੀ ਦਲ' ਦੇ ਹੱਕ ਵਿੱਚ ਖੜ੍ਹਾ ਹੋ ਰਿਹਾ ਹੈ।ਉਨ੍ਹਾਂ ਦਾ ਕਹਿਣਾ ਸੀ ਕਿ ਸੂਬੇ ਅੰਦਰ ਦਿਨੋਂ ਦਿਨ ਅਕਾਲੀ ਦਲ ਦਾ ਦਾਖਲਾ ਮਜ਼ਬੂਤ ਹੋ ਰਿਹਾ ਹੈ ਤੇ ਲੋਕ ਇਹ ਸਮਝਣ ਲੱਗ ਪਏ ਹਨ ਕਿ ਪੰਜਾਬ ਦੇ ਹਿੱਤ, ਪੰਜਾਬੀਅਤ, ਕਿਸਾਨ ਮਜ਼ਦੂਰ ਪੱਖ ਤੇ ਸਰਮਾਏ ਦੀ ਰੱਖਿਆ ਸਿਰਫ਼ ਇੱਕ ਖੇਤਰੀ, ਤਜਰਬੇਕਾਰ ਤੇ ਧਰਤੀ ਨਾਲ ਜੁੜੀ ਪਾਰਟੀ ਹੀ ਕਰ ਸਕਦੀ ਹੈ।ਉਨ੍ਹਾਂ ਦਾਅਵਾ ਕੀਤਾ ਕਿ ਹਲਕਾ ਬਾਘਾ ਪੁਰਾਣਾ ਵਿੱਚ ਅਕਾਲੀ ਦਲ ਪਾਰਟੀ ਦੀ ਸਥਿਤੀ ਬਹੁਤ ਮਜ਼ਬੂਤ ਹੈ ਤੇ ਇਸ ਮਜ਼ਬੂਤੀ ਪਿੱਛੇ ਵੱਡਾ ਹਿੱਸਾ ਕੋਰ ਕਮੇਟੀ ਮੈਂਬਰ ਤੇ ਹਲਕਾ ਇੰਚਾਰਜ ਜਥੇਦਾਰ ਤੀਰਥ ਸਿੰਘ ਮਾਹਲਾ ਦੀ ਨੇਤ੍ਰਤਾ ਦਾ ਹੈ।ਆਗੂਆਂ ਨੇ ਕਿਹਾ ਕਿ ਮਾਹਲਾ ਦੀ ਅਗਵਾਈ ਹੇਠ ਹਲਕੇ ਵਿੱਚ ਸਮਰੱਥ ਤੇ ਲੋਕ-ਪ੍ਰਸੰਸਤ ਉਮੀਦਵਾਰ ਮੈਦਾਨ ਵਿੱਚ ਹਨ ਤੇ ਲੋਕ ਭਰਪੂਰ ਸਮਰਥਨ ਦੇ ਰਹੇ ਹਨ।ਉਨ੍ਹਾਂ ਦਾਅਵਾ ਕੀਤਾ ਕਿ ਹਲਕਾ ਬਾਘਾ ਪੁਰਾਣਾ ਅਧੀਨ ਆਉਂਦੀਆਂ ਸਾਰੀਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਸੀਟਾਂ 'ਤੇ ਅਕਾਲੀ ਦਲ ਵੱਡੇ ਫਰਕ ਨਾਲ ਜਿੱਤ ਦਰਜ ਕਰੇਗਾ।ਉਨ੍ਹਾਂ ਕਿਹਾ ਕਿ ਲੋਕ ਮੂਲ ਸਹੂਲਤਾਂ, ਵਿਕਾਸਕਾਰੀ ਕੰਮਾਂ ਤੇ ਲੰਮੀ ਸੋਚ ਵਾਲੀ ਰਾਜਨੀਤੀ ਵਾਲੇ ਪੱਖ ਦਾ ਸਮਰਥਨ ਕਰ ਰਹੇ ਹਨ। ਚੋਣਾਂ ਦੇ ਨੇੜੇ ਆਉਂਦੇ ਹੀ ਹਲਕੇ ਵਿੱਚ ਰਾਜਨੀਤਕ ਹਲਚਲ ਹੋਰ ਤੇਜ਼ ਹੋ ਗਈ ਹੈ ਅਤੇ ਅਕਾਲੀ ਦਲ ਅਗੂਆਂ ਵੱਲੋਂ ਦਾਅਵਾ ਕੀਤਾ ਗਿਆ ਕਿ 14 ਦਸੰਬਰ ਨੂੰ ਹੋਣ ਵਾਲੇ ਨਤੀਜੇ ਇਸ ਗੱਲ ਦੀ ਪੁਸ਼ਟੀ ਕਰਨਗੇ ਕਿ ਸੂਬੇ ਦੇ ਲੋਕ ਹੁਣ ਇਕ ਵਾਰ ਫਿਰ ਸੂਬੇ ਵਿੱਚ ਅਕਾਲੀ ਦਲ ਦੀ ਸਰਕਾਰ ਦੇਖਣਾ ਚਾਹੁੰਦੇ ਹਨ।

## ਯਾਦਗਾਰੀ ਹੋ ਨਿੱਬੜਿਆ ਜਸਵਿੰਦਰ ਕੌਰ ਗਰੇਵਾਲ ਯਾਦਗਾਰੀ ਸਮਾਗਮ

**ਸੰਗਰੂਰ (ਪ੍ਰਵੀਨ ਸਿੰਘ)**

ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਲੇਖਕ ਭਵਨ ਵਿਖੇ ਜਸਵਿੰਦਰ ਕੌਰ ਗਰੇਵਾਲ ਯਾਦਗਾਰੀ ਸਮਾਗਮ ਕਰਾਇਆ ਗਿਆ, ਜਿਸ ਦੀ ਪ੍ਰਧਾਨਗੀ ਡਾ. ਭਗਵੰਤ ਸਿੰਘ ਪ੍ਰਧਾਨ ਪੰਜਾਬੀ ਸਾਹਿਤ ਸਭਾ ਸੰਗਰੂਰ (ਰਜਿ:) ਨੇ ਕੀਤੀ।

ਪ੍ਰਧਾਨਗੀ ਮੰਡਲ ਵਿੱਚ ਉਨ੍ਹਾਂ ਨਾਲ ਸ੍ਰੀ ਪਵਨ ਹਰਚੰਦਪੁਰੀ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਸੇਖੋਂ, ਡਾ. ਅਰਵਿੰਦਰ ਕੌਰ ਕਾਕੜਾ ਮੀਤ ਪ੍ਰਧਾਨ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ, ਭੁਪਿੰਦਰ ਸਿੰਘ ਨਹਿਲ ਪ੍ਰਧਾਨ ਨਗਰ ਪਾਲਿਕਾ ਸੰਗਰੂਰ ਤੇ ਉੱਘੇ ਸਿੱਖ ਚਿੰਤਕ ਨਿਹਾਲ ਸਿੰਘ ਮਾਨ ਸ਼ਾਮਲ ਹੋਏ।ਗੀਤਕਾਰ ਮੀਤ ਸਕਰੌਦੀ ਤੇ ਉਨ੍ਹਾਂ ਦੇ ਪਰਵਾਰ ਦੇ ਸਹਿਯੋਗ ਨਾਲ ਕਰਾਏ ਇਸ ਪ੍ਰਭਾਵਸ਼ਾਲੀ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਹਰਪ੍ਰੀਤ ਕੌਰ ਪੀ. ਈ. ਐੱਸ.-2 ਅਫ਼ਸਰ ਬਰਨਾਲਾ ਸ਼ਾਮਲ ਹੋਏ।

ਸਮਾਗਮ ਦਾ ਆਰੰਭ ਵਿਸ਼ਵ ਪ੍ਰਸਿੱਧ ਪਾਠਕ ਭਰਾਵਾਂ ਦੇ ਕਵੀਸ਼ਰੀ ਜੱਥੇ ਦੀ ਕਵੀਸ਼ਰੀ ਨਾਲ ਨਾਲ ਹੋਇਆ, ਜਿਸ ਨੇ ਹਾਜ਼ਰ ਸਰੋਤਿਆਂ ਨੂੰ ਮੰਤਰ-ਮੁਗਧ ਕਰਕੇ ਰੱਖ ਦਿੱਤਾ। ਪ੍ਰਧਾਨਗੀ ਭਾਸ਼ਣ ਵਿੱਚ ਬੋਲਦਿਆਂ ਡਾ. ਭਗਵੰਤ ਸਿੰਘ ਨੇ ਕਿਹਾ ਕਿ ਅਜੋਕਾ ਮਨੁੱਖ ਪਦਾਰਥਵਾਦ ਦੀ ਅੰਨ੍ਹੀ ਦੌੜ ਵਿੱਚ ਵਸਤੂਆਂ ਨਾਲ ਵਸਤੂ ਬਣ ਕੇ ਰਹਿ ਗਿਆ ਹੈ, ਜਿਸ ਤੋਂ ਛੁਟਕਾਰਾ ਪਾਉਣ ਲਈ ਮਾਨਵੀ ਰਿਸ਼ਤਿਆਂ 'ਚ ਨੈਤਿਕ-ਕਦਰਾਂ ਕੀਮਤਾਂ ਬਹਾਲ ਕਰਨ ਦੀ ਲੋੜ ਹੈ।ਸਭਾ ਦੀ ਲਾਇਬ੍ਰੇਰੀ ਲਈ ਸੌ ਵਧੀਆ ਕਿਤਾਬਾਂ ਦੇਣ ਦਾ ਐਲਾਨ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਵਿਛੋੜਾ ਦੇ ਗਏ ਪਰਵਾਰਕ ਮੈਂਬਰਾਂ ਨੂੰ ਯਾਦ ਕਰਨਾ ਨਰੋਏ ਸਮਾਜ ਦੀ ਸਿਰਜਣਾ ਵੱਲ ਇੱਕ ਨਿੱਗਰ ਕਦਮ ਹੈ।ਮੁੱਖ ਮਹਿਮਾਨ ਹਰਪ੍ਰੀਤ ਕੌਰ ਪੀ.ਈ.ਐੱਸ.-2 ਅਫ਼ਸਰ ਬਰਨਾਲਾ ਨੇ ਕਿਹਾ ਮੀਤ ਸਕਰੌਦੀ ਵੱਲੋਂ ਕਰਾਇਆ ਇਹ ਸਮਾਗਮ ਨਵੀਂ ਪੀੜ੍ਹੀ ਨੂੰ ਨਵੀਂ ਦਿਸ਼ਾ ਪ੍ਰਦਾਨ ਕਰੇਗਾ।ਸਮਾਗਮ ਵਿੱਚ ਉਚੇਚੇ ਰੂਪ ਵਿੱਚ ਸ਼ਾਮਲ ਹੋਏ ਸ੍ਰੀ ਪਵਨ ਹਰਚੰਦਪੁਰੀ ਨੇ ਕਿਹਾ ਅਜਿਹੇ ਸਮਾਗਮ ਸਮਾਜਿਕ ਪਰੰਪਰਾਵਾਂ ਨੂੰ ਜਿਉਂਦੇ ਰੱਖਣ ਲਈ ਬੇਹੱਦ ਜ਼ਰੂਰੀ ਹਨ।ਡਾ. ਅਰਵਿੰਦਰ ਕੌਰ ਕਾਕੜਾ ਨੇ ਕਿਹਾ ਕਿ ਮਾਨਵੀ ਜੀਵਨ ਮੁੱਲਾਂ ਨੂੰ ਬਰਕਰਾਰ ਰੱਖਣ ਲਈ ਹੋਰਨਾਂ ਸਭਾਵਾਂ ਨੂੰ ਵੀ ਆਪਣੇ ਸਾਹਿਤਕ ਮੰਚਾਂ ਤੋਂ ਅਜਿਹੇ ਸਮਾਜਿਕ ਸਮਾਗਮ ਕਰਨੇ ਚਾਹੀਦੇ ਹਨ। ਪੰਜਾਬ ਪੱਧਰ 'ਤੇ ਮਾਂ ਬੋਲੀ ਪੰਜਾਬੀ ਦੀ ਪ੍ਰਫੁੱਲਤਾ ਲਈ ਪਾਏ ਵਡਮੁੱਲੇ ਯੋਗਦਾਨ ਲਈ ਸਭਾ ਵੱਲੋਂ ਹਰਪ੍ਰੀਤ ਕੌਰ ਨੂੰ ਸਨਮਾਨਤ ਕੀਤਾ ਗਿਆ।ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ਭੁਪਿੰਦਰ ਸਿੰਘ ਨਹਿਲ ਪ੍ਰਧਾਨ ਨਗਰ ਪਾਲਿਕਾ ਸੰਗਰੂਰ, ਹਰਮਨ ਕੌਰ, ਡਾ. ਭਗਵੰਤ ਸਿੰਘ, ਡਾ. ਅਰਵਿੰਦਰ ਕੌਰ ਕਾਕੜਾ, ਨਿਹਾਲ ਸਿੰਘ ਮਾਨ ਤੇ ਕਰਮ ਸਿੰਘ ਜ਼ਖ਼ਮੀ ਦਾ ਵੀ ਸਨਮਾਨ ਕੀਤਾ ਗਿਆ।ਸਰਬਸੰਮਤੀ ਨਾਲ ਪਾਸ ਕੀਤੇ ਮਤੇ ਵਿੱਚ ਸਹਾਇਕ ਕਮਿਸ਼ਨਰ ਕਿਰਤ ਵਿਭਾਗ ਸੰਗਰੂਰ ਤੋਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸੰਗਰੂਰ ਜ਼ਿਲ੍ਹੇ ਵਿੱਚ ਸਥਿਤ ਨਿੱਜੀ ਅਦਾਰਿਆਂ ਦੇ ਬੋਰਡਾਂ 'ਤੇ ਪੰਜਾਬੀ ਲਿਖਵਾਉਣ ਦੀ ਮੰਗ ਵੀ ਕੀਤੀ ਗਈ।



## ਚੋਣਾਂ ਦੇ ਦੌਰ 'ਚ ਮੁਲਾਜ਼ਮ ਤਨਖਾਹਾਂ ਨੂੰ ਤਰਸੇ, ਬੈਂਕ ਦੇਣਦਾਰੀਆਂ ਦਾ ਵਧਿਆ ਫ਼ਿਕਰ

**ਮਾਨਸਾ (ਆਤਮਾ ਸਿੰਘ ਪਮਾਰ)**

ਬੀ ਐਂਡ ਅਧਿਆਪਕ ਫਰੰਟ ਪੰਜਾਬ ਇਕਾਈ ਮਾਨਸਾ ਨੇ ਮੁਲਾਜ਼ਮਾਂ ਦੀ ਨਵੰਬਰ ਮਹੀਨੇ ਦੀ ਤਨਖਾਹ ਨਾ ਜਾਰੀ ਕਰਨ ਦੀ ਸਰਕਾਰ ਦੀ ਸਖ਼ਤ ਨਿਖੇਧੀ ਕਰਦਿਆਂ ਨੇ ਕਿਹਾ ਕਿ ਇੱਕ ਪਾਸੇ ਸਰਕਾਰ ਇਸ਼ਤਿਹਾਰਬਾਜ਼ੀ ਤੇ ਅੰਨ੍ਹਾ ਪੈਸਾ ਬਰਬਾਦ ਕਰ ਰਹੀ ਹੈ ਤੇ ਦੂਜੇ ਪਾਸੇ ਮੁਲਾਜ਼ਮਾਂ ਦੀਆਂ ਤਨਖਾਹਾਂ 'ਤੇ ਜ਼ੁਬਾਨੀ ਕੱਟ ਲੱਗ ਰਹੇ ਹਨ।ਮੁਲਾਜ਼ਮਾਂ ਦੀ ਤਨਖਾਹ ਸਮੇਂ ਸਿਰ ਨਾ ਪੈਣ ਕਰਕੇ ਬੈਂਕਾਂ ਦੀਆਂ ਦੇਣਦਾਰੀਆਂ ਲਟਕ ਗਈਆਂ ਹਨ, ਜਿਸ ਕਾਰਨ ਬੇਲੋੜੇ ਜੁਰਮਾਨੇ ਭਰਨੇ ਪੈ ਰਹੇ ਹਨ।

ਆਗੂਆਂ ਨੇ ਕਿਹਾ ਕਿ ਸਰਕਾਰ ਮੁਲਾਜ਼ਮਾਂ ਦੀਆਂ ਅਨੇਕਾਂ ਪ੍ਰਕਾਰ ਦੀਆਂ ਮੰਗਾਂ ਨੂੰ ਅਣਗੌਲਿਆਂ ਕਰ ਰਹੀ ਹੈ।ਹੱਕ ਦੇਣ ਦੀ ਥਾਂ ਹੱਕ ਮੰਗ ਰਹੇ ਮੁਲਾਜ਼ਮਾਂ ਤੇ ਅਮਨ ਕਾਨੂੰਨ ਦੇ ਨਾਂ ਤੇ ਤੇ ਪਰਚੇ ਦਰਜ ਕੀਤੇ ਜਾ ਰਹੇ ਹਨ।ਆਗੂਆਂ ਨੇ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਤੁਰੰਤ ਤਨਖਾਹਾਂ ਜਾਰੀ ਨਾ ਹੋਈਆਂ ਤਾਂ ਮੁਲਾਜ਼ਮਾਂ ਨੂੰ ਮਜਬੂਰਨ ਸੜਕਾਂ 'ਤੇ ਆਉਣਾ ਪਵੇਗਾ, ਜਿਸਦੀ ਜ਼ਿੰਮੇਵਾਰ ਸਰਕਾਰ ਖੁਦ ਹੋਵੇਗੀ। ਨਿਤਿਨ ਸੋਢੀ, ਦਰਸ਼ਨ ਅਲੀਸ਼ੇਰ, ਬੇਅੰਤ ਰੜ, ਜਨਕ ਸਮਾਓਂ ਗੁਰਜੀਤ ਰੜ, ਜਸਵਿੰਦਰ ਜੋਗਾ, ਗੁਰਜੰਟ ਨੰਗਲ, ਜਤਿੰਦਰਪਾਲ ਭੀਖੀ, ਸਿਕੰਦਰ ਰੜ, ਸ਼ਮਸ਼ੇਰ ਬਰੇਟਾ, ਵਿਨੋਦ ਬਰੇਟਾ, ਰਾਜ ਕੁਮਾਰ ਖੈਰਾ, ਬਲਵੰਤ ਕੈਲੇ, ਗੁਰਸੇਵਕ ਭੀਖੀ, ਗੁਰਦਾਸ ਸਿੰਘ, ਅੰਗਰੇਜ਼ ਸਿੰਘ, ਹਰਦੀਪ ਮੱਤੀ, ਅਸ਼ਵਨੀ ਕੁਮਾਰ, ਜੁਗਰਾਜ ਭੀਖੀ, ਦਰਸ਼ਨ ਜੋਗਾ, ਭਿੰਦਰ ਝੰਡਾ, ਅੰਮ੍ਰਿਤਪਾਲ ਕਰੰਡੀ, ਮਨਿੰਦਰਜੀਤ ਜੋਗਾ, ਕਰਮਜੀਤ ਜੋਗਾ, ਸਤਗੁਰ ਸਿੰਘ, ਰਾਜ ਹੀਰੋਂ, ਸੁਖਵੰਤ ਸਮਾਓਂ, ਜਗਸੀਰ ਸਿੰਘ, ਆਤਮਾ ਸਿੰਘ, ਰਮੇਸ਼ ਕੁਮਾਰ ਤੇ ਰਾਕੇਸ਼ ਕੁਮਾਰ ਆਦਿ ਆਗੂ ਹਾਜ਼ਰ ਸਨ।

## ਲੋਕਤੰਤਰ ਦੀ ਦੁਹਾਈ ਪਾਉਣ ਵਾਲੀ 'ਆਪ' ਕਰ ਰਹੀ ਲੋਕਤੰਤਰ ਦਾ ਘਾਣ : ਅਸ਼ਵਨੀ ਸ਼ਰਮਾ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿਨੀ ਗਰਗ)**-ਭਾਰਤੀ ਜਨਤਾ ਪਾਰਟੀ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਅਸ਼ਵਨੀ ਸ਼ਰਮਾ ਨੇ ਧੂਰੀ ਹਲਕੇ ਵਿੱਚ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਲਈ ਲਈ ਜ਼ਿਲ੍ਹਾ ਪ੍ਰੀਸ਼ਦ ਜ਼ੋਨ ਬਾਲੀਆਂ ਤੋਂ ਪਾਰਟੀ ਉਮੀਦਵਾਰ ਰਮਨਦੀਪ ਸਿੰਘ ਸ਼ਹਿਰਾ ਦੇ ਹੱਕ ਵਿੱਚ ਚੋਣ ਪ੍ਰਚਾਰ ਦੌਰਾਨ ਪੰਜਾਬ ਦੇ ਰਾਜਨੀਤਿਕ ਤਨਾਅ ਭਰੇ ਮਾਹੌਲ 'ਤੇ ਗੰਭੀਰ ਚਿੰਤਾ ਜਤਾਈ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਇਨ੍ਹਾਂ ਦਿਨਾਂ ਜੋ ਘਟਨਾਵਾਂ ਸਾਹਮਣੇ ਆ ਰਹੀਆਂ ਹਨ, ਉਹ ਲੋਕਤੰਤਰ ਦੀਆਂ ਬੁਨਿਆਦਾਂ ਨੂੰ ਹਿਲਾਉਣ ਵਾਲੀਆਂ ਹਨ।ਇਸ ਮੌਕੇ ਪਾਰਟੀ ਆਗੂਆਂ ਨੇ ਸ੍ਰੀ ਸ਼ਰਮਾ ਦਾ ਸਨਮਾਨ ਵੀ ਕੀਤਾ।ਅਸ਼ਵਨੀ ਸ਼ਰਮਾ ਨੇ ਦੋਸ਼ ਲਾਇਆ ਕਿ ਕਈ ਥਾਵਾਂ 'ਤੇ ਉਮੀਦਵਾਰਾਂ ਦੀਆਂ ਨਾਮਜ਼ਦਗੀ ਫਾਈਲਾਂ ਖੋਹੀਆਂ ਤੇ ਪਾੜੀਆਂ ਜਾ ਰਹੀਆਂ ਹਨ ਤੇ ਵੋਟਰਾਂ ਨੂੰ ਧੱਕੇ-ਧੋੜ ਨਾਲ ਆਪਣਾ ਹੱਕ ਵਰਤਣ ਤੋਂ ਰੋਕਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਗੁੰਡਾਗਰਦੀ, ਦਬਾਅ ਅਤੇ ਤਾਨਾਸ਼ਾਹੀ ਦੇ ਇਹ ਹਥਕੰਡੇ 2027 ਦੀਆਂ ਚੋਣਾਂ ਵਿੱਚ ਨਹੀਂ ਚੱਲਣਗੇ।ਉਨ੍ਹਾਂ ਇਹ ਵੀ ਕਿਹਾ ਕਿ ਸੂਬੇ ਦੀ ਅਫ਼ਸਰਸ਼ਾਹੀ ਦੇ ਕੁਝ ਅਧਿਕਾਰੀ ਵੀ ਕਠਪੁਤਲੀ ਬਣਕੇ ਲੋਕਾਂ ਨੂੰ ਡਰਾਉਣ-ਧਮਕਾਉਣ ਦੇ ਸੰਕੇਤ ਮਿਲ ਰਹੇ ਹਨ, ਜੋ ਬਹੁਤ ਗੰਭੀਰ ਮਾਮਲਾ ਹੈ।ਉਨ੍ਹਾਂ ਸਪੱਸ਼ਟ ਚੇਤਾਵਨੀ ਦਿੱਤੀ ਕਿ ਜਿਹਾ ਕੁਝ ਕਰੋਗੇ, ਉਹੀ ਕੁਝ ਭਰੋਗੇ।ਮੁੱਖ ਮੰਤਰੀ ਭਗਵੰਤ ਮਾਨ ਦੇ ਨਸ਼ਾ ਮੁਕਤ ਪੰਜਾਬ ਦੇ ਦਾਅਵਿਆਂ 'ਤੇ ਸਵਾਲ ਚੁੱਕਦਿਆਂ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਅੱਜ ਵੀ ਨਸ਼ੇ ਕਾਰਨ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ, ਜਦਕਿ ਸੂਬੇ 'ਚ ਮਾਫ਼ੀਆ ਵਰਗ ਹਾਵੀ ਹੋ ਰਹੇ ਹਨ।ਉਨ੍ਹਾਂ ਤਨਜ਼ ਕਸਿਆ ਕਿ ਜੋ ਆਪਣੇ ਆਪ ਨਸ਼ੇ ਵਿੱਚ ਰਹਿੰਦੇ ਹਨ, ਉਹ ਪੰਜਾਬ ਨੂੰ ਨਸ਼ਾ ਮੁਕਤ ਨਹੀਂ ਕਰ ਸਕਦੇ।

## ਵਿਆਹ ਸਮਾਗਮ 'ਚ ਬਰਾਤੀਆਂ ਦੀ ਆਪਸ 'ਚ ਖੜਕੀ

■ ਪੁਰਾਣੀ ਰੰਜਿਸ਼ ਕਾਰਨ ਹੋਇਆ ਝਗੜਾ, 9 ਖਿਲਾਫ਼ ਮਾਮਲਾ ਦਰਜ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਮਾਛੀਵਾੜਾ-ਸਮਰਾਲਾ ਰੋਡ 'ਤੇ ਸਥਿਤ ਮੈਰਿਜ ਪੈਲੇਸ ਵਿਚ ਵਿਆਹ ਵਿਚ ਬਰਾਤੀ ਜੋ ਆਪਸ 'ਚ ਰਿਸ਼ਤੇਦਾਰ ਹਨ, ਦੀ ਖੂਨੀ ਝੜਪ ਹੋ ਗਈ, ਜਿਸ ਵਿੱਚ 2 ਵਿਅਕਤੀ ਜ਼ਖ਼ਮੀ ਹੋ ਗਏ।

ਥਾਣਾ ਮੁਖੀ ਪਵਿੱਤਰ ਸਿੰਘ ਨੇ ਦੱਸਿਆ ਕਿ ਗੁਰਜੀਤ ਸਿੰਘ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਉਹ ਆਪਣੇ ਮਾਮੇ ਦੇ ਲੜਕੇ ਬਲਵੀਰ ਸਿੰਘ ਦੇ ਵਿਆਹ ਵਿਚ ਸ਼ਾਮਲ ਹੋਣ ਲਈ ਪੈਲੇਸ ਵਿਚ ਆਇਆ ਹੋਇਆ ਸੀ। ਵਿਆਹ ਵਿਚ ਉਸਦੇ ਸਾਰੇ ਭੈਣ ਭਰਾ ਵੀ ਪਹੁੰਚੇ ਹੋਏ ਸਨ ਤੇ ਸਟੇਜ ਉੱਪਰ ਸਾਰੇ ਹੀ ਰਿਸ਼ਤੇਦਾਰ ਮਨਿੰਦਰ ਸਿੰਘ, ਜਗਜੀਤ ਸਿੰਘ, ਮਲਕੀਤ ਸਿੰਘ, ਦੀਦਾਰ ਸਿੰਘ ਅਤੇ ਅਜਮੇਰ ਸਿੰਘ ਨੇ ਮੇਰੇ ਦੋਸਤ ਦਲਜੀਤ ਸਿੰਘ ਦੇ ਸਿਰ 'ਤੇ ਆ ਕੇ ਸ਼ਰਾਬ ਦੀ ਕੱਚ ਵਾਲੀ ਬੋਤਲ ਮਾਰੀ ਤੇ ਇਨ੍ਹਾਂ ਨੇ ਮੇਰੇ 'ਤੇ ਆ ਕੇ ਵੀ ਹਮਲਾ ਕਰ ਸੱਟਾਂ ਮਾਰੀਆਂ। ਬਿਆਨਕਰਤਾ ਅਨੁਸਾਰ ਜਦੋਂ ਮੇਰੀ ਭੈਣ ਤੇ ਮਾਂ ਬਚਾਉਣ ਆਏ ਤਾਂ ਉਨ੍ਹਾਂ ਨਾਲ ਵੀ ਕੁੱਟਮਾਰ ਕੀਤੀ ਅਤੇ ਮੇਰੇ ਗਲ 'ਚ ਪਾਈ ਸੋਨੇ ਦੀ ਚੈਨ ਵੀ ਖੋਹ ਕੇ ਲੈ ਗਏ।

ਬਿਆਨਕਰਤਾ ਅਨੁਸਾਰ ਇਹ ਝਗੜਾ ਪੁਰਾਣੀ ਰੰਜਿਸ਼ ਕਾਰਨ ਹੋਇਆ, ਕਿਉਂਕਿ ਇਨ੍ਹਾਂ 'ਚੋਂ ਮਨਿੰਦਰ ਸਿੰਘ ਜੋ ਕਿ ਮੇਰੀ ਭੂਆ ਦਾ ਲੜਕਾ ਲੱਗਦਾ ਹੈ, ਉਹ ਮੇਰੇ ਤੋਂ ਖਾਰ ਖਾਂਦਾ ਸੀ। ਮਾਛੀਵਾੜਾ ਪੁਲਸ ਵਲੋਂ ਇਸ ਸਬੰਧੀ ਅਣਪਛਾਤਿਆਂ ਸਮੇਤ ਕੁੱਲ 9 ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਦੂਜੀ ਧਿਰ ਦੇ ਅਜਮੇਰ ਸਿੰਘ ਨੇ ਜਾਣਕਾਰੀ ਦਿੱਤੀ ਕਿ ਉਹ ਆਪਣੇ ਭਤੀਜੇ ਦੇ ਵਿਆਹ ਵਿਚ ਸ਼ਾਮਲ ਹੋਣ ਲਈ ਆਏ ਸਨ ਅਤੇ ਕੁਝ ਅਣਪਛਾਤੇ ਵਿਅਕਤੀ ਜਿਨ੍ਹਾਂ ਨੂੰ ਅਸੀਂ ਜਾਣਦੇ ਵੀ ਨਹੀਂ, ਉਹ ਸਾਡੀ ਵਿਰੋਧੀ ਧਿਰ ਦੇ ਇੱਕ ਰਿਸ਼ਤੇਦਾਰ ਨਾਲ ਆਏ ਸਨ। ਇਹ ਵਿਅਕਤੀ ਜਾਣ-ਬੁੱਝ ਕੇ ਭੜਕਾਊ ਗੀਤ ਲਾ ਰਹੇ ਸਨ ਤੇ ਇਸ ਦੌਰਾਨ ਉਨ੍ਹਾਂ ਦਾ ਆਪਸ ਵਿਚ ਝਗੜਾ ਹੋ ਗਿਆ, ਜਿਨ੍ਹਾਂ 'ਚੋਂ ਗੁਰਜੀਤ ਸਿੰਘ ਨੇ ਸਾਡੇ 'ਤੇ ਹਮਲਾ ਕਰ ਦਿੱਤਾ। ਦੇਰ ਸ਼ਾਮ ਜਦੋਂ ਉਹ ਸਮਰਾਲਾ ਹਸਪਤਾਲ ਤੋਂ ਵਾਪਸ ਆ ਰਹੇ ਸਨ ਤਾਂ ਦੂਜੀ ਧਿਰ ਨੇ ਉਨ੍ਹਾਂ ਨੂੰ ਰਸਤੇ 'ਚ ਘੇਰ ਕੇ ਕੁੱਟਿਆ ਅਤੇ ਉਨ੍ਹਾਂ ਦੀ ਥਾਰ ਗੱਡੀ ਨੂੰ ਬੁਰੀ ਤਰ੍ਹਾਂ ਭੰਨ ਦਿੱਤਾ, ਜੋ ਇਸ ਸਮੇਂ ਮਾਛੀਵਾੜਾ ਥਾਣਾ ਵਿਚ ਖੜ੍ਹੀ ਹੈ। ਅਜਮੇਰ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਇੱਕ ਰਿਸ਼ਤੇਦਾਰ ਹਸਪਤਾਲ 'ਚ ਇਲਾਜ ਅਧੀਨ ਹੈ। ਥਾਣਾ ਮੁਖੀ ਪਵਿੱਤਰ ਸਿੰਘ ਨੇ ਕਿਹਾ ਕਿ ਦੂਜੀ ਧਿਰ ਦੇ ਬਿਆਨ ਵੀ ਦਰਜ ਕੀਤੇ ਜਾਣਗੇ ਜਿਸ ਤੋਂ ਬਾਅਦ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਤਨਖਾਹਾਂ ਤੁਰੰਤ ਜਾਰੀ ਕੀਤੀਆਂ ਜਾਣ : ਮੁੱਖ ਅਧਿਆਪਕ ਜਥੇਬੰਦੀ

**ਮਾਨਸਾ/ਬੁਢਲਾਡਾ (ਆਤਮਾ ਸਿੰਘ ਪਮਾਰ)**-ਮੁਲਾਜ਼ਮਾਂ ਦੀਆਂ ਤਨਖਾਹਾਂ 'ਤੇ ਜ਼ਬਾਨੀ ਰੋਕ ਲਾਉਣ ਲਈ ਹੁਕਮਾਂ ਨੂੰ ਹਟਾਉਣ ਦੀ ਮੰਗ ਕਰਦਿਆਂ ਮੁੱਖ ਅਧਿਆਪਕ ਜਥੇਬੰਦੀ ਪੰਜਾਬ ਦੇ ਸੂਬਾ ਪ੍ਰਧਾਨ ਅਮਨਦੀਪ ਸ਼ਰਮਾ ਨੇ ਕਿਹਾ ਕਿ ਮੁਲਾਜ਼ਮਾਂ ਦੀਆਂ ਤਨਖਾਹਾਂ ਪਹਿਲੀ ਤਰੀਕ ਨੂੰ ਜਾਰੀ ਕੀਤੀਆਂ ਜਾਣ। ਉਨ੍ਹਾਂ ਕਿਹਾ ਕਿ ਤਨਖਾਹਾਂ ਨੂੰ ਰੋਕਣਾ ਮੁਲਾਜ਼ਮਾਂ ਦੇ ਘਰਾਂ ਦੇ ਚੁੱਲ੍ਹੇ ਬੰਦ ਕਰਨ ਦੇ ਬਰਾਬਰ ਹੈ।ਜਥੇਬੰਦੀ ਪੰਜਾਬ ਦੇ ਸੂਬਾ ਪ੍ਰਚਾਰ ਗੁਰਜੰਟ ਸਿੰਘ ਬੱਛੋਆਣਾ ਨੇ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਤਨਖਾਹ 'ਤੇ ਲੱਗੀ ਰੋਕ ਤੁਰੰਤ ਹਟਾ ਕੇ ਮੁਲਾਜ਼ਮਾਂ ਦੀਆਂ ਤਨਖਾਹਾਂ ਜਾਰੀ ਕੀਤੀਆਂ ਜਾਣ।ਜਥੇਬੰਦੀ ਪੰਜਾਬ ਦੇ ਉਪ-ਪ੍ਰਧਾਨ ਜਸਨਦੀਪ ਸਿੰਘ ਕੁਲਾਣਾ, ਹਰਸ਼ ਗੋਇਲ ਬਰੇਟਾ ਨੇ ਕਿਹਾ ਕਿ ਬੱਚਿਆਂ ਦੇ ਫੀਸਾਂ ਤੇ ਕਿਸ਼ਤਾਂ ਆਦਿ ਭਰਨ ਕਰਨ ਲਈ ਤਨਖਾਹ ਮਹੀਨੇ ਦੀ ਪਹਿਲੀ ਤਾਰੀਖ ਨੂੰ ਜਾਰੀ ਕੀਤੀਆਂ ਜਾਣ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਜ਼ਬਾਨੀ ਤਨਖਾਹਾਂ ਰੋਕਣਾ ਸਰੇਆਮ ਗ਼ੈਰ-ਜਮਹੂਰੀ ਵਰਤਾਰਾ ਹੈ।

## ਢਾਬਾ ਮਾਲਕ ਨੇ ਫਾਹਾ ਲੈ ਕੇ ਕੀਤੀ ਖੁਦਕੁਸ਼ੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਦੇ ਦੁਸਹਿਰਾ ਮੈਦਾਨ ਨੇੜੇ ਇੱਕ ਢਾਬਾ ਮਾਲਕ ਅਮਰਜੀਤ ਸਿੰਘ ਨੇ ਬੀਤੀ ਰਾਤ ਗਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਅਮਰਜੀਤ ਸਿੰਘ ਦੁਸਹਿਰਾ ਮੈਦਾਨ ਨੇੜੇ ਢਾਬਾ ਚਲਾਉਂਦਾ ਸੀ ਅਤੇ ਉਹ ਇਕੱਲਾ ਹੀ ਰਹਿੰਦਾ ਸੀ। ਅਮਰਜੀਤ ਸਿੰਘ ਦੇ ਮਾਤਾ-ਪਿਤਾ ਦੀ ਮੌਤ ਹੋ ਚੁੱਕੀ ਸੀ ਜੋ ਕਿ ਵਿਆਹਿਆ ਵੀ ਨਹੀਂ ਸੀ। ਅੱਜ ਸਵੇਰੇ ਜਦੋਂ ਢਾਬਾ ਖੋਲ੍ਹਿਆ ਗਿਆ ਤਾਂ ਦੇਖਿਆ ਕਿ ਅਮਰਜੀਤ ਸਿੰਘ ਛੱਤ ਵਿਚ ਲੱਗੇ ਪੱਖੇ ਦੀ ਹੁੱਕ ਨਾਲ ਗਲ ਫਾਹਾ ਲੈ ਕੇ ਆਤਮ ਹੱਤਿਆ ਕੀਤੀ ਹੋਈ ਸੀ। ਥਾਣਾ ਮੁਖੀ ਸਬ ਇੰਸਪੈਕਟਰ ਪਵਿੱਤਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਸ ਟੀਮ ਵਲੋਂ ਢਾਬੇ ਦੀ ਚੰਗੀ ਤਰ੍ਹਾਂ ਜਾਂਚ ਕੀਤੀ ਪਰ ਉੱਥੋਂ ਕੋਈ ਵੀ ਸੁਸਾਈਡ ਨੋਟ ਨਾ ਮਿਲਿਆ ਜਿਸ ਤੋਂ ਪਤਾ ਲੱਗ ਸਕੇ ਕਿ ਉਸਨੇ ਆਤਮ-ਹੱਤਿਆ ਕਿਉਂ ਕੀਤੀ। ਪੁਲਿਸ ਅਨੁਸਾਰ ਇਕੱਲੇਪਣ ਕਾਰਨ ਅਮਰਜੀਤ ਸਿੰਘ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸੀ ਜਿਸ ਕਾਰਨ ਉਸਨੇ ਇਹ ਖੌਫ਼ਨਾਕ ਕਦਮ ਚੁੱਕ ਲਿਆ। ਪੁਲਿਸ ਵਲੋਂ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟ ਮਾਰਟਮ ਕਰਵਾਉਣ ਲਈ ਭਿਜਵਾ ਦਿੱਤਾ ਹੈ।

## ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਪਿਓ-ਪੁੱਤ ਨੂੰ ਸੱਟਾਂ ਮਾਰ ਕੇ ਦੁਕਾਨ ਦੀ ਕੀਤੀ ਭੰਨ-ਤੋੜ, 8 ਖਿਲਾਫ਼ ਮਾਮਲਾ ਦਰਜ

**ਫਿਰੋਜ਼ਪੁਰ (ਗੁਰਬਚਨ ਸਿੰਘ)**-ਚੁੰਗੀ ਨੰਬਰ 8 ਵਿਖੇ ਪੈਸਿਆਂ ਦੇ ਲੈਣ ਦੇਣ ਨੂੰ ਲੈ ਕੇ ਪਿਓ-ਪੁੱਤਰ ਦੇ ਸੱਟਾਂ ਮਾਰ ਕੇ ਦੁਕਾਨ ਦੀ ਭੰਨ ਤੋੜ ਕਰਨ ਦੇ ਦੋਸ਼ ਵਿਚ ਥਾਣਾ ਕੁੱਲਗੜ੍ਹੀ ਪੁਲਸ ਨੇ 5 ਵਿਅਕਤੀਆਂ ਸਮੇਤ ਤਿੰਨ ਅਣਪਛਾਤੇ ਵਿਅਕਤੀਆਂ ਖਿਲਾਫ 115 (2), 324 (4), 333, 351, 305, 191 (3), 190 ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ।ਪੁਲਸ ਨੂੰ ਦਿੱਤੇ ਬਿਆਨਾਂ 'ਚ ਗੁਰਬਖ਼ਸ਼ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਪ੍ਰਤਾਪ ਨਗਰ ਚੁੰਗੀ ਨੰਬਰ 8 ਫਿਰੋਜ਼ਪੁਰ ਨੇ ਦੱਸਿਆ ਕਿ ਗੋਰੀ ਪੁੱਤਰ ਪ੍ਰਨੂੰ ਜੋ ਕਰੀਬ 20-25 ਦਿਨ ਪਹਿਲਾਂ ਉਸ ਦੀ ਦੁਕਾਨ ਤੋਂ ਉਧਾਰ ਸਮਾਨ ਲੈ ਕੇ ਗਿਆ ਸੀ, ਜਿਸ ਨੇ ਕਿਹਾ ਕਿ ਉਹ ਬਾਅਦ 'ਚ ਪੈਸੇ ਦੇਵੇਗਾ, ਪਰ ਸਮਾਨ ਦੇ ਪੈਸੇ ਨਹੀਂ ਦੇ ਕੇ ਗਿਆ।ਗੁਰਬਖ਼ਸ਼ ਸਿੰਘ ਨੇ ਦੱਸਿਆ ਕਿ ਮਿਤੀ 25 ਨਵੰਬਰ 2025 ਨੂੰ ਸ਼ਾਮ ਕਰੀਬ 7.30 ਵਜੇ ਉਸ ਦੀ ਪਤਨੀ ਪ੍ਰਵੀਨ ਰਾਣੀ ਸਮਾਨ ਆਰਿਅਨ ਪੁੱਤਰ ਵਿਨੋਦ ਕੁਮਾਰ ਵਾਸੀ ਚੁੰਗੀ ਨੰਬਰ 8 ਫਿਰੋਜ਼ਪੁਰ ਨਾਲ ਵਿਚ ਸਮਾਨ ਲੈਣ ਆਇਆ, ਜਿਸ ਨੇ ਕੁਝ ਸਮਾਨ ਖਰੀਦ ਕੀਤਾ ਅਤੇ ਉਸ ਦੀ ਪਤਨੀ ਨੂੰ 500 ਰੁਪਏ ਦਿੱਤੇ, ਜਿਸ ਵਿੱਚ ਉਸ ਦੀ ਪਤਨੀ ਨੇ ਪਹਿਲਾਂ ਉਧਾਰ ਲਏ ਸਮਾਨ ਦੇ ਵੀ ਪੈਸੇ ਕੱਟ ਕੇ ਬਾਕੀ ਪੈਸੇ ਵਾਪਸ ਦੇ ਦਿੱਤੇ, ਜਿਸ ਗੱਲ ਤੋਂ ਗੋਰੀ ਉਸ ਦੀ ਘਰਵਾਲੀ ਨਾਲ ਬਹਿਸਬਾਜ਼ੀ ਕਰਨ ਲੱਗ ਪਿਆ ਤੇ ਧਮਕੀ ਦੇਣ ਲੱਗ ਪਿਆ ਕਿ ਉਹ ਆਪਣੇ ਸਾਥੀਆਂ ਨੂੰ ਲੈ ਕੇ ਆਉਂਦਾ ਹੈ।ਉਸ ਨੇ ਦੱਸਿਆ ਕਿ ਉਸ ਦੀ ਘਰਵਾਲੀ ਨੇ ਫੋਨ ਕਰਕੇ ਉਸ ਨੂੰ ਬੁਲਾ ਲਿਆ ਤੇ ਕਰੀਬ 8 ਪੀਐੱਮ 'ਤੇ ਗੋਰੀ ਉਰਫ ਆਰਿਅਨ ਪੁੱਤਰ ਵਿਨੋਦ, ਸਲੀਮ ਪੁੱਤਰ ਰਾਜੂ, ਅੱਬ ਉਰਫ ਪੰਪਲ ਪੁੱਤਰ ਕੱਦੂ, ਪ੍ਰਿੰਸ ਪੁੱਤਰ ਲਾਰਾ ਵਾਸੀਆਨ ਚੁੰਗੀ ਨੰਬਰ 8 ਅਤੇ 3 ਅਣਪਛਾਤੇ ਵਿਅਕਤੀਆਂ ਸਮੇਤ ਤੇਜ਼ਧਾਰ ਹਥਿਆਰਾਂ ਨਾਲ ਉਸ ਦੀ ਦੁਕਾਨ ਅੰਦਰ ਵੜ ਕੇ ਦੁਕਾਨ ਦੀ ਭੰਨਤੋੜ ਕਰਨ ਲੱਗ ਪਏ ਅਤੇ ਦੁਕਾਨ ਦਾ ਸਮਾਨ ਖਿਲਾਰ ਦਿੱਤਾ।ਜਦ ਉਸ ਨੇ ਉਕਤ ਦੋਸ਼ੀਆਂ ਨੂੰ ਰੋਕਿਆ ਤਾਂ ਉਨ੍ਹਾਂ ਨੇ ਉਸ ਦੇ ਸੱਟਾਂ ਮਾਰੀਆਂ ਤੇ ਦੁਕਾਨ ਵਿਚੋਂ 7 ਹਜ਼ਾਰ ਰੁਪਏ ਕੱਢ ਲਏ ਅਤੇ ਉਸ ਦੇ ਪੁੱਤਰ ਨੂੰ ਵੀ ਸੱਟਾਂ ਮਾਰੀਆਂ ਤੇ ਘਰ ਅੰਦਰ ਦਾਖਲ ਹੋ ਕੇ ਉਸ ਦੇ ਦੂਜੇ ਕਮਰੇ ਵਿਚ ਦਾਖਲ ਹੋ ਕੇ ਪਈ ਅਲਮਾਰੀ 'ਚ ਕਰੀਬ 50 ਹਜ਼ਾਰ ਰੁਪਏ ਕੱਢ ਕੇ ਲੈ ਗਏ।ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਗੁਰਮੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਹਲਕੇ ਦੇ ਲੋਕ ਮਾਨ ਸਰਕਾਰ ਦੇ ਕੰਮ ਦੇ ਅਧਾਰ 'ਤੇ ਪਾਉਣਗੇ ਵੋਟ : ਕਾਕਾ ਬਰਾੜ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪ੍ਰਜਾ)**-ਜਿਵੇਂ-ਜਿਵੇਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਦੀ ਤਰੀਕ ਨਜ਼ਦੀਕ ਆ ਰਹੀ ਹੈ, ਤਿਵੇਂ-ਤਿਵੇਂ ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਪਾਰਟੀਆਂ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੀਆਂ ਹਨ।ਇਸੇ ਲੜੀ ਤਹਿਤ ਪਿੰਡ ਬੂੜਾ ਗੁੱਜਰ ਦੇ ਸਰਪੰਚ ਜਸਵੀਰ ਸਿੰਘ ਮੈਂਬਰਾਂ ਸਮੇਤ ਅਕਾਲੀ ਦਲ ਨੂੰ ਅਲਵਿਦਾ ਆਖ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਮਾਰਕਿਟ ਕਮੇਟੀ ਮੁਕਤਸਰ ਦੇ ਚੇਅਰਮੈਨ ਸੁਰਜੀਤ ਸਿੰਘ ਸੰਧੂ, ਜ਼ਿਲ੍ਹਾ ਪ੍ਰੀਸ਼ਦ ਉਦੇਕਰਨ ਜ਼ੋਨ ਦੇ ਉਮੀਦਵਾਰ ਹਰਦੀਪ ਸਿੰਘ ਸੰਧੂ ਤੇ ਬਲਾਕ ਸੰਮਤੀ ਜ਼ੋਨ ਬੂੜਾ ਗੁੱਜਰ ਤੋਂ ਉਮੀਦਵਾਰ ਬਾਬਾ ਜਸਕਰਨ ਸਿੰਘ ਆਦਿ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।ਕਾਕਾ ਬਰਾੜ ਨੇ ਪਾਰਟੀ ਵਿੱਚ ਸ਼ਾਮਲ ਹੋਏ ਸਰਪੰਚ ਜਸਵੀਰ ਸਿੰਘ ਤੇ ਉਨ੍ਹਾਂ ਦੇ ਮੈਂਬਰਾਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਪਾਰਟੀ ਵਿੱਚ ਉਨ੍ਹਾਂ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਵਿਕਾਸ ਲਈ ਵੱਡੇ ਉਪਰਾਲੇ ਕਰ ਰਹੀ ਹੈ ਤੇ ਪਿੰਡਾਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਦੇਣ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਵੱਡੀ ਜਿੱਤ ਹਾਸਲ ਕਰੇਗੀ ਅਤੇ ਪੰਜਾਬ ਦੇ ਵਿਕਾਸ ਨੂੰ ਹੋਰ ਅੱਗੇ ਲਿਜਾਇਆ ਜਾਵੇਗਾ। ਪਾਰਟੀ ਵਿੱਚ ਸ਼ਾਮਲ ਹੋਏ ਸਰਪੰਚ ਜਸਵੀਰ ਸਿੰਘ, ਮੇਜਰ ਸਿੰਘ ਮੈਂਬਰ, ਵਿਕਾ ਸਿੰਘ ਮੈਂਬਰ, ਸੇਵਾ ਸਿੰਘ ਮੈਂਬਰ ਤੇ ਜ਼ਸਪਾਲ ਸਿੰਘ ਪੋਹਲੀ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਤੋਂ ਬਹੁਤ ਪ੍ਰਭਾਵਤ ਹਨ ਤੇ ਉਨ੍ਹਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਆਮ ਆਦਮੀ ਪਾਰਟੀ ਹੀ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ ਤੇ ਲਿਜਾ ਸਕਦੀ ਹੈ।ਉਨ੍ਹਾਂ ਕਿਹਾ ਕਿ ਉਹ ਪਿੰਡ ਦੇ ਵਿਕਾਸ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ ਅਤੇ ਪਿੰਡ ਵਾਸੀਆਂ ਨੂੰ ਹਰ ਸੰਭਵ ਸਹੂਲਤ ਮੁਹੱਈਆ ਕਰਾਉਣਗੇ।

## ਸ਼ਹਿਰ 'ਚ ਨਸ਼ੇੜੀ ਤੇ ਗੁੰਡਾ ਅਨਸਰਾਂ ਨੂੰ ਸਖ਼ਤੀ ਨਾਲ ਨੱਥ ਪਾਈ ਜਾਵੇ : ਨਗਰ ਸੁਧਾਰ ਸਭਾ

■ ਹਜ਼ਾਰਾਂ ਦਸਤਖ਼ਤਾਂ ਵਾਲੇ ਫਾਰਮ ਮੁੱਖ ਮੰਤਰੀ ਪੰਜਾਬ ਨੂੰ ਭੇਜਾਂਗੇ : ਐਡਵੋਕੇਟ ਦਲਿਓ

**ਬੁਢਲਾਡਾ (ਅਸ਼ੋਕ ਲਾਕੜਾ)**-ਇੱਥੇ ਨਗਰ ਸੁਧਾਰ ਸਭਾ ਬੁਢਲਾਡਾ ਦੇ ਕੁਆਰਡੀਨੇਟਰ ਐਡਵੋਕੇਟ ਸਵਰਨਜੀਤ ਸਿੰਘ ਦਲਿਓ ਨੇ ਕਿਹਾ ਕਿ ਸੰਸਥਾ ਵੱਲੋਂ ਮੀਟਿੰਗ ਵਿੱਚ ਸ਼ਹਿਰ ਤੇ ਇਲਾਕੇ ਵਿੱਚ ਨਸ਼ਿਆਂ ਖ਼ਾਸ ਕਰਕੇ ਹੀਰੋਇਨ (ਚਿੱਟਾ) ਤੇ ਮੈਡੀਕਲ ਨਸ਼ੇ ਵਿਰੁੱਧ ਦਸਤਖ਼ਤੀ ਮੁਹਿੰਮ ਨੂੰ ਵਿਉਂਤਬੰਦ ਢੰਗ ਨਾਲ ਚਲਾਉਣ ਲਈ ਪੰਜ ਟੀਮਾਂ ਦਾ ਗਠਨ ਕਰ ਦਿੱਤਾ ਗਿਆ ਹੈ।ਸੰਸਥਾ ਨੇ ਫੈਸਲਾ ਕੀਤਾ ਕਿ ਨਸ਼ਿਆਂ ਵਿਰੁੱਧ ਹਜ਼ਾਰਾਂ ਦਸਤਖ਼ਤਾਂ ਵਾਲੇ ਫਾਰਮ ਸਥਾਨਕ ਐੱਸ.ਡੀ.ਐੱਮ. ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਭੇਜੇ ਜਾਣਗੇ।ਉਨ੍ਹਾਂ ਦੱਸਿਆ ਕਿ ਮੀਟਿੰਗ ਵਿੱਚ ਅਵਤਾਰ ਸਿੰਘ ਔਲਖ, ਮਾਸਟਰ ਰਘੁਨਾਥ ਸਿੰਗਲਾ, ਪ੍ਰੇਮ ਸਿੰਘ ਦੋਦੜਾ, ਸਤਪਾਲ ਸਿੰਘ ਕਟੌਦੀਆ, ਰਾਮਗੋਪਾਲ, ਗਗਨ ਦਾਸ ਵੈਰਾਗੀ ਆਦਿ ਸ਼ਾਮਲ ਸਨ।ਸੰਸਥਾ ਦੇ ਆਗੂ ਨੇ ਦੱਸਿਆ ਕਿ ਸ਼ਹਿਰ ਵਿੱਚ ਨਸ਼ੇੜੀ ਤੇ ਅਵਾਰਾ ਕਿਸਮ ਦੇ ਨੌਜਵਾਨ ਸ਼ਰੇਆਮ ਅਵਾਰਾਗਰਦੀ ਤੇ ਗੁੰਡਾਗਰਦੀ ਕਰਦੇ ਹਨ।ਨਿੱਤ ਦਿਨ ਇਨ੍ਹਾਂ ਨਸ਼ੇੜੀ ਨੌਜਵਾਨਾਂ ਵਿੱਚ ਆਪਸੀ ਲੜਾਈ ਝਗੜੇ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ।ਸਕੂਲਾਂ-ਕਾਲਜਾਂ ਦੀਆਂ ਵਿਦਿਆਰਥਣਾਂ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦੀਆਂ ਹਨ।ਨਗਰ ਸੁਧਾਰ ਸਭਾ ਨੇ ਜ਼ਿਲ੍ਹਾ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਨਸ਼ੇੜੀ ਤੇ ਗੁੰਡਾ ਕਿਸਮ ਦੇ ਅਨਸਰਾਂ ਨੂੰ ਸਖ਼ਤੀ ਨਾਲ ਨੱਥ ਪਾਈ ਜਾਵੇ।ਸ਼ਹਿਰ ਵਿੱਚ ਦੁਕਾਨਾਂ-ਘਰਾਂ ਵਿੱਚ ਚੋਰੀਆਂ ਹੋਣ, ਮੋਟਰਸਾਈਕਲ ਆਦਿ ਵਹੀਕਲ ਚੋਰੀ ਹੋਣ ਤੇ ਲੁੱਟ-ਖੋਹ ਦੀਆਂ ਘਟਨਾਵਾਂ ਆਮ ਵਾਪਰ ਰਹੀਆਂ ਹਨ।ਉਨ੍ਹਾਂ ਮੰਗ ਕੀਤੀ ਕਿ ਸ਼ਹਿਰ ਵਿੱਚ ਪੁਲਸ ਦੀ ਗਸ਼ਤ ਤੇਜ਼ ਕੀਤੀ ਜਾਵੇ ਤੇ ਸ਼ਹਿਰ ਵਿੱਚ ਘੱਟੋ ਘੱਟ ਪੰਜ-ਛੇ ਥਾਵਾਂ 'ਤੇ ਪੁਲਸ ਪੋਸਟਾਂ ਸਥਾਪਤ ਕੀਤੀਆਂ ਜਾਣ। ਮੀਟਿੰਗ ਵਿੱਚ ਇਹ ਵੀ ਮੰਗ ਕੀਤੀ ਗਈ ਕਿ ਸੀਵਰੇਜ ਸਿਸਟਮ ਵਿੱਚ ਸੁਧਾਰ ਕੀਤਾ ਜਾਵੇ, ਪੀਣ ਵਾਲੇ ਸਾਫ਼ ਪਾਣੀ ਦੀ ਸਪਲਾਈ ਯਕੀਨੀ ਬਣਾਈ ਜਾਵੇ, ਨਗਰ ਕੌਂਸਲ ਸਮੇਤ ਵੱਖ ਵੱਖ ਵਿਭਾਗਾਂ ਵਿੱਚ ਫੈਲੇ ਭ੍ਰਿਸ਼ਟਾਚਾਰ ਨੂੰ ਨੱਥ ਪਾਈ ਜਾਵੇ, ਆਵਾਰਾ ਪਸ਼ੂਆਂ ਤੋਂ ਨਿਜ਼ਾਤ ਦਿਵਾਉਣ ਲਈ ਠੋਸ ਕਦਮ ਚੁੱਕੇ ਜਾਣ।

## ਲੋਕ ਸੇਵਕ ਕਾਲੋਨੀ ਸਰਹਿੰਦ 'ਚ ਵਿਕਾਸ ਕਾਰਜ ਸ਼ੁਰੂ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਵਿਧਾਇਕ ਲਖਬੀਰ ਸਿੰਘ ਰਾਏ ਨੇ ਨਗਰ ਕੌਂਸਲ ਸਰਹਿੰਦ ਅਧੀਨ ਆਉਂਦੀ ਲੋਕ ਸੇਵਕ ਕਾਲੋਨੀ ਸਰਹਿੰਦ ਵਿਖੇ ਕਰੀਬ 10 ਲੱਖ ਰੁਪਏ ਦੀ ਲਾਗਤ ਨਾਲ ਸ਼ੁਰੂ ਹੋਣ ਵਾਲਾ ਇੰਟਰਲਾਕ ਟਾਈਲਾਂ ਦਾ ਕੰਮ ਸ਼ੁਰੂ ਕਰਵਾਇਆ।ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਿਕਾਸ ਕਾਰਜਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਤਾਂ ਜੋ ਸੂਬੇ ਦੀ ਨੁਹਾਰ ਬਦਲੀ ਜਾ ਸਕੇ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਬਿਨਾਂ ਪੱਖਪਾਤ ਤੋਂ ਕੰਮ ਕਰ ਰਹੀ ਹੈ, ਜਿੱਥੇ ਨੌਜਵਾਨਾਂ ਨੂੰ ਨੌਕਰੀਆਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਉੱਥੇ ਹੀ ਸਿੱਖਿਆ ਤੇ ਸਿਹਤ ਸਹੂਲਤਾਂ ਵੱਲ ਖਾਸ ਧਿਆਨ ਦਿੱਤਾ ਜਾ ਰਿਹਾ।ਉਨ੍ਹਾਂ ਕਿਹਾ ਕਿ ਸੂਬੇ ਭਰ ਦੀਆਂ ਸੜਕਾਂ ਦੀ ਨੁਹਾਰ ਬਦਲਣ ਲਈ ਸਰਕਾਰ ਵੱਲੋਂ ਇੰਨੇ ਵੱਡੇ ਪੱਧਰ 'ਤੇ ਸੜਕਾਂ ਦਾ ਕੰਮ ਕਰਵਾਇਆ ਜਾ ਰਿਹਾ ਹੈ, ਜੋ ਕਿ ਇਤਿਹਾਸਕ ਕਦਮ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰਮੇਸ਼ ਸੋਨੂੰ, ਮੋਹਿਤ ਸੂਦ, ਪਵੇਲ ਹਾਂਡਾ, ਪ੍ਰਿਤਪਾਲ ਸਿੰਘ ਜੱਸੀ, ਅਸ਼ੀਸ਼ ਅੱਤਰੀ, ਅਸ਼ੀਸ਼ ਸੂਦ, ਸਨੀ ਚੋਪੜਾ, ਸੁਨੀਤ ਕੁਮਾਰ, ਏਐੱਸਆਈ ਬਲਜਿੰਦਰ ਸਿੰਘ, ਨਰਿੰਦਰ ਨਨੂੰ ਸੰਗਤਪੁਰਾ ਆਦਿ ਹਾਜ਼ਰ ਸਨ।

## ਆਲੂ ਦਾ ਬੀਜ ਬਾਹਰ ਭੇਜਣ ਲਈ ਹੁਕਮਰਾਨ ਸਰਹੱਦਾਂ ਕਿਉਂ ਨਹੀਂ ਖੋਲਦੇ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਜਾਬ ਦੇ ਜ਼ਿਮੀਦਾਰਾਂ ਵੱਲੋਂ ਪੈਦਾ ਕੀਤੀ ਜਾਣ ਵਾਲੀਆਂ ਆਲੂਆਂ ਦੀ ਫ਼ਸਲ ਸੰਬੰਧੀ ਕਿਹਾ ਸੀ ਕਿ ਸਾਡੇ ਕੋਲ ਹਾਲੈਂਡ ਤੋਂ ਵੀ ਵਧੀਆ ਆਲੂਆਂ ਦਾ ਬੀਜ ਹੈ, ਜੋ ਸਭ ਤੋਂ ਉੱਤਮ ਹੈ।ਬਰਮਾ, ਪਾਕਿਸਤਾਨ, ਅਫਗਾਨਿਸਤਾਨ, ਭੂਟਾਨ, ਸਿੱਕਮ, ਬੰਗਲਾ ਦੇਸ਼, ਸ੍ਰੀਲੰਕਾ ਆਦਿ ਮੁਲਕ ਇਸ ਫ਼ਸ ਦਾ ਬੀਜ ਹਾਲੈਂਡ ਤੋ ਮਹਿੰਗੇ ਭਾਅ ਮੰਗਵਾਉਂਦੇ ਹਨ, ਜਦੋਂਕਿ ਪੰਜਾਬ ਤੋਂ ਅਸੀਂ ਇਸ ਸਭ ਤੋਂ ਉਤਮ ਬੀਜ ਦੀ ਸਪਲਾਈ ਇਨ੍ਹਾਂ ਮੁਲਕਾਂ ਨੂੰ ਉਨ੍ਹਾਂ ਦੀ ਲੋੜ ਅਨੁਸਾਰ ਕਰ ਸਕਦੇ ਹਾਂ।ਜੇਕਰ ਇੰਡੀਆ ਦੇ ਹੁਕਮਰਾਨ ਅਤੇ ਰੇਲਵੇ ਵਿਭਾਗ ਸਾਨੂੰ ਪੰਜਾਬੀਆ ਨੂੰ ਏ.ਸੀ. ਰੇਲਵੇ ਬੋਗੀਆਂ ਲੋੜੀਂਦੀ ਮਾਤਰਾ ਵਿਚ ਉਪਲਬਧ ਕਰਾ ਦੇਣ, ਜਿਸ ਨਾਲ ਪੰਜਾਬ ਦੇ ਆਲੂ ਉਤਪਾਦਕਾਂ ਦੀ ਮਾਲੀ ਹਾਲਤ ਬਿਹਤਰ ਹੋ ਜਾਵੇਗੀ ਤੇ ਉਨ੍ਹਾਂ ਨੂੰ ਆਲੂ ਦੀ ਫ਼ਸਲ ਦੀ ਸਹੀ ਕੀਮਤ ਮਿਲਣੀ ਪ੍ਰਾਪਤ ਹੋ ਜਾਵੇਗੀ।ਇਸ ਕੰਮ ਲਈ ਪਾਕਿਸਤਾਨ ਨਾਲ ਲੱਗਦੀਆਂ ਸਰਹੱਦਾਂ ਨੂੰ ਇਹ ਜ਼ਿੰਮੀਦਾਰਾਂ ਦੇ ਉਤਪਾਦਾਂ ਨੂੰ ਭੇਜਣ ਲਈ ਸਰਹੱਦਾਂ ਨੂੰ ਖੋਲਣ ਲਈ ਵੀ ਅਮਲ ਕਰਨਾ ਹੋਵੇਗਾ, ਜਿਵੇਂ-ਜਿਵੇਂ ਇੰਡੀਆ ਤੇ ਪੰਜਾਬ ਦੀਆਂ ਸਰਕਾਰਾਂ ਇਸ ਕੰਮ 'ਚ ਦੇਰੀ ਕਰ ਰਹੀਆਂ ਹਨ, ਇਸ ਨਾਲ ਪੰਜਾਬੀਆਂ ਵਿਸੇਸ ਤੌਰ 'ਤੇ ਜ਼ਿੰਮੀਦਾਰਾਂ ਦੇ ਉਤਪਾਦਾਂ ਨੂੰ ਸਹੀ ਕੀਮਤ 'ਤੇ ਵੇਚਣ ਵਿਚ ਵੱਡੀ ਮੁਸ਼ਕਲ ਖੜੀ ਰਹੇਗੀ ਅਤੇ ਉਹ ਮਾਲੀ ਤੌਰ 'ਤੇ ਕਮਜ਼ੋਰ ਹੋਣਗੇ, ਜਿਸ ਨਾਲ ਨੁਕਸਾਨ ਹੋਰ ਵਧ ਜਾਵੇਗਾ, ਲੇਕਿਨ ਸਾਡੇ ਵੱਲੋਂ ਦਿੱਤੇ ਗਏ ਇਨ੍ਹਾਂ ਸੁਝਾਵਾਂ ਨੂੰ ਸੈਂਟਰ ਅਤੇ ਰੇਲਵੇ ਵਿਭਾਗ ਨੇ ਪਹਿਲੇ ਵੀ ਕੋਈ ਅਹਿਮੀਅਤ ਨਹੀ ਦਿੱਤੀ। ਹੁਣ ਆਲੂਆਂ ਦੀ ਫ਼ਸਲ ਬੀਜਣ ਦੀ ਤਿਆਰੀ ਹੋ ਰਹੀ ਹੈ, ਇਸ ਲਈ ਹੁਕਮਰਾਨਾਂ ਨੂੰ ਪੰਜਾਬ ਦੀ ਮਾਲੀ ਹਾਲਤ ਨੂੰ ਹੋਰ ਬਿਹਤਰ ਬਣਾਉਣ ਲਈ ਫੌਰੀ ਪੰਜਾਬ ਨਾਲ ਲੱਗਦੀਆਂ ਸਰਹੱਦਾਂ ਨੂੰ ਕੌਮਾਂਤਰੀ ਵਪਾਰ ਲਈ ਖੋਲ੍ਹ ਦੇਣਾ ਚਾਹੀਦਾ ਹੈ ਤਾਂ ਜੁ ਪੰਜਾਬ ਦਾ ਆਲੂ ਉਤਪਾਦਕ ਆਪਣੇ ਬੀਜ ਦੀ ਸਪਲਾਈ ਦੇ ਕੇ ਇਨ੍ਹਾਂ ਮੁਲਕਾਂ ਦੀ ਲੋੜ ਪੂਰੀ ਕਰਨ ਦੇ ਨਾਲ-ਨਾਲ ਆਪਣੀ ਮਾਲੀ ਹਾਲਤ ਨੂੰ ਬਿਹਤਰ ਬਣਾ ਸਕੇ । ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਆਲੂਆਂ ਦੀ ਫ਼ਸਲ ਦੇ ਉਤਪਾਦਕਾਂ ਦੇ ਵਪਾਰ ਨੂੰ ਕੌਮਾਂਤਰੀ ਪੱਧਰ 'ਤੇ ਸਹੀ ਕਰਨ ਅਤੇ ਪੰਜਾਬ ਦੀ ਮਾਲੀ ਹਾਲਤ ਤੇ ਬੇਰੁਜਗਾਰੀ ਨੂੰ ਦੂਰ ਕਰਨ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ।

## ਸੰਮਤੀ ਚੋਣਾਂ ਕਾਂਗਰਸ ਭਾਰੀ ਬਹੁਮੱਤ ਨਾਲ ਜਿੱਤੇਗੀ : ਗਾਗੋਵਾਲ



**ਮਾਨਸਾ (ਆਤਮਾ ਸਿੰਘ ਪਮਾਰ)**-ਕਾਂਗਰਸ ਪਾਰਟੀ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਇੱਕਜੁਟ ਹੋ ਕੇ ਲੜੀਆਂ ਜਾਣਗੀਆਂ ਅਤੇ ਭਾਰੀ ਬਹੁਮੱਤ ਨਾਲ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾਇਆ ਜਾਵੇਗਾ।ਉਕਤ ਵਿਚਾਰਾਂ ਦਾ ਪ੍ਰਗਟਾਵਾ ਇਥੇ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਰਸ਼ਦੀਪ ਸਿੰਘ ਮਾਈਕਲ ਗਾਗੋਵਾਲ, ਸਾਬਕਾ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਤੇ ਸੀਨੀਅਰ ਕਾਂਗਰਸੀ ਆਗੂ ਆਗੂ ਗੁਰਪ੍ਰੀਤ ਸਿੰਘ ਵਿੱਕੀ ਵੱਲੋਂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਜੰਗਲ ਰਾਜ ਬਣਾਇਆ ਹੋਇਆ ਹੈ।ਰਾਜ ਅੰਦਰ ਕਾਨੂੰਨ ਵਿਵਸਥਾ ਦੀ ਸਥਿਤੀ ਕੰਟਰੋਲ ਤੋਂ ਬਾਹਰ ਹੈ।ਸੂਬੇ 'ਚ ਦਿਨ ਦਿਹਾੜੇ ਕਤਲੋਗਾਰਤ ਹੋ ਰਹੀ ਹੈ।ਉਨ੍ਹਾਂ ਕਿਹਾ ਕਿ ਸਰਕਾਰ ਦਾ ਯੁੱਧ ਨਸ਼ਿਆਂ ਵਿਰੁੱਧ ਕਾਗਜ਼ੀ ਤੌਰ 'ਤੇ ਹੀ ਚੱਲ ਰਿਹਾ ਹੈ, ਪਰ ਨਸ਼ੇ ਦੀ ਓਵਰ ਡੋਜ਼ ਕਾਰਨ ਲੋਕਾਂ ਦੇ ਘਰਾਂ ਦੇ ਚਿਰਾਗ ਬੁੱਝ ਰਹੇ ਹਨ।ਨਸ਼ਾ ਖ਼ਾਸ ਤੌਰ 'ਤੇ ਚਿੱਟਾ ਪ੍ਰਚੂਨ ਵਾਂਗ ਬਿਨਾਂ ਰੋਕ ਟੋਕ ਤੋਂ ਖੁੱਲ੍ਹਾ ਵਿਕ ਰਿਹਾ ਹੈ।ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ ਗਏ ਤੇ ਸਰਕਾਰ ਵੱਲੋਂ ਕਿਸਾਨਾਂ ਮਜ਼ਦੂਰਾਂ ਸਮੇਤ ਹਰ ਵਰਗ ਉੱਪਰ ਤਸ਼ੱਦਦ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸਰਕਾਰ ਦੇ ਜੰਗਲ ਰਾਜ ਤੋਂ ਲੋਕ ਅੱਕ ਚੁੱਕੇ ਹਨ ਤੇ ਲੋਕਾਂ ਦਾ ਝੁਕਾਅ ਦਿਨੋਂ ਦਿਨ ਕਾਂਗਰਸ ਵੱਲ ਹੋ ਰਿਹਾ ਹੈ।ਇਸ ਮੌਕੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਐਡਵੋਕੇਟ ਬਲਕਰਨ ਸਿੰਘ ਬੱਲੀ, ਹਰਵਿੰਦਰ ਭਾਰਦਵਾਜ, ਅੰਮ੍ਰਿਤਪਾਲ ਸਿੰਘ ਕੂਕਾ, ਅਮਰੀਕ ਸਿੰਘ ਅਲੀਸ਼ੇਰ, ਹਰਪ੍ਰੀਤ ਸਿੰਘ ਨੰਦਗੜ੍ਹ, ਗੁਰਸੇਵਕ ਸਿੰਘ, ਗੁਰਜੀਤ ਸਿੰਘ ਠੂਠਿਆਂਵਾਲੀ, ਕਮਲ ਚੂਨੀਆਂ ਬਿੱਟੂ ਸਿੰਘ ਆਦਿ ਆਗੂ ਹਾਜ਼ਰ ਸਨ।

## ਆਲ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੇ ਪੈਨਸ਼ਨਰਾਂ ਵੱਲੋਂ ਡੀ ਸੀ ਦਫ਼ਤਰ ਕੰਪਲੈਕਸ 'ਚ ਵਿਸ਼ਾਲ ਰੈਲੀ



**ਸੰਗਰੂਰ (ਪ੍ਰਵੀਨ ਸਿੰਘ)**

ਆਲ ਪੈਨਸ਼ਨਰਜ ਵੈਲਫੇਅਰ ਐਸੋਸੀਏਸ਼ਨ ਦੇ ਪੈਨਸ਼ਨਰਾਂ ਵੱਲੋਂ ਡੀ.ਸੀ ਦਫ਼ਤਰ ਕੰਪਲੈਕਸ ਵਿਖੇ ਵਿਸਾਲ ਰੈਲੀ ਕੀਤੀ ਗਈ।ਪੈਨਸ਼ਨਰਾਂ ਦੀਆਂ ਲਮਕਦੀਆਂ ਮੰਗਾਂ ਸੰਬੰਧੀ ਬੁਲਾਰਿਆ ਵੱਲੋਂ ਵਿਚਾਰ ਚਰਚਾ ਕੀਤੀ ਗਈ।6ਵੇਂ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਸਰਕਾਰ ਵੱਲੋਂ 2.59 ਗੁਣਾਂਕ, 1.6% ਡੀ.ਏ ਦੀਆਂ ਬਕਾਇਆ ਕਿਸ਼ਤਾਂ, 1-1-16 ਤੋਂ ਬਾਅਦ ਦੀਆਂ ਟੁੱਟਵੀਆਂ ਕਿਸਤਾਂ ਦਾ ਬਕਾਇਆ, ਮੈਡੀਕਲ ਭੱਤੇ ਵਿੱਚ ਵਾਧਾ ਬਾਰੇ ਸਰਕਾਰ ਵੱਲੋਂ ਧਾਰੀ ਚੁੱਪ ਵਿਰੁੱਧ ਸਰਕਾਰ ਦਾ ਨਾਂਹਪੱਖੀ ਰਵੱਈਏ ਦੀ ਘੋਰ ਨਿੰਦਿਆ ਕੀਤੀ ਗਈ।

ਰੈਲੀ ਨੂੰ ਸੰਬੋਧਨ ਕਰਦਿਆ, ਜਗਦੀਸ਼ ਸ਼ਰਮਾ ਕਨਵੀਨਰ, ਬਲਵੰਤ ਸਿੰਘ ਢਿੱਲੋਂ, ਮੋਹਨ ਸਿੰਘ ਬਾਵਾ, ਸੁਰਿੰਦਰ ਬਾਲੀਆ ਪ੍ਰਧਾਨ, ਬਿੱਕਰ ਸਿੰਘ ਸਿਬੀਆ ਸੀਨੀ. ਮੀਤ ਪ੍ਰਧਾਨ ਨੇ ਦੱਸਿਆ ਕਿ ਸਰਕਾਰ ਪੈਨਸ਼ਨ ਜਥੇਬੰਦੀਆਂ ਨਾਲ ਮੀਟਿੰਗ ਲਈ ਸਮਾਂ ਦੇ ਕੇ ਮੀਟਿੰਗ ਵਿੱਚ ਹਾਜਰ ਨਹੀਂ ਹੁੰਦੀ ਹੈ, ਮੰਗਾਂ ਲਈ ਪੈਨਸ਼ਨਰਜ ਵੱਲੋਂ ਪੰਜਾਬ ਦੇ 117 ਮੈਂਬਰ ਵਿਧਾਨ ਸਭਾ, ਸਾਰੇ ਮੰਤਰੀ ਤੇ ਮੁੱਖ ਮੰਤਰੀ ਸਮੇਤ ਸਮੇਂ-ਸਮੇਂ ਤੇ ਮੰਗ ਪੱਤਰ ਅਤੇ ਯਾਦ ਪੱਤਰ ਦਿੱਤੇ ਜਾਂਦੇ ਰਹੇ ਹਨ, ਪਰ ਕੋਈ ਵੀ ਸਾਰਥਕ ਹੱਲ ਨਹੀਂ ਕੱਢਿਆ ਗਿਆ।


ਸਰਕਾਰ ਆਪਣੇ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਤੇ ਅਦਾਲਤੀ ਫੈਸਲੇ ਵੀ ਲਾਗੂ ਨਹੀਂ ਕਰ ਰਹੀ। 6ਵੇਂ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਤਾਂ ਕੀ ਕਰਨਾ ਸੀ, ਖਤਮ ਹੀ ਕਰ ਦਿੱਤਾ ਹੈ।ਸਰਕਾਰ ਵੱਲੋਂ ਮਿਤੀ 28/11/25 ਨੂੰ ਨੋਸ਼ਨਲ ਫਿਕਸ਼ੇਸਨ ਸੰਬੰਧੀ ਸੋਧ ਪੱਤਰ ਜਾਰੀ ਕਰਕੇ 1-1-16 ਤੋਂ ਲਾਗੂ ਕੀਤਾ ਹੈ, ਜਿਸ ਨਾਲ ਹਜ਼ਾਰਾਂ ਪੈਨਸ਼ਨਰਾਂ ਦੀਆਂ ਪੈਨਸ਼ਨਾਂ ਕੱਟੀਆਂ ਜਾਣਗੀਆਂ, ਜਿਸ ਦੀ ਘੋਰ ਸ਼ਬਦਾ ਵਿੱਚ ਨਿੰਦਾ ਕਰਦਿਆਂ ਮੰਗ ਕੀਤੀ ਹੈ।ਇਸ ਨਾਦਰਸ਼ਾਹੀ ਫੈਸਲੇ ਨੂੰ ਤੁਰੰਤ ਵਾਪਸ ਲਿਆ ਜਾਵੇ।

ਰੈਲੀ ਵਿੱਚ ਮੰਗ ਕੀਤੀ ਗਈ ਕਿ ਜੇਕਰ ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।

## ਸਰਕਾਰੀ ਡਾਕਟਰਾਂ ਵੱਲੋਂ ਐੱਸ ਐੱਮ ਓ ਦੀ ਸਿੱਧੀ ਭਰਤੀ ਦਾ ਵਿਰੋਧ

**ਸਿਰਸਾ (ਸੁਰਿੰਦਰਪਾਲ ਸਿੰਘ)**-ਹਰਿਆਣਾ ਸਿਵਲ ਮੈਡੀਕਲ ਸਰਵਿਸ ਐਸੋਸੀਏਸ਼ਨ ਸਮੇਤ ਸਾਰੀਆਂ ਕਾਰਜਕਾਰੀ ਸੰਸਥਾਵਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਹਰਿਆਣਾ 'ਚ ਸੀਨੀਅਰ ਮੈਡੀਕਲ ਅਫਸਰਾਂ (ਐੱਸ ਐੱਮ ਓ) ਦੀ ਸਿੱਧੀ ਭਰਤੀ ਦੇ ਵਿਰੋਧ ਵਿੱਚ ਸਿਰਸਾ ਜ਼ਿਲ੍ਹੇ ਦੇ ਡਾਕਟਰਾਂ ਹੜਤਾਲ 'ਤੇ ਰਹਿਣ ਦੌਰਾਨ ਬਾਹਰੀ ਮਰੀਜ਼ ਤੇ ਐਮਰਜੈਂਸੀ ਸੇਵਾਵਾਂ ਦੇ ਨਾਲ-ਨਾਲ ਪੋਸਟਮਾਰਟਮ ਸੇਵਾਵਾਂ ਵੀ ਬੰਦ ਰਹਿਣਗੀਆਂ। ਇੰਡੀਅਨ ਮੈਡੀਕਲ ਐਸੋਸੀਏਸ਼ਨ ਨੇ ਵੀ ਹੜਤਾਲ ਦਾ ਸਮਰਥਨ ਕੀਤਾ ਹੈ। ਡਾਕਟਰਾਂ ਦੀ ਹੜਤਾਲ ਕਾਰਨ ਜਨਤਾ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਸਿਰਸਾ ਦੇ ਜ਼ਿਲ੍ਹਾ ਹਸਪਤਾਲ ਸਮੇਤ ਸਾਰੇ ਸਰਕਾਰੀ ਡਾਕਟਰ ਸਵੇਰੇ 9 ਵਜੇ ਤੋਂ ਸ਼ਾਮ ਤੱਕ ਸੇਵਾਵਾਂ ਮੁਅੱਤਲ ਰੱਖਣਗੇ। ਇਹ ਹੜਤਾਲ ਦੋ ਦਿਨ ਤੱਕ ਚੱਲੇਗੀ। ਹਰਿਆਣਾ ਦੇ ਮੈਡੀਕਲ ਡਾਕਟਰਾਂ ਨੇ ਕਿਹਾ ਕਿ ਅਸੀਂ ਹੜਤਾਲ ਨਹੀਂ ਚਾਹੁੰਦੇ ਤੇ ਨਾ ਹੀ ਅਸੀਂ ਮਰੀਜ਼ਾਂ ਨੂੰ ਪ੍ਰੇਸ਼ਾਨ ਕਰਨਾ ਚਾਹੁੰਦੇ ਹਾਂ। ਸਿਰਸਾ ਦੇ ਪ੍ਰਧਾਨ ਡਾ. ਆਰ. ਕੇ. ਦਹੀਆ ਤੇ ਸਹਿ-ਸਕੱਤਰ ਡਾ. ਵਿਪੁਲ ਗੁਪਤਾ ਨੇ ਕਿਹਾ ਕਿ ਹਰਿਆਣਾ ਸਰਕਾਰ ਸਿੱਧੇ ਤੌਰ 'ਤੇ ਐੱਸ ਐੱਮ ਓ ਦੀ ਭਰਤੀ ਕਰਨ ਜਾ ਰਹੀ ਹੈ, ਜੋ ਪੂਰੀ ਤਰ੍ਹਾਂ ਗਲਤ ਹੈ ਤੇ ਤਰੱਕੀ ਪ੍ਰਾਪਤ ਡਾਕਟਰਾਂ ਦੇ ਭਵਿੱਖ ਲਈ ਖ਼ਤਰਾ ਹੈ। ਡਾਕਟਰਾਂ ਨੇ ਕਿਹਾ ਕਿ ਅਸੀਂ ਦੋ ਮਹੀਨਿਆਂ ਤੋਂ ਸਰਕਾਰ ਨਾਲ ਗੱਲਬਾਤ ਕਰ ਰਹੇ ਹਾਂ, ਪਰ ਸਰਕਾਰ ਸਹਿਮਤ ਨਹੀਂ ਹੋ ਰਹੀ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਆਪਣਾ ਫੈਸਲਾ ਵਾਪਸ ਲੈਂਦੀ ਹੈ ਤਾਂ ਹੜਤਾਲ ਖਤਮ ਹੋ ਜਾਵੇਗੀ, ਜੇਕਰ ਸਰਕਾਰ ਮੰਗਾਂ ਪੂਰੀਆਂ ਨਹੀਂ ਕਰਦੀ ਹੈ ਤਾਂ ਇਸ ਨੂੰ ਵਧਾਇਆ ਜਾ ਸਕਦਾ ਹੈ।


## ਸ਼੍ਰੋਮਣੀ ਅਕਾਲੀ ਦਲ ਦੀ ਵਿਸ਼ੇਸ਼ ਮੀਟਿੰਗ, ਪ੍ਰੀਸ਼ਦ ਤੇ ਸੰਮਤੀ ਚੋਣਾਂ ਲਈ ਉਮੀਦਵਾਰ ਸਨਮਾਨਿਤ



**ਦੋਰਾਹਾ (ਹਰਮਿੰਦਰ ਸੇਠ)**-ਹਲਕਾ ਪਾਇਲ ਵਿੱਚ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸ਼੍ਰੋਮਣੀ ਅਕਾਲੀ ਦਲ ਵੱਲੋਂ ਦਾਣਾ ਮੰਡੀ ਪਾਇਲ ਵਿੱਚ ਵਿਸ਼ੇਸ਼ ਮੀਟਿੰਗ ਕੀਤੀ ਗਈ।ਇਸ ਮੌਕੇ ਚੋਣ ਮੈਦਾਨ ਵਿੱਚ ਉਤਰਨ ਵਾਲੇ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਗੁਰੂ ਘਰ ਦੀ ਬਖ਼ਸ਼ਿਸ਼ ਸਿਰੋਪਾਓ ਨਾਲ ਸਨਮਾਨਤ ਕਰਦੇ ਹੋਏ ਉਨ੍ਹਾਂ ਦਾ ਹੌਸਲਾ ਵਧਾਇਆ ਗਿਆ।ਮੀਟਿੰਗ ਦੀ ਅਗਵਾਈ ਹਲਕਾ ਪਾਇਲ ਦੇ ਇੰਚਾਰਜ ਜਥੇਦਾਰ ਮਨਜੀਤ ਸਿੰਘ ਮਦਨੀਪੁਰ ਨੇ ਕੀਤੀ, ਜਿਨ੍ਹਾਂ ਨੇ ਮੌਜੂਦ ਵਰਕਰਾਂ ਨੂੰ ਚੋਣ ਰਣਨੀਤੀ ਤੇ ਜਿੱਤ ਯਕੀਨੀ ਬਣਾਉਣ ਲਈ ਲਾਜ਼ਮੀ ਤਿਆਰੀਆਂ ਬਾਰੇ ਵਿਸਥਾਰ ਨਾਲ ਦਿਸ਼ਾ-ਨਿਰਦੇਸ਼ ਦਿੱਤੇ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਵਾਈਸ ਪ੍ਰਧਾਨ ਸ੍ਰ. ਜਗਦੇਵ ਸਿੰਘ ਬੋਪਾਰਾਏ, ਜਥੇਦਾਰ ਰਘਵੀਰ ਸਿੰਘ ਸਹਾਰਨ ਮਾਜਰਾ, ਕਵਰਦੀਪ ਜੱਗੀ, ਨਵਨੀਤ ਮਾਂਗਟ ਸਮੇਤ ਹੋਰ ਅਗੂ ਤੇ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।ਪੂਰੀ ਮੀਟਿੰਗ ਦੌਰਾਨ ਅਕਾਲੀ ਦਲ ਦੀ ਲੀਡਰਸ਼ਿਪ ਤੇ ਵਰਕਰਾਂ ਵਿੱਚ ਚੋਣਾਂ ਨੂੰ ਲੈ ਕੇ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ।ਮੀਟਿੰਗ ਵਿੱਚ ਚੋਣ ਪ੍ਰਚਾਰ ਨੂੰ ਹੋਰ ਤੇਜ਼ ਕਰਨ, ਵੋਟਰਾਂ ਤੱਕ ਪਹੁੰਚ ਮਜ਼ਬੂਤ ਕਰਨ ਤੇ ਸੰਗਠਨਕ ਤੌਰ 'ਤੇ ਇਕਜੁਟ ਹੋ ਕੇ ਚੋਣਾਂ ਵਿੱਚ ਉਤਰਣ ਦਾ ਸੰਕਲਪ ਦੁਹਰਾਇਆ ਗਿਆ।


## ਪ੍ਰਦੂਸ਼ਣ ਕੰਟਰੋਲ ਬੋਰਡ ਦੀ ਟੀਮ ਵੱਲੋਂ ਐੱਮ.ਆਰ.ਐੱਫ. ਸੈਂਟਰ ਦਾ ਨਰੀਖਣ

### ਠੋਸ ਕੂੜੇ ਨੂੰ ਸਾੜਨ ਨਾਲ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਕੀਤਾ ਜਾਗਰੂਕ




**ਬੁਢਲਾਡਾ (ਅਸ਼ੋਕ ਲਾਕੜਾ)**-ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਪਰਸਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪ੍ਰਦੂਸ਼ਣ ਕੰਟਰੋਲ ਬੋਰਡ ਮਾਨਸਾ ਦੀ ਟੀਮ ਵੱਲੋਂ ਐੱਸ ਡੀ ਓ ਹਰਮਨਦੀਪ ਸਿੰਘ ਦੀ ਅਗਵਾਈ ਹੇਠ ਐੱਮ.ਆਰ.ਐੱਫ. ਸੈਂਟਰ ਬੁਢਲਾਡਾ ਦਾ ਨਿਰੀਖਣ ਕੀਤਾ ਗਿਆ ਅਤੇ ਸਫਾਈ ਸੇਵਕਾਂ ਨੂੰ ਕੂੜੇ ਦੇ ਪ੍ਰਬੰਧਨ ਤੇ ਠੋਸ-ਕੂੜੇ ਨੂੰ ਸਾੜਨ ਨਾਲ ਹੋਣ ਵਾਲੇ ਸਿਹਤ ਤੇ ਵਾਤਾਵਰਨ ਦੇ ਨੁਕਸਾਨਾਂ ਬਾਰੇ ਜਾਗਰੂਕ ਕੀਤਾ ਗਿਆ।ਇਸ ਮੌਕੇ ਸਫ਼ਾਈ ਕਾਮਿਆਂ ਨੂੰ ਗਲਣਯੋਗ ਅਤੇ ਨਾ-ਗਲਣਯੋਗ ਕੂੜੇ ਤੇ ਨਵਿਆਉਣਯੋਗ ਰਹਿੰਦ-ਖੂੰਹਦ ਨੂੰ ਵੱਖ ਕਰਨ ਦੇ ਸਹੀ ਤਰੀਕਿਆਂ ਬਾਰੇ ਜਾਣਕਾਰੀ ਦਿੱਤੀ ਗਈ।ਉਨ੍ਹਾਂ ਨੂੰ ਠੋਸ ਰਹਿੰਦ-ਖੂੰਹਦ ਨੂੰ ਸਾੜਨ ਦੇ ਨੁਕਸਾਨਦੇਹ ਪ੍ਰਭਾਵਾਂ, ਜਿਸ ਵਿੱਚ ਹਵਾ ਪ੍ਰਦੂਸ਼ਣ, ਸਿਹਤ ਜ਼ੋਖਮ ਤੇ ਵਾਤਾਵਰਣ ਦੇ ਵਿਗਾੜ ਸ਼ਾਮਲ ਹਨ, ਤੋਂ ਵੀ ਜਾਣੂ ਕਰਵਾਇਆ ਗਿਆ ਤੇ ਅਜਿਹਾ ਨਾ ਕਰਨ ਬਾਰੇ ਕਿਹਾ ਗਿਆ।ਇਸ ਮੌਕੇ ਟੀਮ ਨੇ ਕਾਮਿਆਂ ਨੂੰ ਆਪਣੇ ਰੋਜ਼ਾਨਾ ਕੰਮ ਵਿੱਚ ਨਿਯਮਿਤ ਤੌਰ 'ਤੇ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਅਤੇ ਵਾਤਾਵਰਨ ਤੇ ਆਲੇ ਦੁਆਲੇ ਦੀ ਸਾਫ ਸਫਾਈ ਤੇ ਸੰਭਾਲ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ ਗਈ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਕੀਤਾ ਜਾਗਰੂਕ



**ਸਮਰਾਲਾ (ਸੁਰਜੀਤ ਸਿੰਘ)**-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਵੱਲੋਂ 'ਯੂਥ ਅਗੇਂਸਟ ਡਰੱਗਜ਼' ਚਲਾਈ ਮੁਹਿੰਮ ਤਹਿਤ ਜ਼ਿਲ੍ਹਾ ਤੇ ਸੈਸ਼ਨ ਜੱਜ ਲੁਧਿਆਣਾ ਮਾਣਯੋਗ ਜੱਜ ਸ਼੍ਰੀਮਤੀ ਹਰਪ੍ਰੀਤ ਕੌਰ ਰੰਧਾਵਾ ਦੀਆਂ ਹਿਦਾਇਤਾਂ ਤੇ ਸੀ ਜੇ ਐੱਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਲੁਧਿਆਣਾ ਮਾਣਯੋਗ ਸ੍ਰੀਮਤੀ ਸੁਮਿਤ ਸੱਭਰਵਾਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਮਰਾਲਾ ਦੀਆਂ ਜਨਤਕ ਥਾਵਾਂ 'ਤੇ ਸਬ ਡਵੀਜ਼ਨ ਜੁਡੀਸ਼ਲ ਮੈਜਿਸਟਰੇਟ ਮਾਣਯੋਗ ਰਾਜਿੰਦਰ ਸਿੰਘ ਦੀ ਅਗਵਾਈ ਵਿੱਚ ਸਥਾਨਕ ਅਦਾਲਤੀ ਸਟਾਫ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਦੇ ਘਾਤਕ ਸਿੱਟਿਆਂ ਵਿਰੁੱਧ ਖ਼ਬਰਦਾਰ ਕਰਨ ਲਈ ਜਾਗਰੂਕਤਾ ਅਭਿਆਨ ਤਹਿਤ ਇੱਕ ਵਿਸ਼ੇਸ਼ ਰੈਲੀ ਦਾ ਆਯੋਜਨ ਕੀਤਾ ਗਿਆ।ਜਿਸ ਵਿੱਚ ਅਦਾਲਤੀ ਸਟਾਫ ਤੋਂ ਇਲਾਵਾ ਆਮ ਲੋਕਾਂ ਨੇ ਵੀ ਵੱਡੀ ਗਿਣਤੀ ਵਿੱਚ ਭਾਗ ਲਿਆ।ਇਸ ਮੌਕੇ ਮਾਣਯੋਗ ਜੱਜ ਰਾਜਿੰਦਰ ਸਿੰਘ ਨੇ ਜਨਤਕ ਥਾਵਾਂ ਤੇ ਇਕੱਤਰ ਨੌਜਵਾਨਾਂ ਅਤੇ ਆਮ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ਾ ਅਜਿਹੀ ਲਾਹਣਤ ਹੈ ਜੋ ਨਰੋਏ ਸਮਾਜ ਨੂੰ ਮੂਲੋਂ ਹੀ ਤਬਾਹ ਕਰ ਦਿੰਦਾ ਹੈ। ਇਹ ਸਿਰਫ ਸ਼ਰੀਰਕ ਤੇ ਮਾਨਸਿਕ ਘਾਟਾਂ ਅਤੇ ਨੁਕਸਾਨ ਦਾ ਕਾਰਨ ਹੀ ਨਹੀਂ ਬਣਦਾ ਬਲਕਿ ਖੁਸ਼ਹਾਲ ਪਰਿਵਾਰਾਂ ਨੂੰ ਬਰਬਾਦ ਕਰ ਦਿੰਦਾ ਹੈ।ਇਸ ਦੇ ਨਾਲ ਸਮਾਜ ਵਿਚ ਅਪਰਾਧਾਂ ਦਾ ਵਾਧਾ ਹੁੰਦਾ ਹੈ।ਉਨ੍ਹਾਂ ਕਿਹਾ ਨਸ਼ਾ ਸ਼ਰੀਰ ਦੇ ਅੰਗਾਂ ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਜ਼ਿਗਰ, ਦਿਮਾਗ ਤੇ ਫੇਫੜਿਆਂ ਨੂੰ ਬਹੁਤ ਨੁਕਸਾਨ ਪਹੁੰਚਾਉਂਦਾ ਹੈ।ਉਨ੍ਹਾਂ ਕਿਹਾ ਕਿ ਇਹ ਅਲਾਮਤ ਆਉਣ ਵਾਲੀਆਂ ਨਸਲਾਂ ਨੂੰ ਧੁਰੋਂ ਹੀ ਖਤਮ ਕਰ ਦਿੰਦੀ ਹੈ, ਜਿਸ ਨਾਲ ਦਿਵਿਆਂਗਤਾ ਹੋਣ ਦਾ ਖਤਰਾ ਭਾਰੀ ਖ਼ਤਰਾ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਸਰਕਾਰੀ ਕੋਸ਼ਿਸ਼ਾਂ ਦੇ ਨਾਲ ਸਮਾਜ ਦੇ ਹਰ ਵਿਅਕਤੀ ਦਾ ਨੈਤਿਕ ਫਰਜ਼ ਬਣ ਜਾਂਦਾ ਹੈ ਕਿ ਉਹ ਆਪਣੀ ਨਿੱਜੀ ਜ਼ਿੰਮੇਵਾਰੀ ਸਮਝ ਕੇ ਆਪਣੇ ਸੰਪਰਕ ਵਿਚ ਆਉਣ ਵਾਲੇ ਹਰ ਵਿਅਕਤੀ ਨੂੰ ਨਸ਼ਿਆਂ ਤੋਂ ਹੋਣ ਵਾਲੇ ਨੁਕਸਾਨ ਤੋਂ ਆਗਾਹ ਕਰੇ।ਇਸ ਦੌਰਾਨ ਨਸ਼ਿਆਂ ਦੇ ਘਾਤਕ ਸਿੱਟਿਆਂ ਨੂੰ ਬਿਆਨ ਕਰਦੇ ਪੈਂਫਲਿਟ ਵੀ ਲੋਕਾਂ ਵਿੱਚ ਵੰਡੇ ਗਏ।

## ਸਹਾਇਤਾ ਪ੍ਰਾਪਤ ਸਕੂਲਾਂ ਦੇ ਅਧਿਆਪਕ ਚੋਣ ਡਿਊਟੀ ਲਈ ਪੂਰੀ ਤਰ੍ਹਾਂ ਤਿਆਰ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਦੇ ਸਹਾਇਤਾ ਪ੍ਰਾਪਤ ਸਕੂਲਾਂ ਦੇ ਸੈਂਕੜੇ ਅਧਿਆਪਕ ਲੋਕਤੰਤਰ ਵਿੱਚ ਆਪਣਾ ਵਿਸ਼ਵਾਸ ਬਣਾਈ ਰੱਖਦੇ ਹੋਏ ਪੰਜਾਬ ਵਿੱਚ ਆਉਣ ਵਾਲੀਆਂ ਪੰਚਾਇਤ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਆਪਣੀਆਂ ਡਿਊਟੀਆਂ ਨਿਭਾਉਣ ਲਈ ਪੂਰੀ ਤਰ੍ਹਾਂ ਤਿਆਰ ਹਨ।ਪੰਜਾਬ ਸਹਾਇਤਾ ਪ੍ਰਾਪਤ ਸਕੂਲ ਅਧਿਆਪਕ ਤੇ ਹੋਰ ਕਰਮਚਾਰੀ ਯੂਨੀਅਨ ਦੇ ਸੂਬਾ ਆਗੂਆਂ ਅਸ਼ਵਨੀ ਮਦਾਨ, ਹਰਵਿੰਦਰ ਪਾਲ ਤੇ ਅਨਿਲ ਕੁਮਾਰ ਭਾਰਤੀ ਨੇ ਸਾਂਝੇ ਤੌਰ 'ਤੇ ਕਿਹਾ ਕਿ ਪੰਜਾਬ ਸਰਕਾਰ ਸਹਾਇਤਾ ਪ੍ਰਾਪਤ ਸਕੂਲਾਂ ਨਾਲ ਬਹੁਤ ਹੀ ਬੇਇਨਸਾਫ਼ੀ ਕਰ ਰਹੀ ਹੈ ਤੇ ਪੰਜਾਬ ਦੇ ਸੈਂਕੜੇ ਸਹਾਇਤਾ ਪ੍ਰਾਪਤ ਸਕੂਲ ਅਧਿਆਪਕਾਂ ਅਤੇ ਹੋਰ ਕਰਮਚਾਰੀਆਂ ਨੂੰ ਪਿਛਲੇ ਅੱਠ ਮਹੀਨਿਆਂ ਤੋਂ ਕੋਈ ਤਨਖਾਹ ਨਹੀਂ ਮਿਲੀ ਹੈ।ਪੰਜਾਬ ਦੇ ਲਗਭਗ 1,700 ਸਹਾਇਤਾ ਪ੍ਰਾਪਤ ਸਕੂਲ ਕਰਮਚਾਰੀ ਇਸ ਸਮੇਂ ਪੰਜਾਬ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਗੰਭੀਰ ਆਰਥਿਕ ਮੰਦਹਾਲੀ ਦਾ ਸਾਹਮਣਾ ਕਰ ਰਹੇ ਹਨ।ਇਸ ਦੇ ਬਾਵਜੂਦ ਜਦੋਂ ਚੋਣ ਕਮਿਸ਼ਨ ਨੇ ਆਉਣ ਵਾਲੀਆਂ ਪੰਚਾਇਤ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲਈ ਪੰਜਾਬ ਭਰ ਦੇ ਸੈਂਕੜੇ ਸਹਾਇਤਾ ਪ੍ਰਾਪਤ ਸਕੂਲ ਕਰਮਚਾਰੀਆਂ ਨੂੰ ਚੋਣ ਡਿਊਟੀ ਲਈ ਨਿਯੁਕਤ ਕੀਤਾ ਤਾਂ ਉਨ੍ਹਾਂ ਨੇ ਖੁਸ਼ੀ ਤੇ ਲਗਨ ਨਾਲ ਲੋਕਤੰਤਰ ਵਿੱਚ ਆਪਣਾ ਵਿਸ਼ਵਾਸ ਪ੍ਰਗਟ ਕਰਦੇ ਹੋਏ ਆਪਣੀਆਂ ਡਿਊਟੀਆਂ ਨਿਭਾਉਣ ਲਈ ਆਪਣੀ ਕਮਰ ਕੱਸ ਲਈ ਹੈ।ਇਹ ਵੀ ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਅਪ੍ਰੈਲ 2025 ਤੋਂ ਇਨ੍ਹਾਂ ਸਕੂਲਾਂ ਦੇ ਅਧਿਆਪਕਾਂ ਤੇ ਹੋਰ ਕਰਮਚਾਰੀਆਂ ਦੀਆਂ ਤਨਖਾਹਾਂ (ਗ੍ਰਾਂਟ-ਇਨ-ਏਡ) ਜਾਰੀ ਨਹੀਂ ਕੀਤੀਆਂ ਹਨ।ਯੂਨੀਅਨ ਦੀ ਪੰਜਾਬ ਇਕਾਈ ਇਹ ਪੁਰਜ਼ੋਰ ਮੰਗ ਕਰਦੀ ਹੈ ਕਿ ਪੰਜਾਬ ਸਰਕਾਰ ਇਨ੍ਹਾਂ 1,700 ਕਰਮਚਾਰੀਆਂ ਵੱਲੋਂ ਪੰਜਾਬ ਵਿੱਚ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਵਿੱਚ ਦਿੱਤੀਆਂ ਸੇਵਾਵਾਂ ਦੇ ਸਨਮਾਨ ਵਿੱਚ ਬਿਨਾਂ ਕਿਸੇ ਕਸੂਰ ਦੇ ਰੋਕੀਆਂ ਗਈਆਂ ਅਧਿਆਪਕਾਂ ਤੇ ਹੋਰ ਕਰਮਚਾਰੀਆਂ ਦੀਆਂ ਤਨਖਾਹਾਂ ਤੁਰੰਤ ਜਾਰੀ ਕਰੇ।

## ਡੇਰਾ ਬਾਬਾ ਸਾਹਿਬ ਦਾਸ ਵਿਖੇ ਕਰਵਾਏ ਅਖੰਡ ਪਾਠ ਤੇ ਧੰਨਵਾਦ ਸਮਾਗਮ 'ਚ ਬਰਸਟ ਨੇ ਕੀਤੀ ਸ਼ਿਰਕਤ

■ ਸਮੂਹ ਪਿੰਡ ਵਾਸੀਆਂ ਨੇ ਸੜਕਾਂ ਬਣਾਉਣ 'ਤੇ ਬਰਸਟ ਦਾ ਕੀਤਾ ਧੰਨਵਾਦ



**ਸਮਾਣਾ (ਇਕਬਾਲ ਸਿੰਘ ਬੱਲ)**

ਵਿਧਾਨ ਸਭਾ ਹਲਕਾ ਸਮਾਣਾ ਦੇ ਪਿੰਡ ਢਕੜੱਬਾ ਦੇ ਪਵਿੱਤਰ ਸਥਾਨ ਡੇਰਾ ਬਾਬਾ ਸਾਹਿਬ ਦਾਸ ਜੀ ਵਿਖੇ ਗ੍ਰਾਮ ਪੰਚਾਇਤ ਤੇ ਸਮੂਹ ਪਿੰਡ ਵਾਸੀਆਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਦਾ ਭੋਗ ਤੇ ਧੰਨਵਾਦ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸ੍ਰ. ਹਰਚੰਦ ਸਿੰਘ ਬਰਸਟ ਚੇਅਰਮੈਨ ਪੰਜਾਬ ਮੰਡੀ ਬੋਰਡ ਤੇ ਸੂਬਾ ਜਨਰਲ ਸਕੱਤਰ ਆਮ ਆਦਮੀ ਪਾਰਟੀ ਪੰਜਾਬ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਗਈ ਅਤੇ ਗੁਰੂ ਚਰਨਾਂ ਵਿੱਚ ਹਾਜ਼ਰੀ ਲਗਵਾ ਕੇ ਅਸ਼ੀਰਵਾਦ ਪ੍ਰਾਪਤ ਕੀਤਾ ਗਿਆ। ਇਸ ਸਮੇਂ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਸ੍ਰ. ਬਰਸਟ ਨੇ ਆਖਿਆ ਕਿ ਅਜਿਹੇ ਧਾਰਮਿਕ ਤੇ ਆਧਿਆਤਮਕ ਪ੍ਰੋਗਰਾਮ ਪਿੰਡਾਂ ਵਿੱਚ ਇੱਕਤਰਤਾ, ਸ਼ਾਂਤੀ ਤੇ ਚੜ੍ਹਦੀ ਕਲਾ ਦੀ ਪ੍ਰੇਰਨਾ ਬਣਦੇ ਹਨ। ਉਨ੍ਹਾਂ ਦੱਸਿਆਂ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਮੰਡੀ ਬੋਰਡ ਵੱਲੋਂ ਰਾਜ ਭਰ ਵਿੱਚ ਪਹਿਲਾਂ 19,373 ਕਿਲੋਮੀਟਰ ਪੇਂਡੂ ਲਿੰਕ ਸੜਕਾਂ ਦੇ ਨਿਰਮਾਣ ਦਾ ਕੰਮ ?4092 ਕਰੋੜ ਦੀ ਲਾਗਤ ਨਾਲ ਸ਼ੁਰੂ ਕੀਤਾ ਸੀ, ਹੁਣ ਇਸ ਨੂੰ ਅੱਪਡੇਟ ਕਰਕੇ ਕੁੱਲ 44,920 ਕਿਲੋਮੀਟਰ ਸੜਕਾਂ ?16,209 ਕਰੋੜ ਦੀ ਲਾਗਤ ਨਾਲ ਨਵੀਂ ਉਸਾਰੀ ਤੇ ਚੌੜਾਈ ਕਰਨ ਦੇ ਕਾਰਜ ਜਾਰੀ ਹਨ।ਇਸ ਮਿਸ਼ਨ ਤਹਿਤ ਹਲਕਾ ਸਮਾਣਾ ਦੇ ਪਿੰਡ ਢਕੜੱਬਾ ਵਿੱਚ ਫਤਿਹਪੁਰ ਤੋਂ ਢਕੜੱਬਾ ਸੜਕ ਨੂੰ 18 ਫੁੱਟ ਚੌੜੀ ਕਰਨ ਤੇ ਨਵੀਂ ਸੜਕ ਪਟਿਆਲਾ-ਸੰਗਰੂਰ ਰੋਡ ਤੋਂ ਸਮਾਣਾ ਰੋਡ ਵਾਇਆ ਮਹਿਮਦਪੁਰ-ਢਕੜੱਬਾ ਦੀ ਲਗਭਗ 5 ਕਿਲੋਮੀਟਰ ਦੀ ਸੜਕ ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਸਮੂਹਕ ਵਿਕਾਸ ਲਈ ਵਚਨਬੱਧ ਹੈ।ਸ੍ਰ. ਬਰਸਟ ਨੇ ਸਮਾਰੋਹ ਦੌਰਾਨ ਸੇਵਾ ਤੇ ਸਹਿਯੋਗ ਲਈ ਸਮੂਹ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ ਤੇ ਸੂਬੇ ਦੀ ਤਰੱਕੀ, ਸਿਹਤ, ਖੁਸ਼ਹਾਲੀ ਤੇ ਚੜ੍ਹਦੀ ਕਲਾ ਲਈ ਅਰਦਾਸ ਕੀਤੀ।ਸਮਾਗਮ ਉਪਰੰਤ ਸਮੂਹ ਪਿੰਡ ਵਾਸੀਆਂ ਨੇ ਪਿੰਡ ਢਕੜੱਬੇ ਦੀਆਂ ਲਿੰਕ ਸੜਕਾਂ ਦੀ ਉਸਾਰੀ ਲਈ ਸ੍ਰ. ਬਰਸਟ ਦਾ ਸਿਰਪਾਓ ਤੇ ਸਨਮਾਨ ਚਿੰਨ੍ਹ ਦੇ ਕੇ ਧੰਨਵਾਦ ਕੀਤਾ ਗਿਆ।ਇਸ ਮੌਕੇ ਪ੍ਰਗਟ ਸਿੰਘ ਸਰਪੰਚ, ਲਖਬੀਰ ਸਿੰਘ ਪ੍ਰਧਾਨ, ਪ੍ਰੇਮ ਸਿੰਘ ਨੰਬਰਦਾਰ, ਹਰਿੰਦਰ ਸਿੰਘ ਧਬਲਾਨ, ਪਰਵਿੰਦਰ ਭੰਗਾ, ਨਿਰਮਲ ਸਿੰਘ, ਬਲਬੀਰ ਸਿੰਘ, ਬਲਕਾਰ ਸਿੰਘ, ਗੁਰਬਚਨ ਸਿੰਘ ਸਮੇਤ ਸਮੂਹ ਪਿੰਡ ਵਾਸੀ ਤੇ ਪਾਰਟੀ ਵਰਕਰ ਹਾਜ਼ਰ ਰਹੇ।


YES BANK

ਰਜਿਸਟਰਡ ਅਤੇ ਕਾਰਪੋਰੇਟ ਦਫ਼ਤਰ : ਯੈੱਸ ਬੈਂਕ ਹਾਊਸ, ਆਫ ਵੈਸਟਰਨ ਐਕਸਪ੍ਰੈੱਸ ਹਾਈਵੇਅ, ਸਾਂਤਾਕਰੂਜ਼ ਈਸਟ, ਮੁੰਬਈ-400055 ਭਾਰਤ, Website : www.yesbank.in
Email : communications@yesbank.in ਸੀ ਆਈ ਐੱਨ : L65190MH2003PLC143249

[ ਰੂਲ-8 (1)] ਕਬਜ਼ਾ ਨੋਟਿਸ

ਜਦਕਿ, ਨਿਮਨਹਸਤਾਖਰੀ ਨੇ ਯੈੱਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜਾਰੀ ਕੀਤੇ ਗਏ 60 ਦਿਨਾਂ ਦੇ ਅੰਦਰ-ਅੰਦਰ ਬਕਾਇਆ ਸੈਕਸ਼ਨ 13 (2) ਅਧੀਨ ਉਕਤ ਐਕਟ ਤਹਿਤ ਰਕਮ ਦੀ ਅਦਾਇਗੀ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਦੱਸੀ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਹੇਠਾਂ ਦਰਸਾਈ ਜਾਇਦਾਦ ਦਾ ਰੂਲ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਵਰਨਣ ਜਾਇਦਾਦਾਂ ਦਾ ਸੰਕੇਤਕ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਉਕਤ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਉਕਤ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਬਕਾਇਆ ਰਕਮ ਅਤੇ ਇਸ 'ਤੇ ਠੇਕਾ ਦਰ 'ਤੇ ਇਸ ਉੱਪਰ ਵਿਆਜ ਅਤੇ ਲਾਗਤਾਂ ਯੈੱਸ ਬੈਂਕ ਲਿਮ: ਦੀ ਵਸੂਲੀ ਹੇਠ ਹੋਵੇਗੀ।

| ਕਰਜ਼ਦਾਰ ਦਾ ਨਾਂਅ | ਸਕਿਉਰਡ ਐੱਸਟ ਦਾ ਵੇਰਵਾ | ਨੋਟਿਸ ਦੀ ਮਿਤੀ / ਸੈਕਸ਼ਨ 13/2 ਅਧੀਨ /ਐੱਨ ਪੀ ਏ ਮਿਤੀ / ਨੋਟਿਸ ਰਕਮ (ਰੁਪਏ) / ਕਬਜ਼ੇ ਦੀ ਮਿਤੀ |
|---|---|---|
| (1) ਨਿਮੇਸ਼ ਕੁਮਾਰ ਰਾਏ ਨੇ ਨਵਾਂ ਮਕਾਨ ਨੰ. 111, ਗੋਬਿੰਦਗੜ੍ਹ ਰੋਡ, ਨੀਚੀ ਮੰਗਲੀ, ਨੀਚੀ ਮੰਗਲੀ ਇਨਕਲੇਵ, ਮੰਗਲੀ ਨੀਚੀ, ਲੁਧਿਆਣਾ, ਪੰਜਾਬ-141123, ਨਾਲ ਹੀ: ਕਮਰਾ ਨੰ. 105, ਪਹਿਲੀ ਮੰਜ਼ਲ, ਪੀ ਐੱਸ ਡਬਲਯੂ ਸੀ ਸੀ ਐੱਫ ਐੱਸ, ਫੋਕਲ ਪੁਆਇੰਟ, ਲੁਧਿਆਣਾ, ਪੰਜਾਬ 141010 (ਕਰਜ਼ਦਾਰ) 2. ਕਿਰਨ ਦੇਵੀ ਪਤਾ : ਮਕਾਨ ਨੰ. 111, ਗੋਬਿੰਦਗੜ੍ਹ ਰੋਡ, ਨੀਚੀ ਮੰਗਲੀ, ਨੀਚੀ ਮੰਗਲੀ ਇਨਕਲੇਵ, ਮੰਗਲੀ ਨੀਚੀ, ਲੁਧਿਆਣਾ, ਪੰਜਾਬ-141123 ਪ੍ਰੋਡਕਟ ਅਤੇ ਕਰਜ਼ਾ ਨੰ. ਮਕਾਨ ਕਰਜ਼ਾ ਸਹੂਲਤ ਏ ਐੱਫ ਐੱਚ 002301537481 | ਅਚੱਲ ਜਾਇਦਾਦ ਮਕਾਨ ਨੰ. 111, ਖੇਤਰ 82 ਵਰਗ ਗਜ਼, ਖਸਰਾ ਨੰ. 16//11, 16//12/3, 16//19, 16//20, 16//21, 16//22, 17//15, 17//16, 17//24, 17//25, 17//26, 17//28, 17//29-27//1/1, 27//2/2, ਖੱਤਾ ਨੰ. 19/20-20/21, ਜਮ੍ਹਾਂਬੰਦੀ ਸਾਲ 2012-13, ਪਿੰਡ ਮੰਗਲੀ ਇਨਕਲੇਵ, ਨੇੜੇ ਨੀਚੀ, ਹੱਦਬਸਤ ਨੰ. 239, ਮੰਡੀ ਇਨਕਲੇਵ, ਤਹਿਸੀਲ ਸਾਹਨੇਵਾਲ, ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਕਿਰਨ ਦੇਵੀ ਦੀ ਮਲਕੀਅਤ। | 03 ਜੁਲਾਈ 2025 ਰੁਪਏ 1,031,018.62/- (ਦਸ ਲੱਖ ਇਕੱਤੀ ਹਜ਼ਾਰ ਅਠਾਰਾਂ ਰੁਪਏ ਅਤੇ ਬਾਹਠ ਪੈਸੇ ਕੇਵਲ) 3 ਦਸੰਬਰ 2025 (ਸੰਕੇਤਕ ਕਬਜ਼ਾ) |
| (1) ਮਨਪ੍ਰੀਤ ਸਿੰਘ ਪੁੱਤਰ ਬਲਬੀਰ ਸਿੰਘ ਪਤਾ: ਮਕਾਨ ਨੰ. ਈ-10-1046, 2 ਐਕਸਟੈਨਸ਼ਨ ਬਸੰਤ ਵਿਹਾਰ, ਨੂਰਵਾਲਾ ਰੋਡ, ਬਹਾਦਰਕੇ, ਵਾਰਡ ਨੰ. 2, ਲੁਧਿਆਣਾ-141008, ਨਾਲ ਹੀ: ਕੱਕੋਵਾਲ ਪਿੰਡ, ਲੈਂਡਮਾਰਕ ਐਸਰ ਪੈਟਰੋਲ, ਲੁਧਿਆਣਾ (ਕਰਜ਼ਦਾਰ) (2) ਬਲਜਿੰਦਰ ਕੌਰ ਪਤਨੀ ਬਲਬੀਰ ਸਿੰਘ ਪਤਾ : ਮਕਾਨ ਨੰ. 10-1046 ਪੀ ਨੰ. 54, ਬਸੰਤ ਵਿਹਾਰ, ਨੂਰਵਾਲਾ ਰੋਡ ਐਕਸਟੈਨਸ਼ਨ, ਬਹਾਦਰਕੇ, ਲੁਧਿਆਣਾ-141008 ਪ੍ਰੋਡਕਟ ਅਤੇ ਕਰਜ਼ਾ ਨੰ. ਮਾਈਕਰੋ ਐੱਲ ਏ ਪੀ ਮਿਆਦੀ ਕਰਜ਼ਾ ਸਹੂਲਤ ਐੱਮ ਆਈ ਸੀ 002301301149 | ਅਚੱਲ ਜਾਇਦਾਦ, ਜਾਇਦਾਦ ਨੰ. 54, ਰਕਬਾ 100 ਵਰਗ ਗਜ਼, ਖਸਰਾ ਨੰ. 10//12, ਖੱਤਾ ਨੰ. 36/39, ਜਮ੍ਹਾਂਬੰਦੀ ਸਾਲ 2002-2003, ਹੱਦਬਸਤ ਨੰ. 79, ਪਿੰਡ ਫਾਂਬੜਾ ਵਿਖੇ ਸਥਿਤ, ਲੁਧਿਆਣਾ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਬਲਜਿੰਦਰ ਕੌਰ ਦੀ ਮਲਕੀਅਤ। ਹੱਦਾਂ : ਪੂਰਬ : ਗੁਆਂਢ 45 ਫੁੱਟ, ਪੱਛਮ : ਗੁਆਂਢ 45 ਫੁੱਟ, ਉੱਤਰ : ਗਲੀ 20 ਫੁੱਟ ਚੌੜੀ, ਦੱਖਣ : ਗੁਆਂਢ 20 ਫੁੱਟ | 07 ਜੁਲਾਈ 2025 ਰੁਪਏ 1,211,185.73/- (ਬਾਰਾਂ ਲੱਖ ਗਿਆਰਾਂ ਹਜ਼ਾਰ ਇੱਕ ਸੌ ਪਚਾਸੀ ਰੁਪਏ ਅਤੇ ਤਿਹੱਤਰ ਪੈਸੇ ਕੇਵਲ) 3 ਦਸੰਬਰ 2025 (ਸੰਕੇਤਕ ਕਬਜ਼ਾ) |
| (1) ਰਾਮਾ ਸ਼ੰਕਰ ਸ਼ਰਮਾ ਪੁੱਤਰ ਰਾਮ ਸਰੂਪ ਸ਼ਰਮਾ ਪਤਾ : ਮਕਾਨ ਨੰ. 8153, ਦੁਰਗਾਪੁਰੀ 22 ਫੁੱਟ ਰੋਡ ਹੈਬੋਵਾਲ ਕਲਾਂ, ਲੁਧਿਆਣਾ-141001 2. ਕਿਰਨ ਕੁਮਾਰੀ ਪਤਨੀ ਰਾਮਾ ਸ਼ੰਕਰ ਸ਼ਰਮਾ ਪਤਾ : ਮਕਾਨ ਨੰ. ਬੀ-34/8153 22ਫੁੱਟ ਰੋਡ, ਨੇੜੇ ਰਣਜੀਤ ਸਕੂਲ, ਦੁਰਗਾਪੁਰੀ, ਹੈਬੋਵਾਲ ਕਲਾਂ, ਲੁਧਿਆਣਾ, ਪੰਜਾਬ-141001 ਪ੍ਰੋਡਕਟ ਅਤੇ ਕਰਜ਼ਾ ਨੰ. ਮਕਾਨ ਕਰਜ਼ਾ ਸਹੂਲਤ ਏ ਐੱਫ ਐੱਚ 002301693698 | ਗੈਰ-ਖੇਤੀਬਾੜੀ ਜਾਇਦਾਦ, ਜੋ ਕਿ ਮਕਾਨ ਨੰ. ਐੱਮ ਸੀ ਨੰ. 8-34/8880/79 ਬੀ, ਯੂ ਆਈ ਡੀ ਨੰ. ਬੀ034-04200-001, ਜਾਇਦਾਦ ਰਕਬਾ 100 ਵਰਗ ਗਜ਼, ਖਸਰਾ ਨੰ. 10//24/2, ਖੱਤਾ ਨੰ. 76/76, ਜਮ੍ਹਾਂਬੰਦੀ ਸਾਲ 2011-12, ਪਿੰਡ ਹੈਬੋਵਾਲ ਕਲਾਂ ਵਿਖੇ ਸਥਿਤ, ਹੱਦਬਸਤ ਨੰ. 102, ਅਬਾਦੀ ਨਿਊ ਦੀਪ ਨਗਰ, ਨੇੜੇ ਚੂਹੜਪੁਰ ਰੋਡ ਨਾਲ ਜਾਣੀ ਜਾਂਦੀ, ਜ਼ਿਲ੍ਹਾ ਲੁਧਿਆਣਾ, ਪੰਜਾਬ ਨਾਲ ਸੰਬੰਧਤ ਸਭ ਕੁਝ। | 14/05/2025 ਰੁਪਏ 30,61,946.27/- (ਤੀਹ ਲੱਖ ਇਕਾਹਠ ਹਜ਼ਾਰ ਨੌਂ ਸੌ ਛਿਆਲੀ ਰੁਪਏ ਅਤੇ ਸਤਾਈ ਪੈਸੇ ਕੇਵਲ) 3 ਦਸੰਬਰ 2025 (ਸੰਕੇਤਕ ਕਬਜ਼ਾ) |
| 1 ਸੁਰੇਸ਼ ਕੁਮਾਰ ਮਾਰਫਤ ਪ੍ਰੇਮ ਕੁਮਾਰ ਪਤਾ : ਮਕਾਨ ਨੰ. 391, ਨੇੜੇ ਇਲਾਈਟ ਟਾਵਰ ਕਾਲੀਆ ਕਲੋਨੀ-ਫੇਜ਼ 2, ਜਲੰਧਰ-144008 2. ਪੂਨਮ ਮਾਰਫਤ ਸੁਰੇਸ਼ ਕੁਮਾਰ ਪਤਾ : ਮਕਾਨ ਨੰ. 391, ਨੇੜੇ ਇਲਾਈਟ ਟਾਵਰ, ਕਾਲੀਆ ਕਲੋਨੀ ਫੇਜ਼-2, ਜਲੰਧਰ 144008 ਪ੍ਰੋਡਕਟ ਅਤੇ ਕਰਜ਼ਾ ਨੰ. ਮਾਈਕਰੋ ਐੱਲ ਏ ਪੀ ਮਿਆਦੀ ਕਰਜ਼ਾ ਸਹੂਲਤ ਐੱਮ ਆਈ ਸੀ 007101755846 | ਗੈਰ-ਖੇਤੀਬਾੜੀ ਜਾਇਦਾਦ, ਜੋ ਕਿ ਦੁਕਾਨ ਰਕਬਾ 01 ਮਰਲਾ 28 ਵਰਗ ਫੁੱਟ, ਜੋ ਕਿ 300 ਵਰਗ ਫੁੱਟ, ਖਸਰਾ ਨੰ. 1//23, 24/1, 5//3/1, 4/1, 5//2/1, ਵਾਕਿਆ ਪਰਸੂ ਰਾਮ ਨਗਰ, ਰੇਰੂ, ਜਲੰਧਰ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। | 17 ਜਨਵਰੀ 2025 ਰੁਪਏ 16,15,172.52/- (ਸੋਲਾਂ ਲੱਖ ਪੰਦਰਾਂ ਹਜ਼ਾਰ ਇੱਕ ਸੌ ਬਹੱਤਰ ਰੁਪਏ ਅਤੇ ਬਵੰਜਾ ਪੈਸੇ ਕੇਵਲ) 4 ਦਸੰਬਰ 2025 (ਭੌਤਿਕ ਕਬਜ਼ਾ) |

ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਐਕਟ ਦੇ ਸੈਕਸ਼ਨ 13 (8) ਤਹਿਤ ਜੇਕਰ ਬਕਾਏ ਸਮੇਤ ਲਾਗਤਾਂ, ਚਾਰਜਿਜ਼ ਅਤੇ ਖਰਚੇ ਜਨਤਕ ਨਿਲਾਮੀ/ਵਿਕਰੀ ਲਈ ਨੋਟਿਸ ਦੀ ਪ੍ਰਕਾਸ਼ਨਾ ਦੀ ਮਿਤੀ ਤੋਂ ਕਿਸੇ ਵੀ ਸਮੇਂ ਸਾਡੇ ਵੱਲੋਂ ਸਹਿਣ ਕੀਤੇ ਜਾਣਗੇ, ਤਦ ਵਿਕਰੀ ਨਹੀਂ ਕੀਤੀ ਜਾਵੇਗੀ ਅਤੇ ਸਕਿਉਰਡ ਐੱਸਟਸ ਨੂੰ ਸਾਡੇ ਵੱਲੋਂ ਵਿਕਰੀ ਜਾਂ ਤਬਦੀਲ ਨਹੀਂ ਕੀਤਾ ਜਾਵੇਗਾ ਅਤੇ ਸਾਡੇ ਵੱਲੋਂ ਸਕਿਉਰਡ ਐੱਸਟਸ ਦੀ ਵਿਕਰੀ ਜਾਂ ਤਬਦੀਲ ਲਈ ਅਗਲੇ ਕਦਮ ਨਹੀਂ ਉਠਾਏ ਜਾਣਗੇ।

ਮਿਤੀ : 09/12/2025   ਸਹੀ/- (ਅਧਿਕਾਰਤ ਅਫਸਰ)
ਸਥਾਨ : ਲੁਧਿਆਣਾ   ਯੈੱਸ ਬੈਂਕ ਲਿਮਿਟਡ

# ਏ ਟੀ ਐੱਮ 'ਚੋਂ ਨਕਲੀ ਨੋਟ ਨਿਕਲਣ 'ਤੇ ਮਚਿਆ ਹੜਕੰਪ ਬੈਂਕ ਨੇ ਕਾਰਵਾਈ ਦਾ ਦਿੱਤਾ ਭਰੋਸਾ



ਜਲੰਧਰ (ਸੁਰਿੰਦਰ ਕੁਮਾਰ)-ਇੱਕ ਏ ਟੀ ਐੱਮ 'ਚੋਂ ਨਕਲੀ ਨੋਟ ਨਿਕਲਣ ਕਾਰਨ ਇਲਾਕੇ 'ਚ ਹੜਕੰਪ ਮੱਚ ਗਿਆ।ਇਹ ਮਾਮਲਾ 66 ਫੁੱਟ ਰੋਡ ਤੋਂ ਸਾਹਮਣੇ ਆਇਆ ਹੈ। ਹਾਲਾਂਕਿ ਪੀੜਤ ਵਿਅਕਤੀ ਦੁਆਰਾ ਕੱਢੇ ਨੋਟ ਨਾ ਸਿਰਫ਼ ਨਕਲੀ ਸੀ ਬਲਕਿ ਕੱਢੇ ਗਏ ਸਾਰੇ ਨੋਟ ਫਟੇ ਹੋਏ ਤੇ ਉਨ੍ਹਾਂ ਦੀ ਕਵਾਲਿਟੀ ਤੇ ਪ੍ਰਿੰਟ ਵੀ ਖਰਾਬ ਸੀ। ਲੋਕਾਂ ਵੱਲੋਂ ਤੁਰੰਤ ਬੈਂਕ ਅਧਿਕਾਰੀਆਂ ਨੂੰ ਸੂਚਿਤ ਕੀਤਾ ਗਿਆ ਹੈ।ਪੀੜਤ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨੋਟ ਆਮ ਕਾਗਜ਼ ਵਾਂਗ ਵੀ ਲੱਗ ਰਹੇ ਸਨ । ਨੋਟਾਂ 'ਤੇ ਲੱਗਿਆ ਸੁਰੱਖਿਆ ਧਾਗਾ, ਵਾਟਰਮਾਰਕ, ਅਤੇ ਹੋਰ ਮੁੱਖ ਸੁਰੱਖਿਆ ਫੀਚਰ ਜਾਂ ਤਾਂ ਗੁੰਮ ਸਨ ਜਾਂ ਗਲਤ ਢੰਗ ਨਾਲ ਛਾਪੀਆਂ ਗਈਆਂ ਸਨ। ਬਹੁਤ ਸਾਰੇ ਨੋਟ ਕਿਨਾਰਿਆਂ 'ਤੇ ਫਟੇ ਹੋਏ ਸਨ।ਘਟਨਾ ਤੋਂ ਬਾਅਦ ਮੌਕੇ 'ਤੇ ਹੀ ਇਸ ਮਾਮਲੇ ਦੀ ਸ਼ਿਕਾਇਤ ਦਰਜ ਕਰਵਾਈ ਗਈ। ਬੈਂਕ ਪ੍ਰਸ਼ਾਸਨ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਏ ਟੀ ਐੱਮ ਨੂੰ ਅਸਥਾਈ ਤੌਰ 'ਤੇ ਬੰਦ ਕਰ ਦਿੱਤਾ ਗਿਆ ਹੈ। ਬੈਂਕ ਅਧਿਕਾਰੀਆਂ ਨੇ ਭਰੋਸਾ ਦਿੱਤਾ ਹੈ ਕਿ ਪੂਰੇ ਮਾਮਲੇ ਦੀ ਪੂਰੀ ਤਰ੍ਹਾਂ ਜਾਂਚ ਕੀਤੀ ਜਾਵੇਗੀ ਅਤੇ ਦੋਸ਼ੀਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

# ਅੱਖਾਂ ਦਾ ਫਰੀ ਚੈੱਕਅੱਪ ਤੇ ਓਪਰੇਸ਼ਨ ਕੈਂਪ ਅੱਜ



ਨਕੋਦਰ, (ਗੀਨਾ ਸ਼ਰਮਾ) : ਸਥਾਨਕ ਸੱਤਿਅਮ ਗਰੁੱਪ ਆਫ ਇੰਸਟੀਚਿਊਟਸ ਅਤੇ ਸਿਵਲ ਪ੍ਰਸ਼ਾਸਨ ਨਕੋਦਰ ਦੇ ਸਹਿਯੋਗ ਨਾਲ ਅੱਖਾਂ ਦਾ ਫਰੀ ਚੈੱਕਅੱਪ ਅਤੇ ਓਪਰੇਸ਼ਨ ਕੈਂਪ 9 ਦਸੰਬਰ ਦਿਨ ਮੰਗਲਵਾਰ ਨੂੰ ਸਵੇਰੇ 9:30 ਵਜੇ ਤੋਂ ਦੁਪਹਿਰ 1:30 ਤੱਕ ਸੱਤਿਅਮ ਗਰੁੱਪ ਆਫ ਇੰਸਟੀਚਿਊਟਸ ਅਤੇ ਇੰਡੋ ਸਵਿਸ ਇੰਟਰਨੈਸ਼ਨਲ ਕਾਨਵੈਂਟ ਸਕੂਲ ਕੈਂਪਸ ਜਲੰਧਰ ਰੋਡ, ਨਕੋਦਰ ਵਿਖੇ ਲਗਾਇਆ ਜਾ ਰਿਹਾ ਹੈ। ਕਾਲਜ ਮੈਨੇਜਮੈਂਟ ਦੇ ਚੇਅਰਮੈਨ ਵਿਪਨ ਸ਼ਰਮਾ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਇਸ ਕੈਂਪ ਵਿੱਚ ਐੱਸ ਡੀ ਐੱਮ ਨਕੋਦਰ ਲਾਲ ਵਿਸ਼ਵਾਸ ਬੈਂਸ ਮੁੱਖ ਮਹਿਮਾਨ ਵਜੋਂ ਪਹੁੰਚਣਗੇ ਅਤੇ ਕੈਂਪ ਦਾ ਉਦਘਾਟਨ ਕਰਨਗੇ। ਕੈਂਪ ਵਿੱਚ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਦੇ ਮਾਹਰ ਡਾਕਟਰਾਂ ਵੱਲੋਂ ਅੱਖਾਂ ਦੀ ਜਾਂਚ ਕੀਤੀ ਜਾਵੇਗੀ। ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਤੇ ਐਨਕਾਂ ਦਿੱਤੀਆਂ ਜਾਣਗੀਆਂ ਅਤੇ ਲੋੜ ਅਨੁਸਾਰ ਚਿੱਟੇ ਮੋਤੀਏ ਦੇ ਮਰੀਜ਼ਾਂ ਦੇ ਫਰੀ ਓਪਰੇਸ਼ਨ ਵੀ ਕੀਤੇ ਜਾਣਗੇ। ਲੋੜਵੰਦ ਮਰੀਜ਼ ਆਧਾਰ ਕਾਰਡ ਨਾਲ ਲਿਆ ਕੇ ਇਸ ਕੈਂਪ ਦਾ ਵੱਧ ਤੋਂ ਵੱਧ ਲਾਭ ਉਠਾਉਣ।

# ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਤਿੰਨ ਰੋਜ਼ਾ ਗੁਰਮਤਿ ਸਮਾਗਮ ਹੋਇਆ



ਲੌਂਗੋਵਾਲ, (ਪ੍ਰਦੀਪ ਸ਼ੁੱਲਰ): ਗੁਰਦੁਆਰਾ ਸਾਹਿਬ ਚੁੱਲੇ ਬਾਬਾ ਆਲਾ ਸਿੰਘ ਜੀ ਲੌਂਗੋਵਾਲ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਤਿੰਨ ਰੋਜ਼ਾ ਗੁਰਮਤਿ ਸਮਾਗਮ ਕਰਾਏ ਗਏ। ਅਮਰੀਕ ਸਿੰਘ ਬਠਨਾਲਾ ਮੈਨੇਜਰ ਗੁਰਦੁਆਰਾ ਚੁੱਲੇ ਬਾਬਾ ਆਲਾ ਸਿੰਘ ਨੇ ਦੱਸਿਆ ਕਿ ਅੱਜ ਸਮਾਪਤੀ ਸਮੇਂ ਹਜ਼ੂਰੀ ਰਾਗੀ ਸਭੇ ਨੇ ਗੁਰਬਾਣੀ ਕੀਰਤਨ ਰਾਹੀਂ ਸ਼ੁਰੂਆਤ ਕੀਤੀ, ਇਸ ਉਪਰੰਤ ਭਾਈ ਬਲਦੇਵ ਸਿੰਘ ਲੌਂਗੋਵਾਲ ਦੇ ਢਾਡੀ ਜੱਥੇ ਵੱਲੋਂ ਹਾਜ਼ਰੀ ਭਰੀ ਤੇ ਗਿਆਨੀ ਸੁਖਦੇਵ ਸਿੰਘ ਜੀ ਖਾਲਸਾ ਰਾਜਸਥਾਨ ਵਾਲਿਆਂ ਤੇ ਗਿਆਨੀ ਨਿਰਭੈ ਸਿੰਘ ਜੀ ਗੁੜਥੜੀ ਵਾਲਿਆਂ ਵੱਲੋਂ ਕਥਾ ਰਾਹੀਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਸੰਗਤਾਂ ਨੂੰ ਜਾਣੂ ਕਰਾਇਆ ਗਿਆ। ਸਮਾਗਮ 'ਚ ਵਿਨਰਜੀਤ ਸਿੰਘ ਗੋਲਡੀ ਹਲਕਾ ਇੰਚਾਰਜ ਸੁਨਾਮ ਵੱਲੋਂ ਹਾਜ਼ਰੀ ਲਵਾਈ ਗਈ। ਉਪਰੰਤ ਜਥੇਦਾਰ ਪਰਮਜੀਤ ਸਿੰਘ ਖਾਲਸਾ ਮੈਂਬਰ ਐਸ.ਜੀ.ਪੀ.ਸੀ. ਤੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਸਾਬਕਾ ਪ੍ਰਧਾਨ ਐਸ.ਜੀ.ਪੀ.ਸੀ. ਵੀ ਪੁੱਜੇ। ਹਲਕੇ ਦੇ ਪਤਵੰਤੇ ਸੱਜਣਾਂ ਦਾ ਗੁਰੂ ਬਖਸ਼ਿਸ਼ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਮੇਲਾ ਸਿੰਘ ਸੂਬੇਦਾਰ ਪ੍ਰਧਾਨ ਸ਼ਹੀਦ ਮਨੀ ਸਿੰਘ ਗੁ. ਪ੍ਰਬੰਧਕ ਕਮੇਟੀ, ਸਰਵਣ ਸਿੰਘ ਛੰਨਾ ਵਾਲੇ, ਅਵਤਾਰ ਸਿੰਘ ਦੁੱਲਟ, ਸੁਖਦੇਵ ਸਿੰਘ ਸਾਬਕਾ ਪ੍ਰਧਾਨ ਲੋਕਲ ਕਮੇਟੀ ਲੌਂਗੋਵਾਲ, ਗੁਰਮੇਲ ਸਿੰਘ ਚੱਠੇ, ਚੇਟੀਆਂ, ਬਲਕਾਰ ਸਿੰਘ, ਇਸ਼ਵਿੰਦਰ ਸਿੰਘ, ਅਕਾਲੀ ਆਗੂ ਕੌਰ ਸਿੰਘ, ਹਰਵਿੰਦਰ ਸਿੰਘ ਚੰਗਾਲ ਮੈਨੇਜਰ ਗੁਰਦੁਆਰਾ ਮੰਜੀ ਸਾਹਿਬ ਮੁਲੋਵਾਲ, ਜਸਵੀਰ ਸਿੰਘ ਜੱਸੀ ਇੰਚਾਰਜ ਸਿੱਖ ਮਿਸ਼ਨ ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰਜੰਟ ਸਿੰਘ ਦੁਲਟ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੁੱਲਟ ਪੱਤੀ, ਬੀਬੀ ਪਰਮਿੰਦਰ ਕੌਰ ਬਰਾੜ ਪ੍ਰਧਾਨ ਨਗਰ ਕੌਂਸਲ, ਮਹਿੰਦਰ ਸਿੰਘ ਦੁੱਲਟ ਚੇਅਰਮੈਨ ਭਾਈ ਦਿਆਲਾ ਜੀ ਪਬਲਿਕ ਸਕੂਲ, ਬਾਬਾ ਜਰਨੈਲ ਸਿੰਘ ਜੀ, ਪੰਜ ਪਿਆਰੇ ਬਾਬਾ ਗੁਰਜੰਟ ਸਿੰਘ, ਪੰਜ ਪਿਆਰੇ ਪ੍ਰੋ. ਪਰਮਿੰਦਰ ਸਿੰਘ ਸਲਾਣੀ ਵਾਲੇ, ਬਹਾਦਰ ਸਿੰਘ ਮੈਂਬਰ ਭਾਈ ਕੀ ਸਮਾਧ, ਬਾਬਾ ਗੁਰਜੰਟ ਸਿੰਘ, ਬਾਬਾ ਜਰਨੈਲ ਸਿੰਘ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਸੁਸਾਇਟੀ ਵਾਲੇ, ਭਾਈ ਬਲਰਾਜ ਸਿੰਘ, ਜਿੰਦਰ ਸਿੰਘ, ਗੋਲਡੀ ਸਿੰਘ, ਸੰਕਰ ਸਵੀਟ ਵਾਲੇ, ਗੁਰਮੀਤ ਸਿੰਘ ਲੱਲੀ, ਡੈਲੀਗੇਟ ਅਕਾਲੀ ਦਲ ਬਾਦਲ ਸੁਖਵਿੰਦਰ ਸਿੰਘ ਚਹਿਲ, ਸਰਪੰਚ ਡੈਲੀਗੇਟ ਅਕਾਲੀ ਦਲ ਬਾਦਲ ਜਸਵਿੰਦਰ ਸਿੰਘ ਦੁੱਲਟ ਨੇ ਹਾਜ਼ਰੀ ਭਰੀ।

## PUBLIC NOTICE

TAKE NOTICE THAT Jagrit Bobal S/o Sh. Sanjiv Kumar Bobal, have agreed to take LAP (from IDFC First Bank Ltd.) on his Property measuring 00 Kanal 3-1/2 Marla (105 Sq.Yards), bearing Khewat/ Khatoni No. 71/88, comprised under Khasra No. 5//22/2(0-11), 15//1/1(7-13), 2/2(0-0), Kitte 03, measuring 08 Kanal 04 Marla, having its 179/16400 i.e 1.71 Marla share having its 57/5200 i.e. 1.71 Marla Total land measuring 3-1/2 Marla, situated at Village Chajjumajra, Hadbast No. 33, Tehsil Kharar, Distt. S.A.S. Nagar, Mohali, Punjab. That as per Owner of property in old chain of property Original Sale deed no. 2835 dated 15/06/2012 executed and registered by Sanjiv Kumar S/o Sh. Ramphal in favor of Davinder Kaur w/o Sh. Jaswinder Singh is lost and not Found. Hence If any concern Bank/ person having any claim/objection, any share, interest or right in the said property or any part thereof by way of sale, transfer, assignment, mortgage, charge, lease, license, lien, tenancy, trust, gift, easement, possession, inheritance or otherwise however are hereby on above lost deed he/she may kindly raised your objection in writing with in 7 days to Adv. Parminder Singh, Office 3140-3141, Parminder Singh and Associates, Kacha Bazar, Ambala Cantt. 133001, Mob. 09896444404, 7419444404.

## ਉੱਤਰ ਰੇਲਵੇ

### ਈ-ਟੈਂਡਰ ਸੂਚਨਾ

ਸੀਨੀਅਰ ਮੰਡਲ ਸਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉੱਤਰ ਰੇਲਵੇ, ਫ਼ਿਰੋਜ਼ਪੁਰ ਭਾਰਤ ਦੇ ਰਾਸ਼ਟਰਪਤੀ ਦੀ ਤਰਫ਼ ਤੋਂ ਟੈਂਡਰ ਨੰ: 433-ਸਿਗ-ਟੀ-64-25-26 ਈ-ਟੈਂਡਰਿੰਗ ਦੁਆਰਾ ਤੋਂ ਮਿਤੀ 29/12/2025 ਨੂੰ 15.00 ਵਜੇ ਤੱਕ https://www.ireps.gov.in ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੀ ਟੈਂਡਰਾਂ ਅਸਲੀ/ਸੰਸ਼ੋਧਿਤ ਨਿਸ਼ਚਿਤ ਕੀਤੇ ਗਏ ਸਮੇਂ ਅਤੇ ਮਿਤੀ ਤੱਕ ਜ਼ਰੂਰ ਜਮਾਂ ਕਰਵਾਏ। ਇਸ ਟੈਂਡਰ ਦੇ ਤਹਿਤ ਮੈਨੂਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ। ਟੈਂਡਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਸ ਤਰ੍ਹਾਂ ਕਿ ਨੈਟ ਬੈਂਕਿੰਗ, ਡੇਬਿਟ ਕਾਰਡ, ਕ੍ਰੈਡਿਟ ਆਦਿ ਦੁਆਰਾ ਹੀ ਸਵੀਕਾਰ ਕੀਤੀ ਜਾਵੇਗੀ ਇਸਦੇ ਅਤਿਰਿਕਤ ਡਿਮਾਂਡ ਡਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਦੁਆਰਾ ਜਮਾਂ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ। ਐਸ। ਆਈ। ਟੀ।

| | | | |
|---|---|---|---|
| ਕੰਮ ਦਾ ਨਾਮ | (i) ਫਿਰੋਜ਼ਪੁਰ ਮੰਡਲ ਉੱਤੇ ਗੰਗਸਰ ਜੈਤੋ (ਜੀਜੇਯੂਟੀ) ਸਟੇਸ਼ਨ ਉੱਤੇ ਪੂਰੀ ਲੰਬਾਈ ਦੇ ਲੋਡ ਨੂੰ ਸਮਾਯੋਜਿਤ ਕਰਨ ਦੇ ਲਈ ਗੁਡਸ ਲਾਇਨ ਦੇ ਵਿਸਤਾਰ ਦੇ ਸਬੰਧ ਵਿਚ ਐਸ ਐਂਡ ਟੀ ਕੰਮ। (ii) ਸੀਨੀਅਰ ਡੀਐਸਟੀਈ/ਐਫਜ਼ੈਡਆਰ ਦੇ ਅਧਿਕਾਰ ਖੇਤਰ ਵਿਚ ਦੂਰਸੰਚਾਰ ਉਪਕਰਨਾਂ ਦੀ ਵਿਸ਼ਵਸਨੀਯਤਾ ਵਿਚ ਸੁਧਾਰ ਦੇ ਲਈ ਪੁਰਾਣੀ/ਓਵਰਏਜ ਬਿਜਲੀ ਆਪੂਰਤੀ ਪ੍ਰਣਾਲੀ ਦਾ ਪ੍ਰਤਿਸਥਾਪਨ। | | |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | (i) 29/12/2025 15:00<br>(ii) 29/12/2025 15:00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | (i) 05/12/2025 17:51<br>(ii) 05/12/2025 17:49 |
| ਅਨੁਮਾਨਿਤ ਕੀਮਤ | (i) 24404321.75<br>(ii) 26864491.76 | ਬਿਡਿੰਗ ਸ਼ੁਰੂ ਦੀ ਮਿਤੀ (ਆਈ.ਆਰ.ਈ.ਪੀ.ਐਸ) | (i)15/12/2025<br>(ii)15/12/2025 |
| ਬਿਆਨਾ ਰਾਸ਼ੀ (ਰੁ:) | (i) 272000.00<br>(ii) 284300.00 | ਕੰਮ ਪੂਰਾ ਕਰਨ ਦਾ ਸਮਾਂ | (i) 12 Months<br>(ii) 06 Months |
| ਨੋਟ: | ਟੈਂਡਰਦਾਤਾ ਨਿਯਮਿਤ ਰੂਪ ਤੋਂ ਵੈੱਬਸਾਈਟ ਦੇ ਸੰਪਰਕ ਵਿਚ ਰਹਿਕੇ ਟੈਂਡਰ ਸੰਸ਼ੋਧਨਾਂ, ਸ਼ੁੱਧੀਪੱਤਰ ਆਦਿ ਬਾਰੇ ਵਿਚ ਖੁਦ ਨੂੰ ਅਪਡੇਟ ਰੱਖੋ। | | |

ਟੈਂਡਰ ਸੂਚਨਾ ਨੰ: 433-ਸਿਗ-ਟੀ-64-25-26
ਮਿਤੀ : 06/12/2025 3800/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਹਰਜੋਤ ਮਾਂਗਟ ਦੀ ਚੋਣ ਮੁਹਿੰਮ ਨੂੰ ਮਿਲਿਆ ਵੱਡਾ ਹੁੰਗਾਰਾ



ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)- ਜ਼ਿਲ੍ਹਾ ਪ੍ਰੀਸ਼ਦ ਜ਼ੋਨ ਨੀਲੋਂ ਕਲਾਂ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਹਰਜੋਤ ਸਿੰਘ ਮਾਂਗਟ ਦੀ ਚੋਣ ਮੁਹਿੰਮ ਨੂੰ ਉਸ ਸਮੇਂ ਵੱਡਾ ਹੁੰਗਾਰਾ ਮਿਲਿਆ, ਜਦੋਂ ਮਾਛੀਵਾੜਾ ਸਾਹਿਬ ਨਜ਼ਦੀਕ ਪਿੰਡ ਬੁਰਜ ਪਵਾਤ ਤੋਂ ਅਨੇਕਾਂ ਨੌਜਵਾਨ ਵੱਖ-ਵੱਖ ਪਾਰਟੀਆਂ ਨੂੰ ਛੱਡ ਅਕਾਲੀ ਦਲ ਵਿਚ ਸ਼ਾਮਲ ਹੋਏ ਅਤੇ ਹਰਜੋਤ ਸਿੰਘ ਮਾਂਗਟ ਦੀ ਚੋਣ ਮੁਹਿੰਮ ਦਾ ਹਿੱਸਾ ਬਣੇ। ਹਲਕਾ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ ਸਮੇਤ ਵੱਖ-ਵੱਖ ਅਕਾਲੀ ਆਗੂਆਂ ਨੇ ਹਰਜੋਤ ਸਿੰਘ ਮਾਂਗਟ ਦੀ ਚੋਣ ਮੁਹਿੰਮ ਨੂੰ ਤੇਜ਼ ਕਰਦਿਆਂ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ ਤੇ ਚੋਣ ਪ੍ਰਚਾਰ ਦੌਰਾਨ ਸ਼੍ਰੋਮਣੀ ਅਕਾਲੀ ਦਲ ਸਰਕਾਰਾਂ ਵੇਲੇ ਕੀਤੇ ਗਏ ਕੰਮਾਂ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਹਰ ਫਰੰਟ ਤੇ ਫੇਲ੍ਹ ਹੋਈ ਹੈ ਅਤੇ ਸੂਬੇ 'ਚ ਆਏ ਦਿਨ ਫਿਰੌਤੀ, ਡਕੈਤੀ, ਸ਼ਰੇਆਮ ਲੁੱਟਾਂ ਖੋਹਾਂ ਹੋ ਰਹੀਆਂ ਹਨ, ਥਾਂ-ਥਾਂ ਗੋਲੀਬਾਰੀ ਹੋ ਰਹੀ ਹੈ, ਹਰ ਵਿਭਾਗ ਦੇ ਲੋਕ ਧਰਨੇ ਲਾ ਰਹੇ ਹਨ। ਹਰਜੋਤ ਸਿੰਘ ਮਾਂਗਟ ਨੇ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਦੇ ਵਿਕਾਸ ਦੀ ਲਈ ਇੱਕੋ-ਇੱਕ ਪਾਰਟੀ ਹੈ, ਜੋ ਖੇਤਰੀ ਪਾਰਟੀ ਹੋਣ ਦੇ ਨਾਤੇ ਪੰਜਾਬ ਦੇ ਵਿਕਾਸ ਲਈ ਸੋਚ ਸਕਦੀ ਹੈ ਤੇ ਉਹ ਹੈ ਸ਼੍ਰੋਮਣੀ ਅਕਾਲੀ ਦਲ ਬਾਦਲ, ਜਿਸ ਨੂੰ ਕਾਮਯਾਬ ਕਰਨ ਲਈ ਆਉਣ ਵਾਲੀ 14 ਦਸੰਬਰ ਨੂੰ ਚੋਣ ਨਿਸ਼ਾਨ ਤੱਕੜੀ ਤੇ ਮੋਹਰਾਂ ਲਾ ਕੇ ਸਾਰੇ ਹੀ ਬਲਾਕ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦ ਉਮੀਦਵਾਰਾਂ ਨੂੰ ਬਹੁਮਤ ਨਾਲ ਜਿਤਾਈਏ।

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਗੁਰਪ੍ਰੀਤ ਕੁਮਾਰ ਨਾਇਬ ਤਹਿਸੀਲਦਾਰ ਕਮ ਸਹਾਇਕ ਕੁਲੈਕਟਰ ਦਰਜਾ ਦੂਜਾ ਗੁਰਦਾਸਪੁਰ
ਨੋਟਿਸ ਬਨਾਮ ਆਮ ਜਨਤਾ

ਵਿਸ਼ਾ : ਫਰਦ ਜਮ੍ਹਾਂਬੰਦੀ ਰਕਬਾ ਪਿੰਡ ਸੁੰਦੜ ਹਦਬਸਤ ਨੰਬਰ 633, ਤਹਿਸੀਲ ਵਾ ਜ਼ਿਲ੍ਹਾ ਗੁਰਦਾਸਪੁਰ ਦੀ ਖਾਨਾ ਮਾਲਕੀ ਵਿੱਚ ਨਾਂਅ ਦੀ ਦਰੁਸਤੀ ਕਰਨ ਬਾਰੇ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਹਰਦੇਵ ਸਿੰਘ ਪੁੱਤਰ ਪ੍ਰਤਾਪ ਸਿੰਘ ਪੁੱਤਰ ਮੂਲਾ ਸਿੰਘ ਵਾਸੀ ਪਿੰਡ ਗੁਰੀਆ, ਡਾਕਖਾਨਾ ਪੁਰਾਣਾ ਸ਼ਾਲਾ, ਤਹਿਸੀਲ ਵਾ ਜ਼ਿਲ੍ਹਾ ਗੁਰਦਾਸਪੁਰ ਨੇ ਦਰਖਾਸਤ ਪੇਸ਼ ਕੀਤੀ ਕਿ ਰਿਕਾਰਡ ਮਾਲ ਰਕਬਾ ਵਾਕਿਆ ਪਿੰਡ ਸੁੰਦੜ ਹਦਬਸਤ ਨੰਬਰ 633, ਤਹਿਸੀਲ ਵਾ ਜ਼ਿਲ੍ਹਾ ਗੁਰਦਾਸਪੁਰ ਵਿੱਚ ਉਸ ਦਾ ਨਾਂਅ ਸੁੱਚਾ ਸਿੰਘ ਪੁੱਤਰ ਪ੍ਰਤਾਪ ਸਿੰਘ ਪੁੱਤਰ ਮੂਲਾ ਸਿੰਘ ਗਲਤ ਚੱਲਿਆ ਆ ਰਿਹਾ ਹੈ। ਪਰ ਉਸ ਦਾ ਸਹੀ ਨਾਂਅ ਹਰਦੇਵ ਸਿੰਘ ਪੁੱਤਰ ਪ੍ਰਤਾਪ ਸਿੰਘ ਪੁੱਤਰ ਮੂਲਾ ਹੈ। ਫਰਦ ਜਮ੍ਹਾਂਬੰਦੀ ਵਿੱਚ ਉਸ ਦਾ ਨਾਂਅ ਸੁੱਚਾ ਸਿੰਘ ਪੁੱਤਰ ਪ੍ਰਤਾਪ ਸਿੰਘ ਪੁੱਤਰ ਮੂਲਾ ਸਿੰਘ ਦਰਜ ਹੈ । ਅਸਲ ਵਿੱਚ ਮਾਲਕ ਹਰਦੇਵ ਸਿੰਘ ਅਤੇ ਸੁੱਚਾ ਸਿੰਘ ਦੋਨੋਂ ਇੱਕ ਹੀ ਵਿਅਕਤੀ ਦੇ ਨਾਂਅ ਹਨ। ਹੁਣ ਸੁੱਚਾ ਸਿੰਘ ਪੁੱਤਰ ਪ੍ਰਤਾਪ ਸਿੰਘ ਪੁੱਤਰ ਮੂਲਾ ਸਿੰਘ ਦੀ ਬਜਾਏ ਹਰਦੇਵ ਸਿੰਘ ਪੁੱਤਰ ਪ੍ਰਤਾਪ ਸਿੰਘ ਪੁੱਤਰ ਮੂਲਾ ਸਿੰਘ ਪੜ੍ਹਿਆ ਜਾਵੇ ।ਇਸ ਲਈ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵਿਅਕਤੀ ਨੂੰ ਉਕਤ ਨਾਂਅ ਰਿਕਾਰਡ ਮਾਲ ਵਿੱਚ ਦਰੁਸਤ ਕਰਨ ਸੰਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣੇ ਇਤਰਾਜ਼ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਨੋਟਿਸ ਲਿਖਣ ਤੋਂ 10 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ ਪੇਸ਼ ਕਰੇ । ਨੋਟਿਸ ਵਿੱਚ ਦੱਸੀ ਮਿਆਦ ਗੁਜ਼ਰਨ ਤੋਂ ਬਾਅਦ ਕਿਸੇ ਵੀ ਇਤਰਾਜ਼ 'ਤੇ ਗੌਰ ਨਹੀਂ ਕੀਤੀ ਜਾਵੇਗੀ।

ਅੱਜ ਮਿਤੀ 01.12.2025 ਨੂੰ ਮੇਰੇ ਦਸਤਖਤ ਅਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਸਹੀ/- ਨਾਇਬ ਤਹਿਸੀਲਦਾਰ ਕਮ ਸਹਾਇਕ ਕੁਲੈਕਟਰ ਦਰਜਾ ਦੂਜਾ ਗੁਰਦਾਸਪੁਰ।

ਨੰਬਰ 345 ਰੀਡਰ ਮਿਤੀ : 1.12.2025

## COURT NOTICE

(U/o 5 Rule 20 CPC)
In the Court of Ravinder Rai
Civil Judge (Junior Division),
Amritsar
CNR No. PBAS02-003441-2023
Next Date :- 02-01-2026

ICICI Bank Limited ......Plaintiff
VS
Kanna Sai Babu ......Defendant

CS Recovery

Publication Issued to :
Kanna Sai Babu S/o Kanna Nageshwar Rao R/o HQ SQN 23 (I) Armd BDE Pin 908023 C/o 56 APO, Inside CP5 Gate Khassa Cant, Tehsil and District Amritsar

2nd Address H. No. 11/107, Nazimptnam, Guntur, Guntur, 522314

In above titled case, the defendant could not be served. It is ordered that defendant should appear in person or through counsel on 02.01.2026 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division),
Amritsar
Dated this day of 05-12-2025

## Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

### ਜਾਇਦਾਦ ਵਿਕਰੀ ਨੋਟਿਸ

ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਹੇਠ ਦਰਸਾਈਆਂ ਜਾਇਦਾਦਾਂ ਦਾ ਸਰਫੇਸੀ ਐਕਟ ਦੇ ਸੈਕਸ਼ਨ 13 (4) ਅਧੀਨ ਕਬਜ਼ਾ ਲੈ ਲਿਆ ਹੈ।
ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਐੱਨ ਪੀ ਏ ਖਾਤਿਆਂ ਵਿਰੁੱਧ ਬਕਾਇਆ ਖੜੀ ਰਕਮ ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ ਦੀ ਵਸੂਲੀ ਲਈ ਬੈਂਕ ਵੱਲੋਂ 29.12.2025 ਨੂੰ ਵਿਕਰੀ ਕੀਤੀ ਜਾਵੇਗੀ।

| | |
|---|---|
| ਖਾਤੇ ਦਾ ਨਾਂਅ | ਮੈਸਰਜ਼ ਆਰੋਹੀ ਆਰਕੀਟੈਕਟਸ ਐਂਡ ਕੰਸਟ੍ਰਕਸ਼ਨਸ 1, ਪਾਮ ਡਰਾਈਵ ਕਲੋਨੀ, ਵਡਾਲਾ, ਜਲੰਧਰ ਵਿਖੇ ਸਥਿਤ ਰਾਹੀਂ ਇਸ ਦੇ ਮਾਲਕ ਸ੍ਰੀ ਵਿਜੇ ਕੁਮਾਰ (ਕਰਜ਼ਦਾਰ) ਸ੍ਰੀ ਵਿਜੇ ਕੁਮਾਰ ਪੁੱਤਰ ਸ੍ਰੀ ਰਘੁਬੀਰ ਸਿੰਘ, ਵਾਸੀ ਪਾਮ ਡਰਾਈਵ ਕਲੋਨੀ, ਵਡਾਲ, ਜਲੰਧਰ -144003 (ਮਾਲਕ ਮੈਸਰਜ਼ ਆਰੋਹੀ-ਆਰਕੀਟੈਕਟਸ ਐਂਡ ਕੰਸਟ੍ਰਕਸ਼ਨਸ) ਸ੍ਰੀ ਸਿੱਧੂ ਕੁਮਾਰ ਪੁੱਤਰ ਸ੍ਰੀ ਸੁੱਖਰਾਮ, ਵਾਸੀ ਨੰ. 2 ਟੈਂਕੀ, ਨੇੜੇ ਵਾਟਕ ਟੈਂਕ, ਫੋਕਲ ਪੁਆਇੰਟ, ਇੰਡਸਟ੍ਰੀਅਲ ਟਾਊਨ, ਜਲੰਧਰ, ਪੰਜਾਬ-144004 (ਗਰੰਟਰ) ਸ੍ਰੀਮਤੀ ਟਵਿੰਕਲ ਕੁਮਾਰੀ ਪੁੱਤਰੀ ਸ੍ਰੀ ਸਤੀਸ਼ ਕੁਮਾਰ ਵਾਸੀ ਪਿੰਡ ਲੱਖਣ ਕੋਠੀ, ਰੋਪਨ, ਸਰਕਘਾਟ, ਮੰਡੀ, ਹਿਮਾਚਲ ਪ੍ਰਦੇਸ਼-175024 (ਗਰੰਟਰ) ਨਾਲ ਹੀ : ਸ੍ਰੀਮਤੀ ਟਵਿੰਕਲ ਕੁਮਾਰੀ ਪਤਨੀ ਸ੍ਰੀ ਵਿਜੇ ਕੁਮਾਰ ਪੁੱਤਰ ਸ੍ਰੀ ਰਘੁਬੀਰ ਸਿੰਘ ਵਾਸੀ ਪਾਮ ਡਰਾਈਵ ਕਲੋਨੀ, ਵਡਾਲਾ, ਜਲੰਧਰ-144003 |
| ਬਕਾਇਆ ਰਕਮ OD/048400000086 | Rs. 15,96,673/- (ਅਤੇ ਮਿਤੀ 01.12.2025 ਤੋਂ ਭਵਿੱਖੀ ਵਿਆਜ) |
| ਜਾਇਦਾਦ ਦਾ ਵੇਰਵਾ | ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ :- ਬੈਨਾਮਾ ਦਸਤਾਵੇਜ਼ ਨੰ. 2018-19/187/1/4402 ਮਿਤੀ 23.01.2019 ਅਨੁਸਾਰ ਸ੍ਰੀਮਤੀ ਟਵਿੰਕਲ ਕੁਮਾਰੀ ਪਤਨੀ ਸ੍ਰੀ ਵਿਜੇ ਕੁਮਾਰ ਦੀ ਮਲਕੀਅਤ ਜਾਇਦਾਦ ਰਕਬਾ 2 ਮਰਲਾ 266 ਵਰਗ ਫੁੱਟ (810 ਵਰਗ ਫੁੱਟ) ਪਲਾਟ ਨੰ. 58 ਵਿਖੇ ਸਥਿਤ, ਪਿੰਡ ਧਾਲੀਵਾਲ, ਤਹਿਸੀਲ ਜਲੰਧਰ ਨਾਲ ਸੰਬੰਧਤ ਸਭ ਕੁੱਝ। |
| ਰਾਖਵੀਂ ਕੀਮਤ | 1. ਰੁਪਏ 15 ਲੱਖ (ਪੰਦਰਾਂ ਲੱਖ ਰੁਪਏ ਕੇਵਲ) |
| ਈ ਐੱਮ ਡੀ (ਬਿਆਨਾ ਰਕਮ) | ਕੁੱਲ ਈ ਐੱਮ ਡੀ (ਬਿਆਨਾ ਰਕਮ) ਰਾਖਵੀਂ ਕੀਮਤ ਦਾ 25 ਫੀਸਦੀ ਹੈ, ਜੋ ਸਫਲ ਬੋਲੀਕਾਰ ਵੱਲੋਂ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਡਿਮਾਂਡ ਡਰਾਫਟ ਰਾਹੀਂ ਜਲੰਧਰ ਵਿਖੇ ਅਦਾਇਗੀਯੋਗ ਮਿਤੀ 29-12-2025 ਨੂੰ ਅਦਾ ਕੀਤਾ ਜਾਵੇਗਾ। ਟੈਂਡਰ ਫਾਰਮ ਅਤੇ ਈ ਐੱਮ ਡੀ, ਅਧਿਕਾਰਤ ਅਫਸਰ, ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ : ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਨੂੰ ਭੇਜੇ ਜਾਣ। |

ਬੈਂਕ ਦੀ ਜਾਣਕਾਰੀ 'ਚ ਜੋਖਮ : ਕੋਈ ਨਹੀਂ। ਜਾਇਦਾਦ ਦੀ ਵਿਕਰੀ "ਜਿਵੇਂ ਹੈ ਜਿੱਥੇ ਹੈ ਅਧਾਰ" 'ਤੇ ਕੀਤੀ ਜਾਵੇਗੀ। ਟੈਂਡਰ ਸਮੇਤ ਰਾਖਵੀਂ ਕੀਮਤ ਦੀ ਕੁੱਲ 25 ਫੀਸਦੀ ਈ ਐੱਮ ਡੀ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਡਿਮਾਂਡ ਡਰਾਫਟ ਰਾਹੀਂ ਜਲੰਧਰ ਵਿਖੇ ਅਦਾਇਗੀਯੋਗ ਪ੍ਰਾਪਤ ਕਰਨ ਦੀ ਅੰਤਮ ਮਿਤੀ/ਸਮਾਂ 29.12.2025 ਸਵੇਰੇ 11.00 ਵਜੇ ਤੱਕ ਹੈ। ਟੈਂਡਰ ਉਕਤ ਮਿਤੀ ਤੋਂ ਸਵੇਰੇ 11.00 ਵਜੇ ਤੋਂ ਬਾਅਦ ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ ਜਲੰਧਰ ਵਿਖੇ ਸਾਰੇ ਪੇਸ਼ਕਰਤਾਵਾਂ/ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧੀਆਂ ਦੀ ਹਾਜ਼ਰੀ 'ਚ ਖੋਲ੍ਹੇ ਜਾਣਗੇ ਅਤੇ ਵਿਚਾਰੇ ਜਾਣਗੇ। ਟੈਂਡਰ ਫਾਰਮ ਸਮੇਤ ਵਿਕਰੀ ਦੀਆਂ ਸ਼ਰਤਾਂ ਦੇ ਵੇਰਵੇ ਅਤੇ ਜਾਇਦਾਦ ਦੇ ਨਿਰੀਖਣ ਲਈ ਕਿਰਪਾ ਕਰਕੇ ਸ਼ਾਖਾ ਦਫਤਰ ਮਾਡਲ ਟਾਊਨ ਜਲੰਧਰ, ਨਾਲ ਸੰਪਰਕ ਕੀਤਾ ਜਾਵੇ। ਵਿਕਰੀ, ਸਕਿਊਰਟਾਈਜ਼ੇਸ਼ਨ ਐਂਡ ਰੀਕੰਸਟਰੱਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਰੂਲਜ਼/ਸ਼ਰਤਾਂ ਤਹਿਤ ਕੀਤੀ ਜਾਵੇਗੀ। ਅਧਿਕਾਰਤ ਅਫਸਰ ਨੂੰ ਬਿਨਾਂ ਕੋਈ ਕਾਰਨ ਦੱਸੇ ਵਿਕਰੀ ਦੀ ਪੁਸ਼ਟੀ ਤੋਂ ਪਹਿਲਾਂ ਸ਼ਰਤਾਂ ਅਤੇ ਨਿਯਮ ਕਿਸੇ ਸਮੇਂ ਵੀ ਰੱਦ/ਮੁਲਤਵੀ/ਅਣਮਿੱਥੇ ਸਮੇਂ ਲਈ ਅੱਗੇ ਪਾਉਣ/ ਤਬਦੀਲ ਕਰਨ ਦਾ ਅਧਿਕਾਰ ਪ੍ਰਾਪਤ ਹੈ।

ਮਿਤੀ : 08.12.2025 ਅਧਿਕਾਰਤ ਅਫਸਰ

## ਅਦਾਲਤੀ ਇਸ਼ਤਿਹਾਰ

No./Teh/Reader-893 Date: 8/12/2025

ਬਾ-ਅਦਾਲਤ ਸ੍ਰੀ ਗੁਰਮੁੱਖ ਸਿੰਘ, ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ।

ਕੇਸ ਨੰਬਰਾਨ :46/ਤਹਿ, Other Cases/18/2025 ਦਾਇਰ ਮਿਤੀ : 04-07-2025
ਕਿਸਮ ਕੇਸ : ਤਕਸੀਮ ਰਕਬਾ ਪਿੰਡ : ਕੋਟਲੀ ਸੈਦਾਂ
ਅਗਲੀ ਤਾਰੀਖ ਪੇਸ਼ੀ : 30-12-2025

1. ਸਾਹਿਬਜੀਤ ਸਿੰਘ ਪੁੱਤਰ ਗੁਰਦੀਪ ਸਿੰਘ ਪੁੱਤਰ ਕਰਤਾਰ ਸਿੰਘ 2. ਕੁਲਦੀਪ ਕੌਰ ਵਿਧਵਾ ਜਗਜੀਤ ਸਿੰਘ ਪੁੱਤਰ ਕਰਤਾਰ ਸਿੰਘ 3. ਹਰਕਿਰਨਜੀਤ ਕੌਰ ਪੁੱਤਰੀ ਨੌਰਤਨ ਸਿੰਘ ਪੁੱਤਰ ਕਰਤਾਰ ਸਿੰਘ 4. ਜਸਬੀਰ ਕੌਰ ਪਤਨੀ ਗੁਰਦੀਪ ਸਿੰਘ ਪੁੱਤਰ ਕਰਤਾਰ ਸਿੰਘ 5. ਕੰਵਰਪਾਲ ਸਿੰਘ ਪੁੱਤਰ ਸਾਹਿਬਜੀਤ ਸਿੰਘ ਪੁੱਤਰ ਗੁਰਦੀਪ ਸਿੰਘ 6. ਸਿਮਰਨਜੋਤ ਸਿੰਘ ਪੁੱਤਰ ਜਗਜੀਤ ਸਿੰਘ ਪੁੱਤਰ ਕਰਤਾਰ ਸਿੰਘ 7. ਗੁਰਵਿੰਦਰ ਸਿੰਘ ਪੁੱਤਰ ਭਰਭੂਰ ਸਿੰਘ ਪੁੱਤਰ ਭਗਵਾਨ ਸਿੰਘ 8. ਵਰਿੰਦਰ ਸਿੰਘ ਮ੍ਰਿਤਕ ਪੁੱਤਰ ਭਰਭੂਰ ਸਿੰਘ ਪੁੱਤਰ ਭਗਵਾਨ ਸਿੰਘ ਰਾਹੀਂ ਵਾਰਸ: (ੳ) ਰਾਜਦੀਪ ਕੌਰ ਵਿਧਵਾ ਵਰਿੰਦਰ ਸਿੰਘ ਪੁੱਤਰ ਭਰਭੂਰ ਸਿੰਘ (ਅ) ਅੰਮ੍ਰਿਤਪਾਲ ਸਿੰਘ ਪੁੱਤਰ ਵਰਿੰਦਰ ਸਿੰਘ ਪੁੱਤਰ ਭਰਭੂਰ ਸਿੰਘ 9. ਕਰਮਜੀਤ ਸਿੰਘ ਮ੍ਰਿਤਕ ਪੁੱਤਰ ਭਰਭੂਰ ਸਿੰਘ ਪੁੱਤਰ ਭਗਵਾਨ ਸਿੰਘ ਰਾਹੀਂ ਵਾਰਸ : (ੳ) ਰਾਜਦੀਪ ਕੌਰ ਵਿਧਵਾ ਕਰਮਜੀਤ ਸਿੰਘ ਪੁੱਤਰ ਭਰਭੂਰ ਸਿੰਘ (ਅ) ਜਸਮੀਨ ਕੌਰ ਪੁੱਤਰੀ ਕਰਮਜੀਤ ਸਿੰਘ ਪੁੱਤਰ ਭਰਭੂਰ ਸਿੰਘ 10. ਜਗਜੀਤ ਕੌਰ ਵਿਧਵਾ ਭਰਭੂਰ ਸਿੰਘ ਪੁੱਤਰ ਭਗਵਾਨ ਸਿੰਘ 11. ਪਲਵਿੰਦਰ ਕੌਰ ਪਤਨੀ ਗੁਰਵਿੰਦਰ ਸਿੰਘ ਪੁੱਤਰ ਭਰਭੂਰ ਸਿੰਘ 12. ਰਾਜਵਿੰਦਰ ਕੌਰ ਪੁੱਤਰੀ ਭਰਭੂਰ ਸਿੰਘ, ਵਾਸੀਆਨ ਪਿੰਡ ਭੱਖਾ ਹਰੀ ਸਿੰਘ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ। .......ਦਾਅਵਾ ਕਰਤਾ

ਬਨਾਮ
ਸਰਬਜੀਤ ਸਿੰਘ ਆਦਿ
.......ਉੱਤਰਵਾਦੀ ਧਿਰ

ਦਰਖਾਸਤ ਤਕਸੀਮ ਬਾਬਤ ਖੇਵਟ ਨੰਬਰ 15//22 ਤੋਂ 38, ਮੁਤਾਬਿਕ ਜਮ੍ਹਾਂਬੰਦੀ ਸਾਲ 2020-2021, ਰਕਬਾ ਪਿੰਡ ਕੋਟਲੀ ਸੈਦਾਂ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ

ਉਕਤ ਅਨੁਵਾਨ ਕੇਸ ਵਿੱਚ ਹੇਠ ਦਰਜ ਉੱਤਰਵਾਦੀਆਂ ਦੀ ਤਲਬੀ ਸਧਾਰਨ ਸੰਮਨ ਰਾਹੀਂ ਕਰਨੀ ਸੰਭਵ ਨਾ ਹੋਣ ਕਾਰਨ ਅਖ਼ਬਾਰੀ ਇਸ਼ਤਿਹਾਰ ਰਾਹੀਂ ਉੱਤਰਵਾਦੀਆਂ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਗਲੀ ਤਾਰੀਖ ਪੇਸ਼ੀ ਮਿਤੀ 30-12-2025 ਨੂੰ ਅਸਾਲਤਨ ਜਾਂ ਵਕਾਲਤਨ ਅਦਾਲਤ ਵਿੱਚ ਪੇਸ਼ ਹੋਣ ਤੇ ਕੇਸ ਦੀ ਪੈਰਵਾਈ ਕਰਨ।ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਉਹਨਾਂ ਦੇ ਖਿਲਾਫ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸਹੀ/-ਸਹਾਇਕ ਕੁਲੈਕਟਰ ਦਰਜਾ ਪਹਿਲਾ, ਅਜਨਾਲਾ

ਉੱਤਰਵਾਦੀ ਧਿਰਾਂ :-

1. ਸਰਬਜੀਤ ਸਿੰਘ ਪੁੱਤਰ ਹਰਨਾਮ ਸਿੰਘ 2. ਦਲਜੀਤ ਸਿੰਘ ਪੁੱਤਰ ਕਰਤਾਰ ਸਿੰਘ 3. ਮਨਵੀਰ ਸਿੰਘ ਪੁੱਤਰ ਜਗਜੀਤ ਸਿੰਘ 4. ਰਾਜਵਿੰਦਰ ਸਿੰਘ ਪੁੱਤਰ ਸੁਖਦਰਸ਼ਨ ਸਿੰਘ 5. ਅੰਗਰੇਜ਼ ਸਿੰਘ ਪੁੱਤਰ ਸਵਿੰਦਰ ਸਿੰਘ 6. ਜਗਦੀਪ ਕੌਰ ਪਤਨੀ ਬਲਵਿੰਦਰ ਸਿੰਘ 7. ਬਲਵਿੰਦਰ ਸਿੰਘ ਪੁੱਤਰ ਸੁਖਦਰਸ਼ਨ ਸਿੰਘ 8. ਗੁਰਪ੍ਰੀਤ ਕੌਰ ਵਿਧਵਾ ਸਵਿੰਦਰ ਸਿੰਘ 9. ਹਰਜੀਤ ਕੌਰ ਵਿਧਵਾ ਜਸਮੀਤ ਸਿੰਘ 10. ਹਰਪ੍ਰੀਤ ਕੌਰ ਪੁੱਤਰੀ ਜਸਮੀਤ ਸਿੰਘ ਰਾਹੀਂ ਹਰਜੀਤ ਕੌਰ 11. ਮਹਿੰਦਰ ਕੌਰ ਪਤਨੀ ਸਰਬਜੀਤ ਸਿੰਘ ਵਾਸੀਆਨ ਪਿੰਡ ਭੱਖਾ ਹਰੀ ਸਿੰਘ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ 12. ਦਲਵਿੰਦਰ ਕੌਰ ਪਤਨੀ ਇੰਦਰਜੀਤ ਸਿੰਘ 13. ਅਮਰਜੀਤ ਕੌਰ ਪਤਨੀ ਜਸਵਿੰਦਰ ਸਿੰਘ ਦੋਵੇਂ ਵਾਸੀਆਨ ਪਿੰਡ ਪੰਡੋਰੀ ਸੁੱਖਾ ਸਿੰਘ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ 14. ਗੁਰਪ੍ਰੀਤ ਕੌਰ ਵਿਧਵਾ ਸਰਵਨ ਸਿੰਘ 15. ਸੁਖਮਨਬੀਰ ਸਿੰਘ 16. ਜਸ਼ਨਦੀਪ ਸਿੰਘ ਪੁੱਤਰਾਨ ਸਰਵਨ ਸਿੰਘ 17. ਸੁਖਦਰਸ਼ਨ ਸਿੰਘ ਮ੍ਰਿਤਕ ਪੁੱਤਰ ਹਰਨਾਮ ਸਿੰਘ ਰਾਹੀਂ ਵਾਰਸ (ੳ) ਸੰਤੋਖ ਸਿੰਘ (ਅ) ਅੰਗਰੇਜ਼ ਸਿੰਘ (ੲ) ਲਵਲੀ ਪੁੱਤਰੀ ਸਵਿੰਦਰ ਸਿੰਘ ਰਾਹੀਂ ਅੰਗਰੇਜ ਸਿੰਘ ਵਾਸੀਆਨ ਪਿੰਡ ਭੱਖਾ ਹਰੀ ਸਿੰਘ ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ 19. ਕਰਮਜੀਤ ਕੌਰ ਮ੍ਰਿਤਕ ਪੁੱਤਰੀ ਸੁਖਦਰਸ਼ਨ ਸਿੰਘ ਰਾਹੀਂ ਵਾਰਸ ੳ) ਪ੍ਰਿੰਸਦੀਪ ਕੌਰ ਪੁੱਤਰੀ ਕਰਮਜੀਤ ਕੌਰ ਪਤਨੀ ਅਮਨਬੀਰ ਸਿੰਘ 20. ਰਣਜੋਤ ਸਿੰਘ ਪੁੱਤਰ ਲੇਟ ਕਰਮਜੀਤ ਕੌਰ ਪਤਨੀ ਅਮਨਬੀਰ ਸਿੰਘ ਵਾਸੀਆਨ ਪਿੰਡ ਸੰਮੋਵਾਲ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ 21. ਨਵਜੀਤ ਕੌਰ ਪਤਨੀ ਗੁਰਪਾਲ ਸਿੰਘ 22. ਹਰਪ੍ਰੀਤ ਸਿੰਘ ਪੁੱਤਰ ਗੁਰਪਾਲ ਸਿੰਘ 23. ਸੁਰਜੀਤ ਕੌਰ ਪੁੱਤਰੀ ਹਰਨਾਮ ਸਿੰਘ ਰਾਹੀਂ ਸਰਬਜੀਤ ਸਿੰਘ ਵਾਸੀਆਨ ਪਿੰਡ ਭੱਖਾ ਹਰੀ ਸਿੰਘ ਤਹਿਸੀਲ ਅਜਨਾਲਾ 24. ਅਮਰਜੀਤ ਸਿੰਘ ਮ੍ਰਿਤਕ ਪੁੱਤਰ ਹਰਨਾਮ ਸਿੰਘ ਰਾਹੀਂ ਵਾਰਸ :- (ੳ) ਹਰਦਵਿੰਦਰ ਸਿੰਘ ਪੁੱਤਰ ਅਮਰਜੀਤ ਸਿੰਘ, ਵਾਸੀ ਪਿੰਡ ਭੱਖਾ ਹਰੀ ਸਿੰਘ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ 25. ਜਸਵਿੰਦਰ ਸਿੰਘ ਪੁੱਤਰ ਖਜ਼ਾਨ ਸਿੰਘ 26. ਪਲਵਿੰਦਰ ਸਿੰਘ ਪੁੱਤਰ ਖਜ਼ਾਨ ਸਿੰਘ 27. ਮਨਪ੍ਰੀਤ ਸਿੰਘ ਪੁੱਤਰ ਕਸ਼ਮੀਰ ਸਿੰਘ 28. ਦਲਵਿੰਦਰ ਸਿੰਘ ਪੁੱਤਰ ਰੇਸ਼ਮ ਸਿੰਘ 29. ਦਿਲਸ਼ੇਰ ਸਿੰਘ ਪੁੱਤਰ ਰੇਸ਼ਮ ਸਿੰਘ ਵਾਸੀਆਨ ਪਿੰਡ ਰਾਏਪੁਰ ਖੁਰਦ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ 30. ਹਰਪਾਲ ਸਿੰਘ ਮ੍ਰਿਤਕ ਪੁੱਤਰ ਹਰਨਾਮ ਸਿੰਘ ਰਾਹੀਂ ਵਾਰਸ ੳ) ਪਲਵਿੰਦਰ ਸਿੰਘ ਪੁੱਤਰ ਲੇਟ ਹਰਪਾਲ ਸਿੰਘ ਵਾਸੀ ਪਿੰਡ ਭੱਖਾ ਹਰੀ ਸਿੰਘ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਅ) ਜਸਬੀਰ ਕੌਰ ਮ੍ਰਿਤਕ ਰਾਹੀਂ ਵਾਰਸ ਰਾਜਵਿੰਦਰ ਸਿੰਘ ਪੁੱਤਰ ਅਵਤਾਰ ਸਿੰਘ ਰਾਹੀਂ ਕੇਅਰ ਆਫ ਸਰਬਜੀਤ ਸਿੰਘ 31. ਪਲਵਿੰਦਰ ਕੌਰ ਪਤਨੀ ਇਕਬਾਲ ਸਿੰਘ ਵਾਸੀ ਪਿੰਡ ਪੰਡੋਰੀ ਸੁੱਖਾ ਸਿੰਘ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ 32. ਐੱਚ.ਡੀ.ਐੱਫ.ਸੀ. ਬੈਂਕ ਲਿਮ: ਬ੍ਰਾਂਚ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਰਾਹੀਂ ਬ੍ਰਾਂਚ ਮੈਨੇਜਰ 33. ਪੰਜਾਬ ਐਂਡ ਸਿੰਧ ਬੈਂਕ ਬ੍ਰਾਂਚ ਲਸ਼ਕਰੀ ਨੰਗਲ, ਤਹਿਸੀਲ ਅਜਨਾਲਾ ਰਾਹੀਂ ਬ੍ਰਾਂਚ ਮੈਨੇਜਰ 34. ਪੰਜਾਬ ਨੈਸ਼ਨਲ ਬੈਂਕ ਬ੍ਰਾਂਚ ਤਲਵੰਡੀ ਰਾਏਦਾਦੂ ਅਜਨਾਲਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਰਾਹੀਂ ਬ੍ਰਾਂਚ ਮੈਨੇਜਰ 35. ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮ: ਬ੍ਰਾਂਚ ਅਜਨਾਲਾ, ਤਹਿਸੀਲ ਅਜਨਾਲਾ ਰਾਹੀਂ ਬ੍ਰਾਂਚ ਮੈਨੇਜਰ 36. ਪੰਜਾਬ ਨੈਸ਼ਨਲ ਬੈਂਕ ਅਜਨਾਲਾ ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਰਾਹੀ ਬ੍ਰਾਂਚ ਮੈਨੇਜਰ 38. ਲੈਂਡ ਮਾਰਟਗੇਜ਼ ਬੈਂਕ ਬ੍ਰਾਂਚ ਅਜਨਾਲਾ, ਤਹਿਸੀਲ ਅਜਨਾਲਾ ਰਾਹੀਂ ਬ੍ਰਾਂਚ ਮੈਨੇਜਰ 39. ਆਈ.ਡੀ.ਬੀ.ਆਈ. ਬੈਂਕ ਲਿਮ: ਬ੍ਰਾਂਚ ਅਜਨਾਲਾ, ਤਹਿਸੀਲ ਅਜਨਾਲਾ ਰਾਹੀਂ ਬ੍ਰਾਂਚ ਮੈਨੇਜਰ 40. ਆਈ. ਸੀ. ਆਈ. ਸੀ.ਆਈ. ਬੈਂਕ ਲਿਮ: ਬ੍ਰਾਂਚ ਅਜਨਾਲਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਰਾਹੀਂ ਬ੍ਰਾਂਚ ਮੈਨੇਜਰ।

# ਕਲਾਸੀਫਾਈਡ ਇਸ਼ਤਿਹਾਰ

## Change of Name

I, Surinder Singh S/o Sh. Rattan Singh R/o Vill. Johal, P.O. Bolina Doaba, Teh. & Distt. Jalandhar (Pb.), declare that my first name is Surinder and my last name is Singh.

I, Honey Kumar S/o Raj Kumar R/o Village Chhauni Kalan, PO Ram Colony Camp, Tehsil and Distt. Hoshiarpur Punjab declare that my name is Honey Kumar. My surname is Kumar and my given name is Honey. Concerned note.

I Ranjit Singh S/O Gurmit Singh R/O Vill Masanian Distt. Jalandhar 144106 (Punjab) . I have changed my minor daughter name Simranpreet Kaur to Samarpreet Kaur.

I, Sonia Dhawan W/o Karan Mehra R/o H No.110 Race Course Road, Park Avenue, Amritsar-143001 have changed my name from Sonia Dhawan to Sonia Mehra after marriage

I, Prabhjot Singh S/o Harpal Singh R/o Near Rice Seller Bangowani, Gurdaspur have declare that Prabhjot is my Given name and Singh is my Surname

I, Vickramjeet Singh S/o Mukhtiar Singh R/o 43-D, Gali No.2, G.T Road, Opp Alpha One Partap Avenue, Amritsar have changed my name from Vickramjeet Singh to Vikramjit Singh.

I, Harjit Singh Gandhi S/o Pritam Singh R/o 111, Joshi Colony, Amritsar have changed my name from Harjit Singh Gandhi to Harjit Singh.

I, Kamlesh Kumari W/O Ramandeep Kumar R/O V.P.O samrai, Teh phillaur, Distt Jalandhar Punjab, 144034 India have changed my name from Kamlesh Kumari to Kamlesh as Given name and Kumari as Surname. All concern may note.

I, Mukhtar Singh S/o Mohinder Singh resident of House No. 1129, Urban Estate Phase-1, Jalandhar, have changed my name from Mukhtar Singh to MUKHTAR SINGH DAHIYA. All concerned please note.

I, Jaswinder Kaur W/O Gurmukh Singh R/O Vill. Birowal, PO. Jadla, Tehsil Nawanshahr, Distt. S.B.S Nagar -144515, Punjab have changed my name from Jaswinder Kaur to Kaur As Surname and Jaswinder As Given name. All note.

I, Raghuvir Singh S/O Jagiri Lal R/O H. No. 99, Tarloki Nath, PO. Kapurthala, Distt. Kapurthala - 144601, Punjab have changed my name from Raghuvir Singh to Raghbeer Singh. All note.

I, Hitherto Known as Surinder Kaur W/o Gurdev Singh R/o Vill. Domana, PO. Nathupur, Teh, Dasuya (Hoshiarpur) Punjab-144202 have changed my name and shall Here after be known as Kaur Surinder.

I, Ravjotdeep Kaur D/o S. Pradeep Singh R/o 29A/60, Garden Colony, Near GTB Nagar, Jalandhar have changed my name Ravjotdeep Kaur to Kaur Ravjotdeep and Kaur is my Surname. All concerned please note. (12835)

I, Gurjant Singh S/o Sardool Singh R/o Village Mehsampur Kalan, Distt. Amritsar, Punjab have changed my name from Gurjant Singh to Singh is my surname and Gurjant is my given name.

## Change of Name

I, Sahibbir S/o Manpreet Singh R/o Village Patalpuri , PO Waryam Nangal, Distt. Amritsar, Punjab - 143502 have changed my name from Sahibbir Singh to Singh is my surname and Sahibbir is my given name.

I Santosh Rani W/O Wilson Hans, Vpo Rai Pur Araian, Dhilwan , Kapurthala Have Changed My Name From Santosh Rani To Santosh Hans. Concerned Note Please.

I Vilshan S/O Barkat Ram , Vpo Rai Pur Araian, Dhilwan,(Kapurthala) Have Changed My Name From Vilshan To Wilson Hans.concerend Note Please.

I, Pawan Kumar s/o Balvir Ram r/o Vill. Wahid, Distt. Kapurthala have changed my name read as Given name as Pawan & Surname as Kumar. All Please Note.

I, Boota Ram s/o Mahinder Pal r/o B-5/16, Saipur Kalan, Jalandhar have changed my spelling name from Boota Ram to Buta Ram. All Please Note.

I, Bharat Mittal s/o Dhruv Kumar Mittal r/o B-13/52, Ladowali Road, Mittal Udyog Building, Jalandhar have changed my minor daughter's name from Soumya to Soumya Mittal. All Please Note.

I, Santosh Rani d/o Ram Lubhaya Kalia w/o Ishwar Rai r/o VPO.Chhokran, Distt. Jalandhar Punjab-144029 have changed my name to Santosh Kumari. All Please Note.

I, Radha Attri d/o Pawan Kumar w/o Gaurav Kumar r/o VPO.Harse Mansar, Tehsil Mukerian, Distt. Hoshiarpur declare that Radha Attri and Radha both are my names. All Please Note.

I, Ribka w/o Amanat Masih r/o Vill. Johal Nangal, Po. Jaura Singha, Distt. Gurdaspur-143505, Punjab have changed my name from Ribka to Ribika. All Please Note. (R)

I, Naresh Kumari alias Kiran Verma W/o Ajit Verma R/o B-7/24, Mohalla Malkana, Kapurthala, Punjab have changed my name to Kiran Verma. All Please Note.

I, Maninder Kaur Minhas W/o Jaswinder Singh R/o VPO. Damunda, Distt Jalandhar, Punjab have changed my name from Maninder Kaur Minhas to Maninder Kaur. All Please Note.

I, Jaskaran S/o Raj Kumar R/o VPO. Beas Pind, Distt. Jalandhar, Punjab have changed my name from Jaskaran to Jaskaran Bansal (Surname as Bansal) All Please Note.

I, Sangeeta Rani w/o Vijay Kumar r/o Village Kot Fatuhi, Distt.Hoshiarpur, Punjab-144519 have changed my name to Sita Rani. All Please Note.

I, Jasvindar Kaur W/o Surjit Ram R/o VPO. Isharwal, Distt. Jalandhar, Punjab have changed my name from Jasvindar Kaur to Jaswinder Kaur. All Please Note.

## Change of Name

I, Zameer Ahmad S/o Shabbir Ahmad R/o Flat No. C-5, Block C, Nakoder Road, Silver Oak Appartment, Jalandhar have changed my name from Zameer Ahmad to Zameer Ahmed. All Please Note.

I, Ravinder Kumar Sharma S/o Krishna Nand R/o H.No. 114/3, Mohalla Jagatpura, Hoshiarpur, Punjab have changed my name to Ravinder Sharma. All Please Note.

I, Harjinder Singh S/o Jarnail Singh R/o Village Chhina Rail Wala, PO. Naushera Majja Singh, Tehsil & District Gurdaspur, Punjab have changed my name from Harjinder Singh to Singh Harjinder. That Singh is my Surname & Harjinder is Given Name. Concerned Note.

I, Singh Bikramjit S/o Darshan Singh R/o Village Talwandi Bharath, Tehsil Batala, District Gurdaspur, Punjab have changed my name from Singh Bikramjit to Bikramjit Singh. That Bikramjit Singh is Given Name. Concerned Note.

I, Kalvinder kaur W/O Shamsher Singh, R/o Sukarpura, Dera Road, Batala, Gurdaspur, Punjab- 143505, I have changed the name of my minor daughter Ramanpreet aged about 15 Years and She shall hereafter be known as Ramanpreet Kaur.

I, Nirmal Kaur Alias Nirmal Saini W/o Madan Lal Saini R/o H.No. 530 Near Bashirpura, Kamal Vihar, Jalandhar, Punjab have changed my name from Nirmal Kaur Alias Nirmal Saini to Nirmal Saini. All concerned please note.

I, Kiran Tandon W/o Saurav Tandon R/o H.No. 23, Jaimal Nagar, Muslim Colony, Jalandhar, Punjab-144009 have changed my name from Kiran Tandon to Kiran. All concerned please note.

I, Onkar Singh Bedi S/O Kulwant Singh R/O H.No 22 New Guru Teg Bahadur Nagar Jalandhar Have Changed My Name From Onkar Singh To Onkar Singh Bedi. Concerned Note.

I Sushant Gupta S/O Vijay Kumar Gupta R/O Vikas Nagar, Backside Panj Mandri, Phagwara Distt. Kapurthala Have Changed The Name Of My Minor Son From Ryan Gupta To Karnav Gupta.

## ਬੇਦਖਲੀ ਨੋਟਿਸ

ਮੈਂ ਲਖਵਿੰਦਰਪਾਲ ਪੁੱਤਰ ਗਿਆਨ ਚੰਦ ਵਾਸੀ ਪਿੰਡ ਸੁਚੇਤਗੜ੍ਹ ਡਾ: ਨੌਸ਼ਹਿਰਾ ਮੱਝਾ ਸਿੰਘ, ਤਹਿ:, ਜਿਲ੍ਹਾ ਗੁਰਦਾਸਪੁਰ । ਮੇਰਾ ਲੜਕਾ ਗਗਨਦੀਪ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ । ਮੈਂ ਇਸ ਨੂੰ ਆਪਣੀ ਚੱਲ - ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਲੈਣ ਦੇਣ ਕਰਨ ਵਾਲੇ ਖੁਦ ਜ਼ਿੰਮੇਵਾਰ ਹੋਣਗੇ ।

ਮੈਂ, ਦੀਪ ਕਮਲ ਪੁੱਤਰ ਜੈ ਸਿੰਘ ਵਾਸੀ ਮਕਾਨ ਨੰ. 74, ਵਾਰਡ ਨੰਬਰ 13, ਬ੍ਰਿਟਿਸ਼ ਟਾਊਨ, ਪਿੰਡ ਤੇ ਡਾਕਖਾਨਾ ਦਕੋਹਾ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਿਸ਼ੀ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## ਨਾਂਅ ਦੀ ਬਦਲੀ

ਮੈ ਰਾਜਵਿੰਦਰ ਸਿੰਘ ਪੁੱਤਰ ਸੁਰਤਾ ਸਿੰਘ ਵਾਸੀ ਪਿੰਡ ਮੈਹਣੀਆ ਬ੍ਰਾਹਮਣਾਂ ਤਹਿਸੀਲ ਜਿਲਾ ਅੰਮ੍ਰਿਤਸਰ ਨੇ ਆਪਣਾ ਨਾਮ ਬਦਲ ਕੇ ਰਾਜਵਿੰਦਰ ਸਿੰਘ ਤੋਂ ਰਾਜਵਿੰਦਰ ਸਿੰਘ ਸੰਧੂ ਰੱਖ ਲਿਆ ਹੈ ਸੰਬੰਧਿਤ ਨੋਟ ਕਰਨ।

## ਆਮ ਸੂਚਨਾ

ਮੈਂ ਰਵੀ ਪੁੱਤਰ ਸੁਦਰਸ਼ਨ ਕੁਮਾਰ ਵਾਸੀ 1605/52,ਕਟੜਾ ਮੋਤੀ ਰਾਮ, ਅੰਦਰੂਨ ਹਾਥੀ ਗੇਟ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਭਰਾ ਅਮਨ ਅਤੇ ਉਸਦੀ ਪਤਨੀ ਪ੍ਰੀਤਿਕਾ ਦੋਵੇਂ ਸਾਡੇ ਕਹਿਣੇ,ਸੁਨਣੇ ਤੋਂ ਬਾਹਰ ਹੈ, ਲੜਾਈ ਝਗੜਾ ਕਰਦੇ ਰਹਿੰਦੇ ਹਨ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਅਤੇ ਆਪਣੇ ਸਾਰੇ ਰਿਸ਼ਤੇ ਨਾਤਿਆਂ ਤੋਂ ਬੇਦਖਲ ਕਰਦਾ ਹਾਂ ।ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ ਹੈ।

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਏ ਪੀ 21-1165 ਪੀ, ਜੋ ਕਿ ਜੋਗਿੰਦਰ ਸਿੰਘ ਪੁੱਤਰ ਵਰਿਆਮ ਸਿੰਘ, ਵਾਸੀ ਪਿੰਡ ਝੰਡਾ ਲੁਬਾਣਾ ਦੇ ਨਾਂਅ 'ਤੇ ਰਕਬਾ ਪਿੰਡ ਬਿਸ਼ੰਪੁਰ ਵਿਚ ਚੱਲ ਰਿਹਾ ਹੈ। ਇਹ ਟਿਊਬਵੈੱਲ ਕੁਨੈਕਸ਼ਨ ਮੈਂ ਆਪਣੇ ਲੜਕੇ ਹਰਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਪਿੰਡ ਝੰਡਾ ਲੁਬਾਣਾ ਦੇ ਨਾਂਅ 'ਤੇ ਕਰ ਰਿਹਾ ਹਾਂ ਜੇਕਰ ਕਿਸੇ ਨੂੰ ਵੀ ਕੋਈ ਇਤਰਾਜ਼ ਹੈ ਤਾਂ ਐੱਸ ਡੀ ਓ ਸਬ-ਡਵੀਜ਼ਨ ਕਾਹਨੂੰਵਾਨ ਨੂੰ 15 ਦਿਨ ਦੇ ਵਿਚ ਸੂਚਿਤ ਕੀਤਾ ਜਾਵੇ।

## ਬੇਦਖਲੀ ਨੋਟਿਸ

ਅਸੀ ਸੁਖਵੰਤ ਸਿੰਘ ਅਤੇ ਕਮਲਜੀਤ ਕੌਰ ਵਾਸੀ ਮਕਾਨ ਨੰਬਰ 476, ਸੁੰਦਰ ਨਗਰ ਡੇਰਾ ਬਾਬਾ ਨਾਨਕ ਰੋਡ ਬਟਾਲਾ, ਤਹਿਸੀਲ ਬਟਾਲਾ, ਜਿਲ੍ਹਾ ਗੁਰਦਾਸਪੁਰ । ਸਾਡਾ ਲੜਕਾ ਸਿਮਰਨ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਅਸੀ ਇਸ ਨੂੰ ਆਪਣੀ ਚੱਲ - ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ।ਲੈਣ ਦੇਣ ਕਰਨ ਵਾਲੇ ਖੁਦ ਜ਼ਿੰਮੇਵਾਰ ਹੋਣਗੇ ।

ਮੈਂ, ਹਰਮੇਲ ਸਿੰਘ ਪੁੱਤਰ ਕਰਨੈਲ ਸਿੰਘ, ਪਿੰਡ ਬੇਨੜਾ (ਸੰਗਰੂਰ) ਆਪਣੇ ਲੜਕੇ ਕੁਲਵਿੰਦਰ ਸਿੰਘ ਦਿਓਲ ਅਤੇ ਨੂੰਹ ਰੇਖਾ ਰਾਣੀ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ ਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖ਼ੁੱਦ ਜ਼ਿੰਮੇਵਾਰ ਹੋਣਗੇ।

ਮੈਂ ਗੁਨਗੁਨ ਪਤਨੀ ਲੇਟ ਸਿਆ ਰਾਮ, ਵਾਸੀ ਮਕਾਨ ਨੰਬਰ 533, ਸ਼ਹੀਦ ਬਾਬੂ ਲਾਭ ਸਿੰਘ ਨਗਰ, ਗੁਲਾਬ ਦੇਵੀ ਰੋਡ , ਜਲੰਧਰ ਇਹ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਕਲੇਸ਼ ਉਰਫ ਸ਼ਾਮੂ ਅਤੇ ਉਸਦੀ ਪਤਨੀ ਦਿਵਯਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਹਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ ।

ਮੈਂ, ਗੁਰਦੇਵ ਸਿੰਘ ਪੁੱਤਰ ਜੋਗਿੰਦਰ ਸਿੰਘ, ਵਾਸੀ ਪਿੰਡ ਤੇ ਡਾਕਖਾਨਾ ਬਡਲਾ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਸਕਰਨ ਸਿੰਘ ਅਤੇ ਉਸ ਦੀ ਪਤਨੀ ਜਸਪ੍ਰੀਤ ਕੌਰ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੰਦੀਪ ਖੋਸਲਾ ਪੁੱਤਰ ਸਤਪਾਲ ਖੋਸਲਾ, ਵਾਸੀ ਮਕਾਨ ਨੰ: 137/8, ਬਾਜ਼ਾਰ ਮੁਨਸ਼ੀਆਂ ਵਾਲਾ, ਕਟੜਾ ਕਰਮ ਸਿੰਘ, ਅੰਮ੍ਰਿਤਸਰ ਹੁਣ ਏ-121, ਗੁਰੂ ਤੇਗ ਬਹਾਦਰ ਐਵੀਨਿਊ ਮਹਿਤਾ ਰੋਡ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਾਹਿਲ ਖੋਸਲਾ ਅਤੇ ਉਸ ਦੀ ਪਤਨੀ ਕਿਰਨ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਅਸਟੀਫਨ ਮਸੀਹ ਪੁੱਤਰ ਤਾਰਾ ਮਸੀਹ ਵਾਸੀ ਮਕਾਨ ਨੰ: 133/8 ਅੰਬੇਦਕਰ ਨਗਰ, ਗੁਰਦਾਸਪੁਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਆਰਥਰ ਸਟੀਫਨ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਆਪਣੇ ਲੜਕੇ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਇਸ ਨਾਲ ਅਤੇ ਇਸ ਦੀ ਪਤਨੀ ਨਾਲ ਕੋਈ ਤਲਕ-ਵਾਸਤਾ ਨਹੀਂ ਰਿਹਾ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਬਲਬੀਰ ਸਿੰਘ ਪੁੱਤਰ ਬਚਨ ਸਿੰਘ, ਵਾਸੀ ਪਿੰਡ ਕਾਠਗੜ੍ਹ, ਡਾਕਖਾਨਾ ਮੱਗਰ ਮੂੰਦੀਆਂ, ਤਹਿਸੀਲ ਦੋਰਾਂਗਲਾ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਰਣਜੀਤ ਸਿੰਘ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## TSC INDIA LIMITED

(FORMERLY KNOWN AS TSC TRAVEL SERVICES LIMITED AND TSC TRAVEL SERVICES PRIVATE LIMITED)
(CIN: U63040PB2003PLC026209)
Registered Office: Office No. 3, 2nd Floor, Midland Financial Centre, Plot No. 21-22, G.T. Road, Jalandhar, Punjab-144001
Tel. No.: 0181-3501888, Email: cs@tscpl.biz, Website: https://www.tscindialimited.com/

### ਪੋਸਟਲ ਬੈਲਟ ਨੋਟਿਸ

ਕੰਪਨੀਜ਼ (ਮੈਨੇਜਮੈਂਟ ਐਂਡ ਐਡਮਨਿਸਟ੍ਰੇਸ਼ਨ) ਰੂਲਜ਼ 2014 ("ਦਾ ਰੂਲਜ਼") ਦੇ ਰੂਲ 20 ਅਤੇ 22 ਨਾਲ ਪੜ੍ਹੇ ਜਾਂਦੇ ਕੰਪਨੀ ਐਕਟ 2013 ("ਐਕਟ") ਦੇ ਸੈਕਸ਼ਨ 108 ਅਤੇ ਸੈਕਸ਼ਨ 110 ਦੀ ਪਾਲਣਾ ਹਿੱਤ ਸਮੇਤ ਕੋਈ ਕਾਨੂੰਨੀ ਸੋਧ ਜਾਂ ਹੋਰ ਨਿਯਮ ਜੋ ਵੀ ਇਸ ਸਮੇਂ ਲਾਗੂ ਹੋਣ ਅਤੇ ਜਨਰਲ ਮੀਟਿੰਗ/ਪੋਸਟਲ ਬੈਲਟ ਕਰਵਾਉਣ ਸੰਬੰਧੀ ਕਾਰਪੋਰੇਟ ਮਾਮਲੇ ਮੰਤਰਾਲਾ ("ਐੱਮ ਸੀ ਏ") ਦੁਆਰਾ ਨਿਰਧਾਰਤ ਦਿਸ਼ਾ-ਨਿਰਦੇਸ਼, ਰਾਹੀਂ ਰੀਮੋਟ ਈ-ਵੋਟਿੰਗ ਵਾਈਡ ਸਰਕੂਲਰ ਜਨਰਲ ਨੰਬਰ 14/2020 ਮਿਤੀ 8 ਅਪ੍ਰੈਲ 2020, 17/2020 ਮਿਤੀ 13 ਅਪ੍ਰੈਲ 2020, 3/2022 ਮਿਤੀ 5 ਮਈ 2022, 09/2023 ਮਿਤੀ 25 ਸਤੰਬਰ, 2023, 09/2024 ਮਿਤੀ 19 ਸਤੰਬਰ 2024 ਨਾਲ ਪੜ੍ਹੋ। ਹੋਰ ਸੰਬੰਧਤ ਸਰਕੂਲਰ ਤੇ ਜਨਰਲ ਸਰਕੂਲਰ ਨੰ. 03/2025 ਮਿਤੀ 22 ਸਤੰਬਰ, 2025, ਕਾਰਪੋਰੇਟ ਮਾਮਲੇ ਮੰਤਰਾਲਾ ('ਐੱਮ ਸੀ ਏ ਸਰਕੂਲਰਜ਼') ਦੁਆਰਾ ਜਾਰੀ, ਇੰਸਟੀਚਿਊਟ ਆਫ ਕੰਪਨੀ ਸੈਕਰੇਟਰੀਜ਼ ਆਫ ਇੰਡੀਆ ("ਐੱਸ ਐੱਸ-2") ਦੁਆਰਾ ਬੇਨਤੀ 'ਤੇ ਜਨਰਲ ਮੀਟਿੰਗਾਂ ਸੰਬੰਧੀ ਸੈਕਰੇਟੇਰੀਅਲ ਮਾਪਦੰਡ ਅਤੇ ਹੋਰ ਲਾਗੂਯੋਗ ਕਾਨੂੰਨ, ਰੂਲਜ਼ ਅਤੇ ਰੈਗੂਲੇਸ਼ਨਜ਼, ਟੀ ਐੱਸ ਸੀ ਇੰਡੀਆ ਲਿਮਟਿਡ ("ਦਾ ਕੰਪਨੀ") ਨੇ ਸੋਮਵਾਰ 8 ਦਸੰਬਰ 2025 ਨੂੰ ਪੋਸਟਲ ਬੈੱਲਟ ਨੋਟਿਸ ("ਦਾ ਨੋਟਿਸ") ਕੇਵਲ ਈ-ਮੇਲ ਰਾਹੀਂ ਭੇਜ ਦਿੱਤੇ ਗਏ ਹਨ, ਜਿਨ੍ਹਾਂ ਵਿੱਚ ਕੰਪਨੀ ਦੇ ਮੈਂਬਰਾਂ ਤੋਂ ਨੋਟਿਸ ਦੀ ਮਿਤੀ 8 ਦਸੰਬਰ 2025 ਵਿੱਚ ਦਿੱਤੇ ਮਤੇ ਦੀ ਪ੍ਰਵਾਨਗੀ ਮੰਗੀ ਗਈ ਹੈ।

ਕੰਪਨੀ ਨੂੰ ਇਹ ਖੁਸ਼ੀ ਹੈ ਕਿ ਉਹ ਆਪਣੇ ਸ਼ੇਅਰ ਧਾਰਕਾਂ ਨੂੰ ਇਹ ਸਹੂਲਤ ਦੇ ਰਹੀ ਹੈ ਕਿ ਉਹ ਨੋਟਿਸ ਵਿੱਚ ਦਿੱਤੇ ਮਤਿਆਂ 'ਤੇ ਸੈਂਟਰਲ ਡਿਪਾਜ਼ਟਰੀ ਸਰਵਿਸਜ਼ ਲਿਮਟਿਡ (ਸੀ ਡੀ ਐੱਸ ਐੱਲ) ਦੇ ਇਲੈਕਟ੍ਰਾਨਿਕ ਵੋਟਿੰਗ ਸਿਸਟਮ ("ਰਿਮੋਟ ਈ-ਵੋਟਿੰਗ") ਰਾਹੀਂ ਆਪਣੀ ਵੋਟ ਪਾਉਣ।

ਕੰਪਨੀਜ਼ (ਮੈਨੇਜਮੈਂਟ ਐਂਡ ਐਡਮਨਿਸਟ੍ਰੇਸ਼ਨ) ਰੂਲਜ਼ 2014 (ਸੋਧਿਆ ਹੋਇਆ) ਦੇ ਰੂਲ 22 ਅਨੁਸਾਰ ਕੰਪਨੀ ਸਾਰੇ ਮੈਂਬਰਾਂ ਨੂੰ ਸੂਚਿਤ ਕਰਦੀ ਹੈ ਕਿ

(ਏ) ਈ-ਮੇਲ ਰਾਹੀਂ ਨੋਟਿਸ ਭੇਜਣ ਦਾ ਕੰਮ ਮੁਕੰਮਲ ਕਰਨ ਦੀ ਤਰੀਕ 8 ਦਸੰਬਰ, 2025, ਸੋਮਵਾਰ ਹੈ।
(ਬੀ) ਮੈਂਬਰਾਂ ਦਾ ਵੋਟਿੰਗ ਅਧਿਕਾਰ ਕੰਪਨੀ ਦੇ ਪੇਡ-ਅੱਪ ਇਕੁਇਟੀ ਸ਼ੇਅਰ ਕੈਪੀਟਲ ਪੇਡ ਅੱਪ ਇਕੁਇਟੀ ਸ਼ੇਅਰਾਂ ਦੀ ਅੰਤਮ ਤਰੀਕ ਸ਼ੁੱਕਰਵਾਰ 5 ਦਸੰਬਰ 2025 ਦੇ ਅਧਾਰ 'ਤੇ ਹੋਵੇਗਾ।
(ਸੀ) ਰਿਮੋਟ ਈ-ਵੋਟਿੰਗ ਦੁਆਰਾ ਵੋਟ ਯੋਗਤਾ ਤੈਅ ਕਰਨ ਲਈ ਅੰਤਿਮ ਮਿਤੀ ਸ਼ੁੱਕਰਵਾਰ 5 ਦਸੰਬਰ 2025 ਹੈ। ਉਹ ਵਿਅਕਤੀ ਹੀ ਰਿਮੋਟ ਈ-ਵੋਟਿੰਗ ਸਹੂਲਤ ਲੈਣ ਦਾ ਹੱਕਦਾਰ ਹੋਵੇਗਾ, ਜਿਸ ਦਾ ਨਾਂਅ ਅੰਤਿਮ ਮਿਤੀ ਤੱਕ ਡਿਪਾਜ਼ਟਰੀਜ਼ ਵਿਚ ਦਰਜ ਹੋਵੇਗਾ।
(ਡੀ) ਰਿਮੋਟ ਈ-ਵੋਟਿੰਗ ਦਾ ਸਮਾਂ ਮੰਗਲਵਾਰ 9 ਦਸੰਬਰ 2025 ਨੂੰ ਸਵੇਰੇ 9 ਵਜੇ ਸ਼ੁਰੂ ਹੋਵੇਗਾ ਅਤੇ ਬੁੱਧਵਾਰ 7 ਜਨਵਰੀ 2026 ਨੂੰ ਸ਼ਾਮ 5 ਵਜੇ ਖਤਮ ਹੋਵੇਗਾ।
(ਈ) ਬੁੱਧਵਾਰ 7 ਜਨਵਰੀ 2026 ਨੂੰ ਸ਼ਾਮ 5 ਵਜੇ ਬਾਅਦ ਇਲੈਕਟ੍ਰਾਨਿਕ ਸਾਧਨ ਰਾਹੀਂ ਵੋਟਿੰਗ ਦੀ ਇਜਾਜ਼ਤ ਨਹੀਂ ਹੋਵੇਗੀ।
(ਐੱਫ) ਪੋਸਟਲ ਬੈਲਟ ਨੋਟਿਸ ਸਮੇਤ ਵਿਸਥਾਰਤ ਬਿਆਨ, ਰਿਮੋਟ ਈ-ਵੋਟਿੰਗ ਹਦਾਇਤਾਂ ਅਤੇ ਗੈਰ- ਰਜਿਸਟਰਡ ਮੈਂਬਰਾਂ ਲਈ ਪੋਸਟਲ ਬੈਲਟ ਨੋਟਿਸ ਲੈਣ ਤੇ ਈ ਮੇਲ ਰਜਿਸਟ੍ਰੇਸ਼ਨ ਦੀ ਪ੍ਰਕ੍ਰਿਆ ਤੇ ਐੱਮ ਸੀ ਏ ਸਰਕੂਲਰਜ਼ ਦੇ ਨਿਯਮਾਂ ਸੰਬੰਧੀ 'ਰਿਮੋਟ ਈ-ਵੋਟਿੰਗ' ਪ੍ਰਕਿਰਿਆ ਕੰਪਨੀ ਦੀ ਵੈੱਬਸਾਈਟ https://www.tscindialimited.com/ ਅਤੇ ਸੀ ਡੀ ਐੱਸ ਐੱਲ ਵੈੱਬਸਾਈਟ https://www.evotingindia.com/. 'ਤੇ ਉਪਲੱਬਧ ਹੈ।
(ਜੀ) ਐੱਮ ਸੀ ਏ ਸਰਕੂਲਰਾਂ ਦੇ ਮੱਦੇਨਜ਼ਰ, ਮੈਂਬਰ ਜਿਨ੍ਹਾਂ ਆਪਣੇ ਈ-ਮੇਲ ਪਤੇ ਰਜਿਸਟਰ ਨਹੀਂ ਕਰਵਾਏ, ਉਹ ਆਪਣੇ ਈ-ਮੇਲ ਪਤੇ ਕੰਪਨੀ ਦੇ ਸ਼ੇਅਰ ਟਰਾਂਸਫਰ ਏਜੰਟ ਨੂੰ ਇਕ ਈ-ਮੇਲ ਭੇਜ ਆਪਣਾ ਈਮੇਲ ਪਤਾ investor@bigshareonline.com. 'ਤੇ ਰਜਿਸਟਰ ਕਰਵਾ ਸਕਦੇ ਹਨ। ਮੈਂਬਰ cs@tscpl.biz 'ਤੇ ਈ-ਮੇਲ ਲਿਖ ਕੇ ਕੰਪਨੀ ਨੂੰ ਇਸ ਬਾਰੇ ਸੂਚਿਤ ਵੀ ਕਰ ਸਕਦੇ ਹਨ।
(ਐੱਚ) ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਸੰਬੰਧਤ ਡਿਪਾਜ਼ਟਰੀ ਪਾਰਟੀ ਸੀਪੈਂਟਸ ਨਾਲ ਇਲੈਕਟ੍ਰਾਨਿਕ ਹੋਲਡਿੰਗਜ਼ ਦੇ ਸੰਬੰਧ 'ਚ ਅਤੇ ਭੌਤਿਕ ਹੋਲਡਿੰਗ ਦੇ ਸੰਬੰਧ 'ਚ ਕੰਪਨੀ ਦੇ ਸ਼ੇਅਰ ਟਰਾਂਸਫਰ ਏਜੰਟ ਯਾਨੀ investor@bigshareonline.com. ਨਾਲ ਆਪਣੇ ਈ-ਮੇਲ ਪਤੇ ਰਜਿਸਟਰ/ਅਪਡੇਟ ਕਰਨ
(ਆਈ) ਐੱਮ ਸੀ ਏ ਸਰਕੂਲਰਾਂ ਦੇ ਸੰਦਰਭ 'ਚ ਵੋਟਿੰਗ ਸਿਰਫ ਰਿਮੋਟ ਈ-ਵੋਟਿੰਗ ਦੁਆਰਾ ਕੀਤੀ ਜਾ ਸਕਦੀ ਹੈ। ਕੰਪਨੀ ਇਲੈਕਟ੍ਰਾਨਿਕ ਰੂਪ 'ਚ ਹੀ ਪੋਸਟਲ ਬੈਲਟ ਨੋਟਿਸ ਭੇਜੇਗੀ।
(ਜੇ) ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੀ ਸਹਿਮਤੀ/ਅਸਹਿਮਤੀ "ਰਿਮੋਟ ਈ-ਵੋਟਿੰਗ" ਸਿਸਟਮ ਰਾਹੀਂ ਦੱਸਣ।
(ਕੇ) ਪੋਸਟਲ ਬੈਲਟ ਦਾ ਨਤੀਜਾ ਚੇਅਰਮੈਨ ਜਾਂ ਉਸ ਦੁਆਰਾ ਕਿਸੇ ਹੋਰ ਵਿਅਕਤੀ ਦੁਆਰਾ ਐਲਾਨਿਆ ਜਾਵੇਗਾ, ਜੋ ਕਿ ਪੋਸਟਲ ਬੈਲਟ ਦੀ ਜਾਂਚ ਅਤੇ ਈ-ਵੋਟਿੰਗ ਦੀ ਜਾਂਚ ਪੂਰੀ ਹੋਣ ਤੋਂ ਬਾਅਦ ਸ਼ੁੱਕਰਵਾਰ 09 ਜਨਵਰੀ 2026 ਨੂੰ ਜਾਂ ਇਸ ਤੋਂ ਪਹਿਲਾਂ ਐਲਾਨਿਆ ਜਾਵੇਗਾ ਅਤੇ ਇਸ ਨੂੰ ਸਟਾਕ ਐਕਸਚੇਂਜ ਜੋ ਕਿ ਨੈਸ਼ਨਲ ਸਟਾਕ ਐਕਸਚੇਂਜ ਆਫ ਇੰਡੀਆ ਲਿਮਟਿਡ, ਆਰ ਟੀ ਏ, ਕੰਪਨੀ ਦੇ ਡਿਪਾਜ਼ਟਰੀ ਨੂੰ ਸੂਚਿਤ ਕੀਤਾ ਜਾਵੇਗਾ ਅਤੇ ਇਸ ਨੂੰ ਕੰਪਨੀ ਦੀ ਵੈੱਬਸਾਈਟ https://www.tscindialimited.com/. 'ਤੇ ਵੀ ਪ੍ਰਦਰਸ਼ਿਤ ਕੀਤਾ ਜਾਵੇਗਾ।
(ਐੱਲ) ਈ-ਵੋਟਿੰਗ ਸੰਬੰਧੀ ਕਿਸੇ ਵੀ ਪੁੱਛਗਿੱਛ ਜਾਂ ਸ਼ਿਕਾਇਤ ਦੇ ਮਾਮਲੇ 'ਚ ਤੁਸੀਂ helpdesk.evoting@cdslindia.com 'ਤੇ ਈ-ਮੇਲ ਭੇਜ ਸਕਦੇ ਹੋ ਜਾਂ ਟੋਲ ਫ੍ਰੀ ਨੰਬਰ 18002109911 'ਤੇ ਸੰਪਰਕ ਕਰ ਸਕਦੇ ਹੋ। ਤੁਸੀਂ cs@tscpl.biz 'ਤੇ ਵੀ ਈ-ਮੇਲ ਰਾਹੀਂ ਸੰਪਰਕ ਕਰ ਸਕਦੇ ਹੋ।

ਡਾਇਰੈਕਟਰਾਂ ਦੇ ਬੋਰਡ ਦੇ ਹੁਕਮ ਦੁਆਰਾ
ਵਾਸਤੇ ਟੀ ਐੱਸ ਸੀ ਇੰਡੀਆ ਲਿਮਟਿਡ
ਸੋਨੀਆ ਗਾਬਾ
ਕੰਪਨੀ ਸਕੱਤਰ ਅਤੇ ਪਾਲਣਾ ਅਧਿਕਾਰੀ
ਮੈਂਬਰਸ਼ਿਪ ਨੰ:- 10083

ਸਥਾਨ : ਜਲੰਧਰ
ਮਿਤੀ : 8.12.2025

# ਕੈਮਿਸਟ ਐਸੋਸੀਏਸ਼ਨ ਦੀਆਂ ਮੰਗਾਂ ਦਾ ਜਲਦੀ ਹੱਲ ਕੀਤਾ ਜਾਵੇਗਾ : ਕੁਲਵੰਤ ਸਿੰਘ

**ਮੋਹਾਲੀ, (ਗੁਰਜੀਤ ਬਿੱਲਾ)-** ਮੋਹਾਲੀ ਡਿਸਟਰਿਕਟ ਕੈਮਿਸਟ ਐਸੋਸੀਏਸ਼ਨ ਦੀ ਸਾਲਾਨਾ ਜਨਰਲ ਮੀਟਿੰਗ ਦੇ ਵਿੱਚ ਬਤੌਰ ਮੁੱਖ ਮਹਿਮਾਨ ਵਿਧਾਇਕ ਕੁਲਵੰਤ ਸਿੰਘ ਨੇ ਸ਼ਮੂਲੀਅਤ ਕੀਤੀ। ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਉਹ ਰੋਜ਼ਾਨਾ ਹੀ ਵੱਖ-ਵੱਖ ਸੰਸਥਾਵਾਂ ਤੋਂ ਇਲਾਵਾ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਰੱਖੇ ਗਏ ਸਮਾਗਮਾਂ ਵਿੱਚ ਸ਼ਮੂਲੀਅਤ ਕਰਦੇ ਹਨ ਅਤੇ ਹਰ ਕੋਈ ਆਪਣੇ ਪੱਧਰ ਤੇ ਉਹਨਾਂ ਨੂੰ ਆਪਣੀ ਮੰਗਾਂ ਸਬੰਧੀ ਮੰਗ ਪੱਤਰ ਵੀ ਸੌਂਪਦੇ ਹਨ,ਜਿਨਾਂ ਨੂੰ ਹੱਲ ਕਰਨ ਦੇ ਲਈ ਸੰਬੰਧਿਤ ਵਿਭਾ ਮਾਹਿਰਾਂ ਦੇ ਨਾਲ ਗੱਲ ਕੀਤੀ ਜਾਂਦੀ ਹੈ ਤਾਂ ਜੋ ਸਮਾਂ ਰਹਿੰਦਿਆਂ ਉਹਨਾਂ ਦਾ ਹੱਲ ਹੋ ਸਕੇ, ਇਸ ਗੱਲ ਨੂੰ ਹਮੇਸ਼ਾ ਯਕੀਨੀ ਬਣਾਇਆ ਜਾਂਦਾ ਹੈ।ਪੱਤਰਕਾਰ ਨਾਲ ਗੱਲਬਾਤ ਕਰਦੇ ਹੋਏ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਮੋਹਾਲੀ ਡਿਸਟਰਿਕਟ ਕੈਮਿਸਟ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਉਹਨਾਂ ਦੀਆਂ ਰੋਜ਼ਮਰਾ ਦੀਆਂ ਮੁਸ਼ਕਿਲਾਂ ਸੁਣ ਕੇ ਵਿਚਾਰ ਵਟਾਂਦਰਾ ਹੋਇਆ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਦੀ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਦੇ ਹਰ ਵਰਗ ਅਤੇ ਹਰ ਖਿੱਤੇ ਦੇ ਲੋਕਾਂ ਦੀਆਂ ਮੁਸ਼ਕਲਾਂ ਅਤੇ ਜ਼ਰੂਰਤਾਂ ਦਾ ਧਿਆਨ ਰੱਖਦੇ ਹੋਏ ਉਹਨਾਂ ਦਾ ਸਮੇਂ ਸਿਰ ਹੱਲ ਕੀਤਾ ਜਾ ਰਿਹਾ ਹੈ।ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਵਿਧਾਇਕ




ਕੁਲਵੰਤ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਵੱਲੋਂ ਮਰੀਜ਼ਾਂ ਦੀ ਸਿਹਤ ਜਾਂਚ ਦੇ ਲਈ ਮੁਹੱਲਾ ਕਲੀਨਿਕਾਂ ਦੀ ਸ਼ੁਰੂਆਤ ਕੀਤੀ ਗਈ ਜਿਸ ਤੋਂ ਰੋਜ਼ਾਨਾ ਹੀ ਰੋਜ਼ਾਨਾ ਹਜ਼ਾਰਾਂ ਮਰੀਜ਼ ਆਪਣੀ ਸਿਹਤ ਸਬੰਧੀ ਜਾਂਚ ਕਰਵਾਉਂਦੇ ਹਨ ਅਤੇ ਇਹਨਾਂ ਮੁਹੱਲਾ ਦੇ ਵਿੱਚ ਮਰੀਜ਼ਾਂ ਨੂੰ ਦਵਾਈਆਂ ਵੀ ਮੁਫਤ ਦਿੱਤੀਆਂ ਜਾਂਦੀਆਂ ਹਨ। ਐਸੋਸੀਏਸ਼ਨ ਦੇ ਪ੍ਰਧਾਨ ਅਮਰਦੀਪ ਸਿੰਘ ਨੇ ਦੱਸਿਆ ਕਿ ਉਹਨਾਂ ਵੱਲੋਂ ਐਸੋਸੀਏਸ਼ਨ ਦੀ ਤਰਫੋਂ ਵਿਧਾਇਕ ਕੁਲਵੰਤ ਸਿੰਘ ਨੂੰ ਇੱਕ ਮੰਗ ਪੱਤਰ ਵੀ ਸੌਂਪਿਆ ਗਿਆ ਹੈ, ਜਿਸ ਵਿੱਚ ਉਹਨਾਂ ਕੈਮਿਸਟ ਐਸੋਸੀਏਸ਼ਨ ਦੇ ਨੁਮਾਇੰਦਿਆਂ ਨੂੰ ਆ ਰਹੀਆਂ ਦਿੱਕਤਾਂ ਬਾਰੇ ਗੱਲ ਕੀਤੀ ਹੈ। ਜਿਹੜੀਆਂ ਦਵਾਈਆਂ ਦੀ ਵਿਕਰੀ ਮੈਡੀਕਲ ਸਟੋਰਾਂ ਤੇ ਨਹੀਂ ਹੁੰਦੀ, ਉਹਨਾਂ ਨੂੰ ਆਨਲਾਈਨ ਧੜੱਲੇ ਨਾਲ ਵੇਚਿਆ ਜਾ ਰਿਹਾ ਹੈ, ਜੋ ਕਿ ਸਰਾਸਰ ਗਲਤ ਹੈ, ਇਸ ਆਨਲਾਈਨ ਸੇਲ ਨੂੰ ਤੁਰੰਤ ਰੋਕਿਆ ਜਾਣਾ ਚਾਹੀਦਾ ਹੈ। ਕੈਮਿਸਟ ਐਸੋਸੀਏਸ਼ਨ ਦੀ ਤਰਫੋਂ ਇਹ ਸਾਲਾਨਾ ਜਨਰਲ ਮੀਟਿੰਗ ਹੋਟਲ ਜ਼ੀਨਤ ਵਿਖੇ ਕੀਤੀ ਗਈ, ਜਿਸ ਵਿੱਚ ਵੱਡੀ ਗਿਣਤੀ ਦੇ ਵਿੱਚ ਵੱਖ-ਵੱਖ ਜ਼ਿਲ੍ਹਿਆਂ ਤੋਂ ਕੈਮਿਸਟ ਐਸੋਸੀਏਸ਼ਨ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਤੇ ਪ੍ਰਧਾਨ ਅਮਰਦੀਪ ਸਿੰਘ, ਡਾ. ਪੀ.ਜੇ ਸਿੰਘ, ਡਾ. ਅਮਿਤ ਗੁਪਤਾ,ਐਮ. ਡੀ ਨੀਲਮ, ਸੁਦਰਸ਼ਨ ਚੌਧਰੀ ,ਬਿਕਰਮਜੀਤ ਸਿੰਘ ਠਾਕੁਰ, ਜੇ.ਪੀ ਸਿੰਘ , ਮਨਦੀਪ ਸਿੰਘ , ਸੋਨੀ ਸ਼ਰਮਾ, ਹਰੀਸ਼ ਰਾਜਨ ,ਨਵੀਨ ਖੁਖਰੇਜਾ, ਸੁਨੀਲ ਅਗਰਵਾਲ ਚਾਵਲਾ ਨਰਸਿੰਗ ਹੋਮ, ਜੀ.ਐਸ ਚਾਵਲਾ ਵੀ ਹਾਜ਼ਰ ਸਨ।

# ਕਿਸਾਨਾਂ ਤੇ ਮੁਲਾਜ਼ਮਾਂ ਨੇ ਬਿਜਲੀ ਸੋਧ ਬਿੱਲ ਤੇ ਬੀਜ ਬਿੱਲ 2025 ਦੀਆਂ ਕਾਪੀਆਂ ਸਾੜੀਆਂ

**ਗੜ੍ਹਸ਼ੰਕਰ, (ਫੂਲਾ ਸਿੰਘ ਬੀਰਮਪੁਰ)-** ਸੰਯੁਕਤ ਕਿਸਾਨ ਮੋਰਚੇ ਵੱਲੋਂ ਬਿਜਲੀ ਸੋਧ ਬਿੱਲ ਅਤੇ ਬੀਜ ਬਿੱਲ 2025 ਦੀਆਂ ਕਾਪੀਆਂ ਸਬ ਡਵੀਜ਼ਨ ਪੱਧਰ 'ਤੇ ਸਾੜਨ ਦੇ ਦਿੱਤੇ ਸੱਦੇ ਤਹਿਤ ਗੜ੍ਹਸ਼ੰਕਰ ਦੀਆਂ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਿਲ ਜਥੇਬੰਦੀਆਂ ਅਤੇ ਬਿਜਲ ਮੁਲਾਜ਼ਮਾਂ ਦੀਆ ਜੱਥੇਬੰਦੀਆ ਦੇ ਸਰਗਰਮ ਆਗੂਆਂ ਵਲੋ



ਅਨੰਦਪੁਰ ਸਾਹਿਬ ਰੋਡ ਤੇ ਸਥਿਤ ਬਿਜਲੀ ਦਫਤਰ ਦੇ ਗੇਟ ਤੇ ਦੋਹਾਂ ਸੋਧ ਬਿੱਲਾਂ ਦੀਆ ਕਾਪੀਆਂ ਸਾੜ ਕੇ ਰੋਹ ਭਰਪੂਰ ਪ੍ਰਦਰਸ਼ਨ ਕੀਤਾ। ਕਾਪੀਆਂ ਸਾੜਨ ਤੋ ਪਹਿਲਾਂ ਇਕੱਤਰ ਹੋਏ ਕਿਸਾਨ ਤੇ ਮੁਲਾਜ਼ਮਾਂ ਨੂੰ ਸੰਬੋਧਨ ਕਰਦਿਆ ਵੱਖ ਵੱਖ ਸੰਘਰਸ਼ਸ਼ੀਲ ਕਿਸਾਨ ਤੇ ਮੁਲਾਜ਼ਮ ਆਗੂਆ ਗੁਰਨੇਕ ਭੱਜਲ,ਕੁਲਵਿੰਦਰ ਚਾਹਲ, ਕੁਲਭੂਸ਼ਣ ਮਹਿੰਦਵਾਣੀ, ਕਮਲ ਦੇਵ ਸੇਵਾਮੁਕਤ ਐੱਸ ਡੀ ਓ, ਅਸ਼ਵਨੀ ਕੁਮਾਰ ਸਰਕਲ ਸਕੱਤਰ ਅਤੇ ਮੁਕੇਸ਼ ਕੁਮਾਰ ਨੇ ਕਿਹਾ ਕਿ ਕੇਂਦਰ ਦੀ ਫਾਸ਼ੀ ਸਰਕਾਰ ਵਿਦੇਸ਼ੀ ਕਾਰਪੋਰੇਟਸ ਦੇ ਦਿਸ਼ਾ-ਨਿਰਦੇਸ਼ਾ ਤਹਿਤ ਸਰਕਾਰੀ ਤੇ ਜਨਤਕ ਅਦਾਰਿਆ ਦਾ ਭੋਗ ਪਾ ਰਹੀ ਹੈ ਅਤੇ ਇਹਨਾਂ ਨੂੰ ਸਿੱਧੇ ਨਿਜੀ ਹੱਥਾਂ ਵਿੱਚ ਸੌਂਪ ਰਹੀ ਹੈ। ਇਸ ਸਮੇਂ ਕਿਸਾਨ ਆਗੂ ਦਰਸ਼ਨ ਸਿੰਘ ਮੱਟੂ,ਰਾਮਜੀ ਦਾਸ ਚੌਹਾਨ,ਪ੍ਰੋ ਕੁਲਵੰਤ ਸਿੰਘ ਗੋਲੇਵਾਲ,ਕੁਲਵਿੰਦਰ ਸੰਘਾ, ਸ਼ਮਸ਼ੇਰ ਸਿੰਘ ਚੱਕ ਸਿੰਘਾ, ਰਾਮ ਪਾਲ ਟੀ ਐਸ ਯੂ ਆਗੂ, ਮੁਲਰਾਜ,ਹੰਸ ਰਾਜ ਗੜ੍ਹਸ਼ੰਕਰ ਨੇ ਕਿਹਾ ਕਿ ਬਿਜਲੀ ਆਰਡੀਨੈਂਸ ਲਿਆ ਕੇ ਲੋਕਾਂ ਨੂੰ ਮਿਲਦੀਆਂ ਸਹੂਲਤਾਂ ਅਤੇ ਸਸਤੇ ਬਿਜਲੀ ਨੂੰ ਖਤਮ ਕਰਕੇ ਕਾਰਪੋਰੇਟਾਂ ਨੂੰ ਮੁਨਾਫਾ ਕਮਾਉਣ ਲਈ ਯਤਨਸ਼ੀਲ ਹੈ,ਦੀ ਕੋਸ਼ਿਸ਼ ਕੀਤੀ ਗਈ ਹੈ ਜਿਸ ਦੇ ਖਿਲਾਫ ਜਿੱਥੇ ਬਿਜਲੀ ਮੁਲਾਜ਼ਮ ਸੰਘਰਸ਼ ਕਰ ਰਹੇ ਹਨ ਤੇ ਹੁਣ ਸੰਯੁਕਤ ਕਿਸਾਨ ਮੋਰਚੇ ਨੇ ਵੀ ਸ਼ੰਘਰਸ਼ ਦਾ ਬਿਗਲ ਬਜਾ ਦਿਤਾ ਹੈ। ਇਸ ਸਮੇਂ ਵੱਖ-ਵੱਖ ਕਿਸਾਨ ਯੂਨੀਅਨਾਂ ਦੇ ਆਗੂ ,ਸ਼ਿੰਗਾਰਾ ਸਿੰਘ ਭੱਜਲ, ਕਸ਼ਮੀਰ ਸਿੰਘ ਭੱਜਲ, ਅਮਰਜੀਤ ਸਿੰਘ ਬੰਗੜ, ਸਤਪਾਲ ਕਲੇਰ, ਗੁਰਮੇਲ ਸਿੰਘ,ਬਲਵੰਤ ਰਾਮ,ਪ੍ਰਿੰਸੀਪਲ ਜਗਦੀਸ਼ ਰਾਏ,ਗਿਆਨੀ ਅਵਤਾਰ ਸਿੰਘ ਆਦਿ ਹਾਜ਼ਰ ਸਨ। ਆਗੂਆਂ ਨੇ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਇਹਨਾਂ ਸੋਧ ਬਿਲਾਂ ਨੂੰ ਵਾਪਸ ਨਾ ਲਿਆ ਤਾਂ ਪੰਜਾਬ ਅਤੇ ਦੇਸ਼ ਦੇ ਸਮੂਹ ਕਿਰਤੀ ਲੋਕ ਇਸ ਦੇ ਖਿਲਾਫ ਪੰਜਾਬ ਤੇ ਦੇਸ਼ ਪੱਧਰ 'ਤੇ ਵੱਡਾ ਅੰਦੋਲਨ ਛੇੜਣਗੇ।

# ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਕਰਨ ਉਪਰੰਤ ਜਥਾ ਵਾਪਸ ਪਰਤਿਆ



**ਬਲਾਚੌਰ (ਜਸਵਿੰਦਰ ਬੈਂਸ)-** ਮਾਤਾ ਮਨਜੀਤ ਦੇਵੀ ਰਾਮ ਨਿਵਾਸ ਕੁਟੀਆ ਰੱਕੜਾਂ ਬੇਟ ਦੀ ਅਗਵਾਈ ਵਾਲਾ ਜਥਾ ਜੋ ਪਿਛਲੇ ਦਿਨੀ ਬਲਾਚੌਰ ਤੋਂ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦੇ ਦਰਸ਼ਨਾਂ ਲਈ ਗਿਆ ਹੋਇਆ ਸੀ, ਜੋ ਦਰਸ਼ਨ ਕਰਨ ਉਪਰੰਤ ਵਾਪਸ ਪਿੰਡ ਪਰਤਿਆ। ਪਿੰਡ ਵਾਸੀਆਂ ਵੱਲੋਂ ਸਮੁੱਚੇ ਜਥੇ ਦਾ ਨਿੱਘਾ ਸਵਾਗਤ ਕੀਤਾ ਗਿਆ। ਲਖਵੀਰ ਸਿੰਘ ਸੈਣੀ ਨੇ ਦੱਸਿਆ ਕਿ ਇਹ ਜਥਾ 30 ਨਵੰਬਰ ਨੂੰ ਬਲਾਚੌਰ ਤੋਂ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਲਈ ਰਵਾਨਾ ਹੋਇਆ ਸੀ। ਜਥੇ ਵਿੱਚ ਹਾਜ਼ਰ ਸੰਗਤ ਨੇ ਹਜ਼ੂਰ ਸਾਹਿਬ ਦੇ ਸਾਰੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕੀਤੇ। ਉਨ੍ਹਾਂ ਦੱਸਿਆ ਕਿ ਪ੍ਰਚਾਰਕਾਂ ਵੱਲੋਂ ਸੰਗਤਾਂ ਨੂੰ ਸਿੱਖ ਇਤਿਹਾਸ ਦੇ ਨਾਲ-ਨਾਲ ਵੱਖ-ਵੱਖ ਗੁਰਦੁਆਰਿਆਂ ਸੰਬੰਧੀ ਵੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਮਨਜੀਤ ਕੌਰ, ਲਖਵੀਰ ਸਿੰਘ, ਰਾਕੇਸ਼ ਕੁਮਾਰ, ਇਕਬਾਲ ਸਿੰਘ ਅਤੇ ਬਹੁ ਗਿਣਤੀ ਸੰਗਤਾਂ ਹਾਜ਼ਰ ਸਨ।

# ਜ਼ੋਨ ਉੱਗੀ ਤੋਂ ਮੁਖਤਿਆਰ ਸਿੰਘ ਹੇਅਰ ਤੇ ਬਲਾਕ ਸੰਮਤੀ ਉਮੀਦਵਾਰ ਪ੍ਰਭਜੋਤ ਸਿੰਘ ਸੰਘਾ ਨੇ ਚੋਣ ਪ੍ਰਚਾਰ ਕੀਤਾ ਸ਼ੁਰੂ

**ਬਸਤੀ ਸ਼ੇਖ, ਜਲੰਧਰ (ਲਖਵਿੰਦਰ ਸਿੰਘ)-** ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੇ ਉਮੀਦਵਾਰ ਤੇ ਵਰਕਰਾਂ ਵਿੱਚ ਭਾਰੀ ਉਤਸ਼ਾਹ ਹੈ ਤੇ ਪੂਰੇ ਜ਼ੋਰਾਂ ਸ਼ੋਰਾਂ ਨਾਲ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ। ਬਲਾਕ ਨਕੋਦਰ ਤੋਂ ਕਾਂਗਰਸ ਪਾਰਟੀ ਦੇ ਜ਼ੋਨ ਉੱਗੀ ਤੋਂ ਜ਼ਿਲ੍ਹਾ ਪ੍ਰੀਸ਼ਦ ਦੇ ਉਮੀਦਵਾਰ ਸਰਪੰਚ ਮੁਖਤਿਆਰ ਸਿੰਘ ਹੇਅਰ ਅਤੇ ਬਲਾਕ ਸੰਮਤੀ ਜ਼ੋਨ ਆਧੀ ਤੋਂ ਉਮੀਦਵਾਰ ਪ੍ਰਭਜੋਤ ਸਿੰਘ ਸੰਘਾ ਸਾਬਕਾ ਸਰਪੰਚ ਰਹੀਮਪੁਰ ਨੇ ਪਿੰਡ ਆਧੀ ਤੋਂ ਚੋਣ ਪ੍ਰਚਾਰ ਸ਼ੁਰੂ ਕੀਤਾ ਤੇ ਘਰ ਘਰ ਜਾ ਕੇ ਕਾਂਗਰਸ ਪਾਰਟੀ ਦੀਆਂ ਨੀਤੀਆਂ ਬਾਰੇ ਵੋਟਰਾਂ ਨੂੰ ਦੱਸਿਆ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਰਾਜ ਨੂੰ 3 ਸਾਲ ਬੀਤ ਜਾਣ 'ਤੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ। 2027 ਦੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਇਕ ਵੱਡੀ ਲੀਡ ਪ੍ਰਾਪਤ ਕਰ ਕੇ ਪੂਰਨ ਬਹੁਮਤ ਨਾਲ ਸਰਕਾਰ ਬਣਾਵੇਗੀ। ਕਾਂਗਰਸ ਪਾਰਟੀ ਦੇ ਚੋਣ ਨਿਸ਼ਾਨ ਪੰਜੇ 'ਤੇ ਮੋਹਰ ਲਾਉਣ ਦੀ ਅਪੀਲ ਕੀਤੀ। ਇਸ ਮੌਕੇ ਬਲਜੀਤ ਸਿੰਘ ਬਿੱਟੂ ਲੰਬੜਦਾਰ, ਹਰਨੇਕ ਸਿੰਘ ਸਾਬਕਾ ਪੰਚ, ਗੁਰਮੇਲ ਸਿੰਘ, ਯਾਦਵਿੰਦਰ ਸਿੰਘ ਪੰਚ,





ਗੁਰਦੇਵ ਸਿੰਘ ਬਿੱਟੂ, ਸੁਖਦੇਵ ਸਿੰਘ ਸੋਨਾ ਸਾਬਕਾ ਪੰਚ, ਆਜ਼ਾਦ, ਗੋਰਾ ਸਾਬਕਾ ਪੰਚ, ਸੰਤੋਖ ਸਿੰਘ, ਹਰਬੰਸ ਸਿੰਘ ਆਦਿ ਹੋਰ ਵੀ ਬਹੁਤ ਸਾਰੇ ਨਗਰ ਨਿਵਾਸੀ ਸ਼ਾਮਲ ਸਨ।

# ਮੈਡੀਕਲ ਕੈਂਪ ਲਗਾਇਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-** ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ, ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਜੀ ਅਜਨੋਹਾ ਦਾ ਜੱਦੀ ਪਿੰਡ ਅਜਨੋਹਾ ਇਤਿਹਾਸਕ ਮਹਾਂਪੁਰਖਾਂ ਦੇ ਇਲਾਕੇ ਵਿੱਚ ਸਿਰਮੌਰ ਸੰਸਥਾ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਰਜਿ ਅਜਨੋਹਾ ਪਿਛਲੇ ਕਈ ਸਾਲਾਂ ਤੋਂ ਲੋਕ ਭਲਾਈ ਦੇ ਕਾਰਜ ਕਰ ਰਹੀ ਹੈ। ਸੰਸਥਾ ਵਲੋਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਅਪਾਰ ਮਿਹਰ ਸਦਕਾ ਇਲਾਕਾ ਨਿਵਾਸੀ ਅਤੇ ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਏ ਮਹਾਰਾਜ ਜੀ ਵੱਲੋਂ ਵਰਸਾਏ ਬਾਬਾ ਖੱਖ ਜੀ ਦੇ ਜੱਦੀ ਪਿੰਡ ਨੜ੍ਹਡ ਵਿਖੇ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਚਲਾਈ ਜਾ ਰਹੀ ਹੈ। ਗੁਰੂ ਨਾਨਕ ਡਿਸਪੈਂਸਰੀ ਅਤੇ ਲੈਬੋਰਟਰੀ ਪਿੰਡ ਨੜ੍ਹਡ ਦੇ ਸਹਿਯੋਗ ਨਾਲ 'ਗਰੀਬ ਦਾ ਮੂੰਹ,ਗੁਰੂ ਦੀ ਗੋਲਕ' ਸੰਸਥਾ ਅਜਨੋਹਾ ਵੱਲੋਂ ਐਨ ਆਰ ਆਈ ਦੀ ਮਦਦ ਨਾਲ ਹੜ੍ਹ ਪੀੜਤ ਇਲਾਕਾ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਹਲਕਾ ਅਜਨਾਲਾ ਦੇ ਪਿੰਡ ਹਰੜ ਕਲਾਂ ਵਿਖੇ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਸੰਸਥਾ ਦੀ ਡਾਕਟਰ ਦੀ ਟੀਮ ਵਲੋਂ ਮਰੀਜ਼ਾਂ ਦਾ ਚੈੱਕਅੱਪ ਕਰਕੇ ਫ੍ਰੀ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਹਾਜ਼ਰ ਸੰਸਥਾ ਮੁਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਡਾਕਟਰ ਬਲਦੇਵ ਸਿੰਘ ਕਾਲਰਾ, ਬਲਜੀਤ ਸਿੰਘ ਬਿੱਲਾ ਅਜਨੋਹਾ, ਜੋਬਨਪ੍ਰੀਤ ਸਿੰਘ,ਵਿਪਨ ਕੁਮਾਰ ਪੰਚਨੰਗਲਾ, ਕੈਪਟਨ ਰਣਜੋਧ ਸਿੰਘ, ਸੁਖਦੇਵ ਮੇਜਰ ਵਿਲਾਸਗਾ ਸਿੰਘ,ਸੁਖਦੇਵ ਸਿੰਘ, ਬਖਸ਼ੀਸ਼ ਸਿੰਘ ਅਜਨਾਲਾ , ਹਵਲਦਾਰ ਗੁਰਦੇਵ ਸਿੰਘ,



ਰਣਜੋਧ ਸਿੰਘ, ਲਖਵਿੰਦਰ ਸਿੰਘ ਅਜਨਾਲਾ, ਗੁਰਦੀਪ ਸਿੰਘ, ਗੁਰਪ੍ਰੀਤ ਸਿੰਘ, ਹਰਮਿੰਦਰ ਸਿੰਘ, ਕਮਲਜੀਤ ਕੌਰ, ਹਰਪ੍ਰੀਤ ਕੌਰ, ਜਗਵਿੰਦਰ ਸਿੰਘ, ਗੁਰਵਿੰਦਰ ਸਿੰਘ, ਰਵੀ ਸਿੰਘ, ਪਰਵਿੰਦਰ ਸਿੰਘ, ਹਰਜੋਤ ਕੌਰ, ਕੁਲਵਿੰਦਰ ਸਿੰਘ, ਚਾਹਲਪ੍ਰੀਤ ਸਿੰਘ, ਜਗਪ੍ਰੀਤ ਸਿੰਘ, ਰਵਿੰਦਰ ਸਿੰਘ, ਰਵੀ ਕੁਮਾਰ, ਹਿੰਮਤਜੀਤ ਸਿੰਘ, ਲਖਵਿੰਦਰ ਸਿੰਘ, ਇੰਦਰਪ੍ਰੀਤ ਸਿੰਘ, ਦਰਸ਼ਨ ਕੌਰ ਅਤੇ ਜਰਨੈਲ ਸਿੰਘ ਆਦਿ ਹਾਜ਼ਰ ਸਨ।

# ਪੁੱਡਾ ਭਵਨ ਦੇ ਦਫਤਰ ਵਿਖੇ ਲੜੀਵਾਰ ਭੁੱਖ ਹੜਤਾਲ

● 48ਵੇਂ ਦਿਨ ਵਿਸ਼ਾਲ ਰੈਲੀ ਅਰਥੀ ਫੂਕ ਮੁਜ਼ਾਹਰਾ ਕਰਕੇ ਮੁੱਖ ਪ੍ਰਸ਼ਾਸਕ ਦੀ ਅਰਥੀ ਫੂਕੀ

**ਮੋਹਾਲੀ (ਗੁਰਜੀਤ ਬਿੱਲਾ)-** ਮੁੱਖ ਪ੍ਰਸ਼ਾਸਕ ਪੁੱਡਾ ਮੈਡਮ ਨੀਰੂ ਕਤਿਆਲ ਗੁਪਤਾ ਦੇ ਦਫ਼ਤਰ ਪੁੱਡਾ ਭਵਨ ਮੋਹਾਲੀ ਵਿਖੇ ਲੜੀਵਾਰ ਭੁੱਖ ਹੜਤਾਲ 48 ਵੇਂ ਦਿਨ ਵਿਸ਼ਾਲ ਰੈਲੀ ਕੱਢੀ ਗਈ ਅਤੇ ਅਰਥੀ ਫੂਕ ਮੁਜ਼ਾਹਰਾ ਕਰਕੇ ਮੁੱਖ ਪ੍ਰਸ਼ਾਸਕ ਦੀ ਅਰਥੀ ਫੂਕੀ। ਪੰਜਾਬ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ ਮੁੱਖ ਦਫਤਰ ਡੇਰਾਬੱਸੀ ਦੇ ਝੰਡੇ ਹੇਠ ਭੁੱਖ ਹੜਤਾਲ ਤੇ



ਰਣਬੀਰ ਸਿੰਘ, ਅਵਤਾਰ ਕੁਮਾਰ, ਰਣਜੀਤ ਸਿੰਘ, ਸ਼ਿਵ ਕੁਮਾਰ, ਦਰਸ਼ਨ ਸਿੰਘ ਬੈਠੇ। ਰੈਲੀ ਨੂੰ ਸੰਬੋਧਿਤ ਕਰਦਿਆਂ ਪੰਜਾਬ ਫੀਲਡ ਐਂਡ ਵਰਕਸ਼ਾਪ ਵਰਕਰਜ਼ ਨੂੰ ਯੂਨੀਅਨ ਦੇ ਸੂਬਾਈ ਪ੍ਰਧਾਨ ਸੁਖਦੇਵ ਸਿੰਘ ਸੈਣੀ ਮੋਹਾਲੀ ਆਗੂ ਤਰਲੋਚਨ ਸਿੰਘ, ਮਲਕੀਤ ਸਿੰਘ, ਹਾਕਮ ਸਿੰਘ, ਪਾਲਾ ਰਾਮ, ਨਸੀਬ ਸਿੰਘ, ਰਣਧੀਰ ਸਿੰਘ, ਕੁਲਦੀਪ ਸਿੰਘ, ਸੁਭਾਸ਼ ਰਾਣਾ ਨੇ ਕਿਹਾ ਕਿ ਪੁੱਡਾ ਵਿਭਾਗ ਵਿੱਚ 01-04-2004 ਤੋਂ ਪਹਿਲਾਂ ਭਰਤੀ ਹੋਏ ਮੁਲਾਜ਼ਮਾਂ ਨੂੰ ਪੁਰਾਣੀ ਪੈਨਸ਼ਨ ਲਾਗੂ ਕੀਤੀ ਜਾਵੇ। ਪੁੱਡਾ ਵਿਭਾਗ ਵਿੱਚ ਬੋਨਸ/ਐਕਸਗ੍ਰੇਸ਼ੀਆ ਜੋ ਨਾਜਾਇਜ਼ ਕੱਟਿਆ ਗਿਆ ਹੈ, ਉਹ 2 ਸਾਲਾਂ ਦਾ ਤੁਰੰਤ ਦਿੱਤਾ ਜਾਵੇ। ਪੁੱਡਾ ਵਿਭਾਗ ਅਤੇ ਸਾਰੀਆਂ ਅਥਾਰਟੀਆਂ ਵਿੱਚ ਲਗਾਤਾਰ 5-10-2015 ਤੋਂ ਕੰਮ ਕਰਦੇ ਡੈਲੀਵੇਜ, ਆਊਟਸੋਰਸ, ਥਰੂ ਕੰਟਰੈਕਟ, ਕੰਟਰੈਕਟ ਅਧੀਨ ਕੰਮ ਕਰਦੇ ਕਰਮਚਾਰੀਆਂ ਨੂੰ ਰੈਗੂਲਰ ਕੀਤਾ ਜਾਵੇ ਅਤੇ ਇਨ੍ਹਾਂ ਕਰਮਚਾਰੀਆਂ ਨੂੰ ਪੰਜਾਬ ਸਰਕਾਰ ਕਿਰਤ ਵਿਭਾਗ ਵੱਲੋਂ ਨਿਰਧਾਰਤ ਸਹੂਲਤਾ ਦਿੱਤੀਆਂ ਜਾਣ। ਜਿਵੇਂ ਗਜਟਿਡ ਛੁੱਟੀਆਂ, ਬੋਨਸ, ਐਕਸਗ੍ਰੇਸ਼ੀਆ, ਈ ਪੀ ਐੱਫ, ਈ ਐੱਸ ਆਈ, ਗ੍ਰੈਜੂਟੀ ਆਦਿ ਸਹੂਲਤਾਂ ਦਿੱਤੀਆਂ ਜਾਣ। ਰਿਟਾਇਰੀ ਕਰਮਚਾਰੀਆਂ ਦੇ ਮੈਡੀਕਲ ਰਿਵਰਸਮੈਂਟ ਦਿੱਤੇ ਜਾਣ। ਪੁੱਡਾ ਕਰਮਚਾਰੀਆਂ ਨੂੰ ਮਿਲਦਾ 25 ਫੀਸਦੀ ਹਾਊਸ ਰੈਂਟ, ਬਹਾਲ ਕੀਤਾ ਜਾਵੇ। ਵਿਭਾਗ ਦੇ ਖਾਲੀ ਫਲੈਟ ਜੋ ਲੋਕਾਂ ਨੇ ਦੱਬੇ ਹੋਏ ਹਨ, ਖਾਲੀ ਕਰਵਾ ਕਰਵਾ ਕੇ ਮੁਲਾਜ਼ਮਾਂ ਨੂੰ ਦਿੱਤੇ ਜਾਣ। ਪਲਾਟਾਂ ਦੀ ਅਲਾਟਮੈਂਟ ਸਮੇਂ ਮੁਲਾਜ਼ਮਾਂ ਦਾ ਕੋਟਾ 10 ਫੀਸਦੀ ਕੀਤਾ ਜਾਵੇ। ਰਿਟਾਇਰੀ ਕਰਮਚਾਰੀਆਂ ਦੇ ਡਿਊ ਸਮੇਂ ਸਿਰ ਕੀਤੇ ਜਾਣ ਅਤੇ ਮੰਗ ਪੱਤਰ ਵਿੱਚ ਦਰਜ ਮੰਗਾਂ ਦਾ ਹੱਲ ਕੀਤਾ ਜਾਵੇ ਅਤੇ ਸਰਕਾਰ ਤੋਂ ਮੰਗ ਕੀਤੀ ਗਈ ਕਿ 16ਫੀਸਦੀ ਡੀਏ ਰੀਲੀਜ ਕੀਤਾ ਜਾਵੇ, ਕੱਚੇ ਮੁਲਾਜਮ ਪੱਕੇ ਕੀਤੇ ਜਾਣ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ।

# ਬੀਬੀ ਜਸਬੀਰ ਕੌਰ ਜਲਵੇਹੜਾ ਨੂੰ ਨਮ ਅੱਖਾਂ ਨਾਲ ਅੰਤਮ ਵਿਦਾਇਗੀ





**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-** ਕਾਰ ਸੇਵਾ ਸੰਪਰਦਾਇ ਗੁਰਦੁਆਰਾ ਲੰਗਰ ਸਾਹਿਬ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਦੇ ਅਨਿਨ ਸੇਵਕ ਸੇਵਾਦਾਰ ਬੀਬੀ ਜਸਬੀਰ ਕੌਰ ਜਲਵੇਹੜਾ ਦਾ ਬੀਤੇ ਕੱਲ੍ਹ ਸਰੀਰਕ ਬਿਮਾਰੀ ਕਾਰਨ ਦੇਹਾਂਤ ਹੋ ਗਿਆ ਸੀ। ਉਕਤ ਸੰਪਰਦਾਇ ਦੇ ਜਥੇਦਾਰ ਬਾਬਾ ਗੁਰਮੀਤ ਸਿੰਘ ਨਡਾਲੋਂ ਨੇ ਦੱਸਿਆ ਕਿ ਉਨ੍ਹਾਂ ਦਾ ਸਸਕਾਰ ਉਨ੍ਹਾਂ ਦੇ ਪਿੰਡ ਜਲਵੇਹੜਾ ਦੇ ਸ਼ਮਸ਼ਾਨਘਾਟ ਵਿਖੇ ਕੀਤਾ ਗਿਆ। ਇਸ ਮੌਕੇ ਦੁੱਖ ਦੀ ਘੜੀ ਵਿੱਚ ਸੰਤ ਮਹਾਂਪੁਰਸ਼, ਪ੍ਰਮੁੱਖ ਸ਼ਖਸੀਅਤਾਂ ਨੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਬਖਸ਼ਣ ਦੀ ਅਰਦਾਸ ਬੇਨਤੀ ਕੀਤੀ।ਇਸ ਮੌਕੇ ਅੰਤਿਮ ਸੰਸਕਾਰ ਮੌਕੇ ਜਥੇਦਾਰ ਬਾਬਾ ਗੁਰਮੀਤ ਸਿੰਘ ਨਡਾਲੋਂ, ਕੌਰ ਸਿੰਘ, ਨਿਰੰਕਾਰ ਸਿੰਘ ਇਟਲੀ, ਕੁਲਵਿੰਦਰ ਕੌਰ, ਰਾਜਿੰਦਰ ਕੌਰ ਨਰੂੜ, ਹਰਜੀਤ ਸਿੰਘ ਪਧਿਆਣਾ, ਈਸਰ ਸਿੰਘ ਨਰੂੜ, ਬਾਬਾ ਜਰਨੈਲ ਸਿੰਘ ਨਡਾਲੋਂ, ਅਮਰਜੀਤ ਸਿੰਘ ਖ਼ਾਲਸਾ ਜਾਂਗਲੀਆਣਾ, ਜਸਵਿੰਦਰ ਸਿੰਘ ਨਡਾਲੋਂ, ਕਿਰਪਾਲ ਸਿੰਘ ਅਜਨੋਹਾ ਹਰਜੀਤ ਸਿੰਘ ਅਜਨੋਹਾ, ਅਮਰੀਕ ਸਿੰਘ, ਮਾਸਟਰ ਰਸ਼ਪਾਲ ਸਿੰਘ, ਹਰਜਿੰਦਰ ਸਿੰਘ, ਨੰਬਰਦਾਰ ਜਗਜੀਤ ਸਿੰਘ, ਤਰਸੇਮ ਸਿੰਘ, ਖੁਸ਼ੀਆ ਸਿੰਘ ਅਜਨੋਹਾ, ਨੰਬਰਦਾਰ ਜਗਜੀਤ ਪਾਲ ਸਿੰਘ, ਜਥੇਦਾਰ ਪਰਮਜੀਤ ਸਿੰਘ, ਗੁਰਪ੍ਰੀਤ ਸਿੰਘ ਜਲਵੇਹੜਾ, ਬਲਜਿੰਦਰ ਸਿੰਘ ਜੁੱਗੀ, ਪਰਮਜੀਤ ਸਿੰਘ, ਸੁਖਵਿੰਦਰ ਸਿੰਘ ਨਿੱਕਾ ਡਰੋਲੀ, ਸਰਵਣ ਸਿੰਘ ਬੱਡਲਾ, ਬੀਬੀ ਸੁਰਿੰਦਰ ਕੌਰ ਮਾਹਿਲਪੁਰ ਆਦਿ ਹਾਜ਼ਰ ਸਨ। ਇਸ ਮੌਕੇ ਭਾਈ ਸੁਖਦੇਵ ਸਿੰਘ ਨਡਾਲੋਂ ਨੇ ਕੀਰਤਨ ਕੀਤਾ।

# ਵਿਦਿਆਰਥੀਆਂ ਲਈ ਕੈਰੀਅਰ ਕੌਂਸਲਿੰਗ ਸੈਸ਼ਨ ਕਰਵਾਇਆ

**ਅੱਡਾ ਸਰਾਂ/ਟਾਂਡਾ ਉੜਮੁੜ,(ਜਸਵਿੰਦਰ ਸੰਧੂ,ਜਸਵੀਰ ਕਾਜਲ,ਉਂਕਾਰ ਸਿੰਘ)-** ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀ. ਸੈਕੰ. ਸਕੂਲ ਸਹਿਬਾਜ਼ਪੁਰ ਵਿਖੇ ਬਾਰਵੀਂ ਕਲਾਸ ਦੇ ਬੱਚਿਆਂ ਦੇ ਲਈ ਕਰੀਅਰ ਕੌਂਸਲਿੰਗ ਸੈਸ਼ਨ ਆਯੋਜਿਤ ਕੀਤਾ



ਗਿਆ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ ਵਿਚ ਚੰਡੀਗੜ੍ਹ ਯੂਨੀਵਰਸਿਟੀ ਤੋਂ ਪਹੁੰਚੇ ਹੋਏ ਰਿਸੋਰਸ ਪਰਸਨ ਦਿਨੇਸ਼ ਕੁਮਾਰ ਨੇ ਇਸ ਸੈਸ਼ਨ ਦੀ ਅਗਵਾਈ ਕੀਤੀ। ਇਸ ਦੌਰਾਨ ਉਹਨਾਂ ਨੇ ਬਾਰਵੀਂ ਕਲਾਸ ਦੇ ਬੱਚਿਆਂ ਦੇ ਨਾਲ ਗੱਲਬਾਤ ਕਰਦੇ ਹੋਏ ਉਹਨਾਂ ਨੂੰ ਉਹਨਾਂ ਦੇ ਕਰੀਅਰ ਬਾਰੇ ਸਹੀ ਫੈਸਲਾ ਲੈਣ ਦੇ ਬਾਰੇ ਜਾਗਰੂਕ ਕੀਤਾ। ਉਨ੍ਹਾਂ ਦੱਸਿਆ ਕਿ ਪਿਛਲੇ ਸਮੇਂ ਤੋਂ ਚੱਲੇ ਆਈ ਆ ਰਹੀ ਲੀਕ ਦੇ ਉੱਤੇ ਚੱਲ ਕੇ ਸਿਰਫ ਡਾਕਟਰ, ਇੰਜੀਨੀਅਰ ਜਾਂ ਵਕੀਲ ਬਣਨਾ ਹੀ ਨਹੀਂ ਸਗੋਂ ਇਸ ਤੋਂ ਇਲਾਵਾ ਹੋਰ ਬੇਹਦ ਅਜਿਹੇ ਮੌਕੇ ਆ ਚੁੱਕੇ ਹਨ ਜਿਨਾਂ ਵਿਚ ਅਸੀਂ ਆਪਣੀ ਦਿਲਚਸਪੀ ਦੇ ਮੁਤਾਬਿਕ ਆਪਣਾ ਕਿੱਤਾ ਚੁਣ ਸਕਦੇ ਹਾਂ ਅਤੇ ਉਸ ਵਿੱਚ ਵਧੀਆ ਕਮਾਈ ਕਰ ਸਕਦੇ ਹਾਂ। ਉਨ੍ਹਾਂ ਦੱਸਿਆ ਕਿ ਸਾਨੂੰ ਜਰੂਰੀ ਹੈ ਕਿ ਅਜੋਕੇ ਸਮੇਂ ਦੇ ਨਾਲ ਮੋਢੇ ਨਾਲ ਮੋਢਾ ਮਿਲਾ ਕੇ ਚੱਲੀਏ ਅਤੇ ਕੁਝ ਮੁੱਖ ਕਿੱਤਿਆਂ ਤੋਂ ਇਲਾਵਾ ਹੋਰ ਬੇਹੱਦ ਅਜਿਹੇ ਰਸਤੇ ਹਨ ਜਿਨਾਂ ਦੁਆਰਾ ਅਸੀਂ ਆਪਣੇ ਸੁਪਨਿਆਂ ਨੂੰ ਸਾਕਾਰ ਕਰਕੇ ਵਧੀਆ ਤਰੀਕੇ ਨਾਲ ਆਪਣੀ ਜ਼ਿੰਦਗੀ ਜਿਉ ਸਕਦੇ ਹਾਂ। ਇਸ ਦੌਰਾਨ ਬੱਚਿਆਂ ਦੀ ਕੌਂਸਲਿੰਗ ਕਰਦੇ ਹੋਏ ਦੱਸਿਆ ਕਿ ਆਪਣੇ ਦੇਸ਼ ਵਿਚ ਵੀ ਕਮਾਈ ਦੇ ਵਧੀਆ ਸਾਧਨ ਅਤੇ ਮੌਕੇ ਉਪਲਬਧ ਹਨ। ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਬਾਰਵੀਂ ਕਲਾਸ ਦੇ ਬੱਚਿਆਂ ਨੂੰ ਸੇਧ ਦਿੰਦੇ ਹੋਏ ਦੱਸਿਆ ਕਿ ਅੱਜ ਕੱਲ ਤਾਂ ਸਮਾਂ ਉਹੀ ਦੋ ਚਾਰ ਕਿੱਤਿਆਂ ਨੂੰ ਲੈ ਕੇ ਅੱਗੇ ਵਧਣ ਦਾ ਨਹੀਂ ਸਗੋਂ ਬੇਹਦ ਨਵੇਂ ਰਸਤੇ ਖੁੱਲ ਚੁੱਕੇ ਹਨ ਜਿਨਾਂ ਦੁਆਰਾ ਅਸੀਂ ਆਪਣੇ ਸੁਪਨਿਆਂ ਨੂੰ ਨਾਲ ਲੈ ਕੇ ਵਧੀਆ ਕਿੱਤਾ ਚੁਣ ਸਕਦੇ ਹਾਂ ਅਤੇ ਪੂਰੀ ਦਿਲਚਸਪੀ ਦੇ ਨਾਲ ਉਸ ਵਿੱਚ ਮਿਹਨਤ ਕਰਕੇ ਦੁਨੀਆਂ ਵਿੱਚ ਆਪਣਾ ਨਾਮ ਰੌਸ਼ਨ ਕਰ ਸਕਦੇ ਹਾਂ ਸੋ ਜ਼ਰੂਰਤ ਹੈ ਸਾਨੂੰ ਅਤੇ ਸਾਡੇ ਮਾਪਿਆਂ ਨੂੰ ਜਾਗਰੂਕ ਹੋਣ ਦੀ ਜਿਸ ਨਾਲ ਅਸੀਂ ਆਪਣਾ ਭਵਿੱਖ ਸਵਾਰ ਸਕੀਏ। ਇਸ ਮੌਕੇ ਤੇ ਮੈਨੇਜਰ ਗਜਿੰਦਰ ਪਾਲ ਸਿੰਘ ਅਤੇ ਤਰਨ ਸੈਣੀ, ਜਗਬੰਧਨ ਸਿੰਘ, ਰਾਜਬੀਰ ਕੌਰ, ਵਿਸ਼ਾਲੀ, ਸੁਮੀਤ ਕੌਰ, ਬਲਜੀਤ ਕੌਰ, ਹਰਜੀਤ, ਸੁਮਨ, ਨੇਹਾ, ਰਜਮੀਤ, ਹਰਮਿੰਦਰ, ਇਕਬਾਲ, ਹਰਮਿੰਦਰ, ਸੋਨੂ, ਪਰਮਜੀਤ ਕੌਰ, ਪੂਜਾ,,ਅਰਚਣਾ, ਗੁਰਪ੍ਰੀਤ, ਗੁਰਦੇਵ ਸਿੰਘ, ਹਰਜੀਤ ਸਿੰਘ, ਬਾਕੀ ਸਟਾਫ ਮੈਂਬਰ ਵੀ ਮੌਜੂਦ ਸਨ ।

# ਪੰਜਾਬ ਕਲਾ ਮੰਚ ਵੱਲੋਂ ਪੈਦਲ ਯਾਤਰਾ ਦਾ ਬੈਨਰ ਜਾਰੀ



**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)-** ਪੰਜਾਬ ਕਲਾ ਮੰਚ ਵਲੋਂ ਚਮਕੌਰ ਸ਼੍ਰੋਮਣੀ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ 23ਵੀਂ ਦਸ਼ਮੇਸ਼ ਪੈਦਲ ਯਾਤਰਾ ਦਾ ਬੈਨਰ ਜਾਰੀ ਕੀਤਾ ਗਿਆ। ਇਸ ਬੈਨਰ ਦੇ ਜਾਰੀ ਕਰਨ ਦੀ ਰਸਮ ਗ੍ਰੰਥੀ ਭਾਈ ਨਿਸ਼ਾਨ ਸਿੰਘ ਅਤੇ ਭਾਈ ਚਰਨਜੀਤ ਸਿੰਘ ਵੱਲੋਂ ਅਰਦਾਸ ਅਤੇ ਹੁਕਮਨਾਮਾ ਲੈਣ ਉਪਰੰਤ ਕੀਤੀ ਗਈ। ਮੰਚ ਦੇ ਪ੍ਰਧਾਨ ਕੁਲਜਿੰਦਰਜੀਤ ਸਿੰਘ ਬੰਬਰ ਨੇ ਦੱਸਿਆ ਕੇ ਇਹ ਯਾਤਰਾ 20 ਦਸੰਬਰ 2003 ਤੋਂ ਸ਼ੁਰੂ ਕੀਤੀ ਗਈ ਸੀ ਜੋ ਕੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਸ਼ਹੀਦੀ ਜੋੜ ਮੇਲ ਉੱਤੇ 21 ਦਸੰਬਰ ਦੀ ਰਾਤ ਨੂੰ 12 ਵਜੇ ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ ਤੋਂ ਗੁਰਦੁਆਰਾ ਸ੍ਰੀ ਝਾੜ ਸਾਹਿਬ ਤੱਕ 21 ਕਿਲੋਮੀਟਰ ਦਾ ਸਫਰ ਤਹਿ ਕਰਦੀ ਹੋਈ ਸਵੇਰੇ 7:30 ਵਜੇ ਅਰਦਾਸ ਕਰਨ ਉਪਰੰਤ ਸਮਾਪਤ ਹੋਵੇਗੀ । ਪ੍ਰਬੰਧਕਾਂ ਵੱਲੋਂ ਯਾਤਰਾ ਵਿੱਚ ਟਰੈਕਟਰ-ਸ਼ਿਕੰਜਾ, ਡੈੱਕ ਲੈ ਕੇ ਆਉਣ ਦੀ ਮਨਾਹੀ ਹੈ। ਇਹ ਯਾਤਰਾ ਪੈਦਲ ਚੱਲਕੇ ਹੀ ਚਮਕੌਰ ਗੜ੍ਹੀ ਦੇ ਸ਼ਹੀਦਾਂ ਨੂੰ ਸੱਚੇ ਦਿਲੋਂ ਸ਼ਰਧਾ ਦੇ ਫੁੱਲ ਭੇਟ ਕਰੇਗੀ । ਇਸ ਮੌਕੇ ਮੈਨੇਜਰ ਭਾਈ ਗੁਰਮੁੱਖ ਸਿੰਘ, ਸਮਾਜਸੇਵੀ ਅਮਨਦੀਪ ਸਿੰਘ ਮਾਂਗਟ, ਡਾ ਰਾਜਪਾਲ ਚੌਧਰੀ, ਕੈਪਟਨ ਹਰਪਾਲ ਸਿੰਘ, ਸਵਰਨ ਸਿੰਘ, ਮਨਮੋਹਨ ਸਿੰਘ, ਰਘਵੀਰ ਸਿੰਘ, ਹਰਦਿਆਲ ਸਿੰਘ, ਸੋਮ ਸਿੰਘ, ਗਿਆਨ ਸਿੰਘ ਅਤੇ ਬਲਜੀਤ ਸਿੰਘ ਆਦਿ ਹਾਜ਼ਰ ਸਨ।

# 'ਮਨੂੰਵਾਦ ਭਜਾਓ, ਬੇਗਮਪੁਰਾ ਵਸਾਓ' ਮੁਹਿੰਮ ਤਹਿਤ ਜਾਗਰੂਕਤਾ ਮੀਟਿੰਗ

**ਬੰਗਾ (ਅਵਤਾਰ ਕਲੇਰ)** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵੱਲੋਂ ਸ਼ੁਰੂ ਕੀਤੀ 'ਮਨੂੰਵਾਦ ਭਜਾਓ, ਬੇਗਮਪੁਰਾ ਵਸਾਓ' ਮੁਹਿੰਮ ਤਹਿਤ ਪਿੰਡ ਬੀਕਾ ਵਿਖੇ ਆਮ ਅਵਾਮ ਦੀ ਜਾਗਰੂਕਤਾ ਲਈ ਮੀਟਿੰਗ ਹਰਨੇਕ ਬੀਕਾ ਦੀ ਪ੍ਰਧਾਨਗੀ ਹੇਠ ਕੀਤੀ ਗਈ। ਡਾ ਭੀਮ ਰਾਓ ਅੰਬੇਡਕਰ ਨੂੰ ਉਹਨਾਂ ਦੇ



ਪ੍ਰੀਨਿਰਵਾਣ ਦਿਵਸ ਮੌਕੇ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ ਅਤੇ ਇਸ ਉਪਰੰਤ ਮੀਟਿੰਗ ਨੂੰ ਪਾਰਟੀ ਜ਼ਿਲ੍ਹਾ ਪ੍ਰਧਾਨ ਸਾਥੀ ਹਰਪਾਲ ਸਿੰਘ ਜਗਤਪੁਰ ਨੇ ਮੁੱਖ ਰੂਪ ਵਿੱਚ ਸੰਬੋਧਨ ਕਰਦਿਆਂ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੀ ਵਿਸਥਾਰ ਸਹਿਤ ਵਿਆਖਿਆ ਕੀਤੀ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਨੇ ਆਪਣੇ ਪੂੰਜੀਪਤੀ ਕਾਰੋਬਾਰੀਆਂ ਤੇ ਕਾਰਪੋਰੇਟ ਮਿੱਤਰਾਂ ਨੂੰ ਹੋਰ ਫਾਇਦਾ ਪਹੁੰਚਾਉਣ ਖਾਤਰ , ਪਹਿਲਾਂ ਤੋਂ ਚਲਦੇ ਕਿਰਤ ਕਾਨੂੰਨਾਂ ਨੂੰ ਖ਼ਤਮ ਕਰਕੇ, ਨਵੇਂ ਕਾਨੂੰਨ ਪਾਸ ਕਰਵਾ ਲਏ ਹਨ। ਇਨ੍ਹਾਂ ਨਵੇਂ ਕਾਨੂੰਨਾਂ ਨਾਲ ਮਜ਼ਦੂਰ ਦੀ ਜ਼ਿੰਦਗੀ ਹੋਰ ਵੀ ਬੱਦ ਤੋਂ ਬੱਦਤਰ ਹੋ ਜਾਵੇਗੀ ਕਿਉਂਕਿ ਇਹਨਾਂ ਕਾਨੂੰਨਾਂ ਤਹਿਤ ਕਿਰਤੀਆਂ ਦੇ ਮਿਹਨਤਾਨੇ ਵਿੱਚ ਕੋਈ ਵੀ ਵਾਧਾ ਨਹੀਂ ਕੀਤਾ ਗਿਆ। ਹੁਣ ਮਜ਼ਦੂਰ ਨੂੰ ਅੱਠ ਘੰਟੇ ਦੀ ਥਾਂ ਬਾਰਾਂ ਘੰਟੇ ਕੰਮ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਮਨਰੇਗਾ ਸਕੀਮ ਨੂੰ ਮੁੜ ਚਾਲੂ ਕਰਨਾ, ਕੰਮ ਲਗਾਤਾਰ ਪੂਰਾ ਸਾਲ ਦੇਣ, ਅਤੇ ਮਿਹਨਤਾਨੇ ਵਿੱਚ ਸੋਧ ਕਰਦਿਆਂ ਪ੍ਰਤੀ ਦਿਨ ਇੱਕ ਹਜ਼ਾਰ ਰੁਪਏ ਕਰਨ ਦੀ ਮੰਗ ਕੀਤੀ ਗਈ।ਕੇਂਦਰੀ ਹਕੂਮਤ ਵੱਲੋਂ ਡਾ. ਭੀਮ ਰਾਓ ਅੰਬੇਡਕਰ ਦੁਆਰਾ ਬਣਾਏ ਭਾਰਤ ਦੇ ਸੰਵਿਧਾਨ ਨੂੰ ਵੀ ਲਗਾਤਾਰ ਅਣਡਿੱਠ ਕਰਕੇ, ਮਨੂੰਵਾਦੀ ਵਿਵਸਥਾ ਨੂੰ ਲਾਗੂ ਕੀਤਾ ਜਾ ਰਿਹਾ ਹੈ। ਮਨੂੰਵਾਦੀ ਵਿਵਸਥਾ ਲਾਗੂ ਹੋਣ ਨਾਲ ਗਰੀਬ ਤੇ ਸਦੀਆਂ ਤੋਂ ਪੀੜਤ ਦਲਿਤ ਸਮਾਜ ਨੂੰ ਮਿਲਦੀਆਂ ਕੁਝ ਕੁ ਸਹੂਲਤਾਂ ਵੀ ਖ਼ਤਮ ਕਰ ਦਿੱਤੀਆਂ ਜਾਣਗੀਆਂ ਪਰ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਹੋਰ ਖੱਬੀਆਂ ਤੇ ਜਮਹੂਰੀ ਪਾਰਟੀਆਂ ਨੂੰ ਨਾਲ ਲੈਕੇ ਜਲਦ ਹੀ ਸੂਬਾਈ ਤੇ ਕੌਮੀ ਪੱਧਰ ਤੇ ਸੰਘਰਸ਼ ਕਰਨ ਲਈ ਯਤਨਸ਼ੀਲ ਹੈ। ਉਹਨਾਂ ਨੇ ਜਿਥੇ ਸਮੂਹ ਇਕੱਠ ਨੂੰ ਪਾਰਟੀ ਦੀ ਇਲਾਕਾਈ ਕਾਨਫਰੰਸ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਉਥੇ ਦੇਸ਼ ਅੰਦਰ ਫਿਰਕੂ ਤੇ ਬਹੁਲਤਾਵਾਦ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ ਅਤੇ ਆਪਣੇ ਇਲਾਕੇ ਵਿੱਚ ਆਪਸੀ ਏਕਤਾ, ਭਾਈਚਾਰਕ ਸਾਂਝੀਵਾਲਤਾ ਹਰ ਹਾਲ ਬਣਾਈ ਰਖੀ ਜਾਵੇ। ਮੀਟਿੰਗ ਵਿੱਚ ਪਰਮਜੀਤ ਸਿੰਘ, ਕੁਲਦੀਪ ਸਿੰਘ ਦੀਪਾ, ਬਿੰਦੂ, ਕਮਲਜੀਤ, ਮਦਨ ਲਾਲ, ਕਿਰਨੀ ਬੀਕਾ, ਸੁਰਜੀਤ ਕੌਰ, ਜਸਵਿੰਦਰ ਕੌਰ, ਹਰਬੰਸ ਕੌਰ, ਦਵਿੰਦਰ ਕੌਰ, ਚਰਨਜੀਤ ਕੌਰ, ਕਮਲੇਸ਼ ਆਦਿ ਹਾਜ਼ਰ ਸਨ। ਅੰਤ ਵਿੱਚ ਪਿੰਡ ਬੀਕਾ ਦੇ ਯੂਨਿਟ ਸਕੱਤਰ ਸਾਥੀ ਹਰਨੇਕ ਬੀਕਾ ਨੇ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਅਤੇ ਇਸ ਮੀਟਿੰਗ ਵਿੱਚ ਸ਼ਾਮਲ ਹੋਣ ਤੇ ਸਭਨਾਂ ਦਾ ਧੰਨਵਾਦ ਕੀਤਾ।

## ਗੁਰਸ਼ਰਨ ਸਿੰਘ ਨਾਟ ਉਤਸਵ ਦਾ ਪਹਿਲਾ ਦਿਨ

# 'ਦੋ ਰੋਟੀਆਂ' ਨਾਟਕ ਨੇ ਪੇਸ਼ ਕੀਤਾ ਵਿਦੇਸ਼ ਜਾਣ ਦੀ ਦੌੜ ਦਾ ਦਰਦ

**ਚੰਡੀਗੜ੍ਹ (ਗੁਰਜੀਤ ਬਿੱਲਾ)-** ਸੁਚੇਤਕ ਰੰਗਮੰਚ ਵੱਲੋਂ ਆਯੋਜਿਤ 22ਵੇਂ ਗੁਰਸ਼ਰਨ ਸਿੰਘ ਨਾਟ ਉਤਸਵ ਦਾ ਆਗ਼ਾਜ਼ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੇ ਨਾਟਕ 'ਦੋ ਰੋਟੀਆਂ' ਨਾਲ ਹੋਇਆ, ਜਿਸ ਦੇ ਲੇਖਕ ਤੇ ਨਿਰਦੇਸ਼ਕ ਸੁਰਿੰਦਰ ਸ਼ਰਮਾ ਸਨ। ਇਹ ਨਾਟਕ ਪੰਜਾਬ ਕਲਾ ਪ੍ਰੀਸ਼ਦ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਸੁਰਿੰਦਰ ਸ਼ਰਮਾ, ਜਿਨ੍ਹਾਂ ਨਾਟ-ਮੰਚੀ ਸਫ਼ਰ ਗੁਰਸ਼ਰਨ ਦੇ ਕਲਾਕਾਰ ਵਜੋਂ ਹੋਇਆ ਸੀ, ਦਾ ਨਾਟਕ ਪੰਜਾਬੀ ਸਮਾਜ ਦੀ ਵਿਦੇਸ਼ਾਂ ਵੱਲ ਦੌੜ ਦੇ ਪ੍ਰਸੰਗ ਵਿੱਚ



ਬਦਲਦੇ ਸਮਾਜ ਦੇ ਸੱਚ ਸੰਗ ਸੰਵਾਦ ਸੀ। ਉਹ ਲੋਕ, ਜੋ ਧੀਆਂ ਦਾ ਦੁਕਾਨ ਤੋਂ ਸੌਦਾ ਲੈਣ ਜਾਣਾ ਵੀ ਪਸੰਦ ਨਹੀਂ ਕਰਦੇ, ਜੇ ਪੜ੍ਹਨ ਜਾਂਦੀ ਹੈ ਜਾਂ ਨੌਕਰੀ ਕਰਦੀ ਹੈ ਤਾਂ ਉਸ ਦਾ ਥੋੜ੍ਹਾ ਜਿਹਾ ਲੇਟ ਆਉਣਾ ਵੀ ਬਰਦਾਸ਼ਤ ਨਹੀਂ ਕਰਦੇ, ਉਹੀ ਆਪਣੀਆਂ ਧੀਆਂ ਨੂੰ ਬਿਗਾਨੇ ਮੁਲਕ ਭੇਜਣ ਵੇਲੇ ਫੁੱਲੇ ਨਹੀਂ ਸਮਾਉਂਦੇ। ਉਹ ਧੀਆਂ ਪਰਾਏ ਮੁਲਕ ਵਿੱਚ ਕਿਵੇਂ ਦੁਖਾਂਤ ਭੋਗਦੇ ਹਨ ਇਹ ਸੋਚਣ ਦੀ ਥਾਂ ਡਾਲਰਾਂ-ਪੌਂਡਾਂ ਦਾ ਇੰਤਜ਼ਾਰ ਕਰਦੇ ਹਨ। ਇਹ ਨਾਟਕ ਸਿਆਸੀ-ਸਮਾਜੀ ਨਿਜ਼ਾਮ ਦੀਆਂ ਪੈਦਾ ਕੀਤੀਆਂ ਸਮੱਸਿਆਵਾਂ 'ਤੇ ਸਵਾਲ ਉਠਾਉਂਦਾ ਹੈ, ਜਿਸ ਨੇ ਆਮ ਬੰਦੇ ਕੋਲੋਂ ਉਸਦੀ ਸੂਝ ਵੀ ਖੋਹ ਲਈ ਹੈ। ਉਹ ਖ਼ੁਦ-ਬ-ਖ਼ੁਦ ਸੰਕਟ ਬਣੇ ਪ੍ਰਵਾਸ 'ਚੋਂ ਦੁੱਖਾਂ ਦਾ ਦਾਰੂ ਭਾਲ ਰਿਹਾ ਹੈ। ਇਹ ਬਹੁ-ਪਰਤੀ ਨਾਟਕ ਦਰਸ਼ਕ ਦੀਆਂ ਅੱਖਾਂ ਨਮ ਕਰਦਾ ਹੈ, ਹਸਾਉਂਦਾ ਹੈ ਤੇ ਸੋਚਣ ਵੀ ਲਾਉਂਦਾ ਹੈ ਕਿ ਅਸੀਂ ਇਸ ਦਿਸ਼ਾ ਵੱਲ ਜਾ ਰਹੇ ਹਾਂ? ਇਹ ਸਰਲ, ਸਟੀਕ ਤੇ ਰੌਚਕ ਨਾਟਕ ਹੈ, ਜਿਸਦੇ ਮੰਚ 'ਤੇ ਵਾਪਰਦੀ ਕਹਾਣੀ ਸਮਾਜ ਦਾ ਸੱਚ ਉਜਾਗਰ ਕਰਦੀ ਹੈ। ਇਹ ਐਸੇ ਸਮਾਜ ਨੂੰ ਚਿਤਰਦਾ ਹੈ, ਜਿੱਥੇ ਦੇਸ਼ ਦੇ ਹਰ ਨਾਗਰਿਕ ਨੂੰ ਇੱਕੋ ਜਿਹੀਆਂ 'ਦੋ ਰੋਟੀਆਂ' ਨਸੀਬ ਨਹੀਂ ਹੁੰਦੀਆਂ। ਇਸ ਨਾਟਕ ਵਿੱਚ ਸੁਰਿੰਦਰ ਸ਼ਰਮਾ, ਕਰਮਜੀਤ ਭੱਟੀ, ਹਰਮਨ ਲੀਹਾਂ, ਕਮਲਜੀਤ ਕੌਰ ਬਰਨਾਲਾ, ਮਹਿਕਪ੍ਰੀਤ ਕੌਰ, ਰਾਜਵੀਰ ਪੰਡੋਰੀ, ਨਵਰਾਜ ਭੱਟੀ, ਸੁਖਪ੍ਰੀਤ ਸੁੱਖਾ, ਲਵੀ ਖੱਤਰੀ ਤੇ ਸਾਹਿਬ ਖੱਤਰੀ ਨੇ ਵੱਖ- ਵੱਖ ਭੂਮਿਕਾਵਾਂ ਅਦਾ ਕੀਤੀਆਂ। ਇਸ ਦਾ ਸੰਗੀਤ ਨਵਦੀਪ ਧੌਲਾ ਨੇ ਤਿਆਰ ਕੀਤਾ ਹੈ ਅਤੇ ਲਾਈਟਿੰਗ ਕਰਨ ਗੁਲਜ਼ਾਰ ਦੀ ਹੈ।

# ਸ਼ਾਂਤੀਪੂਰਨ ਚੋਣਾਂ ਕਰਵਾਉਣ ਲਈ ਪੁਲਸ ਵੱਲੋਂ ਫਲੈਗ ਮਾਰਚ



**ਫਿਲੌਰ (ਨਿਰਮਲ)** ਫਿਲੌਰ ਪੁਲਸ ਪ੍ਰਸ਼ਾਸਨ ਨੇ 14 ਦਸੰਬਰ ਨੂੰ ਹੋਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਨੂੰ ਸ਼ਾਂਤੀਪੂਰਨ ਅਤੇ ਨਿਰਪੱਖ ਢੰਗ ਨਾਲ ਕਰਵਾਉਣ ਲਈ ਸ਼ਹਿਰ ਵਿਚ ਫਲੈਗ ਮਾਰਚ ਕੀਤਾ। ਫਿਲੌਰ ਸਬ-ਡਵੀਜ਼ਨ ਦੇ ਡੀ.ਐੱਸ.ਪੀ.ਭਰਤ ਮਸੀਹ ਦੀ ਅਗਵਾਈ ਹੇਠ ਪੁਲਿਸ ਨੇ ਫਲੈਗ ਮਾਰਚ ਕੱਢਿਆ। ਜਿਸ ਵਿੱਚ ਫਿਲੌਰ,ਗੁਰਾਇਆ, ਬਿਲਗਾ ਦੇ ਐਸਐਚਓ ਅਤੇ ਪੁਲਿਸ ਕਰਮਚਾਰੀਆਂ ਨੇ ਭਾਗ ਲਿਆ। ਡੀ ਐੱਸ ਪੀ ਭਰਤ ਮਸੀਹ ਨੇ ਕਿਹਾ ਕਿ ਇਹ ਫਲੈਗ ਮਾਰਚ ਚੋਣਾਂ ਦੌਰਾਨ ਕਾਨੂੰਨ ਵਿਵਸਥਾ ਬਣਾਈ ਰੱਖਣ ਤੇ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਇੱਕ ਮਹੱਤਵਪੂਰਨ ਕਦਮ ਸੀ। ਡੀ ਐੱਸ ਪੀ ਨੇ ਸਖ਼ਤ ਚੇਤਾਵਨੀ ਦਿੱਤੀ ਕਿ ਕਾਨੂੰਨ ਵਿਵਸਥਾ ਨੂੰ ਭੰਗ ਕਰਨ ਵਾਲੇ ਸ਼ਰਾਰਤੀ ਅਨਸਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਚੋਣ ਪ੍ਰਕਿਰਿਆ ਦੌਰਾਨ ਪੁਲਸ ਦਾ ਸਹਿਯੋਗ ਕਰਨ ਤੇ ਸ਼ਾਂਤੀ ਬਣਾਈ ਰੱਖਣ ਵਿਚ ਯੋਗਦਾਨ ਪਾਉਣ ਦੀ ਅਪੀਲ ਕੀਤੀ। ਉਨ੍ਹਾ ਸਲਾਹ ਦਿੱਤੀ ਕਿ ਇਨ੍ਹਾਂ ਬਲਾਕ ਸੰਮਤੀ ਚੋਣਾਂ ਲਈ ਜਿਹੜੇ ਵੀ ਹਥਿਆਰਾਂ ਦੇ ਲਾਇਸੈਂਸ ਧਾਰਕ ਹਨ ਉਹ ਆਪਣੇ ਹਥਿਆਰ ਜਮ੍ਹਾ ਨਾ ਕਰਵਾਉਣ ਤੇ ਚੋਣਾਂ ਤੱਕ ਆਪਣੇ ਘਰਾਂ ਵਿਚ ਹੀ ਰੱਖਣ।

# ਸੰਤ ਸੰਮੇਲਨ ਹੁਣ 16 ਨੂੰ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)-** ਸ੍ਰੀ ਗੁਰੂ ਰਵਿਦਾਸ ਵੈੱਲਫੇਅਰ ਟਰੱਸਟ ਨਵਾਂਸ਼ਹਿਰ ਵੱਲੋਂ ਦਾਣਾ ਮੰਡੀ ਨਵਾਂ ਸ਼ਹਿਰ ਜ਼ਿਲ੍ਹਾ ਸ ਭ ਸ ਨਗਰ ਵਿਖੇ 19ਵਾਂ ਮਹਾਨ ਸੰਤ ਸੰਮੇਲਨ ਤੇ ਕੀਰਤਨ ਦਰਬਾਰ 13 ਦਸੰਬਰ ਦਿਨ ਸ਼ਨੀਵਾਰ ਨੂੰ ਕਰਵਾਇਆ ਜਾਣਾ ਸੀ ਪਰ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਹੋਣ ਕਰਕੇ ਹੁਣ ਇਹ ਸੰਤ ਸੰਮੇਲਨ 16 ਦਸੰਬਰ ਦਿਨ ਮੰਗਲਵਾਰ ਨੂੰ ਦਾਣਾ ਮੰਡੀ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ 108 ਸੰਤ ਨਿਰੰਜਨ ਦਾਸ ਜੀ ਗੱਦੀ ਨਸ਼ੀਨ ਡੇਰਾ ਸੰਤ ਸਰਵਣ ਦਾਸ ਜੀ ਸੱਚ ਖੰਡ ਬੱਲਾਂ ਦੀ ਸਰਪ੍ਰਸਤੀ ਹੇਠ ਕਰਵਾਇਆ ਜਾਵੇਗਾ। ਇਹ ਫੈਸਲਾ ਟਰੱਸਟ ਦੀ ਇਕ ਵਿਸ਼ੇਸ਼ ਮੀਟਿੰਗ ਵਿੱਚ ਲਿਆ ਗਿਆ। ਇਸ ਮੌਕੇ ਤੇ ਸਰਵ ਸੱਤ ਪਾਲ ਸਾਹਲੋਂ, ਪਰਮਜੀਤ ਮਹਾਲੋਂ , ਜੋਗਿੰਦਰ ਸਿੰਘ ਮੈਂਗੜਾ, ਰਾਮ ਆਸਰਾ, ਹਰਮੇਸ਼ ਥਾਦੀਆਂ, ਨਿਰਮਲ ਭੰਗਲਾਂ, ਝਲਮਣ ਹੰਸਰੋਂ, ਦਰਸ਼ਨ ਰਾਮ ਪੱਲੀ ਉੱਚੀ, ਹਰਮੇਸ਼ ਮੇਸ਼ੀ, ਬਿੱਟੂ ਮਿਸਤਰੀ ਨਵੀਂ ਆਬਾਦੀ, ਰੈਸ਼ਮ ਸਿੰਘ ਐਡਵੋਕੇਟ, ਰਾਮ ਲੁਭਾਇਆ ਬਹਾਦਰਪੁਰ, ਬਲਦੇਵ ਨਵਾਂਸ਼ਹਿਰ, ਬੇਲੀ ਨਵਾਂਸ਼ਹਿਰ ਆਦਿ ਮੈਂਬਰਾਂ ਨੇ ਭਾਗ ਲਿਆ ।ਇਹ ਜਾਣਕਾਰੀ ਪ੍ਰਧਾਨ ਸੱਤ ਪਾਲ ਸਾਹਲੋਂ ਨੇ ਦਿੱਤੀ।

# ਸਕੂਲ ਦੀ ਗਰਾਉਂਡ 'ਚ ਨਾਜਾਇਜ਼ ਦੁਕਾਨਾਂ ਦੀ ਉਸਾਰੀ ਦਾ ਮਾਮਲਾ ਭਖਿਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਹਰਿਆਣਾ ਵਿੱਚ ਚੱਲ ਰਹੇ ਕੱਲਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਹਰਿਆਣਾ ਦੀ ਗਰਾਉਂਡ ਵਿਖੇ ਬਣਾਈਆਂ ਜਾ ਰਹੀਆਂ ਦੁਕਾਨਾਂ ਦਾ ਮਾਮਲਾ ਪੂਰੀ ਤਰ੍ਹਾਂ ਗਰਮਾਇਆ ਹੈ । ਜਿਸ ਦੇ ਵਿਰੋਧ ਵਿੱਚ ਸੋਸ਼ਲ ਮੀਡੀਆ ਤੇ ਲਗਾਤਾਰ ਇਹ ਮੁੱਦਾ ਲਾਮ ਲਾਈਟ ਵਿੱਚ ਆਇਆ ਹੋਇਆ ਹੈ। ਸਕੂਲ ਪ੍ਰਬੰਧਕਾਂ ਵੱਲੋਂ ਬਣਾਈਆਂ ਜਾ ਰਹੀਆਂ ਇਨ੍ਹਾਂ ਦੁਕਾਨਾਂ ਨੂੰ ਕਥਿਤ ਤੌਰ ਤੇ ਗੈਰਕਨੂੰਨੀ ਕਰਾਰ ਦੇ ਕੇ ਕਸਬਾ ਹਰਿਆਣਾ ਤੇ ਨਾਲ ਲੱਗਦੇ ਪਿੰਡਾਂ ਦੇ ਕੁੱਝ ਵਿਅਕਤੀਆਂ ਵੱਲੋਂ ਇਸ ਮਾਮਲੇ ਨੂੰ ਨਗਰ ਕੌਂਸਲ ਹਰਿਆਣਾ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ। ਸ਼ਨੀਵਾਰ ਨੂੰ ਕਸਬਾ ਹਰਿਆਣਾ ਅਤੇ ਨਾਲ ਲੱਗਦੇ ਪਿੰਡਾਂ ਦੇ ਲੋਕਾਂ ਵੱਲੋਂ ਕਣਕ ਮੰਡੀ ਹਰਿਆਣਾ ਵਿਖੇ ਮੀਟਿੰਗ ਕਰਕੇ ਸੰਘਰਸ਼ ਕਰਨ ਦਾ ਐਲਾਨ ਕੀਤਾ ਅਤੇ ਅਗਲੀ ਰਣਨੀਤੀ ਉਲੀਕੀ ਗਈ। ਇਸ ਮੌਕੇ ਭਰਵੇਂ ਇਕੱਠ ਦੌਰਾਨ ਜਸਵੀਰ ਸਿੰਘ ਹਰਿਆਣਾ, ਤੇਜਪਾਲ ਸਿੰਘ, ਕੁਲਦੀਪ ਸਿੰਘ, ਰਤਨ ਸਿੰਘ ਤੇ ਹੋਰਨਾਂ ਨੇ ਕਿਹਾ ਕਿ ਕੱਲਰ ਖਾਲਸਾ ਸੀ ਸੈ ਸਕਲ ਹਰਿਆਣਾ ਵਿਖੇ ਜੋ ਨਜਾਇਜ਼ ਤੌਰ 'ਤੇ ਦੁਕਾਨਾਂ ਬਣਾਈਆਂ ਜਾ ਰਹੀਆਂ ਹਨ ਇਹ ਦਾਨ ਕੀਤੀ ਹੋਈ ਜ਼ਮੀਨ ਦੀ ਗਲਤ ਵਰਤੋਂ ਦਾ ਮਾਮਲਾ ਹੈ ਜਿਸ ਨੂੰ ਬੰਦ ਕਰਵਾਉਣ ਲਈ ਪਹਿਲਾਂ ਜ਼ੁਬਾਨੀ ਅਤੇ ਫਿਰ ਲਿਖਤੀ ਤੌਰ ਤੇ ਚਾਰਾਜੋਈ ਕੀਤੀ ਗਈ ਪਰ ਕੋਈ ਹੱਲ ਨਾ ਨਿਕਲਣ ਤੇ ਹੁਣ ਇਨ੍ਹਾਂ ਨਜਾਇਜ਼ ਉਸਾਰੀਆਂ ਨੂੰ ਰੁਕਵਾਉਣ ਲਈ ਸੰਘਰਸ਼ ਵਿਢਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਲਰ ਖਾਲਸਾ ਸਕੂਲ ਦੀ ਇਹ ਗਰਾਉਂਡ ਲੋਕ ਹਿੱਤਾਂ ਵਾਸਤੇ ਵਰਤਣ ਲਈ ਦਾਨ ਕੀਤੀ ਹੋਈ ਜਾਇਦਾਦ ਹੈ, ਇਥੇ ਵਪਾਰਕ ਮਕਸਦ ਲਈ ਦੁਕਾਨਾਂ ਨਹੀਂ ਬਣਾਈਆਂ ਜਾ ਸਕਦੀਆਂ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ

● **ਸੰਘਰਸ਼ ਤੇਜ਼ ਕਰਨ ਲਈ ਵਾਰਸ ਬਾਬਾ ਬਘੇਲ ਸਿੰਘ ਜਥੇਬੰਦੀ ਹਰਿਆਣਾ ਦਾ ਗਠਨ**



ਨਾਜਾਇਜ਼ ਉਸਾਰੀ ਕਥਿਤ ਤੌਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਸਕੂਲ ਦੀ ਪ੍ਰਬੰਧਕ ਕਮੇਟੀ ਕਰਵਾ ਰਹੀ ਹੈ, ਇਸ ਨੂੰ ਤੁਰੰਤ ਬੰਦ ਕਰਵਾਇਆ ਜਾਵੇ। ਉਕਤ ਬੁਲਾਰਿਆਂ ਨੇ ਦੱਸਿਆ ਕਿ ਇਲਾਕਾ ਵਾਸੀਆਂ ਨੇ ਬਿਨਾਂ ਨਕਸ਼ਾ ਪਾਸ ਕਰਵਾਏ ਬਣਾਈਆਂ ਜਾ ਰਹੀਆਂ ਨਾਜਾਇਜ਼ ਦੁਕਾਨਾਂ ਦੀ ਉਸਾਰੀ ਬੰਦ ਕਰਵਾਉਣ ਲਈ ਨਗਰ ਕੌਂਸਲ ਹਰਿਆਣਾ ਨੂੰ ਲਿਖਤੀ ਰੂਪ ਵਿੱਚ ਦੱਸਿਆ ਜਿਸ ਦੇ ਕਾਰਵਾਈ ਕਰਦਿਆਂ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਵੀ ਸਕੂਲ ਨੂੰ ਪ੍ਰਿੰਸੀਪਲ ਨੂੰ ਦੁਕਾਨਾਂ ਦੀ ਉਸਾਰੀ ਬੰਦ ਕਰਵਾਉਣ ਲਈ ਲਿਖਿਆ ਗਿਆ ਹੈ। ਉਨਾਂ ਕਿਹਾ ਕਿ ਦੁਕਾਨਾਂ ਬਣਾਉਣ ਨਾਲ ਸਕੂਲ ਦੀ ਗਰਾਉਂਡ ਖਤਮ ਹੋ ਜਾਏਗੀ ਅਤੇ ਗੁਰਦੁਆਰਾ ਬਾਬਾ ਬਘੇਲ ਸਿੰਘ ਦੀ ਵੀ ਦਿੱਖ 'ਤੇ ਅਸਰ ਪਏਗਾ। ਉਨ੍ਹਾਂ ਕਿਹਾ ਕਿ ਕੱਲਰ ਖਾਲਸਾ ਸੀ.ਸੈ. ਸਕੂਲ ਦੇ ਫਾਊਂਡਰ ਸੰਸਥਾਪਕ ਬਾਬੂ ਰਾਮ ਦਾ ਨਾਮ ਯਾਦਗਾਰੀ ਗੇਟ 'ਤੇ ਲਿਖਿਆ ਜਾਵੇ। ਇਸ ਮੌਕੇ ਸੰਘਰਸ਼ ਨੂੰ ਵਿਆਪਕ ਰੂਪ ਦੇਣ ਲਈ ਸਰਬ ਸੰਮਤੀ ਨਾਲ ਵਾਰਿਸ ਬਾਬਾ ਬਘੇਲ ਸਿੰਘ ਜੀ ਜੱਥੇਬੰਦੀ ਹਰਿਆਣਾ ਦਾ ਗਠਨ ਕੀਤਾ ਗਿਆ ਜਿਸ ਦਾ ਤੇਜਪਾਲ ਸਿੰਘ ਨੂੰ ਪ੍ਰਧਾਨ, ਸਰਬਜੀਤ ਸਿੰਘ ਨੂੰ ਉਪ ਪ੍ਰਧਾਨ, ਰਤਨ ਸਿੰਘ ਨੂੰ ਕਾਨੂੰਨੀ ਸਲਾਹਕਾਰ, ਮਨਜੀਤ ਸਿੰਘ ਖਜਾਨਚੀ ਅਤੇ ਇੰਦਰਪਾਲ ਸਿੰਘ ਨੂੰ ਮੈਬਰ ਨਿਯੁਕਤ ਕੀਤਾ ਗਿਆ। ਇਸ ਮੌਕੇ ਬਲਵੀਰ ਸਿੰਘ ਕਲੋਟੀ, ਸਰਵਜੋਤ ਸਿੰਘ, ਇਕਬਾਲ ਸਿੰਘ ਸਾਬਕਾ ਪ੍ਰਧਾਨ, ਰਤਨ ਸਿੰਘ, ਮਨਜੀਤ ਸਿੰਘ ਮੱਖਣ, ਚਰਨਜੀਤ ਸਿੰਘ ਚੰਨੀ, ਸਰਪੰਚ ਪਲਵਿੰਦਰ ਸਿੰਘ ਸੱਜਣ, ਚੰਚਲ ਸਿੰਘ ਸ਼ੇਰਪੁਰ, ਸਰਦਾਰਾ ਸਿੰਘ, ਸਰਪੰਚ ਕਰਮ ਸਿੰਘ ਤਾਜਪੁਰ, ਬਿੱਕਰ ਸਿੰਘ ਸ਼ੇਰਪੁਰ, ਚਰਨਜੀਤ ਸਿੰਘ ਸ਼ੇਰਪੁਰ, ਜਸਵੀਰ ਸਿੰਘ ਲਾਂਬੜਾ, ਰਵਿੰਦਰ ਸਿੰਘ ਬੱਬੂ ਤਾਜਪੁਰ, ਸਤਵੰਤ ਸਿੰਘ, ਪਵਿੱਤਰ ਸਿੰਘ ਧੁੱਗਾ,ਨੋਬਲਜੀਤ ਸਿੰਘ, ਅਵਤਾਰ ਸਿੰਘ ਸੇਖੋਂ, ਪਿਥੀਪਾਲ ਸਿੰਘ ਸ਼ੇਰਪੁਰ, ਇੰਦਰਜੀਤ ਸਿੰਘ, ਅਮਰਜੀਤ ਸਿੰਘ ਗਿੱਲ, ਰਣਵੀਰ ਸਿੰਘ ਬੈਂਸਤਾਨੀ, ਬਵਨਦੀਪ ਸਿੰਘ, ਪਿਤਪਾਲ ਸਿੰਘ, ਗੁਰਪ੍ਰੀਤ ਸਿੰਘ ਤੇ ਹੋਰ ਹਾਜ਼ਰ ਸਨ। ਸਕੂਲ ਪ੍ਰਬੰਧਕਾਂ ਦਾ ਇਸ ਪੂਰੇ ਮਾਮਲੇ ਬਾਰੇ ਪੱਖ ਲੈਣ ਲਈ ਸੰਪਰਕ ਕਰਨ 'ਤੇ ਪ੍ਰਿੰਸੀਪਲ ਗੀਟਾ ਸੈਣੀ ਨੇ ਦੱਸਿਆ ਕਿ ਕੱਲਰ ਖਾਲਸਾ ਸੀਨੀ ਸੈਕੰ ਸਕਲ ਹਰਿਆਣਾ ਦਾ ਪ੍ਰਬੰਧ 1986 ਤੋਂ ਐਸ ਜੀ.ਪੀ.ਸੀ ਅਧੀਨ ਹੈ ਤੇ ਤਾਜਾ ਫਰਦ ਅਨੁਸਾਰ 26 ਕਨਾਲ 15 ਮਰਲੇ ਜਮੀਨ 'ਤੇ ਸਕੂਲ ਦਾ ਕਬਜਾ ਹੈ । ਉਹਨਾਂ ਦੱਸਿਆ ਕਿ ਕੁਝ ਲੋਕਾਂ ਵੱਲੋਂ ਦੁਕਾਨਾਂ ਬਣਾਉਣ ਦੇ ਨਾਂਅ 'ਤੇ ਬੇ ਬੁਨਿਆਦ ਵਿਵਾਦ ਪੈਦਾ ਕਰਕੇ ਮਾਹੌਲ ਖਰਾਬ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ਜਦਕਿ ਦੁਕਾਨਾਂ ਬਣਾਉਣ ਦਾ ਕੰਮ ਕੋਈ ਨਵਾਂ ਨਹੀਂ ਇਥੇ ਪਹਿਲਾਂ ਵੀ 5 ਦੁਕਾਨਾਂ ਬਣੀਆਂ ਹੋਈਆਂ ਹਨ ਤੇ ਐਸ.ਜੀ.ਪੀ.ਸੀ ਨੂੰ ਪੂਰਾ ਅਧਿਕਾਰ ਹੈ ਕਿ ਉਹ ਆਪਣੀ ਜਮੀਨ 'ਤੇ ਕੋਈ ਵੀ ਕਾਰਜ ਕਰ ਸਕਦੀ ਹੈ। ਈ.ਓ ਨਗਰ ਕੌਂਸਿਲ ਹਰਿਆਣਾ ਵਲੋਂ ਜਿਹੜੇ ਵੀ ਨੋਟਿਸ ਦਿੱਤੇ ਗਏ ਹਨ ਉਨ੍ਹਾਂ ਦਾ ਜੁਆਬ ਦਿੱਤਾ ਗਿਆ ਤੇ ਈ.ਓ ਹਰਿਆਣਾ ਦੇ ਆਦੇਸ਼ਾਂ 'ਤੇ 30 ਨਵੰਬਰ 2025 ਨੂੰ ਦੁਕਾਨਾਂ ਬਣਾਉਣ ਦਾ ਕੰਮ ਬੰਦ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਾਬਕਾ ਪ੍ਰਿੰਸੀਪਲ ਹਰਜਿੰਦਰ ਸਿੰਘ ਨੂੰ ਐੱਸ ਜੀ ਪੀ ਸੀ ਸ੍ਰੀ ਅੰਮ੍ਰਿਤਸਰ ਵਲੋਂ ਆਨਰੇਰੀ ਸਲਾਹਕਾਰ ਬਣਾਇਆ ਗਿਆ ਹੈ।

9 Dec Page 9.qxd 12/8/2025 10:47 PM Page 1



# ਬਿਜਲੀ ਸੋਧ ਬਿੱਲ,ਬੀਜ ਐਕਟ ਤੇ ਚਾਰ ਲੇਬਰ ਕੋਡ ਖਿਲਾਫ ਰੈਲੀ ਕਰਕੇ ਬਿੱਲ ਦੀਆਂ ਕਾਪੀਆਂ ਸਾੜੀਆਂ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸੰਯੁਕਤ ਕਿਸਾਨ ਮੋਰਚਾ ਪੰਜਾਬ, ਬਿਜਲੀ ਮੁਲਾਜ਼ਮ ਤੇ ਮਜ਼ਦੂਰ ਜਥੇਬੰਦੀਆਂ ਵੱਲੋਂ ਬਿਜਲੀ ਸੋਧ ਬਿੱਲ 2025, ਸਰਕਾਰੀ ਵਿਭਾਗਾਂ ਦੀਆਂ ਜ਼ਮੀਨਾਂ ਵੇਚਣ, ਨਵੇਂ ਬਣਾਏ ਚਾਰ ਲੇਬਰ ਕੋਡ ਅਤੇ ਸੀਡ ਬਿੱਲ 2025 ਖਿਲਾਫ ਪਾਵਰਕਾਮ ਦੀ ਡਵੀਜ਼ਨ ਸ੍ਰੀ ਅਨੰਦਪੁਰ ਸਾਹਿਬ ਅੱਗੇ ਵਿਸ਼ਾਲ ਧਰਨਾ ਦੇਣ ਉਪਰੰਤ ਇਹਨਾਂ ਬਿੱਲਾਂ ਤੇ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਆਗੂਆਂ ਨੇ ਸਾਂਝੇ ਤੌਰ ਤੇ ਦੱਸਿਆ ਕਿ ਬਿਜਲੀ ਵਿਭਾਗ ਦਾ ਮੁਕੰਮਲ ਨਿੱਜੀਕਰਨ ਕਰਨ ਲਈ ਕੇਂਦਰ ਸਰਕਾਰ ਨੇ ਕਾਰਪੋਰੇਟ ਘਰਾਣਿਆਂ ਦੀ ਲੁੱਟ ਤੇ ਮੁਨਾਫੇ ਲਈ ਬਿਜਲੀ ਸੋਧ ਬਿੱਲ 2025 ਲਿਆਂਦਾ ਗਿਆ ਹੈ। ਇਸੇ ਮਣਸ਼ੇ ਤਹਿਤ ਹੀ ਕਾਮਿਆਂ ਦੀ ਕਿਰਤ ਦੀ ਲੁੱਟ ਨੂੰ ਤਿੱਖਾ ਕਰਦਿਆਂ ਲੇਬਰ ਕੋਡਾਂ ਨੂੰ ਲਾਗੂ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਇਸ ਦੇ ਨਾਲ ਹੀ ਪੰਜਾਬ ਸਰਕਾਰ ਵੱਲੋਂ ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਦੀਆਂ ਜ਼ਮੀਨਾਂ ਵੇਚਣ ਦਾ ਫੈਸਲਾ ਕੀਤਾ ਹੈ। ਕਿਸਾਨ ਵਿਰੋਧੀ ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਸੀਡ ਬਿੱਲ ਦੀ ਵੀ ਕਿਸਾਨਾਂ ਵਿੱਚ ਭਾਰੀ ਬੇਚੈਨੀ ਹੈ। ਆਗੂਆਂ ਨੇ ਦੱਸਿਆ ਕਿ ਕੇਂਦਰ ਸਰਕਾਰ ਖਿਲਾਫ ਲੋਕਾਂ ਨੂੰ ਚੇਤਨ ਕਰਨ ਲਈ ਪਹਿਲੇ ਪੜਾਅ ਵਿੱਚ ਇਹਨਾਂ ਬਿੱਲਾਂ ਤੇ ਕਾਨੂੰਨਾਂ ਖਿਲਾਫ ਰੋਹ ਭਰਪੂਰ ਰੈਲੀਆਂ ਅਤੇ ਮੁਜ਼ਾਹਰੇ ਕਰਕੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਇਹਨਾਂ ਬਿੱਲਾਂ ਅਤੇ ਕਾਨੂੰਨਾਂ ਨੂੰ ਰੱਦ ਕੀਤਾ ਜਾਵੇ, ਕਾਰਪੋਰੇਟ ਪੱਖੀ ਬਣਾਏ ਚਾਰ ਲੇਬਰ ਕੋਡ ਰੱਦ ਕਰਕੇ ਐਕਟ 1948 ਵਾਲੇ ਕਿਰਤ ਕਾਨੂੰਨ ਬਹਾਲ ਕੀਤੇ ਜਾਣ, ਪੰਜਾਬ ਸਰਕਾਰ ਤੁਰੰਤ ਵਿਧਾਨ ਸਭਾ ਅੰਦਰ ਬਿਜਲੀ ਬੋਰਡ ਦੇ ਕੀਤੇ ਜਾ ਰਹੇ ਕੇਂਦਰੀਕਰਨ, ਬਿਜਲੀ ਸੋਧ ਬਿਲ 2025 ਅਤੇ ਸੀਡ ਬਿੱਲ ਨੂੰ ਰੱਦ ਕਰਨ ਦਾ ਮਤਾ ਪਾਸ ਕਰੇ। ਸਰਕਾਰੀ ਅਤੇ ਅਰਧ ਸਰਕਾਰੀ ਵਿਭਾਗਾਂ ਦੀਆਂ ਜਮੀਨਾਂ ਵੇਚਣ ਦੇ ਮਨਸੂਬਿਆਂ ਨੂੰ ਤੁਰੰਤ ਵਾਪਸ ਲਵੇ। ਜੇਕਰ ਕੇਂਦਰ ਅਤੇ ਪੰਜਾਬ ਸਰਕਾਰ ਨੇ ਇਹਨਾਂ ਬਿੱਲਾਂ ਅਤੇ ਕਾਨੂੰਨਾਂ ਨੂੰ ਵਾਪਸ ਨਾ ਲਿਆ ਤਾਂ 8 ਦਸੰਬਰ ਦੇ ਐਲਾਨ ਕੀਤੇ ਸੰਘਰਸ਼ ਨੂੰ ਲਾਗੂ ਕਰਨ ਤੋਂ ਬਾਅਦ ਕਿਸਾਨ, ਮਜ਼ਦੂਰ, ਬਿਜਲੀ ਮੁਲਾਜ਼ਮ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਕਰਕੇ ਅਗਲੇ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।ਧਰਨੇ ਵਿੱਚ ਕੁੱਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਦਵਿੰਦਰ ਨੰਗਲੀ, ਦਰਸ਼ਨ ਸਿੰਘ ਬਜ਼ਵਾ, ਜ਼ਿਲ੍ਹਾ ਸਕੱਤਰ ਜਸਵਿੰਦਰ ਸਿੰਘ ਢੇਰ, ਮਜ਼ਦੂਰ ਆਗੂ ਬਜਿੰਦਰ ਸਿੰਘ ਪੰਡਿਤ, ਡਾਕਟਰ ਮਹਿੰਗਾ ਰਾਮ ਸਕੱਤਰ,ਗੁਰਮੇਲ ਸਿੰਘ, ਗੁਰਨਾਮ ਸਿੰਘ ਸਕੱਤਰ ਕੁੱਲ ਹਿੰਦ ਕਿਸਾਨ ਸਭਾ, ਜੈਮਲ ਸਿੰਘ ਭੜੀ ਜਨਰਲ ਸਕੱਤਰ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਸ੍ਰੀ ਅਨੰਦਪੁਰ ਸਾਹਿਬ, ਪ੍ਰੀਤਮ ਸਿੰਘ ਪ੍ਰਧਾਨ ਕਿਰਤੀ ਕਿਸਾਨ ਮੋਰਚਾ ਨੇ ਸੰਬੋਧਨ ਕੀਤਾ। ਇਸ ਮੌਕੇ ਤੇ ਸੂਬੇਦਾਰ ਹਰਜਾਪ ਸਿੰਘ ਭੰਗਲ, ਸ਼ਾਮ ਲਾਲ ਪਚਰੰਡੇ, ਸੁਸ਼ੀਲ ਕੁਮਾਰ, ਬਰਜਿੰਦਰ ਸਿੰਘ ਡੋਡ ਵੀ ਹਾਜ਼ਰ ਸਨ।



# ਬਿਜਲੀ ਸੋਧ ਬਿੱਲ 2025 ਦੀਆਂ ਕਾਪੀਆਂ ਸਾੜੀਆਂ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਕਿਰਤੀ ਕਿਸਾਨ ਯੂਨੀਅਨ, ਪੇਂਡੂ ਮਜ਼ਦੂਰ ਯੂਨੀਅਨ, ਟੀ ਐੱਸ ਯੂ ਵੱਲੋਂ ਸਾਂਝੇ ਤੌਰ ਤੇ ਸੰਯੁਕਤ ਕਿਸਾਨ ਮੋਰਚੇ ਦੀ ਕਾਲ ਤੇ ਨੂਰਮਹਿਲ ਸਬ ਡਵੀਜ਼ਨ ਮੂਹਰੇ ਰੋਹ ਭਰਪੂਰ ਧਰਨਾ ਪ੍ਰਦਰਸ਼ਨ ਕਰਕੇ, ਬਿਜਲੀ ਸੋਧ ਬਿੱਲ 2025 ਦੀਆਂ ਕਾਪੀਆਂ ਸਾੜੀਆਂ ਗਈਆਂ ਜਿਸ ਦੇ ਮਾਰੂ ਪ੍ਰਭਾਵ ਮਜ਼ਦੂਰਾਂ, ਮੁਲਾਜ਼ਮਾ, ਕਿਸਾਨਾ ਤੇ ਪੈਣੇ ਹਨ।ਧਰਨੇ ਦੀ ਅਗਵਾਈ ਪੇਂਡੂ ਮਜ਼ਦੂਰ ਯੂਨੀਅਨ ਆਗੂ ਹੰਸ ਰਾਜ ਪੱਬਵਾਂ, ਨਿਰਮਲ ਸਿੱਧਮ, ਕਿਰਤੀ ਕਿਸਾਨ ਯੂਨੀਅਨ ਆਗੂ ਮੱਖਣ ਸਿੰਘ ਕੰਦੋਲਾ, ਸੁਰਿੰਦਰ ਸਿੰਘ ਕੰਦੋਲਾ, ਟੀ ਐਸ ਯੂ ਆਗੂ ਸ਼ਿੰਦਰਪਾਲ ਸਿੰਘ, ਗੁਰਬਿੰਦਰ ਸਿੰਘ ਆਦਿ ਨੇ ਕੀਤੀ।ਆਗੂਆਂ ਨੇ ਚੇਤਾਵਨੀ ਦਿੱਤੀ ਕਿ ਪਿੰਡਾਂ ਵਿੱਚ ਚਿਪ ਵਾਲੇ ਮੀਟਰ ਲਾਉਣੇ ਬੰਦ ਕੀਤੇ ਜਾਣ।

# ਪ੍ਰੈੱਸ ਐਸੋਸੀਏਸ਼ਨ ਆਫ਼ ਸਟੇਟ ਵੱਲੋਂ ਪੰਜਾਬ ਪ੍ਰੈੱਸ ਕਲੱਬ ਚੋਣਾਂ 'ਚ ਪ੍ਰਗਤੀਸ਼ੀਲ ਮੰਚ ਨੂੰ ਪੂਰਨ ਸਮਰਥਨ

**ਜਲੰਧਰ (ਸ਼ੈਲੀ ਐਲਬਰਟ)**- ਪ੍ਰੈੱਸ ਐਸੋਸੀਏਸ਼ਨ ਆਫ਼ ਸਟੇਟ ਨੇ ਪੰਜਾਬ ਪ੍ਰੈੱਸ ਕਲੱਬ ਦੀਆਂ ਆਗਾਮੀ ਚੋਣਾਂ ਲਈ ਪ੍ਰਗਤੀਸ਼ੀਲ ਮੰਚ ਨੂੰ ਪੂਰਨ ਅਤੇ ਬੇਸ਼ਰਤ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਐਸੋਸੀਏਸ਼ਨ ਨੇ ਕਿਹਾ ਕਿ ਮੰਚ ਨੇ ਹਮੇਸ਼ਾ ਪੱਤਰਕਾਰਾਂ ਦੇ ਹੱਕਾਂ, ਕਲਿਆਣ ਅਤੇ ਕਲੱਬ ਮੈਂਬਰਾਂ ਦੇ ਹਿੱਤ ਲਈ ਪ੍ਰਭਾਵਸ਼ਾਲੀ ਆਵਾਜ਼ ਉਠਾਈ ਹੈ। ਅਹੁਦੇਦਾਰਾਂ ਨੇ ਜਾਣਕਾਰੀ ਦਿੱਤੀ ਕਿ ਇਹ ਫੈਸਲਾ ਸਰਬਸੰਮਤੀ ਨਾਲ ਲਿਆ ਗਿਆ ਹੈ ਤੇ ਐਸੋਸੀਏਸ਼ਨ ਚੋਣ ਦਿਨ ਸਾਰੇ ਉਮੀਦਵਾਰਾਂ ਦੀ ਜਿੱਤ ਯਕੀਨੀ ਬਣਾਉਣ ਲਈ ਤਨਦੇਹੀ ਨਾਲ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਕਲੱਬ ਦੇ ਹਿੱਤਾਂ ਲਈ ਪ੍ਰਗਤੀਸ਼ੀਲ ਮੰਚ ਦੇ ਸੰਕਲਪ ਅਤੇ ਨੀਤੀ ਸਪਸ਼ਟ ਹਨ, ਇਸ ਲਈ ਪੱਤਰਕਾਰ ਭਾਈਚਾਰੇ ਦੇ ਲੋਕਾਂ ਨੂੰ ਵੀ ਇਨ੍ਹਾਂ ਨੂੰ ਅੱਗੇ ਲਿਆਉਣ ਵਿੱਚ ਭਾਗੀਦਾਰ ਬਣਨਾ ਚਾਹੀਦਾ ਹੈ। ਜਾਣਕਾਰੀ ਅਨੁਸਾਰ ਪੰਜਾਬ ਪ੍ਰੈਸ ਕਲੱਬ ਲਈ ਵੋਟਿੰਗ 15 ਦਸੰਬਰ ਨੂੰ ਹੋਵੇਗੀ ਅਤੇ ਨਤੀਜਾ ਵੀ ਉਸੇ ਦਿਨ ਐਲਾਨ ਕੀਤਾ ਜਾਵੇਗਾ। ਪਾਸ ਵੱਲੋਂ ਸਾਰੇ ਮੈਂਬਰਾਂ ਨੂੰ ਅਪੀਲ ਕੀਤੀ ਗਈ ਕਿ ਉਹ ਪ੍ਰਗਤੀਸ਼ੀਲ ਮੰਚ ਨੂੰ ਵੱਧ ਤੋਂ ਵੱਧ ਸਮਰਥਨ ਦੇਣ।ਇਸ ਮੌਕੇ 'ਤੇ ਪ੍ਰੈਸ ਐਸੋਸੀਏਸ਼ਨ ਆਫ ਸਟੇਟ ਦੇ ਪੰਜਾਬ ਪ੍ਰਧਾਨ ਜਗਜੀਤ ਸਿੰਘ ਡੋਗਰਾ, ਜਲੰਧਰ ਪ੍ਰਧਾਨ ਰਾਜੇਸ਼ ਥਾਪਾ, ਕੈਸ਼ੀਅਰ ਰਮੇਸ਼ ਗਾਬਾ, ਜਨਰਲ ਸਕੱਤਰ ਵਿਕਾਸ ਮੋਦਗਿੱਲ, ਸੀਨੀਅਰ ਵਾਈਸ ਪ੍ਰਧਾਨ ਸ਼ੈਲੀ ਐਲਬਰਟ ਸਿੰਘ, ਰਾਜੀਵ ਧਾਮੀ, ਬਲਰਾਜ ਸਿੰਘ, ਪੰਕਜ ਸੋਨੀ, ਹਨੀ ਸਿੰਘ, ਬਰਜੇਸ਼ ਸ਼ਰਮਾ, ਸੰਦੀਪ ਵਰਮਾ, ਦਵਿੰਦਰ ਸਿੰਘ, ਰਾਮੇਸ਼ ਭਗਤ, ਸ਼ਿਵ ਕੁਮਾਰ, ਰਜਿੰਦਰ ਠਾਕੁਰ,ਕਰਨ ਨਰਗ, ਦੀਨਾਨਾਥ ਮੋਦਗਿੱਲ, ਵਿਨੈ ਗਾਬਾ, ਡੀ ਐੱਸ ਸੋਢੀ ਆਦਿ ਮੌਜੂਦ ਸਨ।



# ਬੱਸ ਡਿਵਾਇਡਰ 'ਚ ਫਸੀ, ਵੱਡਾ ਹਾਦਸਾ ਹੋਣੋਂ ਟਲਿਆ

**ਫਿਲੌਰ (ਨਿਰਮਲ)**- ਮੁੱਖ ਮਾਰਗ ਜਲੰਧਰ ਤੋਂ ਲੁਧਿਆਣਾ ਵੱਲ ਜਾ ਰਹੀ ਸਵਾਰੀਆਂ ਨਾਲ ਭਰੀ ਬੱਸ ਅਚਾਨਕ ਆਪਣਾ ਸੰਤੁਲਨ ਖੋਹ ਬੈਠੀ ਜਿਸ ਕਾਰਨ ਬੱਸ ਸੜਕਾਂ ਵਿਚਕਾਰ ਲੱਗੇ ਲੋਹੇ ਦੇ ਬੇਰਿਗੇਡ ਤੋੜਕੇ ਪਹਿਲਾ ਜਲੰਧਰ ਨੂੰ ਜਾਣ ਵਾਲੇ ਮਾਰਗ ਤੇ ਆ ਗਈ ਅਤੇ ਬਾਅਦ ਵਿੱਚ ਦੋਨਾਂ ਸੜਕਾਂ ਵਿਚਕਾਰ ਬਣੇ ਡਿਵਾਇਡਰ ਵਿੱਚ ਫਸ ਗਈ, ਜਿਸ ਕਾਰਨ ਵੱਡਾ ਹਾਦਸਾ ਹੋਣੋਂ ਟੱਲ ਗਿਆ। ਬੱਸ ਵਿੱਚ ਸਵਾਰ ਸਾਰੀਆਂ ਸਵਾਰੀਆਂ ਦਾ ਬਚਾਅ ਰਿਹਾ। ਮੌਕੇ ਤੇ ਮੋਜੂਦ ਬੱਸ ਦੇ ਡਰਾਈਵਰ ਕੁਲਦੀਪ ਸਿੰਘ ਨੇ ਦੱਸਿਆ ਕਿ ਉਹ ਹੁਸ਼ਿਆਰਪੁਰ ਤੋਂ ਸਵਾਰੀਆਂ ਨਾਲ ਭਰਕੇ ਬੱਸ ਲੁਧਿਆਣਾ ਵੱਲ ਲਿਜਾ ਰਿਹਾ ਸੀ ਕਿ ਅਚਾਨਕ ਰਾਮਗੜ੍ਹ ਬਾਈਪਾਸ ਲਾਗੇ ਬੱਸ ਵਿੱਚ ਕੋਈ ਤਕਨੀਕੀ ਖਰਾਬੀ ਆ ਗਈ ਜਿਸ ਕਾਰਨ ਇਹ ਹਾਦਸਾ ਵਾਪਰ ਗਿਆ। ਘਟਨਾ ਦੀ ਖ਼ਬਰ ਮਿਲਦਿਆਂ ਹੀ ਸੜਕ ਸੁਰੱਖਿਆ ਫੋਰਸ ਦੇ ਇੰਚਾਰਜ ਸਰਬਜੀਤ ਸਿੰਘ ਨੇ ਮੌਕੇ ਤੇ ਪਹੁੰਚ ਕੇ ਕਰੇਨ ਦੀ ਸਹਾਇਤਾ ਨਾਲ ਬੱਸ ਨੂੰ ਇੱਕ ਪਾਸੇ ਕਰਵਾ ਕੇ ਟ੍ਰੈਫਿਕ ਨੂੰ ਨਿਰਵਿਘਨ ਚਾਲੂ ਕਰਵਾਇਆ। ਦੱਸਣਯੋਗ ਗੱਲ ਹੈ ਕਿ ਆਏ ਦਿਨ ਸੜਕਾਂ ਉੱਪਰ ਕੋਈ ਨਾ ਕੋਈ ਬੱਸ ਹਾਦਸਾ ਗ੍ਰਸਤ ਹੋਈ ਰਹਿੰਦੀ ਹੈ। ਸੜਕਾਂ ਤੇ ਰੋਜ਼ਾਨਾ ਦੋੜਨ ਵਾਲਿਆਂ ਹਜ਼ਾਰਾਂ ਵਿੱਚ ਜ਼ਿਆਦਾਤਰ ਪੁਰਾਣੇ ਮਾਡਲ ਦੀਆਂ ਹਨ ਜਿਨ੍ਹਾਂ ਦੀ ਲਿਮਿਟ ਵੀ ਨਿਕਲ ਚੁੱਕੀ ਹੁੰਦੀ ਹੈ ਪਰ ਫਿਰ ਵੀ ਉਹ ਸੜਕਾਂ ਤੇ ਚੱਲ ਕੇ ਖੂਨੀ ਖੇਲ ਖੇਡ ਰਹੀਆਂ ਹਨ। ਟਰਾਂਸਪੋਰਟ ਵਿਭਾਗ ਨੂੰ ਚਾਹੀਦਾ ਹੈ ਕਿ ਸੜਕਾਂ ਤੇ ਦੋੜਨ ਵਾਲਿਆਂ ਬੱਸਾਂ ਦੀ ਜਾਂਚ ਕਰਨੀ ਚਾਹੀਦੀ ਹੈ ਅਤੇ ਜਿਨ੍ਹਾਂ ਬੱਸਾਂ ਦੀ ਮੁਨਿਆਦ ਨਿਕਲ ਚੁੱਕੀ ਹੈ ਉਨ੍ਹਾਂ ਨੂੰ ਬੰਦ ਕਰ ਦੇਣਾ ਚਾਹੀਦਾ ਹੈ।



# ਬਾਮਸੇਫ ਵੱਲੋਂ ਕਰਵਾਏ ਜਾ ਰਹੇ ਸਮਾਗਮ 'ਚ ਸੰਗਠਨ ਦੇ ਵਿਸਥਾਰ ਤੇ ਰੁਕਾਵਟਾਂ ਨੂੰ ਦੂਰ ਕਰਨ 'ਤੇ ਹੋਈਆਂ ਵਿਚਾਰਾਂ

**ਫਿਲੌਰ (ਨਿਰਮਲ)** ਬਾਮਸੇਫ ਦਾ ਰਾਸ਼ਟਰੀ ਸੰਮੇਲਨ ਫਿਲੌਰ ਦੇ ਦਾਣਾ ਮੰਡੀ ਵਿਖੇ ਜਾਰੀ ਹੈ।ਰਾਸ਼ਟਰੀ ਸੰਮੇਲਨ ਦਾ ਦੂਜਾ ਦਿਨ ਸੀ ਅਤੇ ਵੱਖ-ਵੱਖ ਵਿਸ਼ਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਬਾਮਸੇਫ ਸੰਗਠਨ ਦੇ ਵਿਸਥਾਰ ਅਤੇ ਰੁਕਾਵਟਾਂ ਨੂੰ ਦੂਰ ਕਰਨ 'ਤੇ ਵਿਆਪਕ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਸੈਸ਼ਨ ਦੀ ਪ੍ਰਧਾਨਗੀ ਐੱਨ ਗੰਗਾਧਰ ਨੇ ਕੀਤੀ। ਦੂਜੇ ਸੈਸ਼ਨ ਵਿੱਚ 'ਆਪਣਾ ਖੁਦ ਦਾ ਲੋਕਤੰਤਰੀ ਵਿਕਲਪ ਬਣਾਓ', 'ਪੰਜਾਬ ਤੋਂ ਬਾਬਾ ਸਾਹਿਬ ਡਾ. ਅੰਬੇਡਕਰ ਦਾ ਮਾਰਗਦਰਸ਼ਨ', ਤੇ 'ਬਾਬਾ ਸਾਹਿਬ ਡਾ. ਅੰਬੇਡਕਰ ਦੀ 27 ਅਕਤੂਬਰ, 1951 ਤੋਂ 29 ਅਕਤੂਬਰ, 1951 ਤੱਕ ਜਲੰਧਰ, ਲੁਧਿਆਣਾ ਅਤੇ ਪਟਿਆਲਾ ਦੀ ਯਾਤਰਾ ਅਤੇ ਇਸ ਯਾਤਰਾ ਦੌਰਾਨ ਉਨ੍ਹਾਂ ਦੁਆਰਾ ਦਿੱਤੇ ਗਏ ਚਾਰ ਮਹੱਤਵਪੂਰਨ ਭਾਸ਼ਣ' ਵਿਸ਼ਿਆਂ 'ਤੇ ਚਰਚਾ ਕੀਤੀ ਗਈ। ਇਨ੍ਹਾਂ ਭਾਸ਼ਣਾਂ ਰਾਹੀਂ, ਬਾਬਾ ਸਾਹਿਬ ਡਾ. ਅੰਬੇਡਕਰ ਨੇ ਬਹੁਜਨ ਸਮਾਜ ਦੇ ਲੋਕਾਂ ਦਾ ਮਾਰਗਦਰਸ਼ਨ ਕੀਤਾ। ਕਈ ਬੁਲਾਰਿਆਂ ਨੇ 'ਪੰਜਾਬ ਵਿੱਚ ਸਮਾਜਿਕ ਇਨਕਲਾਬ ਦਾ ਕਾਰਵਾਂ: ਸਾਡੇ ਪੁਰਖਿਆਂ ਦੀ ਵਿਰਾਸਤ ਅਤੇ ਵਰਤਮਾਨ ਦੀ ਰਾਜਧਾਨੀ 'ਤੇ ਇੱਕ ਡੂੰਘਾ ਪ੍ਰਤੀਬਿੰਬ' ਵਿਸ਼ੇ 'ਤੇ ਆਪਣੇ ਵਿਚਾਰ ਪੇਸ਼ ਕੀਤੇ। ਕ੍ਰਿਸ਼ਨ ਕੁਮਾਰ ਜਾਨੂ, ਸੂਬਾ ਜਨਰਲ ਸਕੱਤਰ, ਜਾਟ ਮਹਾਸਭਾ ਰਾਜਸਥਾਨ, ਐਡਵੋਕੇਟ ਅਸ਼ੋਕ ਬਸੋਤਰਾ, ਹਾਈ ਕੋਰਟ ਜੰਮੂ ਅਤੇ ਕਸ਼ਮੀਰ; ਪ੍ਰੋਫੈਸਰ ਰਮਾਕਾਂਤ ਠਾਕੁਰ, ਹਿੰਦੂ ਕਾਲਜ ਮੁਰਾਦਾਬਾਦ, ਨਿਤਿਨ ਥਬਾਲਕੇ, ਕੇਂਦਰੀ ਕਾਰਜਕਾਰੀ ਮੈਂਬਰ, ਬਾਮਸੇਫ, ਡਾ. ਜਯੋਤੀ ਕਲਿਆਣੀ, ਸਮਾਜਿਕ ਚਿੰਤਕ, ਅੰਮ੍ਰਿਤਸਰ ਅਤੇ ਡਾ. ਅੰਮ੍ਰਿਤ ਕੌਰ, ਸਮਾਜਿਕ ਵਰਕਰ, ਜਲੰਧਰ ਨੇ ਇਨ੍ਹਾਂ ਵਿਸ਼ਿਆਂ 'ਤੇ ਵਰਕਰਾਂ ਨੂੰ ਸੰਬੋਧਨ ਕੀਤਾ। ਮੰਚ ਦਾ ਸੰਚਾਲਨ ਡਾ. ਕਰਮਵੀਰ ਟੰਡਨ, ਕੇਂਦਰੀ ਕਾਰਜਕਾਰੀ ਮੈਂਬਰ, ਬਾਮਸੇਫ ਨੇ ਕੀਤਾ। ਇਸ ਸੈਸ਼ਨ ਦੀ ਪ੍ਰਧਾਨਗੀ ਕਰਦੇ ਹੋਏ, ਬਾਮਸੇਫ ਦੇ ਰਾਸ਼ਟਰੀ ਜਨਰਲ ਸਕੱਤਰ ਰਮਾ ਸ਼ੰਕਰ ਰਾਮ ਨੇ ਕਿਹਾ ਕਿ ਪੰਜਾਬ ਸਮਾਜਿਕ ਕ੍ਰਾਂਤੀ ਦੀ ਧਰਤੀ ਰਿਹਾ ਹੈ ਅਤੇ ਸਮਾਜਿਕ ਤਬਦੀਲੀ ਦੀ ਲਹਿਰ ਸਾਡੇ ਪੁਰਖਿਆਂ ਦੁਆਰਾ ਇੱਥੇ ਸ਼ੁਰੂ ਕੀਤੀ ਗਈ ਸੀ। ਬਾਮਸੇਫ ਉਨ੍ਹਾਂ ਤੋਂ ਪ੍ਰੇਰਨਾ ਲੈਂਦਾ ਹੈ। ਜਿਸ ਤਰ੍ਹਾਂ ਜੋਤੀਬਾ ਫੂਲੇ ਨੇ ਮਹਾਰਾਸ਼ਟਰ ਵਿੱਚ ਸਮਾਜਿਕ ਕ੍ਰਾਂਤੀ ਦਾ ਬਿਗਲ ਵਜਾਇਆ ਅਤੇ ਐਲਾਨ ਕੀਤਾ ਕਿ ਸ਼ੂਦਰ ਅਤੇ ਅਤਿ-ਸ਼ੂਦਰ ਇਸ ਦੇਸ਼ ਦੇ ਮੂਲ ਨਿਵਾਸੀ ਹਨ, ਉਸੇ ਤਰ੍ਹਾਂ ਬਾਬੂ ਮੰਗੂਰਾਮ ਮੁਗੋਵਾਲੀਆ ਨੇ ਆਦਿ ਧਰਮ ਲਹਿਰ ਸ਼ੁਰੂ ਕੀਤੀ। ਸੰਤਰਾਮ ਬੀ.ਏ. ਪੰਜਾਬ ਦੇ ਪ੍ਰਜਾਪਤੀ ਨੇ ਵੀ ਜਾਤੀ ਨਾਸ਼ ਅੰਦੋਲਨ ਵਿੱਚ ਬਾਬਾ ਸਾਹਿਬ ਡਾ. ਅੰਬੇਡਕਰ ਦਾ ਸਮਰਥਨ ਕਰਕੇ ਸਮਾਜਿਕ ਅੰਦੋਲਨ ਅਤੇ ਸਮਾਜਿਕ ਤਬਦੀਲੀ ਦੀ ਧਾਰਾ ਨੂੰ ਮਜ਼ਬੂਤ ਕੀਤਾ। ਸੰਮੇਲਨ ਵਿੱਚ ਬਾਮਸੇਫ ਦੇ ਰਾਸ਼ਟਰੀ ਪ੍ਰਧਾਨ ਆਰ.ਐਲ. ਧਰੁਵ, ਸੰਗਠਨ ਸਕੱਤਰ ਸੰਜੇ ਮੋਹਿਤੇ, ਸ਼ਰਮਿਸ਼ਠਾ ਗੌਤਮ, ਐਮ.ਡੀ. ਚੰਦਨਸ਼ਿਵ, ਮੂਲਨਿਵਾਸੀ ਸਭਾ ਸੰਘ ਦੇ ਰਾਸ਼ਟਰੀ ਪ੍ਰਧਾਨ ਸੁਨੀਲ ਕੁਮਾਰ, ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਡਾ. ਕੇ.ਐਸ. ਚੌਹਾਨ, ਪੁਸ਼ਪਰਾਜ ਦਹੀਵਾਲੇ, ਕੁਲਵਿੰਦਰ ਲਾਲ, ਸੰਗੀਤਾ ਸਿੰਘ, ਬਲਜਿੰਦਰ ਕੌਰ, ਸੋਢੀ ਰਾਮ ਝੱਲੀ, ਸੁਰਿੰਦਰ ਸਿੰਘ, ਅਲੋਕ ਕੁਮਾਰ, ਸੰਧੀਰ ਬੌਧ, ਬੀ.ਡੀ. ਬੋਰਕਰ, ਐਡਵੋਕੇਟ ਸੀ.ਆਰ.ਨਰਵਾਲ, ਆਰ.ਕੇ. ਗਹਿਲਾਵਤ, ਦਯਾਰਾਮ, ਜਾਵੇਦ ਪਾਸ਼ਾ, ਸੁਭਾਸ਼ ਚੰਦਰ ਦਾਸ, ਐੱਸ.ਐੱਸ. ਧੰਮੀ, ਅੰਤਰਰਾਸ਼ਟਰੀ ਜਾਟ ਸੈਨਾ ਦੇ ਸੁਭਾਸ਼ ਚੰਦਰ ਕੁੰਡੂ, ਅਭਿਆਨ ਮੈਗਜ਼ੀਨ ਦੇ ਸੰਪਾਦਕ ਐਡਵੋਕੇਟ ਰਾਜੇਸ਼ ਕਪਾਡੋ, ਬਹੁਜਨ ਸੰਘਰਸ਼ ਦੇ ਸੰਪਾਦਕ ਜਤਿੰਦਰ ਕੁਮਾਰ, ਬਹੁਜਨ ਸੰਘਰਸ਼ ਦੇ ਸੰਪਾਦਕ ਪਵਨ ਗੁਰਦਾਸ ਤੇ ਹੋਰ ਸ਼ਾਮਲ ਸਨ।



# ਡਾ. ਭੀਮ ਰਾਓ ਅੰਬੇਡਕਰ ਦਾ ਪ੍ਰੀਨਿਰਵਾਣ ਦਿਵਸ ਸ਼ਰਧਾ ਪੂਰਵਕ ਮਨਾਇਆ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਡਾ. ਭੀਮ ਰਾਓ ਅੰਬੇਡਕਰ ਸੋਸ਼ਲ ਵੈਲਫੇਅਰ ਸੋਸਾਇਟੀ ਮਹੱਲਾ ਅਸਲਾਮਾਬਾਦ ਵੱਲੋਂ ਸੁਸਾਇਟੀ ਦੇ ਪ੍ਰਧਾਨ ਸੁਰਜੀਤ ਰਾਜਾ, ਜਨਰਲ ਸਕੱਤਰ ਸੁਖਦੇਵ ਸਿੰਘ ਅਤੇ ਸਲਾਹਕਾਰ ਕੁਲਦੀਪ ਕੁਮਾਰ, ਧੰਨਜੀਤ ਅਤੇ ਸਮੂਹ ਮਹੱਲਾ ਨਿਵਾਸੀਆਂ ਵੱਲੋਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦਾ 69ਵਾਂ ਪ੍ਰੀ ਨਿਰਮਾਣ ਦਿਵਸ ਮਹੱਲਾ ਅਸਲਾਮਾਬਾਦ ਦੇ ਜੰਝ ਘਰ ਵਿਖੇ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਮੌਕੇ ਬੋਲਦਿਆਂ ਮਾਸਟਰ ਸੁਰਜੀਤ ਰਾਜਾ , ਮਾਸਟਰ ਸੁਖਦੇਵ ਸਿੰਘ , ਧੰਨਜੀਤ ਅਤੇ ਕੁਲਦੀਪ ਕੁਮਾਰ ਨੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਜੀਵਨ ਅਤੇ ਸੰਘਰਸ਼ ਬਾਰੇ ਵਿਸਤਾਰ ਪੂਰਵਕ ਜਾਣਕਾਰੀ ਦਿੱਤੀ ਤੇ ਆਧੁਨਿਕ ਭਾਰਤ ਵਿੱਚ ਉਨਾਂ ਦੇ ਯੋਗਦਾਨ ਬਾਰੇ ਵਿਸਥਾਰ ਪੂਰਵਕ ਸਾਂਝ ਪਾਈ । ਇਸ ਮੌਕੇ ਬਸਪਾ ਆਗੂ ਮਦਨ ਸਿੰਘ ਬੈਂਸ, ਮਾਸਟਰ ਵਿਜੇ ਕੁਮਾਰ, ਪ੍ਰੋਫੈਸਰ ਮੇਜਰ ਸਿੰਘ ਅਤੇ ਸੁਖਦੇਵ ਰਾਜ ਨੇ ਬਾਬਾ ਸਾਹਿਬ ਦੇ ਸਮਾਜਿਕ, ਆਰਥਿਕ, ਧਾਰਮਿਕ ਤੇ ਰਾਜਨੀਤਿਕ ਯੋਗਦਾਨ ਬਾਰੇ ਮਹੱਤਵਪੂਰਨ ਜਾਣਕਾਰੀ ਸਮੂਹ ਸੰਗਤਾਂ ਨਾਲ ਸਾਂਝੀ ਕੀਤੀ । ਇਸ ਮੌਕੇ ਕੁਲਦੀਪ ਸਿੰਘ ਹੋਬੀ , ਚਰਨਜੀਤ, ਰਜਿੰਦਰ ਕੁਮਾਰ, ਪ੍ਰੋਫੈਸਰ ਮੇਜਰ ਸਿੰਘ, ਕੁਲਵੰਤ ਸਿੰਘ, ਸਤਨਾਮ ਸਿੰਘ, ਗੁਰਪ੍ਰੀਤ ਗੋਪੀ, ਗੌਰਵ, ਹਰਨੇਕ ਸਿੰਘ, ਭੋਲੂ, ਬਲਕਾਰ ਆਦਿ ਹਾਜ਼ਰ ਸਨ।

# ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੀ ਬਰਸੀ ਮੌਕੇ ਪ੍ਰਭਾਵਸ਼ਾਲੀ ਸਮਾਗਮ

**ਜਲੰਧਰ/ਬੁੰਡਾਲਾ (ਨ ਜ ਸ)**- ਇੱਥੇ ਸੀ.ਪੀ.ਆਈ.(ਐਮ) ਦੇ ਜਨਰਲ ਸਕੱਤਰ ਕਾਮਰੇਡ ਐੱਮ ਏ ਬੇਬੀ ਨੇ ਕਿਹਾ ਕਿ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੇ ਬ੍ਰਿਟਿਸ਼ ਸਾਮਰਾਜ ਵਿਰੁੱਧ ਅਣਵੰਡੇ ਭਾਰਤ ਦੀ ਆਜ਼ਾਦੀ ਦੀ ਲੜਾਈ ਤੋਂ ਲੈ ਕੇ ਸਮਾਜਵਾਦੀ ਦੇਸ਼ ਕਿਊਬਾ ਦੀ ਅਮਰੀਕਾ ਸਾਮਰਾਜ ਦੇ ਆਰਥਿਕ ਹਮਲਿਆਂ ਰਾਖੀ ਲਈ ਦ੍ਰਿੜਤਾ ਨਾਲ ਲੜਾਈ ਲੜੀ। ਦੇਸ਼ ਅਤੇ ਦੁਨੀਆਂ ਵਿੱਚ ਫਿਰਕੂ ਫਾਸ਼ੀਵਾਦੀ ਅਤੇ ਸਾਮਰਾਜੀ ਤਾਕਤਾਂ ਦੇ ਮਨਸੂਬੇ ਅਸਫ਼ਲ ਕਰਨ ਲਈ ਜ਼ਮੀਨੀ ਪੱਧਰ 'ਤੇ ਵਿਚਾਰਧਾਰਕ ਲੜਾਈ ਲੜਨ ਵਿੱਚ ਹਮੇਸ਼ਾ ਮੋਹਰੀ ਰੋਲ ਅਦਾ ਕੀਤਾ। ਕਾਮਰੇਡ ਬੇਬੀ ਸੀ ਪੀ ਆਈ (ਐਮ) ਦੇ ਸਾਬਕਾ ਕੌਮੀ ਜਨਰਲ ਸਕੱਤਰ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੇ ਜੱਦੀ ਪਿੰਡ ਬੁੰਡਾਲਾ ਵਿਖੇ 17 ਵੀਂ ਬਰਸੀ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਇਸ ਸਮਾਗਮ ਦੇ ਮੁੱਖ ਮਹਿਮਾਨ ਕਿਊਬਾ ਦੇਸ਼ ਦੇ ਰਾਜਦੂਤ ਕਾਮਰੇਡ ਜੁਆਨ ਕਾਰਲੋਸ ਮਾਰਸਨ ਐਕੂਇਲੇਰਾ ਸਨ। ਇਸ ਮੌਕੇ 'ਤੇ ਪਾਰਟੀ ਦੇ ਪੋਲਿਟ ਬਿਊਰੋ ਮੈਂਬਰ ਕਾਮਰੇਡ ਨਿਲੋਤਪਾਲ ਬਾਸੂ ਅਤੇ ਪੰਜਾਬ ਪਾਰਟੀ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਵੀ ਮੌਜੂਦ ਸਨ।ਸੀ ਪੀ ਆਈ (ਐਮ) ਦੀ ਪੰਜਾਬ ਇਕਾਈ ਵੱਲੋਂ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਦੀ ਅਗਵਾਈ ਵਿੱਚ ਪੰਜ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਾ ਡਰਾਫਟ ਕਿਊਬਾ ਦੇ ਰਾਜਦੂਤ ਕਾਮਰੇਡ ਐਕੂਇਲੇਰਾ ਨੂੰ ਭੇਟ ਕੀਤਾ। ਇਸ ਤੋਂ ਬਿਨਾਂ ਪਾਰਟੀ ਦੀ ਕੇਂਦਰੀ ਕਮੇਟੀ ਨੂੰ ਦੋ ਲੱਖ ਰੁਪਏ ਦਿੱਤੇ ਗਏ। ਕਾਮਰੇਡ ਐੱਮ ਏ ਬੇਬੀ ਨੇ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਾਮਰੇਡ ਸੁਰਜੀਤ ਆਪਣੀ ਪੂਰੀ ਜ਼ਿੰਦਗੀ ਫਿਰਕੂ ਫਾਸ਼ੀਵਾਦੀ ਅਤੇ ਸਾਮਰਾਜੀ ਤਾਕਤਾਂ ਵਿਰੁੱਧ ਲੜਦੇ ਰਹੇ ਹਨ। ਇਸ ਮੌਕੇ 'ਤੇ ਬਰਸੀ ਸਮਾਗਮ ਦੇ ਮੁੱਖ ਮਹਿਮਾਨ ਕਾਮਰੇਡ ਜੁਆਨ ਕਾਰਲੋਸ ਮਾਰਸਨ ਐਕੂਇਲੇਰਾ ਨੇ ਕਿਹਾ ਕਿ ਉਨ੍ਹਾਂ ਨੂੰ ਕਾਮਰੇਡ ਸੁਰਜੀਤ ਦੇ ਜੱਦੀ ਪਿੰਡ ਬੁੰਡਾਲਾ ਆ ਕੇ ਬਹੁਤ ਖ਼ੁਸ਼ੀ ਹੋਈ ਹੈ। ਸਮਾਗਮ ਦੌਰਾਨ ਸੀ ਪੀ ਆਈ (ਐੱਮ) ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਬੋਲਦਿਆਂ ਕਿਹਾ ਕਿ ਕਾਮਰੇਡ ਸੁਰਜੀਤ ਨੇ ਆਪਣਾ ਸਿਆਸੀ ਜੀਵਨ 15-16 ਸਾਲਾਂ ਦੀ ਉਮਰ ਵਿੱਚ ਸੰਨ 1931-32 ਵਿੱਚ ਸ਼ੁਰੂ ਕੀਤਾ ਅਤੇ ਅੰਤਿਮ ਸਾਹਾਂ ਤੱਕ ਫਿਰਕੂ ਫਾਸ਼ੀਵਾਦੀ ਅਤੇ ਸਾਮਰਾਜੀ ਤਾਕਤਾਂ ਵਿਰੁੱਧ ਡੱਟ ਕੇ ਲੜਦੇ ਰਹੇ ਹਨ। ਆਖਿਰ ਵਿਚ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਸੀ ਪੀ ਆਈ (ਐੱਮ) ਯੂਨਿਟ ਦਾ ਬਰਸੀ ਸਮਾਗਮ ਦੇ ਪ੍ਰਬੰਧ ਲਈ ਵਿਸ਼ੇਸ ਧੰਨਵਾਦ ਕੀਤਾ ਗਿਆ। ਇਸ ਸਮਾਗਮ ਨੂੰ ਸੀ.ਪੀ.ਆਈ. ਦੇ ਸੀਨੀਅਰ ਆਗੂ ਕਾਮਰੇਡ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖ਼ਤਪੁਰਾ, ਪੰਜਾਬ ਕਾਂਗਰਸ ਦੇ ਸੀਨੀਅਰ ਆਗੂਆਂ ਪ੍ਰਗਟ ਸਿੰਘ ਐੱਮ ਐੱਲ ਏ, ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆਂ ਐੱਮ ਐੱਲ ਏ, ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸੀਨੀਅਰ ਮੀਤ ਪ੍ਰਧਾਨ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਵੀ ਸੰਬੋਧਨ ਕੀਤਾ। ਇਸ ਮੌਕੇ 'ਤੇ ਪਾਰਟੀ ਦੇ ਬਜ਼ੁਰਗ ਕਾਮਰੇਡ ਮੋਹਨ ਸਿੰਘ ਜ਼ਿਲ੍ਹਾ ਪਠਾਨਕੋਟ (ਉਮਰ ਕਰੀਬ 90 ਸਾਲ) ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਇਸ ਮੌਕੇ 'ਤੇ ਤਿੰਨੋਂ ਸ਼ਖ਼ਸੀਅਤਾਂ ਕਾਮਰੇਡ ਐਮ.ਏ. ਬੇਬੀ , ਕਾਮਰੇਡ ਨਿਲੋਤਪਾਲ ਬਾਸੂ ਅਤੇ ਕਾਮਰੇਡ ਐਕੂਇਲੇਰਾ ਦਾ ਵੀ ਸਨਮਾਨ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਪਾਰਟੀ ਦੇ ਸੂਬਾਈ ਆਗੂਆਂ ਕਾਮਰੇਡ ਭੂਪ ਚੰਦ ਚੰਨੋਂ ਅਤੇ ਕਾਮਰੇਡ ਮੇਜਰ ਸਿੰਘ ਭਿੱਖੀਵਿੰਡ ਨੇ ਕੀਤੀ। ਸਮਾਗਮ ਦੇ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਪਾਰਟੀ ਦੇ ਸੂਬਾ ਸਕੱਤਰੇਤ ਮੈਂਬਰ ਅਤੇ ਜ਼ਿਲ੍ਹਾ ਜਲੰਧਰ-ਕਪੂਰਥਲਾ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਖਪ੍ਰੀਤ ਸਿੰਘ ਜੌਹਲ ਨੇ ਨਿਭਾਈ।ਇਸ ਮੌਕੇ 'ਤੇ ਸੀ ਪੀ ਆਈ (ਐੱਮ) ਦੇ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਗੁਰਦਰਸ਼ਨ ਸਿੰਘ ਖਾਸਪੁਰ, ਕਾਮਰੇਡ ਗੁਰਨੇਕ ਸਿੰਘ ਭੱਜਲ, ਕਾਮਰੇਡ ਸਤਨਾਮ ਸਿੰਘ ਬੜੈਚ, ਕਾਮਰੇਡ ਸਵਰਨਜੀਤ ਸਿੰਘ ਦਲਿਓ, ਕਾਮਰੇਡ ਜਤਿੰਦਰਪਾਲ ਸਿੰਘ, ਕਾਮਰੇਡ ਪਰਸ਼ੋਤਮ ਲਾਲ ਬਿਲਗਾ , ਕਾਮਰੇਡ ਬਲਜੀਤ ਸਿੰਘ ਗਰੇਵਾਲ ਤੋਂ ਇਲਾਵਾ ਕਾਮਰੇਡ ਵਰਿੰਦਰਪਾਲ ਸਿੰਘ ਕਾਲਾ ਆਦਿ ਮੌਜੂਦ ਸਨ।



- **ਕਾਮਰੇਡ ਸੁਰਜੀਤ ਫਿਰਕੂ ਫਾਸ਼ੀਵਾਦੀ ਤੇ ਸਾਮਰਾਜੀ ਤਾਕਤਾਂ ਵਿਰੁੱਧ ਡਟ ਕੇ ਲੜਦੇ ਰਹੇ : ਐੱਮ ਏ ਬੇਬੀ**

# ਨੌਜਵਾਨ ਪੀੜ੍ਹੀ ਏਡਜ਼ ਦੇ ਭਿਆਨਕ ਨਤੀਜੀਆਂ ਤੋਂ ਖ਼ੌਫ ਖਾਵੇ : ਸੰਧੂ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੇ ਪ੍ਰਧਾਨ ਲਾਇਨ ਦਿਨਕਰ ਸੰਧੂ ਨੇ ਆਪਣਾ ਜਨਮ ਦਿਨ ਏਡਜ਼ ਵਰਗੀ ਭਿਆਨਕ ਬਿਮਾਰੀ ਤੋਂ ਲੋਕਾਂ ਨੂੰ ਜਾਗਰੂਕ ਕਰਨ ਦੇ ਇਰਾਦੇ ਨਾਲ ਅਸ਼ੋਕ ਬਬਿਤਾ ਸੰਧੂ ਪੈਟਰੋਲੀਅਮ ਚੂਹੇਕੀ ਵਿਖੇ ਪੈਟਰੋਲ ਪੰਪ 'ਤੇ ਮਨਾਇਆ। ਕਲੱਬ ਪ੍ਰਧਾਨ ਨੇ ਜਿੱਥੇ ਚਾਵਾਂ ਸੱਧਰਾਂ ਨਾਲ ਕੇਕ ਕੱਟਿਆ ਉੱਥੇ ਲੋਕ ਕਲਿਆਣ ਹਿੱਤ ਸੈਂਕੜੇ ਲੋਕਾਂ ਦੇ ਰੈੱਡ ਰਿਬਨ ਲਗਾਕੇ ਆਪਣੇ ਡਿਸਟ੍ਰਿਕ 32-ਡੀ ਦੇ ਅਫਸਰ ਹੋਣ ਦਾ ਫਰਜ਼ ਵੀ ਨਿਭਾਇਆ। ਉਹਨਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਏਡਜ਼ ਤੋਂ ਖਾਸ ਤੌਰ 'ਤੇ ਸਾਵਧਾਨ ਰਹਿਣਾ ਚਾਹੀਦਾ ਹੈ ਤੇ ਇਸ ਦੇ ਭਿਆਨਕ ਨਤੀਜਿਆਂ ਤੋਂ ਖ਼ੌਫ ਖਾਣਾ ਚਾਹੀਦਾ ਹੈ। ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਅਤੇ ਕਲੱਬ ਦੇ ਚਾਰਟਰ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੇ ਸਰਕਾਰਾਂ ਪ੍ਰਤੀ ਆਪਣਾ ਰੋਸ ਦਰਜ ਕਰਵਾਉਂਦਿਆਂ ਕਿਹਾ ਕਿ ਏਡਜ਼ ਦੀ ਬਿਮਾਰੀ ਇੱਕ ਲਾਇਲਾਜ਼ ਬਿਮਾਰੀ ਹੈ ਅਤੇ ਏਡਜ਼ ਦਾ ਰੋਗੀ ਤੜਫ-ਤੜਫ ਕੇ ਖੁਦ ਹੀ ਨਹੀਂ ਮਰਦਾ ਬਲਕਿ ਸਗੋਂ ਕਈ ਘਰ ਬਰਬਾਦ ਕਰ ਦਿੰਦਾ ਹੈ। ਸਰਕਾਰਾਂ ਨੂੰ ਚਾਹੀਦਾ ਹੈ ਏਡਜ਼ ਤੋਂ ਬਚਣ ਦਾ ਪ੍ਰਚਾਰ ਜੰਗੀ ਪੱਧਰ 'ਤੇ ਕਰਨ। ਏਡਜ਼ ਜਾਗਰੂਕਤਾ ਪ੍ਰੋਗਰਾਮ ਵਿੱਚ ਪਰਵੀਨ ਰਾਣੀ ਸੰਧੂ ਕੈਨੇਡਾ, ਸੁਨੀਤਾ ਦੇਵੀ, ਮਿਸ ਪ੍ਰਿਯੰਕਾ ਸੰਧੂ, ਰਿਸ਼ੀ ਸੰਧੂ ਮਨੀਲਾ, ਸੁਰਜੀਤ ਸਿੰਘ, ਸਰਬਜੀਤ ਕੌਰ, ਮਨੋਜ ਸੰਧੂ, ਰਮਾ ਸੋਖਲ, ਜਸਦੀਪ ਸਿੱਧੂ, ਸਿਮਰਨ ਸਿੱਧੂ ਤੋਂ ਇਲਾਵਾ ਕਲੱਬ ਦੇ ਅਫਸਰ ਲਾਇਨ ਆਂਚਲ ਸੰਧੂ ਸੋਖਲ ਇਮੀਡੇਟ ਕਲੱਬ ਪ੍ਰਧਾਨ, ਲਾਇਨ ਜਸਪ੍ਰੀਤ ਕੌਰ ਸੰਧੂ ਸੈਕਟਰੀ, ਲਾਇਨ ਬਬਿਤਾ ਸੰਧੂ ਟਰੈਜਰਰ ਨੇ ਉਚੇਚੇ ਤੌਰ ਲੋਕਾਂ ਨੂੰ ਏਡਜ਼/ਐਚ.ਆਈ.ਵੀ ਤੋਂ ਬਚਣ ਦਾ ਹੋਕਾ ਦਿੱਤਾ। ਸਮਾਜ ਸੇਵੀ ਲਾਇਨ ਸੀਤਾ ਰਾਮ ਸੋਖਲ ਨੇ ਦੀਪ ਜਗਾਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਨੰਨ੍ਹੇ ਮੁੰਨ੍ਹੇ ਬੱਚਿਆਂ ਗੁਰਛਾਇਆ ਸੋਖਲ, ਗੁਰਅੰਸ਼ ਸੋਖਲ ਅਤੇ ਸ਼ਿਵਵੰਸ਼ ਸੰਧੂ ਨੇ ਐਚ ਆਈ ਵੀ/ਏਡਜ਼ ਤੋਂ ਬਚੇ ਰਹਿਣ ਲਈ ਹੱਥਾਂ ਵਿੱਚ ਸਲੋਗਨ ਫੜ੍ਹਕੇ ਵੱਡਮੁੱਲਾ ਯੋਗਦਾਨ ਪਾਇਆ। ਕਲੱਬ ਦੇ ਅਫਸਰ ਲਾਇਨ ਸੋਮਿਨਾਂ ਸੰਧੂ ਸਾਬਕਾ ਕਲੱਬ ਪ੍ਰਧਾਨ, ਲਾਇਨ ਰਣਜੀਤ ਸਿੰਘ ਪੀ ਆਰ ਓ, ਕਲੱਬ ਦੇ ਚੇਅਰਪਰਸਨ ਲਾਇਨ ਯੋਗੇਸ਼ ਗੁਪਤਾ ਐਡਵੋਕੇਟ ਅਤੇ ਵਿਸ਼ੂ ਗੁਪਤਾ ਨੇ ਵੀ ਸਰਬੱਤ ਦੇ ਭਲੇ ਲਈ ਆਪਣੀਆਂ ਸ਼ੁੱਭਕਾਮਨਾਵਾਂ ਦਿੱਤੀਆਂ।



# ਸਾਹਿਤ ਕਲਾ ਕੇਂਦਰ ਵੱਲੋਂ ਸ਼ਾਇਰਾ ਸਿਮਰਨਜੋਤ ਮਾਨ ਤੇ ਕਵੀ ਸੰਦੀਪ ਸ਼ਰਮਾ ਸਨਮਾਨਤ

**ਜਲੰਧਰ (ਕੇਸਰ)**- ਸਾਹਿਤ ਕਲਾ ਕੇਂਦਰ ਜਲੰਧਰ ਵਲੋਂ ਸਾਲਾਨਾ ਮਾਤਾ ਪ੍ਰੀਤਮ ਕੌਰ ਕਲਹਰ ਐਵਾਰਡ ਨਾਲ ਸ਼ਾਇਰਾ ਸਿਮਰਨਜੋਤ ਮਾਨ ਤੇ ਵਿਲੱਖਣ ਅੰਦਾਜ਼ ਵਾਲੇ ਸ਼ਾਇਰ ਸੰਦੀਪ ਸ਼ਰਮਾ ਨੂੰ ਸਨਮਾਨਤ ਕੀਤਾ ਗਿਆ। ਸਾਈਂਦਾਸ ਐਂਗਲੋ ਸੰਸਕ੍ਰਿਤ ਸੈਕੰਡਰੀ ਸਕੂਲ ਵਿਖੇ ਆਯੋਜਿਤ ਸਾਹਿਤਕ ਸਮਾਗਮ ਵਿਚ ਇਨ੍ਹਾਂ ਦੋ ਕਾਵਿ ਕਲਮਾਂ ਨੂੰ ਸਨਮਾਨਤ ਕਰਦਿਆਂ ਇਨ੍ਹਾਂ ਦੀ ਕਾਵਿ ਕਲਾ 'ਤੇ ਵਿਚਾਰ ਚਰਚਾ ਕੀਤੀ ਗਈ। ਸਮਾਗਮ ਦੇ ਮੁੱਖ ਮਹਿਮਾਨ ਕਹਾਣੀਕਾਰ ਜਿੰਦਰ, ਵਿਸ਼ੇਸ਼ ਮਹਿਮਾਨ ਜੁਝਾਰ ਵਿਦਰੋਹੀ ਕਾਵਿ ਧਾਰਾ ਦੇ ਉੱਘੇ ਸ਼ਾਇਰ ਰਵਿੰਦਰ ਸਹਿਰਾਅ ਦੇ ਨਾਲ ਬਲਬੀਰ ਸਿੰਘ ਕਲਹਰ, ਲਾਲ ਸਿੰਘ ਧਾਲੀਵਾਲ, ਇੰਜੀਨੀਅਰ ਹਰਜਿੰਦਰ ਸਿੰਘ ਮਿਨਹਾਸ ਅਤੇ ਦੋਨੋ ਸਨਮਾਨਿਤ ਹਸਤੀਆਂ ਸ਼ਾਮਲ ਸਨ। ਸਿਮਰਨਜੋਤ ਮਾਨ ਤੇ ਸੰਦੀਪ ਸ਼ਰਮਾ ਦੀ ਕਵਿਤਾ ਬਾਰੇ ਉੱਘੇ ਸ਼ਾਇਰ ਅਤੇ ਚਿੰਤਕ ਡਾ. ਜਗਵਿੰਦਰ ਜੋਧਾ ਨੇ ਭਾਵਪੂਰਤ ਜਾਣਕਾਰੀ ਦਿੱਤੀ। ਦੋਨਾਂ ਸ਼ਾਇਰਾਂ ਨੂੰ ਨਗਦ ਇਨਾਮ, ਸਮ੍ਰਿਤੀ ਚਿੰਨ੍ਹ ਅਤੇ ਸ਼ਾਲ ਨਾਲ ਸਨਮਾਨਤ ਕੀਤਾ ਗਿਆ। ਸਮਾਗਮ ਵਿਚ ਸੁਆਗਤੀ ਸ਼ਬਦ ਲਾਲ ਸਿੰਘ ਧਾਲੀਵਾਲ ਹੋਰਾਂ ਨੇ ਕਹੇ। ਮੰਚ ਸੰਚਾਲਨ ਸਾਹਿਤ ਕਲਾ ਦੇ ਪ੍ਰਧਾਨ ਡਾ. ਗੋਪਾਲ ਸਿੰਘ ਬੁੱਟਰ ਨੇ ਕੀਤਾ। ਇਸ ਸਮੇਂ ਪ੍ਰਬੋਧ ਕਾਫ਼ਰ, ਪ੍ਰਿੰਸੀਪਲ ਰਾਕੇਸ਼ ਸ਼ਰਮਾ, ਨਰਿੰਦਰਪਾਲ ਕੰਗ, ਡਾ. ਜਗਵਿੰਦਰ ਜੋਧਾ ਅਤੇ ਰਵਿੰਦਰ ਸਹਿਰਾਅ ਨੇ ਆਪਣਾ ਕਲਾਮ ਵੀ ਪ੍ਰਸਤੁਤ ਕੀਤਾ। ਸਮਾਗਮ ਵਿਚ ਮਿੱਤਰ ਅਵਤਾਰ, ਨੀਰੂ ਸਹਿਰਾਅ, ਕੰਗ ਪਰਿਵਾਰ, ਕਲਹਰ ਪਰਵਾਰ ਤੇ ਹੋਰ ਉਘੇ ਨਾਗਰਿਕ ਸ਼ਾਮਲ ਹੋਏ। ਸਮਾਗਮ ਦੇ ਅਖੀਰ ਵਿਚ ਕੇਂਦਰ ਦੇ ਜਨਰਲ ਸਕੱਤਰ ਨਰਿੰਦਰਪਾਲ ਸਿੰਘ ਕੰਗ ਨੇ ਆਏ ਸੱਜਣਾਂ ਦਾ ਧੰਨਵਾਦ ਕੀਤਾ।



# ਅੱਖਾਂ ਦੀ ਮੁਫ਼ਤ ਜਾਂਚ ਦਾ ਕੈਂਪ ਲਗਾਇਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਮੇਜਰ ਮਨਦੀਪ ਸਿੰਘ ਵੈਲਫੇਅਰ ਸੋਸਾਇਟੀ ਰਜਿਸਟਰਡ ਨਵਾਂ ਸ਼ਹਿਰ ਵੱਲੋਂ ਸ਼ਹੀਦ ਦੀ ਯਾਦ ਨੂੰ ਤਾਜ਼ਾ ਕਰਦਿਆਂ ਮੇਜਰ ਮਨਦੀਪ ਸਿੰਘ ਦੀ ਚੌਥੀ ਬਰਸੀ ਮੌਕੇ ਮੂਸਾਪੁਰ ਰੋਡ ਸਥਿਤ ਅੰਬੇਡਕਰ ਮਾਡਲ ਸਕੂਲ ਵਿਖੇ ਅੱਖਾਂ ਦੀ ਮੁਫ਼ਤ ਜਾਂਚ ਦਾ ਕੈਂਪ ਲਗਾਇਆ ਗਿਆ। ਇਸ ਮੌਕੇ ਤੇ ਨਰੋਆ ਪੰਜਾਬ ਦੇ ਸਰਪ੍ਰਸਤ ਬਰਜਿੰਦਰ ਸਿੰਘ ਹੁਸੈਨਪੁਰ ਨੇ ਪਰਵਾਰ ਸਮੇਤ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਕੈਂਪ ਦਾ ਰਸਮੀ ਉਦਘਾਟਨ ਕੀਤਾ। ਉਦਘਾਟਨ ਦੀ ਸ਼ੁਰੂਆਤ ਸ਼ਹੀਦ ਮੇਜਰ ਮਨਦੀਪ ਸਿੰਘ ਦੀ ਤਸਵੀਰ ਤੇ ਫੁੱਲ ਅਰਪਿਤ ਕਰਕੇ ਸ਼ਰਧਾਂਜਲੀ ਦਿੱਤੀ ਗਈ। ਮੁੱਖ ਮਹਿਮਾਨ ਬਰਜਿੰਦਰ ਸਿੰਘ ਹੁਸੈਨਪੁਰ ਅਤੇ ਸੁਸਾਇਟੀ ਵੱਲੋਂ ਮੇਜਰ ਮਨਦੀਪ ਸਿੰਘ ਦੀ ਤਸਵੀਰ ਵਾਲਾ 2026 ਦਾ ਕੈਲੰਡਰ ਜਾਰੀ ਕੀਤਾ ਗਿਆ। ਕੈਂਪ ਦੌਰਾਨ ਅੱਖਾਂ ਦੇ ਮਾਹਿਰ ਡਾਕਟਰ ਦਵਿੰਦਰ ਕੁਮਾਰ ਢਾਂਡਾ ਤੇ ਉਨ੍ਹਾਂ ਦੀ ਸਮੁੱਚੀ ਟੀਮ ਨੇ 343 ਮਰੀਜ਼ਾਂ ਦੀ ਦੀਆਂ ਅੱਖਾਂ ਦੀ ਜਾਂਚ ਕੀਤੀ ਅਤੇ ਸਾਰੇ ਲੋੜਮੰਦ ਮਰੀਜ਼ਾਂ ਨੂੰ ਮੁਕਤ ਵਿੱਚ ਦਵਾਈ ਦਿੱਤੀ ਗਈ। ਕੈਂਪ ਦੌਰਾਨ 280 ਮਰੀਜ਼ਾਂ ਨੂੰ ਐਨਕਾਂ ਮੁਫ਼ਤ ਦਿੱਤੀਆਂ ਗਈਆਂ ਅਤੇ 255 ਮਰੀਜ਼ ਆਪਰੇਸ਼ਨ ਲਈ ਚੁਣੇ ਗਏ। ਕੈਂਪ ਦੌਰਾਨ ਸੁਸਾਇਟੀ ਦੇ ਪ੍ਰਧਾਨ ਦਿਲਬਾਗ ਸਿੰਘ ਸੇਵਾ ਮੁਕਤ ਜ਼ਿਲ੍ਹਾ ਸਿੱਖਿਆ ਅਫਸਰ ਨੇ ਸੁਸਾਇਟੀ ਵੱਲੋਂ ਨਿਭਾਈਆਂ ਜਾਣ ਵਾਲੀਆਂ ਸੇਵਾਵਾਂ ਬਾਰੇ ਵਿਸਤਾਰ ਪੂਰਵਕ ਜਾਣਕਾਰੀ ਦਿੱਤੀ। ਪੂਰੇ ਕੈਂਪ ਦਾ ਮੰਚ ਸੰਚਾਲਨ ਸੇਵਾ ਮੁਕਤ ਲੈਕਚਰਾਰ ਬਲਵੀਰ ਕੁਮਾਰ ਨੇ ਬਾਖੂਬੀ ਕੀਤਾ। ਕੈਂਪ ਦੌਰਾਨ ਸ਼ਹੀਦ ਦੇ ਪਰਵਾਰਿਕ ਮੈਂਬਰ ਜਿਨ੍ਹਾਂ ਵਿਚ ਹਰਬੰਸ ਕੌਰ ਸ਼ਹੀਦ ਦੇ ਮਾਤਾ,ਸੂਬੇਦਾਰ ਬਲਦੇਵ ਸਿੰਘ (ਤਾਇਆ), ਡਾਕਟਰ ਹੇਮਪ੍ਰੀਤ ਕੌਰ (ਪਤਨੀ), ਅੱਵਲ ਜੋਤ ਸਿੰਘ (ਪੁੱਤਰ)ਅਤੇ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਜਿਨ੍ਹਾਂ ਵਿੱਚ ਸ਼੍ਰੀ ਗੁਰੂ ਰਾਮਦਾਸ ਸੇਵਾ ਸੋਸਾਇਟੀ ਨਵਾਂਸ਼ਹਿਰ, ਭਗਤ ਪੂਰਨ ਸਿੰਘ ਲੋਕ ਸੇਵਾ ਟਰਸਟ ਬਰਨਾਲਾ ਕਲਾਂ, ਬਲੱਡ ਡੋਨਰਜ਼ ਕੌਂਸਲ ਨਵਾਂ ਸ਼ਹਿਰ, ਰੋਟਰੀ ਕਲੱਬ ਨਵਾਂ ਸ਼ਹਿਰ, ਸੜਕ ਸੁਰੱਖਿਆ ਜਾਗਰੂਕਤਾ ਸੋਸਾਇਟੀ ਨਵਾਂ ਸ਼ਹਿਰ, ਸ੍ਰੀ ਗੁਰੂ ਰਵਿਦਾਸ ਵੈਲਫੇਅਰ ਟਰਸਟ,ਉਪਕਾਰ ਕੋਆਰਡੀਨੇਸ਼ਨ ਸੁਸਾਇਟੀ ਨਵਾਂਸ਼ਹਿਰ, ਰਵਿਦਾਸ ਵੈਲਫੇਅਰ ਸੁਸਾਇਟੀ ਸੜੋਆ ਤੇ ਹੋਰ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੇ ਮੋਹਤਬਰ ਮੈਂਬਰਾਂ ਦਾ ਵਿਸ਼ੇਸ਼ ਸਹਿਯੋਗ ਰਿਹਾ ਅਤੇ ਸੋਸਾਇਟੀ ਵੱਲੋਂ ਇਨ੍ਹਾਂ ਸਮਾਜ ਸੇਵੀ ਸੰਸਥਾਵਾਂ ਦੇ ਮੁਖੀਆਂ ਨੂੰ ਸਨਮਾਨ ਚਿੰਨ ਦਿੱਤੇ ਗਏ। ਮੇਜਰ ਮਨਦੀਪ ਸਿੰਘ ਵੈਲਫੇਅਰ ਸੋਸਾਇਟੀ ਵੱਲੋਂ ਲੋੜਵੰਦ ਮਰੀਜ਼ਾਂ ਅਤੇ ਇਹਨਾਂ ਦੇ ਆਸ਼ਰਿਤਾਂ ਲਈ ਸਵੇਰ ਤੋਂ ਹੀ ਚਾਹ ਪਕੌੜੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।ਇਸ ਮੌਕੇ ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ ਨਾਜਰ ਰਾਮ ਮਾਨ, ਸੁਖਵਿੰਦਰ ਸਿੰਘ ਥਾਂਦੀ, ਗੁਰਿੰਦਰ ਸਿੰਘ ਤੂਰ, ਜਸਪਾਲ ਸਿੰਘ ਗਿੱਦਾ, ਹਰਪ੍ਰਭਮਹਿਲ ਸਿੰਘ, ਗੁਰਦਿਆਲ ਮਾਨ ਪ੍ਰਧਾਨ ਪੁਰਾਣੀ ਪੈਨਸ਼ਨ ਬਹਾਲੀ ਕਮੇਟੀ, ਵੱਖ ਵੱਖ ਵਾਰਡਾਂ ਦੇ ਕੌਂਸਲਰ ਜਿਨ੍ਹਾਂ ਵਿੱਚ ਮੱਖਣ ਸਿੰਘ ਗਰੇਵਾਲ, ਪਰਮ ਸਿੰਘ ਖਾਲਸਾ ,ਮੱਲ ਸਿੰਘ ਤੇ ਜੋਗਿੰਦਰ ਸਿੰਘ ਲੁਧਿਆਣਾ, ਅਸ਼ੋਕ ਕੁਮਾਰ ਐਸ ਡੀ ਓ ਬਿਜਲੀ ਬੋਰਡ,ਮੋਹਨ ਸਿੰਘ ਮੱਲ ਅਸਟ੍ਰੇਲੀਆ, ਮਲਕੀਅਤ ਕੌਰ ਮੱਲ, ਸਤਪਾਲ ਸਾਹਲੋਂ, ਪਰਮਜੀਤ ਮਹਾਲੋਂ, ਸੁਰਜੀਤ ਬਾਲੀ, ਗੁਰਮੇਲ ਸਿੰਘ, ਸਤਿੰਦਰਜੀਤ ਸਿੰਘ, ਅਵਤਾਰ ਸਿੰਘ ਘਮੌਰ, ਜਸਪਾਲ ਸਿੰਘ ਬਲਾਚੌਰ, ਗਗਨਦੀਪ ਸਿੰਘ, ਪ੍ਰਭਜੋਤ ਕੌਰ ਰੋਪੜ, ਅਮਰਜੀਤ ਸਿੰਘ, ਸੁਪਰਡੈਂਟ ਜੀਵਨ ਲਾਲ, ਮਨਜੀਤ ਕੌਰ, ਮਹਿੰਦਰ ਸਿੰਘ ਐਸ ਐਚ ਓ, ਮੁੱਖ ਅਧਿਆਪਕ ਪਰਵਿੰਦਰ ਸਿੰਘ ਭੰਗਲ ਸਟੇਟ ਐਵਾਰਡ ਜੇਤੂ,ਰਾਜ ਰਾਣੀ ਰੋਪੜ, ਬਲਰਾਜ ਸਿੰਘ ਕੈਨੇਡਾ, ਮਹਿੰਦਰ ਸਿੰਘ ਬੜਵਾ,ਲੈਕਚਰਾਰ ਸੁਧਾ ਮੱਲ,ਚਮਨ ਸਿੰਘ ਘਮੌਰ, ਗਗਨਦੀਪ ਸਿੰਘ ਗੱਗੀ ਘਮੌਰ, ਮਨਜੀਤ ਸਿੰਘ ਮੰਨਾ ਘਮੌਰ ਆਦਿ ਤੋਂ ਇਲਾਵਾ ਹੋਰ ਪ੍ਰਮੁੱਖ ਸਖ਼ਸ਼ੀਅਤਾਂ ਤੇ ਪਤਵੰਤੇ ਹਾਜਰ ਰਹੇ।



# ਜੰਗਲਾਤ ਵਿਭਾਗ ਨੇ 12 ਲੱਖ ਤੋਂ ਵੱਧ ਬੂਟੇ ਲਗਾਏ

**ਚੰਡੀਗੜ੍ਹ (ਗੁਰਜੀਤ ਬਿੱਲਾ)**- 'ਗਰੀਨਿੰਗ ਪੰਜਾਬ ਮਿਸ਼ਨ' ਤਹਿਤ ਸੂਬੇ ਵਿੱਚ ਮੌਜੂਦਾ ਜੰਗਲਾਂ ਅਤੇ ਰੁੱਖਾਂ ਹੇਠਲੇ ਰਕਬੇ ਦੀ ਸਾਂਭ-ਸੰਭਾਲ, ਵਿਕਾਸ ਅਤੇ ਵਾਧੇ ਨੂੰ ਹੁਲਾਰਾ ਦੇਣ ਲਈ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਦੀ ਅਗਵਾਈ ਹੇਠ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਵੱਲੋਂ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਹੈ। ਵਿਭਾਗ ਨੇ ਪੰਜਾਬ ਵਿੱਚ ਹਰਿਆਵਲ ਨੂੰ ਵਧਾਉਣ ਦੇ ਆਪਣੇ ਯਤਨਾਂ ਤਹਿਤ ਸੂਬੇ ਭਰ ਵਿੱਚ ਵੱਖ-ਵੱਖ ਯੋਜਨਾਵਾਂ ਅਧੀਨ ਬੂਟੇ ਲਗਾਏ ਹਨ।ਕਈ ਨਵੀਆਂ ਪਹਿਲਕਦਮੀਆਂ ਤਹਿਤ 12,55,700 ਬੂਟੇ ਲਗਾਏ ਗਏ ਹਨ। ਇਨ੍ਹਾਂ ਵਿੱਚ ਸ਼ਹਿਰੀ ਜੰਗਲਾਤ ਅਧੀਨ ਲਗਾਏ ਗਏ 3,31,000 ਪੌਦੇ ਸ਼ਾਮਲ ਹਨ, ਜਿਨ੍ਹਾਂ ਵਿੱਚ ਸੰਸਥਾਗਤ ਜ਼ਮੀਨ 'ਤੇ ਪੌਦੇ ਲਗਾਉਣਾ ਅਤੇ ਐਗਰੋ ਫਾਰੈਸਟਰੀ (ਲਿੰਕ ਸੜਕਾਂ ਦੇ ਨਾਲ ਲਗਦੇ ਦੇ ਖੇਤਾਂ ਵਿੱਚ ਇੱਕ ਕਤਾਰ ਵਿੱਚ ਪੌਦੇ ਲਗਾਉਣਾ), 2,50,000 ਪੋਪਲਰ/ਡਰੇਕ ਅਤੇ 3,00,000 ਸਫੈਦੇ ਦੇ ਰੁੱਖ ਸ਼ਾਮਿਲ ਹਨ। ਇਸ ਤੋਂ ਇਲਾਵਾ, ਕੰਡਿਆਲੀ ਤਾਰ ਲਗਾ ਕੇ ਪਵਿੱਤਰ ਵਣ ਵਿਕਸਤ ਕਰਨ ਦੇ ਨਾਲ-ਨਾਲ ਕੰਡਿਆਲੀ ਤਾਰ ਨਾਲ 'ਨਾਨਕ ਬਗੀਚੀਆਂ' ਵਿਕਸਿਤ ਕਰਨ ਦੇ ਹਿੱਸੇ ਵਜੋਂ 20,800 ਪੌਦੇ ਲਗਾਏ ਗਏ ਹਨ। ਇਸ ਦੇ ਨਾਲ ਹੀ ਉਦਯੋਗਿਕ ਸੰਸਥਾਨਾਂ ਵਿਖੇ 46,500 ਬੂਟੇ ਲਗਾਏ ਗਏ ਹਨ, ਜਦੋਂ ਕਿ ਸਕੂਲਾਂ ਵਿੱਚ 1,44,500 ਬੂਟੇ ਲਗਾਏ ਗਏ ਹਨ। ਇਸ ਤੋਂ ਇਲਾਵਾ, 1,62,900 ਲੰਬੇ ਪੌਦੇ ਵੀ ਲਗਾਏ ਗਏ ਹਨ।

# ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਕਾਂਗਰਸ ਵੱਡੇ ਫਰਕ ਨਾਲ ਜਿੱਤੇਗੀ : ਕਲਸੀ, ਚਾਹਲ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਆਗਾਮੀ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਅਹਿਮ ਚੋਣਾਂ ਦੀ ਸਫ਼ਲਤਾ ਨੂੰ ਯਕੀਨੀ ਬਣਾਉਣ ਲਈ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਐਨ, ਆਰ ਆਈ ਸੀਨੀਅਰ ਕਾਗਰਸੀਂ ਆਗੂ ਨਛੱਤਰ ਕਲਸੀ ਯੂਕੇ, ਸੀਨੀਅਰ ਕਾਗਰਸੀਂ ਆਗੂ ਪਰਮਜੀਤ ਚਾਹਲ ਨੇ ਕਿਹਾ ਕਿ ਇਹ ਚੋਣਾਂ ਸਾਡੇ ਪਿੰਡਾਂ ਅਤੇ ਮੁਹੱਲਿਆਂ ਦੇ ਵਿਕਾਸ ਦੀ ਨੀਂਹ ਰੱਖਣ ਦਾ ਮਹੱਤਵਪੂਰਨ ਮੌਕਾ ਹੈ। ਉਹਨਾਂ ਦੱਸਿਆ ਕਿ ਜਦੋਂ ਕਾਂਗਰਸ ਪਾਰਟੀ ਸੇਵਾ ਵਿੱਚ ਸੀ, ਤਾਂ ਹਲਕਾ ਨਕੋਦਰ ਵਿਕਾਸ ਵਿਕਾਸ ਦੇ ਮਾਮਲੇ ਵਿੱਚ ਮੋਹਰੀ ਸੀ, ਪਰ ਪਿਛਲੇ 4 ਸਾਲਾਂ ਦੌਰਾਨ ਵਿਕਾਸ ਦਾ ਪਹੀਆ ਪੂਰੀ ਤਰ੍ਹਾਂ ਰੁਕ ਚੁੱਕਿਆ ਹੈ। ਵੋਟ ਪਾਉਣ ਤੋਂ ਪਹਿਲਾਂ ਯਾਦ ਰੱਖਿਓ ਕਿ ਤੁਸੀਂ ਕਿਸ ਦੇ ਹੱਥਾਂ ਵਿੱਚ ਹਲਕੇ ਦਾ ਭਵਿੱਖ ਸੌਂਪਣਾ ਚਾਹੁੰਦੇ ਹੋ। ਉਨ੍ਹਾਂ ਸਮੂਹ ਸਾਥੀਆਂ ਦੇ ਉਤਸ਼ਾਹ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਸਾਡੇ ਵਰਕਰਾਂ ਦਾ ਜੋ ਅਥਾਹ ਉਤਸ਼ਾਹ ਹੈ, ਉਹ ਇਹ ਸਾਬਤ ਕਰਦਾ ਹੈ ਕਿ ਅਸੀਂ ਨਾ ਸਿਰਫ਼ ਚੋਣਾਂ ਲਈ, ਸਗੋਂ ਹਲਕੇ ਦੀ ਸੇਵਾ ਅਤੇ ਜ਼ਿੰਮੇਵਾਰ ਪ੍ਰਤੀਨਿਧਤਾ ਲਈ ਪੂਰੀ ਤਰ੍ਹਾਂ ਤਿਆਰ ਹਾਂ ਤੇ ਕਾਂਗਰਸ ਇਹਨਾਂ ਚੋਣਾਂ ਵਿੱਚ ਭਾਰੀ ਬਹੁਮਤ ਨਾਲ ਜਿੱਤੇਗੀ ।

# ਖ਼ੂਨਦਾਨ ਕੈਂਪ ਲਗਾਇਆ

**ਕਿਸ਼ਨਗੜ੍ਹ, (ਸੁਖਜੀਤ ਕੁਮਾਰ)**- ਸਰਨਾ ਵੈੱਲਫੇਅਰ ਐਂਡ ਐਜੂਕੇਸ਼ਨ ਸੋਸਾਇਟੀ ਵੱਲੋਂ ਔਰਥੋਨੋਵਾ ਬਲੱਡ ਬੈਂਕ ਜਲੰਧਰ ਦੇ ਸਹਿਯੋਗ ਨਾਲ ਸਵ. ਰੂਪ ਲਾਲ ਦੀ ਚੌਥੀ ਬਰਸੀ ਨੂੰ ਸਮਰਪਿਤ ਦੂਸਰਾ ਵਿਸ਼ਾਲ ਖ਼ੂਨਦਾਨ ਕੈਂਪ ਸ੍ਰੀ ਗੁਰੂ ਰਵਿਦਾਸ ਭਵਨ ਕਿਸ਼ਨਗੜ੍ਹ ਵਿਖੇ ਲਗਾਇਆ ਗਿਆ । ਇਸ ਖ਼ੂਨਦਾਨ ਕੈਂਪ ਦਾ ਉਦਘਾਟਨ ਸੁਸਾਇਟੀ ਦੇ ਸਮੂਹ ਅਹੁਦੇਦਾਰਾਂ ਤੇ ਇਲਾਕੇ ਦੇ ਪਤਵੰਤੇ ਸੱਜਣਾਂ ਦੀ ਹਾਜ਼ਰੀ 'ਚ ਭਾਈ ਰਵਿੰਦਰ ਸਿੰਘ ਕਿਸ਼ਨਗੜ੍ਹ ਵਾਲਿਆਂ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਕੀਤਾ ਗਿਆ। ਇਸ ਮੌਕੇ ਤੇ ਕੈਂਪ ਦੌਰਾਨ 30 ਯੂਨਿਟ ਖ਼ੂਨਦਾਨ ਕੀਤਾ ਗਿਆ। ਇਸ ਮੌਕੇ ਤੇ ਸੰਸਥਾ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਸੌਂਧੀ ਨੇ ਕਿਹਾ ਕਿ ਖ਼ੂਨਦਾਨ ਇੱਕ ਮਹਾਨਦਾਨ ਹੈ ਜਿਸ ਨਾਲ ਅਨੇਕਾਂ ਜ਼ਿੰਦਗੀਆਂ ਨੂੰ ਜੀਵਨਦਾਨ ਦਿੱਤਾ ਜਾ ਸਕਦਾ ਹੈ। ਇਸ ਮੌਕੇ ਤੇ ਸੁਸਾਇਟੀ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਸੌਂਧੀ, ਸਰਪੰਚ ਡਾ. ਗੁਰਬਖ਼ਸ਼ ਸਿੰਘ ਸਵਾਮੀ, ਜਸਵੀਰ ਕੌਰ (ਧਰਮ ਪਤਨੀ ਸਵ. ਸ੍ਰੀ ਰੂਪ ਲਾਲ), ਸੰਗੀਤਾ ਸੌਂਧੀ, ਅੰਜਨਾ, ਸਤਪਾਲ ਸੌਂਧੀ, ਬਹਾਦਰ ਚੰਦ, ਰਸ਼ਪਾਲ ਸਿੰਘ ਫੁੱਲ (ਦੋਨੋਂ ਨੰਬਰਦਾਰ), ਰਣਜੀਤ ਰਾਏ ਰਾਣਾ, ਬੂਟਾ ਸਿੰਘ ਸੰਘਵਾਲ, ਰਵਿੰਦਰ ਫੁੱਲ, ਲੈਕਚਰਾਰ ਸੁਰਜੀਤ ਸਿੰਘ ਜੱਸਲ, ਜਸਪਾਲ ਸਿੰਘ ਤੇਜਾ, ਰਾਜੀਵ ਭੱਟੋਆ ਅਲਾਵਲਪੁਰ, ਸੰਦੀਪ ਚੋਪੜਾ, ਸੇਵਾ ਮੁਕਤ ਪ੍ਰੋਡਿਊਸਰ ਪਰਮਜੀਤ ਕੁਮਾਰ, ਮਹਿੰਦਰ ਕੁਮਾਰ ਅਲਾਵਲਪੁਰ, ਸਤਪਾਲ ਬੰਗੜ, ਪੰਚ ਕਰਮਜੀਤ ਕੌਰ, ਮੈਡਮ ਰਾਜ ਰਾਣੀ, ਸੱਤਿਆ ਦੇਵੀ, ਅਮਨਦੀਪ ਸੌਂਧੀ, ਸੇਵਾ ਮੁਕਤ ਇੰਸ: ਮਨਜੀਤ ਸਿੰਘ, ਸੇਵਾ ਮੁਕਤ ਇੰਸ: ਅਵਤਾਰ ਸਿੰਘ, ਗੁਰਵੀਰ ਸਿੰਘ ਢਿਲੋਂ, ਚੌਂਕੀਦਾਰ ਦੇਵਰਾਜ, ਕੈਪ: ਰਜਿੰਦਰ ਪਾਲ, ਸੰਤ ਕੁਮਾਰ, ਰਾਹੁਲ ਰਾਣਾ, ਹਿੰਮਾਂਸ਼ੂ ਠਾਕੁਰ, ਸੁਖਵਿੰਦਰ ਸਿੰਘ, ਪੰਚ ਅਮਨਦੀਪ ਹਨੀ, ਫਕੀਰ ਚੰਦ, ਗੋਲਡੀ, ਸੁਰਿੰਦਰ ਬੰਗੜ, ਸਾਬਕਾ ਪੰਚ ਕੇਵਲ ਕ੍ਰਿਸ਼ਨ, ਬੂਟਾ ਸਿੰਘ, ਹਰਵਿੰਦਰ ਮਹੇ, ਜਤਿੰਦਰ ਸਿੰਘ, ਕੁਲਵਿੰਦਰ ਬੈਂਸ, ਪ੍ਰਿੰਸ ਸਰਮਸਤਪੁਰ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।



# ਪੈਦਲ ਯਾਤਰਾ ਦਾ ਸ੍ਰੀ ਚਮਕੌਰ ਸਾਹਿਬ ਪੁੱਜਣ 'ਤੇ ਸੰਗਤਾਂ ਵੱਲੋਂ ਸਵਾਗਤ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**- ਵਾਰਿਸ ਪੰਜਾਬ ਦੀ ਜਥੇਬੰਦੀ ਵੱਲੋਂ ਪੰਜਾਬ ਦੀ ਖੁਦ ਮੁਖਤਿਆਰੀ, ਸ੍ਰੀ ਅਨੰਦਪੁਰ ਸਾਹਿਬ ਦਾ ਮਤਾ ਲਾਗੂ ਕਰਵਾਉਣ ਅਤੇ ਅਨੰਦਪੁਰ ਸਾਹਿਬ ਦੇ ਮਤੇ ਅਨੁਸਾਰ ਪੰਜਾਬ ਦੇ ਹੱਕਾਂ, ਬੰਦੀ ਸਿੰਘਾਂ ਦੀ ਰਿਹਾਈ ਅਤੇ ਹੋਰ ਕਈ ਮੁੱਦਿਆਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ 26 ਨਵੰਬਰ ਨੂੰ ਸ਼ੁਰੂ ਕੀਤੀ ਗਈ ਵਿਸ਼ਾਲ ਪੈਦਲ ਯਾਤਰਾ ਦਾ ਇਥੇ ਪਹੁੰਚਣ ਤੇ ਸੰਗਤਾਂ ਅਤੇ ਪੰਥਕ ਸੇਵਾਦਾਰਾਂ ਵੱਲੋਂ ਸਵਾਗਤ ਕੀਤਾ ਗਿਆ। ਯਾਤਰਾ ਦੇ ਦੂਜੇ ਦਿਨ ਦੀ ਸ਼ੁਰੂਆਤ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿੱਚ ਅਰਦਾਸ ਨਾਲ ਕੀਤੀ ਗਈ। ਇਸ ਅਰਦਾਸ ਦੌਰਾਨ ਪੰਥ ਦੀ ਚੜ੍ਹਦੀ ਕਲਾ, ਪੰਜਾਬ ਵਿੱਚ ਸ਼ਾਂਤੀ-ਸਦਭਾਵਨਾ ਅਤੇ ਜਥੇਬੰਦੀ ਦੇ ਉਦੇਸ਼ਾਂ ਦੀ ਸਫਲਤਾ ਲਈ ਅਰਦਾਸਾਂ ਕੀਤੀਆਂ ਗਈਆਂ। ਜਿਸ ਦੌਰਾਨ ਸਥਾਨਕ ਪੰਥਕ ਸੇਵਾਦਾਰਾਂ ਵੱਲੋ ਇਸ ਯਾਤਰਾ ਦੀ ਅਗਵਾਈ ਕਰ ਰਹੇ ਕੌਮੀ ਸ਼ਹੀਦ ਭਾਈ ਸੰਦੀਪ ਸਿੰਘ (ਦੀਪ ਸਿੱਧੂ) ਦੇ ਭਰਾ ਐਡਵੋਕਟ ਮਨਦੀਪ ਸਿੰਘ ਸਿੱਧੂ ਤੇ ਹੋਰ ਆਗੂਆਂ ਨੂੰ ਸਿਰਪਾਓ ਭੇਟ ਕਰਕੇ ਸਨਮਾਨਤ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲ ਕਰਦਿਆਂ ਐਡਵੋਕੇਟ ਮਨਦੀਪ ਸਿੰਘ ਸਿੱਧੂ ਨੇ ਕਿਹਾ ਕਿ ਯਾਤਰਾ ਕਿਸੇ ਰਾਜਨੀਤਿਕ ਟਕਰਾਅ ਜਾਂ ਟਾਕਰੇ ਲਈ ਨਹੀਂ, ਸਗੋਂ ਲੋਕਾਂ ਵਿੱਚ ਸੱਚੀ ਜਾਣਕਾਰੀ ਅਤੇ ਪੰਥਕ ਚੇਤਨਾ ਪੈਦਾ ਕਰਨ ਲਈ ਕੱਢੀ ਜਾ ਰਹੀ ਹੈ। ਸਾਡੀ ਮੁਹਿੰਮ ਦਾ ਮਕਸਦ ਕਿਸੇ ਸਰਕਾਰ ਜਾਂ ਧੜੇ ਨਾਲ ਰੋਸ ਜਤਾਉਣਾ ਨਹੀਂ, ਸਗੋਂ ਅਧਿਕਾਰਾਂ ਅਤੇ ਪੰਥਕ ਮੁੱਦਿਆਂ ਬਾਰੇ ਸੰਵਾਦ ਅਤੇ ਜਾਗਰੂਕਤਾ ਵਧਾਉਣਾ ਹੈ। ਉਨ੍ਹਾਂ ਕਿਹਾ ਕਿ ਸੰਗਤਾਂ ਵੱਲੋਂ ਕੀਤੇ ਸਵਾਗਤ ਅਤੇ ਸਮਰਥਨ ਨੇ ਜਥੇਬੰਦੀ ਵਿੱਚ ਨਵੀਂ ਉਰਜਾ ਭਰੀ ਹੈ । ਉਨ੍ਹਾਂ ਦੱਸਿਆ ਕਿ ਇਹ ਪੈਦਲ ਯਾਤਰਾ ਅਗਲੇ ਪੜਾਅ ਵਿੱਚ ਵੱਖ-ਵੱਖ ਕਸਬਿਆਂ ਰਾਹੀਂ ਹੁੰਦੀ ਹੋਈ 10 ਦਸੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਸਮਾਪਤ ਹੋਵੇਗੀ। ਇਸ ਮੌਕੇ ਬਾਬਾ ਚਮਕੌਰ ਸਿੰਘ , ਬਾਬਾ ਰੇਸ਼ਮ ਸਿੰਘ, ਬਾਬਾ ਬਲਕਾਰ ਸਿੰਘ, ਬਾਬਾ ਸਰਬਜੀਤ ਸਿੰਘ, ਸਿਮਰਨਜੋਤ ਸਿੰਘ, ਭਾਈ ਹਰਨੇਕ ਸਿੰਘ, ਦਵਿੰਦਰ ਸਿੰਘ, ਅਵਤਾਰ ਸਿੰਘ, ਚੇਅਰਮੈਨ ਮਹਿਲ ਸਿੰਘ , ਬੀਬੀ ਸੁਰਿੰਦਰ ਕੌਰ ਤੇ ਜਗਰੂਪ ਸਿੰਘ ਆਦਿ ਹਾਜ਼ਰ ਸਨ।



# ਮੀਡੀਆ 'ਚ ਪ੍ਰਸਾਰਿਆ ਜਾਂਦਾ ਸਾਧਨ ਸੰਪੰਨ ਪੰਜਾਬੀ ਬੰਦਾ ਅਸਲ ਪੰਜਾਬੀ ਬੰਦੇ ਤੋਂ ਕੋਹਾਂ ਦੂਰ

## ਪੰਜਾਬੀ 'ਵਰਸਿਟੀ ਦੀ ਖੋਜ 'ਚ ਆਇਆ ਸਾਹਮਣੇ



ਪਟਿਆਲਾ (ਅਵਤਾਰ ਜਟਾਣਾ)
ਪੰਜਾਬੀ ਯੂਨੀਵਰਸਿਟੀ ਦੀ ਤਾਜ਼ਾ ਖੋਜ ਰਾਹੀਂ ਮਾਲਵਾ ਖੇਤਰ ਵਿਚਲੇ ਪਿੰਡਾਂ ਬਾਰੇ ਅਹਿਮ ਤੱਥ ਉੱਭਰ ਕੇ ਸਾਹਮਣੇ ਆਏ ਹਨ।ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਤੋਂ ਨਿਗਰਾਨ ਪ੍ਰੋ. ਸੁਰਜੀਤ ਸਿੰਘ ਦੀ ਅਗਵਾਈ ਵਿੱਚ ਖੋਜਾਰਥੀ ਡਾ. ਰਵਿੰਦਰ ਕੌਰ ਵੱਲੋਂ 'ਮਾਲਵਾ ਖੇਤਰ ਦਾ ਪ੍ਰਤਿਮਾਨਕ ਸੱਭਿਆਚਾਰ : ਪ੍ਰਬੰਧ ਤੇ ਰੂਪਾਂਤਰਣ' ਵਿਸ਼ੇ ਉੱਤੇ ਕੀਤੀ ਖੋਜ ਵਿੱਚ ਮਾਲਵਾ ਖੇਤਰ ਦੇ ਪੰਜ ਪਿੰਡਾਂ ਦੇ ਸਰਵੇ ਨੂੰ ਆਧਾਰ ਬਣਾਇਆ ਗਿਆ।ਇਨ੍ਹਾਂ ਵਿੱਚ ਬਰਨਾਲਾ ਦਾ ਪਿੰਡ ਸੇਖਾ, ਪਟਿਆਲਾ ਦਾ ਪਿੰਡ ਗਲਵੱਟੀ, ਮਾਨਸਾ ਜ਼ਿਲ੍ਹੇ ਦਾ ਪਿੰਡ ਫਫੜੇ ਭਾਈ ਕੇ, ਲੁਧਿਆਣਾ ਦਾ ਪਿੰਡ ਚਕਰ, ਮੁਕਤਸਰ ਜ਼ਿਲ੍ਹੇ ਦਾ ਪਿੰਡ ਕੁਰਾਈਵਾਲਾ ਸ਼ਾਮਲ ਹਨ।ਪ੍ਰੋ. ਸੁਰਜੀਤ ਸਿੰਘ ਨੇ ਦੱਸਿਆ ਕਿ ਅਜਿਹੇ ਤੱਥ ਵੀ ਸਾਹਮਣੇ ਆਏ, ਜਿਨ੍ਹਾਂ ਤੋਂ ਨਤੀਜਾ ਨਿਕਲਦਾ ਹੈ ਕਿ ਮੀਡੀਆ ਵਿੱਚ ਪ੍ਰਸਾਰਿਆ ਜਾਂਦਾ ਸਾਧਨ ਸੰਪੰਨ ਪੰਜਾਬੀ ਬੰਦਾ ਅਸਲ ਪੰਜਾਬੀ ਬੰਦੇ ਤੋਂ ਕੋਹਾਂ ਦੂਰ ਹੈ।ਸਰਵੇ ਦੌਰਾਨ ਸਾਹਮਣੇ ਆਇਆ ਕਿ ਪਿੰਡਾਂ ਵਿਚ 24% ਕਿਸਾਨਾਂ ਕੋਲ ਖੇਤੀ ਕਰਨ ਦੇ ਆਧੁਨਿਕ ਸਾਧਨਾਂ ਵਿਚੋਂ ਕੇਵਲ ਟਰੈਕਟਰ ਹੀ ਮੌਜੂਦ ਹੈ।18% ਲੋਕ ਅਜਿਹੇ ਹਨ, ਜਿਨ੍ਹਾਂ ਕੋਲ ਟਰੈਕਟਰ ਤੇ ਟਰਾਲੀ ਦੋਵੇਂ ਮੌਜੂਦ ਹਨ।ਟਰੈਕਟਰ-ਟਰਾਲੀ ਤੋਂ ਬਿਨਾਂ ਕੰਬਾਇਨ ਕੇਵਲ 5% ਲੋਕਾਂ ਕੋਲ ਹੀ ਮੌਜੂਦ ਹੈ।ਇਨ੍ਹਾਂ ਪਿੰਡਾਂ 'ਚ 53% ਕਿਸਾਨ ਅਜੇ ਵੀ ਅਜਿਹੇ ਹਨ, ਜਿਨ੍ਹਾਂ ਕੋਲ ਖੇਤੀ ਕਰਨ ਦਾ ਕੋਈ ਵੀ ਆਧੁਨਿਕ ਸਾਧਨ ਮੌਜੂਦ ਨਹੀਂ ਹੈ।ਖੇਤੀ ਆਧਾਰਤ ਕੰਮਾਂ ਲਈ ਉਨ੍ਹਾਂ ਦੀ ਨਿਰਭਰਤਾ ਅਜੇ ਮੰਗਵੇਂ ਜਾਂ ਦਿਹਾੜੀ ਦੇ ਹਿਸਾਬ ਨਾਲ ਸੰਦ ਕਿਰਾਏ 'ਤੇ ਪ੍ਰਾਪਤ ਕੀਤੇ ਸੰਦਾਂ 'ਤੇ ਹੈ।ਅੰਕੜੇ ਦਰਸਾਉਂਦੇ ਹਨ ਕਿ ਪੰਜਾਬ ਦੇ ਜ਼ਿਆਦਾਤਰ ਕਿਸਾਨ ਨੀਵੀਂ ਤੇ ਮੱਧਮ ਕਿਸਾਨੀ ਨਾਲ ਸੰਬੰਧਤ ਹਨ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਪਿੰਡਾਂ ਵਿਚ 46.30% ਲੋਕ ਅਜਿਹੇ ਹਨ, ਜਿਨ੍ਹਾਂ ਕੋਲ ਕੇਵਲ ਇੱਕ ਮੋਟਰਸਾਇਕਲ ਹੀ ਮੌਜੂਦ ਹੈ ਤੇ 22.20% ਲੋਕਾਂ ਕੋਲ ਇੱਕ ਤੋਂ ਵੱਧ ਮੋਟਰ-ਸਾਇਕਲ ਜਾਂ ਸਕੂਟਰ ਮੌਜੂਦ ਹਨ।ਜਿੱਥੋਂ ਤੱਕ ਕਾਰਾਂ ਦਾ ਸੰਬੰਧ ਹੈ ਤਾਂ 24.30% ਲੋਕਾਂ ਕੋਲ ਕੇਵਲ ਇੱਕ ਕਾਰ ਤੇ 7.20% ਲੋਕਾਂ ਕੋਲ ਇੱਕ ਤੋਂ ਵੱਧ ਕਾਰਾਂ ਮੌਜੂਦ ਹਨ। ਇਹਨਾਂ ਵਿੱਚੋਂ ਇੱਕ ਤੋਂ ਵੱਧ ਕਾਰਾਂ ਦੇ ਮਾਲਕਾਂ ਵਿਚ ਜ਼ਿਆਦਾਤਰ ਲੋਕ ਅਜਿਹੇ ਹਨ, ਜਿਨ੍ਹਾਂ ਨੇ ਆਪਣੀ ਕਾਰ ਟੈਕਸੀ ਦੇ ਰੂਪ ਵਿੱਚ ਚਲਾਉਣੀ ਆਰੰਭ ਕੀਤੀ ਹੋਈ ਹੈ।ਕਾਰਾਂ ਖਰੀਦਣ ਦਾ ਇਹ ਅਨੁਪਾਤ ਦਰਸਾਉਂਦਾ ਹੈ ਕਿ ਪਿੰਡਾਂ ਵਿਚ ਵਸਦੇ 68.50% ਲੋਕ ਅਜੇ ਵੀ ਕਾਰ ਖਰੀਦਣ ਦੇ ਸਮਰੱਥ ਨਹੀਂ ਹੋਏ।ਉਨ੍ਹਾਂ ਦੱਸਿਆ ਕਿ ਖੋਜ ਦੌਰਾਨ ਇੱਕ ਤੱਥ ਇਹ ਵੀ ਸਾਹਮਣੇ ਆਇਆ ਕਿ ਜੇਕਰ ਪਰਵਾਸੀ ਮਜ਼ਦੂਰਾਂ ਦੀ ਆਮਦ ਅਤੇ ਪੰਜਾਬੀਆਂ ਦਾ ਪਰਵਾਸ ਜਾਰੀ ਰਿਹਾ ਤਾਂ ਆਉਣ ਵਾਲੇ ਕੁਝ ਦਹਾਕਿਆਂ ਵਿਚ ਪੰਜਾਬ ਇਕ ਸਿੱਖ ਬਹੁਮਤ ਰਾਜ ਦੀ ਸ਼੍ਰੇਣੀ ਵਿੱਚੋਂ ਬਾਹਰ ਹੋ ਜਾਵੇਗਾ। ਖੋਜਾਰਥੀ ਡਾ. ਰਵਿੰਦਰ ਕੌਰ ਨੇ ਦੱਸਿਆ ਕਿ ਵੱਖ-ਵੱਖ ਜਾਤਾਂ ਦੁਆਰਾ ਆਪਣਾ ਧੰਦਾ ਬਦਲਣ ਕਾਰਨ ਪਿੰਡਾਂ ਵਿੱਚ ਵਿਅਕਤੀਗਤ, ਜਾਤੀਗਤ, ਭਾਈਚਾਰਕ ਸੰਬੰਧਾਂ ਵਿੱਚ ਵੀ ਤਬਦੀਲੀਆਂ ਆਈਆਂ ਹਨ, ਜਿਹੜੀਆਂ ਕਿ ਪੰਜਾਬ ਦੇ ਪ੍ਰਤਿਮਾਨਕ ਪ੍ਰਬੰਧ ਨੂੰ ਪ੍ਰਭਾਵਤ ਕਰਦੀਆਂ ਹਨ। ਉਨ੍ਹਾਂ ਦੱਸਿਆ ਕਿ ਮਾਲਵਾ ਖੇਤਰ ਦੇ ਇਨ੍ਹਾਂ ਪਿੰਡਾਂ ਵਿਚ ਰੋਜ਼ਗਾਰ ਪ੍ਰਾਪਤੀ ਸੰਬੰਧੀ ਅੰਕੜਿਆਂ ਮੁਤਾਬਕ 37.2% ਜੱਟ ਸ਼੍ਰੇਣੀ ਨਾਲ ਸੰਬੰਧਤ, 22.3% ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਤੇ 31.2% ਲੋਕ ਅਨੁਸੂਚਿਤ ਜਾਤੀਆਂ ਨਾਲ ਸੰਬੰਧਿਤ ਸਰਕਾਰੀ ਨੌਕਰੀ ਕਰਦੇ ਹਨ।ਇਸੇ ਤਰ੍ਹਾਂ 33.6% ਜੱਟ ਸ਼੍ਰੇਣੀ ਨਾਲ ਸੰਬੰਧਤ, 27.3% ਪਛੜੀਆਂ ਸ਼੍ਰੇਣੀਆਂ ਨਾਲ ਸੰਬੰਧਤ ਅਤੇ 54.2% ਅਨੁਸੂਚਿਤ ਜਾਤੀਆਂ ਨਾਲ ਸੰਬੰਧਿਤ ਲੋਕ ਪ੍ਰਾਈਵੇਟ ਨੌਕਰੀਆਂ ਕਰਦੇ ਹਨ।ਇਹ ਅੰਕੜੇ ਦਰਸਾਉਂਦੇ ਹਨ ਕਿ ਹੁਣ ਪਿੰਡ ਵਿਚੋਂ ਜਾਤਾਂ ਦਾ ਲਗਭਗ ਇਕ ਵੱਡਾ ਹਿੱਸਾ ਪਿਤਾ-ਪੁਰਖੀ ਕਿੱਤਿਆਂ ਤੋਂ ਦੂਰੀ ਬਣਾ ਰਿਹਾ ਹੈ।ਪੰਜਾਬ ਵਿਚ ਪਦਾਰਥਕ ਵਸਤੂਆਂ ਦੀ ਉਪਬਧਤਾ ਸੰਬੰਧੀ ਅੰਕੜੇ ਦਰਸਾਉਂਦੇ ਹਨ 6.10% ਲੋਕ ਅਜਿਹੇ ਹਨ, ਜਿਨ੍ਹਾਂ ਦੇ ਘਰ ਵਿੱਚ ਸਿਰਫ਼ ਟੀ.ਵੀ. ਹੀ ਮੌਜੂਦ ਹੈ।ਇਸਦੇ ਨਾਲ ਹੀ 23.30% ਲੋਕ ਅਜਿਹੇ ਹਨ, ਜਿਨ੍ਹਾਂ ਘਰ ਵਿੱਚ ਟੀ.ਵੀ. ਅਤੇ ਫਰਿੱਜ ਦੋਨੋਂ ਮੌਜੂਦ ਹਨ, ਜਦੋਂ ਕਿ 53.20% ਲੋਕਾਂ ਦੇ ਘਰਾਂ ਵਿਚ ਟੀ.ਵੀ., ਫਰਿੱਜ, ਇਨਵਰਟਰ, ਵਾਸ਼ਿੰਗ ਮਸ਼ੀਨ ਆਦਿ ਸਭ ਵਸਤਾਂ ਮੌਜੂਦ ਹਨ।ਕੇਵਲ 19.40% ਲੋਕਾਂ ਅਜਿਹੇ ਹਨ, ਜਿਨ੍ਹਾਂ ਦੇ ਘਰ ਇਨ੍ਹਾਂ ਵਸਤਾਂ ਤੋਂ ਬਿਨਾਂ ਹੋਰ ਵਸਤਾਂ ਜਿਵੇਂ ਵਾਟਰ ਪਿਊਰੀਫਾਇਰ, ਏਅਰ ਫਰਾਇਰ, ਏ. ਸੀ. ਤੇ ਮਾਈਕਰੋਵੇਵ ਆਦਿ ਉਪਕਰਣ ਵੀ ਮੌਜੂਦ ਹਨ।ਇਹ ਅੰਕੜੇ ਦਰਸਾਉਂਦੇ ਹਨ ਕਿ ਮੰਡੀ ਵਿਚ ਉਪਲਬਧ ਹਰ ਵਸਤ ਘੱਟ ਜਾਂ ਵੱਧ ਰੂਪ ਵਿਚ ਆਮ ਲੋਕਾਂ ਦੇ ਘਰਾਂ ਵਿਚ ਪਹੁੰਚ ਗਈ ਹੈ।ਵਿਆਹਾਂ ਸੰਬੰਧੀ ਆਮ ਧਾਰਨਾ ਹੈ ਕਿ ਪੰਜਾਬ ਦੇ ਜ਼ਿਆਦਾਤਰ ਲੋਕ ਪੈਲੇਸਾਂ ਵਿਚ ਵਿਆਹ ਕਰਦੇ ਹਨ, ਜਦੋਂ ਕਿ ਅੰਕੜਿਆਂ ਵਿਚ ਸਾਹਮਣੇ ਆਇਆ ਕਿ ਕੇਵਲ 38.40% ਲੋਕ ਹੀ ਅਜਿਹੇ ਹਨ ਜਿਹੜੇ ਵਿਆਹ ਕਰਨ ਵੇਲੇ ਪੈਲਸਾਂ ਨੂੰ ਤਰਜੀਹ ਦਿੰਦੇ ਹਨ, ਜਦੋਂ ਕਿ ਵਿਆਹ ਕਰਨ ਸਮੇਂ 61.60% ਲੋਕਾਂ ਦੀ ਚੋਣ ਅਜੇ ਵੀ ਘਰ ਜਾਂ ਧਰਮਸ਼ਾਲਾ ਹੈ।ਜਨਰਲ ਸ਼੍ਰੇਣੀ ਨਾਲ ਸੰਬੰਧਤ ਕੇਵਲ 16.30% ਲੋਕਾਂ ਦੇ ਬੱਚੇ ਹੀ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਨ, ਜਦੋਂ ਕਿ 83.70% ਬੱਚਿਆਂ ਦੇ ਮਾਪਿਆਂ ਨੇ ਬੱਚਿਆਂ ਦੀ ਸਿੱਖਿਆ ਪ੍ਰਾਪਤੀ ਲਈ ਨਿੱਜੀ ਖੇਤਰ ਦੇ ਸਕੂਲਾਂ ਦੀ ਚੋਣ ਕੀਤੀ ਹੈ।

ਜਿੱਥੋਂ ਤਕ ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਬੱਚਿਆਂ ਦਾ ਸਵਾਲ ਹੈ ਤਾਂ ਇਨ੍ਹਾਂ ਦਾ ਸਰਕਾਰੀ ਸਕੂਲ ਵਿੱਚ ਪੜ੍ਹਨ ਦਾ ਅਨੁਪਾਤ 46.10%, ਜਦੋਂ ਕਿ ਪ੍ਰਾਈਵੇਟ ਸਕੂਲਾਂ ਸੰਬੰਧੀ ਇਹੀ ਅਨੁਪਾਤ 53.90% ਹੈ।ਅਨੁਸੂਚਿਤ ਜਾਤੀਆਂ ਦੀ ਗੱਲ ਕਰੀਏ ਤਾਂ ਇਹਨਾਂ ਜਾਤਾਂ ਨਾਲ ਸੰਬੰਧਿਤ ਬੱਚਿਆਂ ਵਿੱਚੋਂ 74.30% ਬੱਚੇ ਸਰਕਾਰੀ ਸਕੂਲਾਂ ਵਿੱਚ ਅਤੇ ਕੇਵਲ 25.70% ਬੱਚੇ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਦੇ ਹਨ।ਇਹ ਅੰਕੜੇ ਦਰਸਾਉਂਦੇ ਹਨ ਕਿ ਮਾਲਵੇ ਦੇ ਲੋਕ ਖਾਸ ਕਰਕੇ ਜਨਰਲ ਸ਼੍ਰੇਣੀ ਨਾਲ ਸੰਬੰਧਤ ਸਰਕਾਰੀ ਸਕੂਲਾਂ ਦੀ ਬਜਾਇ ਪ੍ਰਾਈਵੇਟ ਸਕੂਲਾਂ ਦੀ ਚੋਣ ਕਰਨ ਵੱਲ ਰੁਚਿਤ ਹਨ।ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਨਿਗਰਾਨ ਅਤੇ ਖੋਜਾਰਥੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਖੋਜ ਕਾਰਜ ਸਮਾਜ ਵਿੱਚ ਵਾਪਰ ਰਹੀਆਂ ਸਹਿਜ ਤਬਦੀਲੀਆਂ ਅਤੇ ਉਨ੍ਹਾਂ ਦੇ ਕਾਰਨਾਂ ਅਤੇ ਪ੍ਰਭਾਵਾਂ ਬਾਰੇ ਸਹੀ ਵਿਸ਼ਲੇਸ਼ਣ ਕਰਨ ਪੱਖੋਂ ਅਹਿਮ ਮਹੱਤਵ ਰੱਖਦੇ ਹਨ।

## ਅਕਾਲੀ ਦਲ (ਪੁਨਰ ਸੁਰਜੀਤ) ਨੂੰ ਮਜ਼ਬੂਤ ਕਰਨਾ ਸਮੇਂ ਦੀ ਲੋੜ : ਡੀ ਟੀ ਓ ਕਰਨ ਸਿੰਘ



ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)-ਬਲਾਕ ਸੰਮਤੀ ਜ਼ਿਲ੍ਹਾ ਪ੍ਰੀਸ਼ਦ ਦੀਆਂ ਹੋਣ ਜਾ ਰਹੀਆਂ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤੀ ਲਹਿਰ ਵੱਲੋਂ ਹਲਕਾ ਸ਼ੁਤਰਾਣਾ ਵਿੱਚ ਆਪਣਾ ਚੋਣ ਪ੍ਰਚਾਰ ਸਰਗਰਮੀ ਨਾਲ ਚਲਾਉਣ ਦੇ ਮਕਸਦ ਨਾਲ ਰੂਪਰੇਖਾ ਤਿਆਰ ਕਰਨ ਲਈ ਮੀਟਿੰਗ ਕੀਤੀ ਗਈ।ਦਲ ਦੇ ਹਲਕਾ ਇੰਚਾਰਜ ਤੇ ਸਾਬਕਾ ਵਿਧਾਇਕਾ ਬੀਬੀ ਵਨਿੰਦਰ ਕੌਰ ਲੂੰਬਾ ਦੇ ਪਤੀ ਡੀਟੀਓ ਕਰਨ ਸਿੰਘ ਨੇ ਮੀਟਿੰਗ ਦੌਰਾਨ ਵਰਕਰਾਂ ਨੂੰ ਚੋਣ ਪ੍ਰਚਾਰ ਤੇਜ਼ ਕਰਨ ਦੀ ਅਪੀਲ ਕੀਤੀ।ਹਲਕਾ ਇੰਚਾਰਜ ਡੀਟੀਓ ਕਰਨ ਸਿੰਘ ਨੇ ਕਿਹਾ ਕਿ ਸੂਬੇ ਵਿੱਚ ਹੋਣ ਜਾ ਰਹੀਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਤਹਿਤ ਹਲਕਾ ਸ਼ੁਤਰਾਣਾ ਵਿੱਚ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਲਹਿਰ ਵੱਲੋਂ 11 ਜ਼ੋਨਾਂ ਉੱਤੇ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੇ ਤਿੰਨ ਜ਼ੋਨਾਂ ਉੱਤੇ ਆਪਣੇ ਉਮੀਦਵਾਰ ਚੋਣ ਮੈਦਾਨ ਵਿੱਚ ਉਤਾਰੇ ਗਏ ਹਨ।ਉਨ੍ਹਾਂ ਕਿਹਾ ਕਿ ਦਲ ਦੇ ਉਮੀਦਵਾਰਾਂ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ, ਕਿਉਂਕਿ ਸੂਬੇ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਵੱਲੋਂ ਚੋਣ ਪ੍ਰਕਿਰਿਆ ਦੇ ਸ਼ੁਰੂਆਤੀ ਦੌਰ ਦੌਰਾਨ ਹੀ ਧੱਕੇਸ਼ਾਹੀ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ, ਜਿਸ ਤੋਂ ਲੋਕਾਂ ਵਿੱਚ ਨਿਰਾਸ਼ਾ ਹੈ।ਉਨ੍ਹਾਂ ਕਿਹਾ ਕਿ ਦਿੱਲੀ ਤੋਂ ਚੱਲਣ ਵਾਲੀ ਕੋਈ ਵੀ ਪਾਰਟੀ ਪੰਜਾਬ ਦੇ ਭਲੇ ਲਈ ਨਹੀਂ ਸੋਚਦੀ, ਪੰਜਾਬ ਤੇ ਪੰਜਾਬੀਅਤ ਦੀ ਚੜ੍ਹਦੀ ਕਲਾ ਲਈ ਖੇਤਰੀ ਪਾਰਟੀ ਦਾ ਮਜ਼ਬੂਤ ਹੋਣਾ ਬੇਹੱਦ ਜ਼ਰੂਰੀ ਹੈ, ਪਰ ਬਦਕਿਸਮਤੀ ਦੀ ਗੱਲ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਸੱਤਾ ਦੇ ਨਸ਼ੇ ਵਿੱਚ ਚੂਰ ਹੋ ਕੇ ਲੋਕਾਂ ਦੇ ਅਸਲੀ ਮਸਲਿਆਂ ਨੂੰ ਭੁੱਲ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਕੀਤੇ ਗਏ ਹੁਕਮਨਾਮੇ ਦੀ ਅਵੱਗਿਆ ਕਰਨ ਦੇ ਰਾਹ ਤੁਰ ਪਿਆ।ਉਨ੍ਹਾਂ ਵੋਟਰਾਂ ਨੂੰ ਅਪੀਲ ਕਰਦੇ ਆ ਕਿਹਾ ਕਿ ਪੰਜਾਬ ਤੇ ਪੰਥ ਦੀ ਚੜ੍ਹਦੀ ਕਲਾ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਸੁਰਜੀਤ ਕਰਨ ਲਈ ਚਾਰਾਜੋਈ ਕਰ ਰਹੀ ਧਿਰ ਦੇ ਉਮੀਦਵਾਰਾਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਵੋਟਾਂ ਪਾ ਕੇ ਮਜ਼ਬੂਤ ਕੀਤਾ ਜਾਵੇ।

## ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਚੋਣਾਂ 'ਚ 'ਆਪ' ਦੀ ਜਿੱਤ ਤੈਅ : ਅਨਵਰ ਭਸੌੜ



ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)-ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ ਨੇ ਵੱਖ-ਵੱਖ ਪਿੰਡਾਂ ਵਿੱਚ ਚੋਣ ਪ੍ਰਚਾਰ ਦੌਰਾਨ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦਾ ਹਰੇਕ ਵਿਅਕਤੀ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਰਾਜ ਦੇ ਹੱਕ ਵਿੱਚ ਜੋ ਵਿਕਾਸ-ਪ੍ਰੇਰਿਤ ਕਾਰਜ ਯੋਜਨਾਵਾਂ ਲਾਗੂ ਕੀਤੀਆਂ ਹਨ, ਉਨ੍ਹਾਂ ਨੇ ਹਰ ਘਰ ਤੱਕ ਸੁਵਿਧਾਵਾਂ ਦੇ ਨਵੇਂ ਰਾਹ ਖੋਲ੍ਹੇ ਹਨ।ਡਾ. ਭਸੌੜ ਨੇ ਅੱਗੇ ਕਿਹਾ ਕਿ ਸੂਬੇ ਦੇ ਲੋਕ ਬਹੁਤ ਚੰਗੀ ਤਰ੍ਹਾਂ ਸਮਝਦੇ ਹਨ ਕਿ ਰਿਸ਼ਵਤ, ਘੱਪਲ ਖੁਆਰੀ ਤੇ ਫ਼ਜ਼ੂਲਖ਼ਰਚੀ ਤੋਂ ਮੁਕਤ ਪ੍ਰਸ਼ਾਸਨ ਲਈ ਆਪ ਸਰਕਾਰ ਨੇ ਜਿਹੜਾ ਜ਼ਮੀਨੀ ਕੰਮ ਕੀਤਾ ਹੈ, ਉਹ ਭਵਿੱਖੀ ਪੀੜ੍ਹੀ ਲਈ ਮਜ਼ਬੂਤ ਨੀਂਹ ਰੱਖਦਾ ਹੈ।ਸਰਕਾਰੀ ਦਫ਼ਤਰਾਂ ਵਿੱਚ ਸੁਚੱਜੇ ਵਤੀਰੇ, ਬਿਜਲੀ ਬਿਲਾਂ ਵਿੱਚ ਰਾਹਤ, ਸਕੂਲਾਂ ਤੇ ਆਮ ਦਵਾਖਾਨਿਆਂ ਵਿੱਚ ਸੁਧਾਰ, ਨੌਜਵਾਨਾਂ ਲਈ ਰੁਜ਼ਗਾਰ ਮੌਕੇ-ਇਹ ਸਭ ਕਦਮ ਸਾਬਤ ਕਰਦੇ ਹਨ ਕਿ ਲੋਕਾਂ ਦਾ ਭਰੋਸਾ ਹੋਰ ਮਜ਼ਬੂਤ ਕੀਤਾ ਹੈ। ਉਨ੍ਹਾਂ ਸਾਫ਼ ਸ਼ਬਦਾਂ ਵਿੱਚ ਦਾਅਵਾ ਕੀਤਾ ਕਿ ਆਉਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਵੱਡੇ ਫਰਕ ਨਾਲ ਜਿੱਤ ਦਰਜ ਕਰਨਗੇ।ਲੋਕਾਂ ਦਾ ਰੁਝਾਨ ਸਪੱਸ਼ਟ ਹੈ ਅਤੇ ਹਰ ਪਾਸੇ ਤੋਂ ਆਪ ਪ੍ਰਤੀ ਸਮਰਥਨ ਦੀ ਮਜ਼ਬੂਤ ਲਹਿਰ ਦਿਖ ਰਹੀ ਹੈ।

## ਤਜਰਬੇਕਾਰ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਮਾਨਤਾ ਦਿੱਤੀ ਜਾਵੇ : ਗੋਇਲ



ਮਾਨਸਾ (ਆਤਮਾ ਸਿੰਘ ਪਮਾਰ)-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਜ਼ਿਲ੍ਹਾ ਮਾਨਸਾ ਦੇ ਬਲਾਕ ਮਾਨਸਾ ਦੀ ਮਹੀਨਾਵਾਰ ਮੀਟਿੰਗ ਹੋਈ। ਮੀਟਿੰਗ ਦੀ ਪ੍ਰਧਾਨਗੀ ਬਲਾਕ ਪ੍ਰਧਾਨ ਡਾ.ਗੁਰਪ੍ਰੀਤ ਸਿੰਘ ਭੈਣੀ ਬਾਘਾ ਨੇ ਕੀਤੀ। ਮੀਟਿੰਗ 'ਚ ਵਿਸ਼ੇਸ਼ ਤੌਰ 'ਤੇ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ ਅਤੇ ਜ਼ਿਲ੍ਹਾ ਸਕੱਤਰ ਡਾ. ਸਿਮਰਜੀਤ ਸਿੰਘ ਗਾਗੋਵਾਲ ਨੇ ਸ਼ਿਰਕਤ ਕੀਤੀ। ਮੀਟਿੰਗ ਦੀ ਸ਼ੁਰੂਆਤ ਕਰਦਿਆਂ ਪਿਛਲੇ ਸਮੇਂ ਦੌਰਾਨ ਪਰਿਵਾਰਾਂ ਵਿੱਚੋਂ ਵਿਛੜੇ ਸਾਥੀਆਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ। ਮੀਟਿੰਗ ਵਿੱਚ ਪਹੁੰਚੇ ਸਾਥੀਆਂ ਵੱਲੋਂ ਆ ਰਹੀਆਂ ਸਮੱਸਿਆਵਾਂ ਦੇ ਕੀਤੇ ਜ਼ਿਕਰ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਜਥੇਬੰਦਕ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਵਿਉਂਤਬੰਦੀ ਬੰਦੀ ਕੀਤੀ ਗਈ। ਸੂਬਾ ਪ੍ਰਧਾਨ ਧੰਨਾ ਮੱਲ ਗੋਇਲ ਨੇ ਸੂਬਾ ਅਤੇ ਕੌਮੀ ਪੱਧਰ ਦੀਆਂ ਸਰਗਰਮੀਆਂ ਦੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇੱਕ ਦਸੰਬਰ ਨੂੰ ਇੰਡੀਅਨ ਮੈਡੀਕਲ ਪ੍ਰੈਕਟੀਸ਼ਨਰਜ਼ ਫੈਡਰੇਸ਼ਨ ਦੀ ਵਿਸ਼ੇਸ਼ ਮੀਟਿੰਗ ਨਵੀਂ ਦਿੱਲੀ ਵਿਖੇ ਹੋਈ ਜਿਸ ਵਿੱਚ ਸਬੰਧਤ ਸੂਬਾਈ ਆਗੂਆਂ ਨੇ ਸ਼ਿਰਕਤ ਕੀਤੀ ਅਤੇ ਚੱਲ ਰਹੇ ਲੋਕ ਸਭਾ ਦੇ ਸੈਸ਼ਨ 'ਚ ਦੇਸ਼ ਦੇ ਅੰਤਰਰਾਸ਼ਟਰੀ ਤਜ਼ਰਬੇਕਾਰ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਟਰੇਨਿੰਗ ਦੇ ਕੇ ਮੁਢਲੀਆਂ ਸਿਹਤ ਸੇਵਾਵਾਂ ਦੇਣ ਦੀ ਮਾਨਤਾ ਲਈ ਦੇਸ਼ ਦੇ ਪ੍ਰਧਾਨ ਮੰਤਰੀ ,ਸਿਹਤ ਮੰਤਰੀ ਅਤੇ ਸਮੂਹ ਮੈਂਬਰ ਪਾਰਲੀਮੈਂਟ ਨੂੰ ਵੀ ਅਪੀਲ ਕੀਤੀ ਗਈ। ਜ਼ਿਲ੍ਹਾ ਸਕੱਤਰ ਡਾ. ਸਿਮਰਜੀਤ ਸਿੰਘ ਗਾਗੋਵਾਲ ਵੱਲੋਂ ਜ਼ਿਲ੍ਹਾ ਪੱਧਰੀ ਗਤੀਵਿਧੀਆਂ ਤੇ ਜਥੇਬੰਦਕ ਸਰਗਰਮੀਆਂ ਦੀ ਜਾਣਕਾਰੀ ਦਿੱਤੀ ਅਤੇ ਨਸ਼ਿਆਂ ਅਤੇ ਭਰੂਣ ਹੱਤਿਆ ਰਹਿਤ ਸਾਫ਼ ਸੁਥਰੀਆਂ ਸੇਵਾਵਾਂ ਦੇਣ ਲਈ ਪ੍ਰੇਰਿਤ ਕੀਤਾ। ਇਸ ਸਮੇਂ ਬਲਾਕ ਚੇਅਰਮੈਨ ਵੈਦ ਗੁਰਨਾਮ ਸਿੰਘ ਕੋਟੜਾ, ਸੀਨੀਅਰ ਵਾਇਸ ਪ੍ਰਧਾਨ ਡਾ.ਮਨੋਜ ਕੁਮਾਰ ਖਿਆਲਾ , ਡਾ.ਅਜਮੇਰ ਸਿੰਘ ਖਿਆਲਾ, ਕੈਸ਼ੀਅਰ ਵੈਦ ਅਮਰੀਕ ਸਿੰਘ, ਡਾ. ਸੁਧੀਰ ਕੁਮਾਰ ਚਿਲਾਣਾ, ਡਾ. ਰਵੀ ਖਾਨ, ਡਾ.ਬਲਵਿੰਦਰ ਰਿਸ਼ੀ, ਡਾ. ਨਿਰਮਲ ਸਿੰਘ ਰਾਏਪੁਰ , ਡਾ. ਸੁਰੇਸ਼ ਬੱਤਰਾ ਆਦਿ ਸਾਥੀਆਂ ਨੇ ਵਿਚਾਰ ਸਾਂਝੇ ਕਰਦਿਆਂ ਜ਼ੋਰਦਾਰ ਸ਼ਬਦਾਂ ਵਿੱਚ ਪੰਜਾਬ ਅਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਮੈਡੀਕਲ ਪ੍ਰੈਕਟੀਸ਼ਨਰਾਂ ਦੇ ਮਸਲੇ ਨੂੰ ਗੰਭੀਰਤਾ ਨਾਲ ਵਿਚਾਰਦਿਆਂ ਫੌਰੀ ਹੱਲ ਕੀਤਾ ਜਾਵੇ। ਇਸ ਮੌਕੇ ਡਾ. ਰਨਵੀਰ ਸਿੰਘ, ਡਾ. ਜੁਗਰਾਜ ਸਿੰਘ , ਡਾ. ਬੂਟਾ ਸਿੰਘ ਲੱਲੂਆਣਾ , ਡਾ. ਮੁਨਸ਼ੀ ਸਿੰਘ, ਵੈਦ ਪ੍ਰਿੰਸ ਕੁਮਾਰ, ਡਾ. ਗੁਰਸੇਵਕ ਸਿੰਘ ਟਾਡੀਆਂ , ਵੈਦ ਗੁਰਦੀਪ ਸਿੰਘ, ਜਗਸੀਰ ਸਿੰਘ ਲਾਡੀ , ਡਾ.ਗੁਰਮੇਲ ਸਿੰਘ, ਡਾ. ਰਘਵੀਰ ਸਿੰਘ ਠੂਠਿਆਂ ਵਾਲੀ ਆਦਿ ਸਾਥੀਆਂ ਨੇ ਵੀ ਸ਼ਮੂਲੀਅਤ ਕੀਤੀ।

## ਜ਼ਿਲ੍ਹਾ ਪ੍ਰੀਸ਼ਦ ਦੇ ਤਿੰਨ ਜ਼ੋਨਾਂ ਲਈ 13 ਉਮੀਦਵਾਰ ਮੈਦਾਨ 'ਚ

ਧੂਰੀ (ਮਨੋਹਰ ਸਿੰਘ ਸੱਗੂ)-ਵਿਧਾਨ ਸਭਾ ਹਲਕਾ ਧੂਰੀ ਅਧੀਨ ਆਉਂਦੇ ਜ਼ਿਲ੍ਹਾ ਪ੍ਰੀਸ਼ਦ ਦੇ ਤਿੰਨ ਜ਼ੋਨਾਂ ਲਈ ਨਾਮਜ਼ਦਗੀਆਂ ਵਾਪਸ ਲੈਣ ਉਪਰੰਤ ਹੁਣ 13 ਉਮੀਦਵਾਰ ਚੋਣ ਮੈਦਾਨ 'ਚ ਆਪਣੀ ਕਿਸਮਤ ਅਜ਼ਮਾਈ ਕਰਨਗੇ। ਮਿਲੀ ਜਾਣਕਾਰੀ ਅਨੁਸਾਰ ਹਲਕੇ ਦੇ ਜ਼ਿਲ੍ਹਾ ਪ੍ਰੀਸ਼ਦ ਬਾਲੀਆਂ ਜ਼ੋਨ 'ਚ ਠੇਕੇਦਾਰ ਹਰਜਿੰਦਰ ਸਿੰਘ (ਆਪ), ਚਮਕੌਰ ਸਿੰਘ ਕੁੰਡਰਵਾਲ (ਕਾਂਗਰਸ), ਰਮਨਦੀਪ ਸਿੰਘ ਖਹਿਰਾ (ਭਾਜਪਾ), ਕੁਲਵਿੰਦਰ ਸਿੰਘ (ਆਜ਼ਾਦ) ਤੇ ਹਰਸਿਮਰਨ ਸਿੰਘ ਕਾਂਝਲਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਉਮੀਦਵਾਰ ਵਜੋਂ, ਮੀਮਸਾ ਜ਼ੋਨ 'ਚ ਰਛਪਾਲ ਸਿੰਘ ਭੁੱਲਰਹੇੜੀ (ਆਪ), ਗੁਰਪਿਆਰ ਧੂਰਾ (ਕਾਂਗਰਸ), ਗੁਰਦੀਪ ਸਿੰਘ (ਭਾਜਪਾ), ਹਰਚਰਨ ਸਿੰਘ (ਆਜ਼ਾਦ) ਤੇ ਰਵੀਇੰਦਰ ਸਿੰਘ ਰਵੀ ਈਸੜਾ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਉਮੀਦਵਾਰ ਵਜੋਂ ਅਤੇ ਘਨੌਰੀ ਕਲਾਂ ਜ਼ੋਨ 'ਚ ਜਸਮੀਤ ਕੌਰ (ਆਪ), ਗੁਰਮੀਤ ਕੌਰ (ਕਾਂਗਰਸ) ਤੇ ਹਰਜੀਤ ਕੌਰ (ਭਾਜਪਾ) ਦੇ ਉਮੀਦਵਾਰ ਵਜੋਂ ਚੋਣ ਮੈਦਾਨ 'ਚ ਹਨ।

## ਚਾਰ ਲੇਬਰ ਕੋਡਾਂ ਦੀਆਂ ਕਾਪੀਆਂ ਸਾੜੀਆਂ



ਲੁਧਿਆਣਾ (ਐੱਮ ਐੱਸ ਭਾਟੀਆ)-ਪੀ ਏ ਯੂ ਪੈਨਸ਼ਨਰ ਤੇ ਰਿਟਾਇਰਜ਼ ਐਸੋਸੀਏਸ਼ਨ ਦੀ ਜਨਰਲ ਬਾਡੀ ਮੀਟਿੰਗ ਕਾਮਰੇਡ ਜੋਗਿੰਦਰ ਰਾਮ ਪ੍ਰਧਾਨਗੀ ਹੇਠ ਕੀਤੀ ਗਈ।ਮੀਟਿੰਗ 'ਚ ਰਿਟਾਇਰ ਸਾਥੀਆਂ ਦੀਆਂ ਮੰਗਾਂ ਬਾਰੇ ਡੂੰਘਾਈ ਨਾਲ ਚਰਚਾ ਕੀਤੀ ਗਈ, ਪੰਜਾਬ ਸਰਕਾਰ ਨੇ 01-01-2016 ਤੋਂ ਪੇ ਕਮਿਸ਼ਨ ਦਾ ਬਕਾਇਆ, 2.59 ਦਾ ਫਾਰਮੂਲਾ, ਮੈਡੀਕਲ ਬਿਲਾਂ ਵਿੱਚ ਦੇਰੀ ਕਰਨ 'ਤੇ ਸਾਥੀਆਂ ਨੇ ਰੋਸ ਜ਼ਾਹਰ ਕੀਤਾ ਗਿਆ।ਜੇ ਐੱਲ ਨਾਰੰਗ ਨੇ ਸਟੇਜ ਦੀ ਕਾਰਵਾਈ ਚਲਾਈ ਗਈ।ਪ੍ਰਜੀਤ ਸਿੰਘ ਗਿੱਲ, ਬੁੱਧੀਰਾਜਾ, ਪ੍ਰੀਤਮ ਸਿੰਘ, ਕੁਲਦੀਪ ਸਿੰਘ, ਸਤਨਾਮ ਸਿੰਘ, ਨਿੱਤਿਆ ਨੰਦ ਨੇ ਆਪਣੇ ਵਿਚਾਰ ਪੇਸ਼ ਕੀਤੇ।ਕਾਮਰੇਡ ਜੋਗਿੰਦਰ ਰਾਮ ਨੇ ਕੇਂਦਰ ਸਰਕਾਰ ਦੇ ਚਾਰ ਲੇਬਰ ਕੋਡਾਂ ਦੀ ਨਿੰਦਾ ਕੀਤੀ ਅਤੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ ਗਈਆਂ।ਕਾਮਰੇਡ ਡੀ ਪੀ ਮੌੜ ਦੇ ਮਾਤਾ ਜੀ ਦੇ ਦੇਹਾਂਤ 'ਤੇ ਸ਼ਰਧਾਂਜਲੀ ਭੇਂਟ ਕੀਤੀ ਗਈ ਤੇ ਸੋਗ ਮਨਾਇਆ ਗਿਆ।

## ਡਾ. ਅੰਬੇਡਕਰ ਦੀ 69ਵੀਂ ਬਰਸੀ ਕਾਂਗਰਸ ਦਫ਼ਤਰ ਪਾਇਲ ਵਿਖੇ ਮਨਾਈ



ਦੋਰਾਹਾ (ਹਰਮਿੰਦਰ ਸੇਠ)-ਭਾਰਤ ਸੰਵਿਧਾਨ ਨਿਰਮਾਤਾ, ਸਮਾਜਿਕ ਨਿਆਂ ਦੇ ਮਹਾਨ ਯੋਧੇ ਤੇ ਭਾਰਤ ਰਤਨ ਡਾ. ਬੀ. ਆਰ. ਅੰਬੇਡਕਰ ਜੀ ਦੀ 69ਵੀਂ ਬਰਸੀ ਅੱਜ ਡਿਸਟ੍ਰਿਕਟ ਕਾਂਗਰਸ ਕਮੇਟੀ ਖੰਨਾ ਵੱਲੋਂ ਕਾਂਗਰਸ ਦਫ਼ਤਰ ਪਾਇਲ ਵਿੱਚ ਸ਼ਰਧਾਂਜਲੀ ਸਮਾਰੋਹ ਦੇ ਰੂਪ ਵਿੱਚ ਮਨਾਈ ਗਈ। ਇਸ ਸਮਾਰੋਹ ਦੀ ਅਗਵਾਈ ਜ਼ਿਲ੍ਹਾ ਕਾਂਗਰਸ ਕਮੇਟੀ ਖੰਨਾ ਦੇ ਪ੍ਰਧਾਨ ਸ੍ਰੀ ਲਖਵੀਰ ਸਿੰਘ ਲੱਖਾ ਨੇ ਕੀਤੀ।ਸਮਾਰੋਹ ਦੌਰਾਨ ਕਈ ਕਾਂਗਰਸ ਆਗੂਆਂ ਤੇ ਵਰਕਰਾਂ ਨੇ ਡਾ. ਅੰਬੇਡਕਰ ਜੀ ਦੇ ਚਰਨਾਂ ਵਿੱਚ ਫੁੱਲ ਭੇਟ ਕਰਕੇ ਉਨ੍ਹਾਂ ਦੇ ਯੋਗਦਾਨ ਨੂੰ ਯਾਦ ਕੀਤਾ।ਇਸ ਮੌਕੇ ਸਾਬਕਾ ਚੇਅਰਮੈਨ ਬੰਤ ਸਿੰਘ ਦੋਬੁਰਜੀ, ਸਾਬਕਾ ਚੇਅਰਮੈਨ ਯਾਦਵਿੰਦਰ ਸਿੰਘ ਜੰਡਾਲੀ, ਸਾਬਕਾ ਚੇਅਰਮੈਨ ਕਮਲਜੀਤ ਸਿੰਘ ਸਿਆੜ੍ਹ, ਬਲਾਕ ਪ੍ਰਧਾਨ ਮਲੌਦ ਗੁਰਮੇਲ ਸਿੰਘ ਗਿੱਲ, ਬਲਾਕ ਪ੍ਰਧਾਨ ਦੋਰਾਹਾ ਗੁਰਵਿੰਦਰ ਸਿੰਘ ਗਿੱਲ, ਗਗਨਦੀਪ ਸਿੰਘ ਲੰਢਾ, ਸ਼ਹਿਰੀ ਪ੍ਰਧਾਨ ਮਾਛੀਵਾੜਾ ਸਾਹਿਬ ਕਪਿਲ ਆਨੰਦ, ਰਮਲਜੀਤ ਸਿੰਘ ਗਰਚਾ, ਐੱਮ. ਸੀ. ਹਰਪ੍ਰੀਤ ਸਿੰਘ, ਐੱਮ. ਸੀ. ਰਜਿੰਦਰ ਸਿੰਘ ਗਹੀਰ, ਜ਼ਿਲ੍ਹਾ ਪ੍ਰਧਾਨ ਸੇਵਾ ਦਲ ਮੁਖਤਿਆਰ ਸਿੰਘ, ਪੀ. ਏ. ਰਣਜੀਤ ਸਿੰਘ, ਜ਼ਿਲ੍ਹਾ ਯੂਥ ਕਾਂਗਰਸ ਖੰਨਾ ਦੇ ਪ੍ਰਧਾਨ ਰੁਪਿੰਦਰ ਸਿੰਘ ਬਿੰਦੂ, ਦਿਲਪ੍ਰੀਤ ਸਿੰਘ ਡੀ. ਪੀ., ਅਵਿੰਦਰਦੀਪ ਸਿੰਘ ਜੱਸਾ ਰੋੜੀਆ, ਸਾਬਕਾ ਸਰਪੰਚ ਘੁਰਾਲਾ ਬਲਦੇਵ ਸਿੰਘ, ਅਵਤਾਰ ਸਿੰਘ ਰਾਮਗੜ੍ਹ ਸਰਦਾਰਾਂ, ਹਰਵਿੰਦਰ ਸਿੰਘ ਸੋਨੀ ਬਿਲਾਸਪੁਰ ਤੇ ਐੱਸ.ਸੀ. ਸੈੱਲ ਦੇ ਚੇਅਰਮੈਨ ਗੁਰਪ੍ਰੀਤ ਸਿੰਘ ਰੋਣੀ ਸਮੇਤ ਕਈ ਵਰਕਰ ਹਾਜ਼ਰ ਸਨ।

## ਐਡਵੋਕੇਟ ਨਵੀਨ ਗਰਗ ਦੀ ਅਗਵਾਈ 'ਚ ਕਈ ਨਾਮਵਰ ਸ਼ਖ਼ਸੀਅਤਾਂ 'ਆਪ' 'ਚ ਸ਼ਾਮਲ



ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)-ਸੁਨਾਮ ਊਧਮ ਸਿੰਘ ਵਾਲਾ ਵਿਖੇ ਆਮ ਆਦਮੀ ਪਾਰਟੀ ਨੂੰ ਇੱਕ ਵੱਡੀ ਮਜ਼ਬੂਤੀ ਮਿਲੀ, ਜਦੋਂ ਖੇਤਰ ਦੇ ਮੰਨੇ-ਪ੍ਰਮੰਨੇ ਐਡਵੋਕੇਟ ਨਵੀਨ ਗਰਗ ਦੀ ਅਗਵਾਈ ਹੇਠ ਤਾਜ ਸਿਟੀ ਕਲੋਨੀ ਦੇ ਪ੍ਰਧਾਨ ਪ੍ਰਗਟ ਸਿੰਘ ਬੰਟੀ, ਮਾਸਟਰ ਗੁਰਤੇਜ ਸਿੰਘ, ਸੁਰਿੰਦਰ ਸਿੰਘ, ਬਿੰਦਰ ਜਸਵੰਤ ਕੰਬਾਈਨ, ਮੋਨੂ ਅਰੋੜਾ, ਡਾ. ਨਿਰਮਲ ਸਿੰਘ ਸਮੇਤ ਕਈ ਹੋਰ ਸਨਮਾਨਤ ਵਿਅਕਤੀਆਂ ਨੇ ਰਵਾਇਤੀ ਪਾਰਟੀਆਂ ਨੂੰ ਤਿਆਗ ਕੇ ਆਮ ਆਦਮੀ ਪਾਰਟੀ ਦਾ ਪੱਲਾ ਫੜਿਆ।ਇਸ ਮੌਕੇ ਸ਼ਾਮਲ ਹੋਏ ਵਰਕਰਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਹੀ ਇੱਕੋ-ਇੱਕ ਪਾਰਟੀ ਹੈ, ਜੋ ਜਨਤਾ ਦੀ ਭਲਾਈ, ਪਾਰਦਰਸ਼ਤਾ ਤੇ ਸੱਚਾਈ ਨਾਲ ਰਾਜਨੀਤੀ ਕਰ ਰਹੀ ਹੈ।ਹਲਕੇ ਵਿੱਚ ਹੁੰਦੇ ਲਗਾਤਾਰ ਲੋਕ-ਹਿੱਤ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਲੋਕ ਸੇਵਾ ਦੀ ਇਸ ਯਾਤਰਾ ਦਾ ਹਿੱਸਾ ਬਣਨ ਦਾ ਫੈਸਲਾ ਲਿਆ।ਕੈਬਨਿਟ ਮੰਤਰੀ ਤੇ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਸਾਰੇ ਸਾਥੀਆਂ ਦਾ ਪਾਰਟੀ ਪਰਵਾਰ ਵਿੱਚ ਨਿੱਘਾ ਸੁਆਗਤ ਕਰਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਹਮੇਸ਼ਾ ਲੋਕਾਂ ਦੀ ਭਲਾਈ ਲਈ ਕੰਮ ਕਰਦੀ ਆਈ ਹੈ ਤੇ ਕਰਦੀ ਰਹੇਗੀ।ਅਮਨ ਅਰੋੜਾ ਨੇ ਕਿਹਾ ਕਿ ਲੋਕਾਂ ਦੇ ਭਰੋਸੇ ਤੇ ਸਹਿਯੋਗ ਨਾਲ ਸੁਨਾਮ ਊਧਮ ਸਿੰਘ ਵਾਲਾ ਹਲਕਾ ਖੁਸ਼ਹਾਲੀ ਤੇ ਵਿਕਾਸ ਦੀ ਨਵੀਂ ਮਿਸਾਲ ਪੇਸ਼ ਕਰ ਰਿਹਾ ਹੈ ਤੇ ਨਵੇਂ ਜੋਸ਼ ਨਾਲ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਸਾਥੀ ਇਸ ਮਿਸ਼ਨ ਨੂੰ ਹੋਰ ਵੀ ਮਜ਼ਬੂਤ ਕਰਨਗੇ।ਐਡਵੋਕੇਟ ਨਵੀਨ ਗਰਗ ਨੇ ਨਵੇਂ ਸ਼ਾਮਲ ਹੋਏ ਸਾਥੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਸੱਚੀ ਲੋਕ ਸੇਵਾ ਤੇ ਵਿਕਾਸ ਦੇ ਰਾਹ 'ਤੇ ਪਾਰਟੀ ਲੀਡਰਸ਼ਿਪ ਦੇ ਕਦਮ ਨਾਲ ਕਦਮ ਮਿਲਾ ਕੇ ਚਲਣ ਲਈ ਪ੍ਰਤੀਬੱਧ ਹਨ।

## ਭਾਈ ਮਨੀ ਸਿੰਘ ਦਾ ਸ਼ਹੀਦੀ ਜੋੜ ਮੇਲਾ 12 ਤੋਂ

ਲੌਂਗੋਵਾਲ (ਪ੍ਰਦੀਪ ਸੱਪਲ)-ਸਥਾਨਕ ਗੁਰਦੁਆਰਾ ਯਾਦਗਾਰ ਸ਼ਹੀਦ ਭਾਈ ਮਨੀ ਸਿੰਘ ਪੱਤੀ ਰੰਧਾਵਾ ਤੇ ਸਮੂਹ ਸਾਧ ਸੰਗਤ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬ੍ਰਹਮ ਗਿਆਨੀ ਸ਼ਹੀਦ ਭਾਈ ਮਨੀ ਸਿੰਘ ਜੀ ਦਾ ਸ਼ਹੀਦੀ ਜੋੜ ਮੇਲਾ 12, 13 ਤੇ 14 ਦਸੰਬਰ ਨੂੰ ਕਰਵਾਇਆ ਜਾ ਰਿਹਾ ਹੈ।ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਮੇਲਾ ਸਿੰਘ ਸੂਬੇਦਾਰ ਤੇ ਸਮੂਹ ਪ੍ਰਬੰਧਕ ਕਮੇਟੀ ਨੇ ਦੱਸਿਆ ਕਿ ਇਹ ਜੋੜ ਮੇਲਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਤ ਹੋਵੇਗਾ।

ਉਨ੍ਹਾਂ ਦੱਸਿਆ ਕਿ 12 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਤੇ ਨਗਰ ਕੀਰਤਨ ਕੱਢਿਆ ਜਾਵੇਗਾ ਅਤੇ 13 ਦਸੰਬਰ ਨੂੰ ਭਾਰੀ ਦੀਵਾਨ ਸਜਣਗੇ ਤੇ 14 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣਗੇ ਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

## 'ਆਪ' ਉਮੀਦਵਾਰ ਬਾਬਾ ਬੀਰਾ ਸਿੰਘ ਨੇ ਚੋਣ ਦਫਤਰ ਖੋਲ੍ਹਿਆ



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)
ਜ਼ਿਲ੍ਹਾ ਪ੍ਰੀਸ਼ਦ ਦੇ ਅਰਨੇਟੂ ਜ਼ੋਨ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਬਾਬਾ ਬੀਰਾ ਸਿੰਘ ਵੱਲੋਂ ਕਸਬਾ ਸ਼ੁਤਰਾਣਾ ਵਿਖੇ ਆਪਣਾ ਚੋਣ ਦਫਤਰ ਖੋਲ੍ਹ ਦਿੱਤਾ ਗਿਆ। ਚੋਣ ਦਫਤਰ ਦਾ ਉਦਘਾਟਨ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕੀਤਾ। ਚੋਣ ਦਫਤਰ ਦਾ ਉਦਘਾਟਨ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦੌਰਾਨ ਸਾਰੇ ਜ਼ੋਨਾਂ ਤੋਂ ਇਮਾਨਦਾਰ ਤੇ ਸਾਫ ਸੁਥਰੀ ਛਵੀ ਵਾਲੇ ਉਮੀਦਵਾਰਾਂ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ।ਉਨ੍ਹਾਂ ਅਰਨੇਟੂ ਜ਼ੋਨ ਤੋਂ ਬਾਬਾ ਬੀਰਾ ਸਿੰਘ ਨੂੰ ਜਿਤਾ ਕੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਬਣਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਬਾਬਾ ਬੀਰਾ ਸਿੰਘ ਇੱਕ ਧਾਰਮਿਕ ਰੂਹ ਹਨ ਤੇ ਸਮਾਜ ਸੇਵਾ ਦੇ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ।ਉਨ੍ਹਾਂ ਕਿਹਾ ਕਿ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਚੰਗੇ ਲੋਕਾਂ ਨੂੰ ਪੰਚਾਇਤੀ ਸਿਆਸਤ ਵਿੱਚ ਅੱਗੇ ਲਿਆਉਣਾ ਆਮ ਆਦਮੀ ਪਾਰਟੀ ਦਾ ਮਨੋਰਥ ਹੈ, ਜਿਸ ਨੂੰ ਪੂਰਾ ਕਰਨ ਲਈ ਆਪ ਵੱਲੋਂ ਲੋਕਤੰਤਰ ਨੂੰ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆਪ ਕਿਸਾਨ ਵਿੰਗ ਦੇ ਸੂਬਾ ਸਕੱਤਰ ਬੂਟਾ ਸਿੰਘ ਸ਼ੁਤਰਾਣਾ, ਸਰਪੰਚ ਸੁਰੇਸ਼ ਕੁਮਾਰ ਸ਼ਰਮਾ, ਗੁਰਲਾਲ ਸਿੰਘ ਮੱਲ੍ਹੀ, ਸਾਬਕਾ ਸਰਪੰਚ ਕਾਰਜ ਸਿੰਘ ਬਕਰਾਹਾ ਆਦਿ ਹਾਜ਼ਰ ਸਨ।।

## ਜ਼ਿਲ੍ਹਾ ਪੱਧਰੀ ਅਧਿਆਪਕ ਉਤਸਵ ਕਰਵਾਇਆ



ਫਿਰੋਜ਼ਪੁਰ (ਗੁਰਬਚਨ ਸਿੰਘ, ਅਸ਼ੋਕ ਸ਼ਰਮਾ)-ਜ਼ਿਲ੍ਹਾ ਸਿੱਖਿਆ ਅਫਸਰ ਤੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਦੀ ਯੋਗ ਅਗਵਾਈ ਹੇਠ ਅਧਿਆਪਕ ਉਤਸਵ ਸਰਕਾਰੀ ਹਾਈ ਸਕੂਲ ਝੋਕ ਹਰੀਹਰ ਵਿਖੇ ਕਰਵਾਇਆ ਗਿਆ।ਇਸ ਅਧਿਆਪਕ ਉਤਸਵ ਵਿੱਚ 123 ਅਧਿਆਪਕਾਂ ਨੇ ਭਾਗ ਲਿਆ ਤੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।ਅਧਿਆਪਨ ਨਾਲ ਸਬੰਧਤ ਮਾਡਲ ਚਾਰਟ ਕਿਰਿਆਵਾਂ ਸਿੱਖਣ ਐਪਸ ਖੇਡਾਂ ਵਿਸ਼ੇਸ਼ ਕਿੱਟਾਂ ਸੁੰਦਰ ਲਿਖਾਈ ਆਈ ਟੀ ਟੂਲ ਵਰਗੀਆਂ ਕਿਰਿਆਵਾਂ ਵਿੱਚ ਅਧਿਆਪਕਾਂ ਨੇ ਕੁੱਲ 10 ਕੈਟਾਗਰੀ ਵਿੱਚ ਭਾਗ ਲਿਆ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ ਮਨੀਲਾ ਅਰੋੜਾ ਨੇ ਕਿਹਾ ਕਿ ਅਜਿਹੇ ਪ੍ਰੋਗਰਾਮ ਅਧਿਆਪਕਾਂ ਦੀ ਪ੍ਰਤਿਭਾ ਨੂੰ ਨਿਖਾਰਦੇ ਹਨ ਤੇ ਉਨ੍ਹਾਂ ਦੇ ਸਿੱਖਣ ਸਿਖਾਉਣ ਪ੍ਰਕਿਰਿਆ ਨੂੰ ਹੋਰ ਵਧੇਰੇ ਪ੍ਰਭਾਵਸ਼ਾਲੀ ਬਣਾਉਂਦੇ ਹਨ।ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਡਾਕਟਰ ਸਤਿੰਦਰ ਸਿੰਘ ਨੇ ਕਿਹਾ ਕਿ ਅਧਿਆਪਕ ਅਜਿਹਾ ਵਰਗ ਹੈ, ਜੋ ਸਮਾਜ ਨੂੰ ਬਦਲਣ ਦੀ ਸਮਰੱਥਾ ਰੱਖਦਾ ਹੈ।ਅਜਿਹੀਆਂ ਕਿਰਿਆਵਾਂ ਅਧਿਆਪਕਾਂ ਦੀ ਕਾਬਲੀਅਤ ਨੂੰ ਬਹੁਤ ਦੂਰ ਤੱਕ ਲੈ ਜਾਂਦੀਆਂ ਹਨ। ਸਕੂਲ ਮੁਖੀ ਅਵਤਾਰ ਸਿੰਘ ਨੇ ਕਿਹਾ ਕਿ ਅਸਲ ਅਧਿਆਪਕ ਉਹੀ ਹੈ, ਜੋ ਹਮੇਸ਼ਾ ਸਿੱਖਣ ਦੀ ਤਾਂਘ ਰੱਖਦਾ ਹੈ।ਕੁੱਲ ਦਸ ਕੈਟਾਗਰੀ ਵਿੱਚੋਂ ਪਹਿਲੀ, ਦੂਜੀ ਤੇ ਤੀਜੀ ਪੁਜ਼ੀਸ਼ਨ ਹਾਸਲ ਕਰਨ ਵਾਲੇ ਅਧਿਆਪਕਾਂ ਨੂੰ ਵਿਸ਼ੇਸ਼ ਸਨਮਾਨ, ਕਿੱਟਾਂ ਤੇ ਸਰਟੀਫਿਕੇਟ ਦਿੱਤੇ ਗਏ।ਇਸ ਅਧਿਆਪਕ ਉਤਸਵ ਵਿੱਚ ਭਾਗ ਲੈਣ ਵਾਲੇ ਸਾਰੇ ਅਧਿਆਪਕਾਂ ਨੂੰ ਪਾਰਟੀਸਪੇਸ਼ਨ ਸਰਟੀਫਿਕੇਟ ਵੰਡੇ ਗਏ।ਇਸ ਮੌਕੇ ਸਕੂਲ ਮੁਖੀ ਚਰਨ ਸਿੰਘ, ਜੋਗਿੰਦਰ ਸਿੰਘ, ਬੀ ਆਰ ਸੀ ਰਾਜੀਵ ਸ਼ਰਮਾ, ਅਮਿਤ ਨਾਰੰਗ, ਇੰਦਰਪਾਲ ਸਿੰਘ, ਹਰਪ੍ਰੀਤ ਸਿੰਘ, ਕਮਲ ਵਧਵਾ, ਅਮਿਤ ਆਨੰਦ, ਪ੍ਰਵੀਨ ਕੁਮਾਰ ਹਾਜ਼ਰ ਸਨ।

## ਸ਼੍ਰੋਮਣੀ ਅਕਾਲੀ ਦਲ ਨੇ ਭੈਣ-ਭਰਾ ਨੂੰ ਚੋਣ ਮੈਦਾਨ 'ਚ ਉਤਾਰਿਆ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਲਈ ਆਪਣੇ ਉਮੀਦਵਾਰਾਂ ਦੀ ਸੂਚੀ ਜਾਰੀ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਹਲਕਾ ਮਹਿਲ ਕਲਾਂ ਦੇ ਇੰਚਾਰਜ ਜਥੇਦਾਰ ਨਾਥ ਸਿੰਘ ਹਮੀਦੀ ਦੀ ਸਪੁੱਤਰੀ ਬੀਬੀ ਜਸ਼ਨਪ੍ਰੀਤ ਕੌਰ ਹਮੀਦੀ (ਐੱਮ.ਏ., ਬੀ.ਐੱਡ.) ਨੂੰ ਜ਼ਿਲ੍ਹਾ ਪ੍ਰੀਸ਼ਦ ਜ਼ੋਨ ਠੁੱਲੀਵਾਲ ਤੋਂ ਅਤੇ ਸਪੁੱਤਰ ਹਰਮਨਪ੍ਰੀਤ ਸਿੰਘ ਹਮੀਦੀ ਨੂੰ ਬਲਾਕ ਸੰਮਤੀ ਦੇ ਜ਼ੋਨ ਵਜੀਦਕੇ ਕਲਾਂ ਤੋਂ ਆਪਣਾ ਉਮੀਦਵਾਰ ਬਣਾਇਆ ਗਿਆ ਹੈ। ਦੋਵੇਂ ਉਮੀਦਵਾਰਾਂ ਨੇ ਪਾਰਟੀ ਹੁਕਮਾਂ ਦੀ ਪਾਲਣਾ ਕਰਦਿਆਂ ਆਪਣੇ ਨਾਮਜ਼ਦਗੀ ਪੱਤਰ ਦਾਖਲ ਕਰਨ ਤੋਂ ਬਾਅਦ ਹਲਕੇ ਦੇ ਪਿੰਡਾਂ ਅੰਦਰ ਚੋਣ ਸਰਗਰਮੀਆਂ ਆਰੰਭ ਕਰ ਦਿੱਤੀਆਂ ਹਨ।ਇਸ ਮੌਕੇ ਅਕਾਲੀ ਦਲ ਦੇ ਸੀਨੀਅਰ ਆਗੂਆਂ ਨੇ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਚੋਣ ਨਿਸ਼ਾਨ 'ਤੱਕੜੀ' 'ਤੇ ਵੋਟ ਪਾ ਕੇ ਦੋਵਾਂ ਉਮੀਦਵਾਰਾਂ ਨੂੰ ਸਫਲ ਬਣਾਇਆ ਜਾਵੇ।ਉਮੀਦਵਾਰਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਜ਼ਿਲ੍ਹਾ ਪ੍ਰਧਾਨ ਐਡਵੋਕੇਟ ਸਤਨਾਮ ਸਿੰਘ ਰਾਹੀ ਸਮੇਤ ਆਗੂਆਂ ਦਾ ਟਿਕਟ ਦੇਣ ਲਈ ਧੰਨਵਾਦ ਕੀਤਾ।ਉਨ੍ਹਾਂ ਦਾਅਵਾ ਕੀਤਾ ਕਿ ਲੋਕਾਂ ਦੇ ਮਿਲ ਰਹੇ ਜ਼ਬਰਦਸਤ ਹੁੰਗਾਰੇ ਸਦਕਾ ਇਹ ਦੋਵੇਂ ਸੀਟਾਂ ਜਿੱਤ ਕੇ ਸ਼੍ਰੋਮਣੀ ਅਕਾਲੀ ਦਲ ਦੀ ਝੋਲੀ 'ਚ ਪਾਈਆਂ ਜਾਣਗੀਆਂ।

## ਕਾਂਗਰਸ ਉਮੀਦਵਾਰ ਚੋਣਾਂ 'ਚ ਇਤਿਹਾਸਕ ਜਿੱਤ ਪ੍ਰਾਪਤ ਕਰਨਗੇ : ਗਿੱਲ



ਦੋਰਾਹਾ (ਹਰਮਿੰਦਰ ਸੇਠ)-ਬਲਾਕ ਕਾਂਗਰਸ ਮਲੌਦ ਦੇ ਪ੍ਰਧਾਨ ਤੇ ਸਾਬਕਾ ਬਲਾਕ ਸੰਮਤੀ ਮੈਂਬਰ ਗੁਰਮੇਲ ਸਿੰਘ ਗਿੱਲ ਬੇਰਕਲਾਂ ਨੇ ਜ਼ੋਨ ਰਾਮਗੜ੍ਹ ਸਰਦਾਰਾਂ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਅਵਤਾਰ ਸਿੰਘ ਤਾਰੀ ਦੀ ਚੋਣ ਮੁਹਿੰਮ ਤੇਜ਼ ਕਰ ਦਿੱਤੀ ਹੈ, ਉਹ ਜ਼ਿਲ੍ਹਾ ਪ੍ਰੀਸ਼ਦ ਅਧੀਨ ਆਉਂਦੇ ਪਿੰਡਾਂ ਵਿੱਚ ਲਗਾਤਾਰ ਲੋਕਾਂ ਨਾਲ ਰਾਬਤਾ ਕਾਇਮ ਕਰਕੇ ਕਾਂਗਰਸ ਪਾਰਟੀ ਲਈ ਵੋਟਾਂ ਦੀ ਮੰਗ ਕਰ ਰਹੇ ਹਨ। ਪ੍ਰਧਾਨ ਗਿੱਲ ਨੇ ਕਿਹਾ ਕਿ ਹੁਣ ਕਿਉਂ ਨੀਂ ਮੋਬਾਇਲ ਰਿਪੇਅਰ ਕਰਨ ਵਾਲੇ ਤੇ ਸਾਈਕਲਾਂ ਨੂੰ ਪੈਂਚਰ ਲਾਉਣ ਵਾਲਿਆਂ ਨੂੰ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਟਿਕਟਾਂ ਦਿੱਤੀਆਂ ਗਈਆਂ। ਉਨ੍ਹਾਂ ਕਿਹਾ ਕਿ ਹੋਰਨਾਂ ਪਾਰਟੀਆਂ ਨੂੰ ਛੱਡ ਕੇ ਆਏ ਧਨਾਢ ਲੋਕਾਂ ਨੂੰ ਟਿਕਟਾਂ ਦੇ ਕੇ ਆਮ ਆਦਮੀ ਪਾਰਟੀ ਦੇ ਮਿਹਨਤੀ ਵਰਕਰਾਂ ਨੂੰ ਅਣਗੌਲਿਆ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਹਲਕਾ ਪਾਇਲ ਦੇ ਸੂਝਵਾਨ ਵੋਟਰ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਕਾਂਗਰਸ ਪਾਰਟੀ ਦਾ ਝੰਡਾ ਲਹਿਰਾਉਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਭਦੀਪ ਸਿੰਘ ਨਾਰੰਗਵਾਲ, ਸਿਆਸੀ ਸਲਾਹਕਾਰ ਮੈਂਬਰ ਪਾਰਲੀਮੈਂਟ ਅਮਰ ਸਿੰਘ, ਜਗਮੋਹਨ ਸਿੰਘ ਸੀਨੀਅਰ ਕਾਂਗਰਸੀ ਆਗੂ, ਨਿਰਭੈ ਸਿੰਘ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

## ਚੇਅਰਮੈਨ ਜੱਸੀ ਵੱਲੋਂ ਕੇਵਲ ਸਿੰਘ ਦੇ ਹੱਕ 'ਚ ਚੋਣ ਪ੍ਰਚਾਰ



ਨਾਭਾ (ਵਰਿੰਦਰ ਵਰਮਾ)-ਬਲਾਕ ਸੰਮਤੀ ਜ਼ੋਨ ਰਣਜੀਤਗੜ੍ਹ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕੇਵਲ ਸਿੰਘ ਰਣਜੀਤਗੜ੍ਹ ਸਪੁੱਤਰ ਜਥੇਦਾਰ ਲਾਲ ਸਿੰਘ ਰਣਜੀਤਗੜ੍ਹ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਦੇ ਹੱਕ ਵਿੱਚ ਅੱਜ ਇਪਰੂਵਮੈਂਟ ਟਰੱਸਟ ਨਾਭਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਚੋਣ ਪ੍ਰਚਾਰ ਸ਼ੁਰੂ ਕੀਤਾ।ਇਸ ਮੌਕੇ ਗੱਲਬਾਤ ਕਰਦਿਆਂ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਹੂੰਝਾਫੇਰ ਜਿੱਤ ਹੋਵੇਗੀ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਕੀਤੇ ਗਏ ਕੰਮਾਂ ਤੋਂ ਸੂਬੇ ਦੇ ਲੋਕ ਬੇਹੱਦ ਖੁਸ਼ ਹਨ ਤੇ ਇਨ੍ਹਾਂ ਚੋਣਾਂ ਵਿੱਚ ਸਰਕਾਰ ਵੱਲੋਂ ਕੀਤੇ ਗਏ ਕੰਮਾਂ 'ਤੇ ਮੋਹਰ ਲਾ ਕੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਫਤਵਾ ਦੇਣਗੇ।ਇਸ ਮੌਕੇ ਉਨ੍ਹਾਂ ਨਾਲ ਜਥੇਦਾਰ ਲਾਲ ਸਿੰਘ ਰਣਜੀਤਗੜ੍ਹ, ਸਤਵੰਤ ਸਿੰਘ ਸੋਹੀ ਸਰਪੰਚ, ਅਜੀਤ ਸਿੰਘ ਸੋਹੀ ਸਾਬਕਾ ਸਰਪੰਚ, ਹਰਦੇਵ ਸਿੰਘ ਸੋਹੀ, ਨੰਬਰਦਾਰ ਗੁਰਪ੍ਰੀਤ ਸਿੰਘ ਸੋਹੀ, ਅਮਰੀਕ ਸਿੰਘ ਸੋਹੀ, ਰਮਨਦੀਪ ਸਿੰਘ ਸੋਹੀ ਆੜ੍ਹਤੀਆ, ਹਰਦੀਪ ਸਿੰਘ ਫੌਜੀ, ਰਣਜੀਤ ਸਿੰਘ, ਜਸਕਰਨਵੀਰ ਸਿੰਘ ਤੇਜੇ ਆਦਿ ਮੌਜੂਦ ਸਨ।

## ਐੱਮ ਏ ਐੱਮ ਪਬਲਿਕ ਸਕੂਲ ਦਾ ਖੇਡ ਮਹਾਂਉਤਸਵ ਸਫਲਤਾਪੂਰਵਕ ਸੰਪੰਨ



ਸਮਰਾਲਾ (ਸੁਰਜੀਤ ਸਿੰਘ)
ਸਥਾਨਕ ਮੈਕਸ ਆਰਥਰ ਮੈਕਾਲਿਫ ਪਬਲਿਕ ਸਕੂਲ ਵਿੱਚ ਵਿਦਿਆਰਥੀਆਂ ਨੂੰ ਖੇਡਾਂ ਨਾਲ ਜੋੜਨ ਦੇ ਉਦੇਸ਼ ਨਾਲ ਸਕੂਲ ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਦੀ ਅਗਵਾਈ ਹੇਠ ਦੋ ਰੋਜ਼ਾ ਸਾਲਾਨਾ ਖੇਡ ਮਹਾਉਤਸਵ ਮਨਾਇਆ ਗਿਆ, ਜਿਸ ਵਿੱਚ ਨਰਸਰੀ ਤੋਂ ਲੈ ਕੇ 12ਵੀਂ ਕਲਾਸ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।ਇਸ ਮਹਾਉਤਸਵ ਦੇ ਪਹਿਲੇ ਤੇ ਦੂਜੇ ਦਿਨ ਮੁੱਖ ਮਹਿਮਾਨ ਵਜੋਂ ਕ੍ਰਮਵਾਰ ਸੁਰਜੀਤ ਸਿੰਘ ਰਾਸ਼ਟਰੀ ਹਾਕੀ ਖਿਡਾਰੀ, ਬਿਮਲ ਜਸ ਏਸ਼ੀਅਨ ਮੈਡਲਿਸਟ, ਦਲਜੀਤ ਸਿੰਘ ਟਰਸਟੀ ਮੈਂਬਰ ਤੇ ਪ੍ਰੋ. ਇੰਦਰਜੀਤ ਕੌਰ ਨੇ ਹਾਜ਼ਰੀ ਭਰੀ।ਇਸ ਤੋਂ ਇਲਾਵਾ ਸਕੂਲ ਚੇਅਰਪਰਸਨ ਕੁਲਵਿੰਦਰ ਕੌਰ ਬੈਨੀਪਾਲ, ਪ੍ਰੈਜ਼ੀਡੈਂਟ ਅਨਿਲ ਕੁਮਾਰ ਵਰਮਾ, ਮੈਨੇਜਰ ਰਮਨਦੀਪ ਸਿੰਘ ਤੇ ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਸਮਾਰੋਹ ਦੀ ਸ਼ੁਰੂਆਤ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਨਾਲ ਹੋਈ।ਇਸ ਤੋਂ ਬਾਅਦ ਮੁੱਖ ਮਹਿਮਾਨਾਂ ਨੇ ਸ਼ਮ੍ਹਾ ਰੋਸ਼ਨ ਕਰਕੇ, ਝੰਡਾ ਲਹਿਰਾ ਕੇ ਖੁੱਲ੍ਹੇ ਆਸਮਾਨ ਵਿੱਚ ਗੁਬਾਰੇ ਤੇ ਕਬੂਤਰ ਉਡਾ ਕੇ ਸਮਾਰੋਹ ਦਾ ਉਦਘਾਟਨ ਕੀਤਾ।ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਨੇ ਸਾਰੇ ਮਹਿਮਾਨਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ।ਸਕੂਲ ਦੇ ਚਾਰ ਹਾਊਸ—ਮਰਕਰੀ, ਵੀਨਸ, ਮਾਰਸ ਤੇ ਜੂਪੀਟਰ ਵੱਲੋਂ ਮਾਰਚ ਕੀਤਾ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਵੈੱਲਕਮ ਗੀਤ ਨਾਲ ਹੋਈ।

ਇਸ ਤੋਂ ਬਾਅਦ ਸ਼ਾਨਦਾਰ ਗੱਤਕਾ ਪ੍ਰਦਰਸ਼ਨ ਤੇ ਕਲਾਸੀਕਲ ਡਾਂਸ ਹੋਇਆ, ਜਦਕਿ ਭੰਗੜੇ ਦੇ ਜੋਸ਼ ਨੇ ਸਾਰਿਆਂ ਨੂੰ ਝੂਮਣ 'ਤੇ ਮਜਬੂਰ ਕਰ ਦਿੱਤਾ।ਬੱਚਿਆਂ ਦੀਆਂ ਵੱਖ-ਵੱਖ ਵੰਨਗੀਆਂ ਨੇ ਪੂਰੇ ਸਮਾਰੋਹ ਨੂੰ ਖੁਸ਼ਨੁਮਾ ਬਣਾਇਆ।ਜੂਨੀਅਰ ਵਿੰਗ ਨਰਸਰੀ ਤੋਂ 5ਵੀਂ ਜਮਾਤ ਦੇ ਬੱਚਿਆਂ ਲਈ 50,100 ਮੀਟਰ, ਲੈਮਨ ਐਂਡ ਸਪੂਨ ਰੇਸ, ਬੈਲੰਸ ਰੇਸ, ਚੇਅਰ ਰੇਸ ਤੇ ਮਦਰ ਐਂਡ ਚਾਈਲਡ ਦੌੜ, ਮੈਥ ਰੇਸ, ਚਿਕਨ ਰੇਸ, ਰੈਡੀ ਫਾਰ ਸਕੂਲ ਆਦਿ ਕਈ ਰੁਚੀਕਰ ਮੁਕਾਬਲੇ ਕਰਵਾਏ ਗਏ।ਕਲਾਸ 6 ਤੋਂ 12 ਤੱਕ ਦੇ ਬੱਚਿਆਂ ਨੇ 100, 200 ਮੀਟਰ ਰੇਸ, ਰੀਲੇਅ ਰੇਸ, ਲੰਮੀ ਛਾਲ, ਸ਼ਾਟਪੁੱਟ, ਪੁਸ਼-ਅੱਪ, ਰੱਸਾਕਸ਼ੀ, ਹਰਡਲ ਦੌੜ, ਸੂਈ ਧਾਗਾ ਰੇਸ, ਥ੍ਰੀ-ਲੈੱਗ ਰੇਸ ਆਦਿ ਮੁਕਾਬਲੇ ਕਰਵਾਏ ਗਏ।ਮੁੱਖ ਮਹਿਮਾਨਾਂ ਨੇ ਚੇਅਰਪਰਸਨ, ਪ੍ਰੈਜ਼ੀਡੈਂਟ, ਮੈਨੇਜਰ ਤੇ ਪ੍ਰਿੰਸੀਪਲ ਨਾਲ ਮਿਲ ਕੇ ਜੇਤੂ ਵਿਦਿਆਰਥੀਆਂ ਨੂੰ ਮੈਡਲ, ਟ੍ਰਾਫੀਆਂ ਤੇ ਸਰਟੀਫਿਕੇਟ ਦਿੱਤੇ।ਜੂਨੀਅਰ ਵਿੰਗ ਦੇ ਸਰਵੋਤਮ ਖਿਡਾਰੀਆਂ ਵਜੋਂ ਜਪਦੀਪ ਕੌਰ ਤੇ ਗੁਰਵੀਰ ਸਿੰਘ ਨਾਗਰਾ, ਜਦਕਿ ਸੀਨੀਅਰ ਵਿੰਗ ਵੱਲੋਂ ਜਸ਼ਨ ਤੇ ਮਹਿਕਦੀਪ ਕੌਰ ਨੂੰ ਸਨਮਾਨਤ ਕੀਤਾ ਗਿਆ।ਬੈਸਟ ਹਾਊਸ ਜੂਪੀਟਰ ਰਿਹਾ।ਅੰਤ ਵਿੱਚ ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਨੇ ਖਿਡਾਰੀਆਂ ਦੀ ਹੌਸਲਾ-ਅਫ਼ਜ਼ਾਈ ਕਰਦੇ ਹੋਏ ਖੇਡ ਵਿਭਾਗ, ਅਧਿਆਪਕਾਂ ਤੇ ਸਟਾਫ ਦੀ ਕਾਬਿਲੇ-ਤਾਰੀਫ਼ ਸੇਵਾ ਦੀ ਪ੍ਰਸ਼ੰਸਾ ਕੀਤੀ। ਸਮਾਰੋਹ ਦੀ ਸਮਾਪਤੀ ਝੰਡਾ ਉਤਾਰ ਕੇ ਤੇ ਰਾਸ਼ਟਰੀ ਗਾਨ ਨਾਲ ਕੀਤਾ ਗਿਆ।ਸਮਾਗਮ ਵਿੱਚ ਰੀਚਾ ਸ਼ਰਮਾ, ਨੀਲਮ ਵਰਮਾ, ਗੁਰਪ੍ਰੀਤ ਕੌਰ, ਪ੍ਰਕਾਸ਼ ਕੌਰ, ਪਰਮਜੀਤ ਕੌਰ ਕੰਗ ਤੇ ਲਖਵੰਤ ਕੌਰ ਮੌਜੂਦ ਸਨ, ਜਿਨ੍ਹਾਂ ਨੇ ਸਮਾਰੋਹ ਦੀ ਸ਼ੋਭਾ ਵਧਾਈ।

## ਵਾਇਰਲ ਵੀਡੀਓ ਰਾਹੀਂ ਮਿਲੀ ਸ਼ਿਕਾਇਤ 'ਤੇ ਮੇਅਰ ਵੱਲੋਂ ਸੜਕ ਦਾ ਨਿਰੀਖਣ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਸ਼ਹਿਰ ਵਿੱਚ ਵਿਕਾਸ ਕਾਰਜਾਂ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਮੇਅਰ ਕੁੰਦਨ ਗੋਗੀਆ ਵੱਲੋਂ ਸਖ਼ਤ ਰੁਖ ਅਪਣਾਇਆ ਜਾ ਰਿਹਾ ਹੈ।ਇਸੇ ਕੜੀ ਤਹਿਤ ਵਾਇਰਲ ਵੀਡੀਓ ਰਾਹੀਂ ਸੜਕ ਨਿਰਮਾਣ ਨਾਲ ਸਬੰਧਤ ਸ਼ਿਕਾਇਤ ਮਿਲਦਿਆਂ ਹੀ ਮੇਅਰ ਕੁੰਦਨ ਗੋਗੀਆ ਵਾਰਡ ਨੰਬਰ 15 ਅਲੀਪੁਰ ਅਰਾਈਆਂ ਵਿਖੇ ਅਚਨਚੇਤ ਤੌਰ 'ਤੇ ਸੜਕ ਦੇ ਨਿਰਮਾਣ ਕੰਮ ਦਾ ਨਰੀਖਣ ਕਰਨ ਪੁੱਜੇ।ਮੌਕੇ 'ਤੇ ਪਹੁੰਚ ਕੇ ਮੇਅਰ ਨੇ ਚੱਲ ਰਹੇ ਕੰਮ, ਵਰਤੇ ਜਾ ਰਹੇ ਮਟੀਰੀਅਲ ਤੇ ਨਿਰਮਾਣ ਦੀ ਪ੍ਰਕਿਰਿਆ ਦੀ ਬਾਰਕੀ ਨਾਲ ਜਾਂਚ ਕੀਤੀ।ਨਰੀਖਣ ਦੌਰਾਨ ਕੁਝ ਖਾਮੀਆਂ ਨਜ਼ਰ ਆਉਣ 'ਤੇ ਮੇਅਰ ਨੇ ਮੌਜੂਦ ਅਧਿਕਾਰੀਆਂ ਤੇ ਸਬੰਧਤ ਠੇਕੇਦਾਰ ਨੂੰ ਤੁਰੰਤ ਸਖ਼ਤ ਹਦਾਇਤਾਂ ਜਾਰੀ ਕੀਤੀਆਂ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਸੜਕਾਂ ਦੇ ਨਿਰਮਾਣ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪ੍ਰਵਾਹੀ ਜਾਂ ਘੱਟ ਗੁਣਵੱਤਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਮੇਅਰ ਨੇ ਕਿਹਾ ਕਿ ਸ਼ਹਿਰ ਵਾਸੀਆਂ ਦੇ ਟੈਕਸ ਦੇ ਪੈਸੇ ਨਾਲ ਹੋ ਰਹੇ ਵਿਕਾਸ ਕਾਰਜਾਂ ਵਿੱਚ ਪਾਰਦਰਸ਼ਤਾ ਤੇ ਮਜ਼ਬੂਤੀ ਸਭ ਤੋਂ ਜ਼ਰੂਰੀ ਹੈ।ਉਨ੍ਹਾ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸੜਕ ਦੇ ਨਿਰਮਾਣ ਦੌਰਾਨ ਮਿਆਰੀ ਮਟੀਰੀਅਲ ਦੀ ਵਰਤੋਂ, ਲੇਅਰਿੰਗ, ਮੋਟਾਈ ਤੇ ਤਕਨੀਕੀ ਮਿਆਰਾਂ ਦੀ ਪੂਰੀ ਪਾਲਣਾ ਯਕੀਨੀ ਬਣਾਈ ਜਾਵੇ।



## ਰਾਜ ਪੱਧਰੀ ਇੰਟਰ-ਡਾਇਟ ਐਥਲੈਟਿਕ ਮੀਟ ਕਰਵਾਈ



ਬਰਨਾਲਾ (ਰਾਜਿੰਦਰ ਬਰਾੜ)-ਬਾਬਾ ਕਾਲਾ ਮਹਿਰ ਸਟੇਡੀਅਮ ਬਰਨਾਲਾ ਵਿਖੇ ਰਾਜ ਪੱਧਰੀ ਇੰਟਰ-ਡਾਇਟ ਐਥਲੈਟਿਕ ਮੀਟ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ।ਇਹ ਮੀਟ ਸਿੱਖਿਆ ਮੰਤਰੀ ਪੰਜਾਬ ਸ੍ਰ. ਹਰਜੋਤ ਸਿੰਘ ਬੈਂਸ ਦੀ ਅਗਵਾਈ, ਸਿੱਖਿਆ ਸਕੱਤਰ ਅਨੰਦਿਤਾ ਮਿੱਤਰਾ ਦੇ ਦਿਸ਼ਾ-ਨਿਰਦੇਸ਼ ਤੇ ਡਾਇਰੈਕਟਰ ਐੱਸਸੀਈਆਰਟੀ ਮੈਡਮ ਕਿਰਨ ਸ਼ਰਮਾ ਦੀ ਰਹਿਨੁਮਾਈ ਹੇਠ ਕਰਵਾਈ ਗਈ।ਐਥਲੈਟਿਕ ਮੀਟ ਵਿੱਚ ਪੰਜਾਬ ਭਰ ਤੋਂ ਆਏ ਡਾਇਟਾਂ ਦੇ ਵਿਦਿਆਰਥੀਆਂ ਨੇ ਵੱਖ-ਵੱਖ ਟਰੈਕ ਤੇ ਫੀਲਡ ਮੁਕਾਬਲਿਆਂ ਵਿੱਚ ਹਿੱਸਾ ਲੈ ਕੇ ਸ਼ਾਨਦਾਰ ਖੇਡ ਕੌਸ਼ਲ ਦਾ ਪ੍ਰਦਰਸ਼ਨ ਕੀਤਾ।ਇਸ ਮੌਕੇ ਐੱਸ ਸੀ ਈ ਆਰ ਟੀ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਸਟੇਟ ਇੰਚਾਰਜ ਡਾਕਟਰ ਬੂਟਾ ਸਿੰਘ ਸੇਖੋਂ, ਸਟੇਟ ਨੋਡਲ ਕੁਆਰਡੀਨੇਟਰ ਸੁਨੀਲ ਕੁਮਾਰ ਤੇ ਰਮਨਦੀਪ ਕੌਰ ਨੇ ਕਿਹਾ ਕਿ ਇਹ ਐਥਲੈਟਿਕ ਮੀਟ ਸਾਡੇ ਭਵਿੱਖ ਦੇ ਅਧਿਆਪਕਾਂ ਵਿੱਚ ਅਗਵਾਈ, ਅਨੁਸ਼ਾਸਨ ਤੇ ਟੀਮ-ਸਪਿਰਟ ਨੂੰ ਮਜ਼ਬੂਤ ਬਣਾਉਂਦੀ ਹੈ, ਜਿਹੜਾ ਵਿਦਿਆਰਥੀ ਖੇਡਾਂ ਵਿੱਚ ਚੰਗਾ ਹੈ, ਉਹ ਜੀਵਨ ਦੇ ਹਰ ਖੇਤਰ ਵਿੱਚ ਆਤਮ-ਵਿਸ਼ਵਾਸੀ ਬਣਦਾ ਹੈ। ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਡੀਈਓਜ਼ ਮੈਡਮ ਇੰਦੂ ਸਿਮਕ ਤੇ ਸੁਨੀਤਇੰਦਰ ਸਿੰਘ, ਡਿਪਟੀ ਡੀ ਈ ਓ ਡਾਕਟਰ ਬਰਜਿੰਦਰ ਪਾਲ ਸਿੰਘ ਤੇ ਡਾਇਟ ਪ੍ਰਿੰਸੀਪਲ ਨਾਭਾ ਸੰਦੀਪ ਨਾਗਰ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਸਿੱਖਿਆ ਦੇ ਨਾਲ ਨਾਲ ਖੇਡਾਂ ਵਿੱਚ ਅੱਗੇ ਵਧਾਉਣਾ ਸਾਡਾ ਮਿਸ਼ਨ ਹੈ। ਐਥਲੈਟਿਕਸ ਸਰੀਰਕ ਮਜ਼ਬੂਤੀ ਦੇ ਨਾਲ-ਨਾਲ ਮਨੋਬਲ ਵੀ ਵਧਾਉਂਦੀ ਹੈ।ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਡਾ. ਮੁਨੀਸ਼ ਮੋਹਨ ਸ਼ਰਮਾ ਨੇ ਅੰਤ ਵਿੱਚ ਕਿਹਾ ਕਿ ਬਰਨਾਲਾ ਵਿੱਚ ਇਸ ਪੱਧਰ ਦੀ ਐਥਲੈਟਿਕ ਮੀਟ ਕਰਵਾਉਣਾ ਸਾਡੇ ਲਈ ਮਾਣ ਦੀ ਗੱਲ ਹੈ।ਉਨ੍ਹਾਂ ਕਿਹਾ ਕਿ ਇਸ ਐਥਲੈਟਿਕ ਮੀਟ ਦਾ ਸਫ਼ਲ ਸੰਚਾਲਨ ਕਰਨ ਵਿੱਚ ਡੀਆਰਸੀ ਅੱਪਰ ਪ੍ਰਾਇਮਰੀ ਕਮਲਦੀਪ, ਡੀਆਰਸੀ ਪ੍ਰਾਇਮਰੀ ਕੁਲਦੀਪ ਸਿੰਘ ਭੁੱਲਰ ਤੇ ਡੀਐੱਮ ਸਪੋਰਟਸ ਸਿਮਰਦੀਪ ਸਿੰਘ ਦਾ ਵਿਸ਼ੇਸ਼ ਸਹਿਯੋਗ ਰਿਹਾ।ਇਸ ਮੌਕੇ ਐੱਸਸੀਈਆਰਟੀ ਤੋਂ ਰੁਪੇਸ਼ ਕੁਮਾਰ, ਸੁਨੀਲ ਸੈਣੀ, ਸੰਦੀਪ ਕੁਮਾਰ, ਮੀਡੀਆ ਕੋਆਰਡੀਨੇਟਰ ਹਰਵਿੰਦਰ ਰੋਮੀ, ਸਟੇਜ ਸੰਚਾਲਕ ਹਰਪ੍ਰੀਤ ਕੌਰ, ਸੁਖਪਾਲ ਸਿੰਘ, ਤੇਜਿੰਦਰ ਸ਼ਰਮਾ, ਪ੍ਰਿੰਸੀਪਲ ਸਾਹਿਬਾਨ, ਬੀਐੱਨਓ ਸਾਹਿਬਾਨ, ਹੈੱਡਮਾਸਟਰ ਸਾਹਿਬਾਨ ਤੇ ਪੰਜਾਬ ਦੀਆਂ ਵੱਖ-ਵੱਖ ਡਾਇਟਾਂ ਦੇ ਅਧਿਕਾਰੀ ਸਾਹਿਬਾਨ ਹਾਜ਼ਰ ਰਹੇ।

## ਨੌਂਵੇਂ ਗੁਰੂ ਦੀ ਸ਼ਹਾਦਤ ਨੂੰ ਸਮਰਪਤ ਸਮਾਗਮ



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਪੰਜਾਬੀ ਸਾਹਿਤ ਸਭਾ ਪਾਤੜਾਂ ਵੱਲੋਂ ਹਰ ਮਹੀਨੇ ਦੇ ਪਹਿਲੇ ਐਤਵਾਰ ਨੂੰ ਸਾਹਿਤਕ ਪ੍ਰੋਗਰਾਮ ਕਰਵਾਇਆ ਜਾਂਦਾ ਹੈ, ਜਿਹੜਾ ਇਸ ਵਾਰ ਨੌਂਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਕਾਲ ਤੇ ਇਤਿਹਾਸ ਨੂੰ ਦਰਸਾਉਂਦਿਆਂ ਸ਼ਹਾਦਤ ਦੇ 350ਵੇਂ ਸਾਲ ਨੂੰ ਸਮਰਪਤ ਹੋਇਆ।ਸਭਾ ਦਾ ਮੰਚ ਸੰਚਾਲਨ ਸਾਬਕਾ ਪ੍ਰਿੰਸੀਪਲ ਗੁਰਨਾਮ ਸਿੰਘ ਤੇ ਜਤਿਨ ਬੱਤਰਾ ਵੱਲੋਂ ਕੀਤਾ ਗਿਆ। ਇਸ ਮੌਕੇ ਪੱਤਰਕਾਰ ਗੁਰਨਾਮ ਸਿੰਘ ਚੌਹਾਨ, ਗੁਰਚਰਨ ਸਿੰਘ ਧੰਜੂ, ਬੀਬੀ ਨਿਰਮਲਾ ਗਰਗ, ਰਵੀ ਘੱਗਾ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਇਹ ਸ਼ਹਾਦਤ ਕੇਵਲ ਹਿੰਦੂ ਧਰਮ ਨੂੰ ਬਚਾਉਣ ਲਈ ਨਹੀਂ ਸਗੋਂ ਹਰ ਧਰਮ ਦੇ ਪੈਰੋਕਾਰਾਂ ਨੂੰ ਜਾਗਰੂਕ ਕਰਨ ਲਈ ਦਿੱਤੀ ਗਈ ਸੀ।ਭਾਵੇਂ ਅੱਜ ਗੁਰੂ ਤੇਗ ਬਹਾਦਰ ਜੀ ਨੂੰ ਹਿੰਦ ਦੀ ਚਾਦਰ ਦੇ ਨਾਂ ਨਾਲ ਸਨਮਾਨ ਦਿੱਤਾ ਜਾਂਦਾ ਹੈ, ਪਰ ਉਨ੍ਹਾਂ ਦੀ ਸ਼ਹਾਦਤ ਸਮੁੱਚੀ ਮਾਨਵਤਾ ਦੀ ਭਲਾਈ ਦੀ ਚਾਦਰ ਹੈ।ਉਨ੍ਹਾਂ ਅਫਸੋਸ ਵੀ ਪ੍ਰਗਟ ਕੀਤਾ ਕਿ ਗੁਰੂ ਜੀ ਦੀ ਸ਼ਹਾਦਤ ਸਬੰਧੀ ਕਈ ਭਰਮ ਭੁਲੇਖੇ ਵੀ ਪੈਦਾ ਕੀਤੇ ਜਾਂਦੇ ਰਹੇ ਹਨ। ਸਿੱਖ ਜਗਤ ਦੇ ਬੁੱਧੀਜੀਵੀ ਤੇ ਇਤਿਹਾਸਕਾਰਾਂ ਦੇ ਮਹੱਤਵ ਵੀ ਕੋਈ ਬਹੁਤਾ ਯੋਗਦਾਨ ਨਹੀਂ ਪਾਉਂਦੇ ਦਿਸਦੇ।ਬਾਕੀ ਸਾਹਿਤਕਾਰਾਂ ਵੱਲੋਂ ਵੀ ਆਪਣੀਆਂ ਰਚਨਾਵਾਂ ਤੋਂ ਇਲਾਵਾ ਗੁਰੂ ਤੇਗ ਬਹਾਦਰ ਦੇ ਸ਼ਹੀਦੀ ਇਤਿਹਾਸ ਸਬੰਧੀ ਜਾਣੂ ਕਰਵਾਉਣ ਵਾਲਿਆਂ ਵਿੱਚ ਰਾਮਫਲ ਰਾਜਲਹੇੜੀ ਗੁਰਜੰਟ ਜੰਟੀ, ਦਰਸ਼ਨ ਲਾਡਬੰਜਾਰਾ, ਦਲੇਰ ਹਰਿਆਊ, ਰੂਪਜੀਤ ਕੌਰ, ਚਾਹਤਪ੍ਰੀਤ ਸਿੰਘ, ਹਰਸ਼ਜੋਤ ਸਿੰਘ, ਮਨਿੰਦਰ ਕਾਫਰ, ਲੱਖੀ ਸ਼ਰਮਾ, ਹਰਪਾਲ ਸਨੇਹੀ, ਜੋਗਿੰਦਰ ਪਤੰਗਾ, ਖੁਸ਼ਪ੍ਰੀਤ ਹਰੀਗੜ੍ਹ ਹਰਪ੍ਰੀਤ ਕੌਰ ਹਾਜ਼ਰ ਸਨ।

9-Dec-PAGE-11-Dec-25-Final-25.qxd 12/8/2025 10:44 PM Page 1



# ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਿਸਾਨ ਆਗੂਆਂ ਵੱਲੋਂ ਮੋਦੀ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਬਿਜਲੀ ਸੋਧ ਅਤੇ ਬੀਜ ਸੋਧ ਬਿੱਲ ਰੱਦ ਕਰਵਾਉਣ ਨੂੰ ਲੈ ਕੇ ਵੱਖ-ਵੱਖ ਜਥੇਬੰਦੀਆਂ ਵੱਲੋਂ ਕਮਿਊਨਿਸਟ ਪਾਰਟੀ ਦੇ ਸੀਨੀਅਰ ਆਗੂ ਕਾਮਰੇਡ ਗੁਲਜ਼ਾਰ ਸਿੰਘ ਬਸੰਤਕੋਟ ਦੀ ਅਗਵਾਈ ਹੇਠ ਸਾਂਝੇ ਤੌਰ ਤੇ ਉਪ ਮੰਡਲ ਬਿਜਲੀ ਦਫਤਰ ਕੋਟਲੀ ਸੂਰਤ ਮੱਲ੍ਹੀ ਵਿਖੇ ਰੋਸ ਧਰਨਾ ਲਾਇਆ।ਇਸ ਮੌਕੇ ਇੱਕਤਰ ਹੋਏ ਧਰਨਿਕਾਰੀਆਂ ਵੱਲੋਂ ਕੇਂਦਰ ਦੀ ਮੋਦੀ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ ਅਤੇ ਬਿਜਲੀ ਸੋਧ ਬਿਲ ਤੇ ਬੀਜ ਸੋਧ ਬਿੱਲਾਂ ਦੀਆਂ ਕਾਪੀਆਂ ਸਾੜੀਆਂ ਗਈਆਂ।ਗੱਲਬਾਤ ਕਰਦਿਆਂ ਕਿਸਾਨ ਆਗੂ ਕਾਮਰੇਡ ਗੁਲਜ਼ਾਰ ਸਿੰਘ ਬਸੰਤਕੋਟ ਤੇ ਕਾਮਰੇਡ ਬਲਦੇਵ ਸਿੰਘ ਖੈਹਿਰਾ ਨੇ ਕਿਹਾ ਕਿ ਜੇਕਰ ਇਹ ਬਿੱਲ ਪੰਜਾਬ 'ਚ ਲਾਗੂ ਹੁੰਦੇ ਹਨ ਤਾਂ ਇਨ੍ਹਾਂ ਬਿੱਲਾਂ ਦਾ ਦੇਸ਼ ਦੇ ਕਿਰਤੀ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਅਤੇ ਦੁਕਾਨਦਾਰਾਂ ਤੇ ਬਹੁਤ ਵੱਡਾ ਅਸਰ ਹੋਵੇਗਾ ਤੇ ਇਹ ਬਿੱਲ ਪੰਜਾਬ ਦੇ ਲੋਕਾਂ ਨੂੰ ਮਾਰੂ ਬਿੱਲ ਹਨ ਜਿਸ ਕਰਕੇ ਸੰਯੁਕਤ ਮੋਰਚੇ ਦੀ ਕਾਲ ਤੇ ਅੱਜ ਕੋਟਲੀ ਸੂਰਤ ਮੱਲ੍ਹੀ ਵਿਖੇ ਵੱਡੀ ਗਿਣਤੀ ਵਿੱਚ ਕਿਸਾਨਾਂ ਇਕੱਠੇ ਹੋ ਕੇ ਇਨ੍ਹਾਂ ਦੋਹਾਂ ਬਿੱਲਾ ਦਾ ਵਿਰੋਧ ਕਰ ਰਹੇ ਹਾਂ ਤੇ ਆਉਣ ਵਾਲੇ ਸਮੇਂ ਵਿੱਚ ਵੀ ਸੰਯੁਕਤ ਮੋਰਚੇ ਦਾ ਜੋ ਵੀ ਸੱਦਾ ਹੋਵੇਗਾ ਉਹਦੇ 'ਤੇ ਅਸੀਂ ਪੂਰੀ ਤਰ੍ਹਾਂ ਅਮਲ ਕਰਾਂਗੇ।



ਇਸ ਨਾਲ ਇਨ੍ਹਾਂ ਕਿਸਾਨ ਆਗੂਆਂ ਵੱਲੋਂ ਅੱਜ ਇਸ ਵਿਗਾੜ ਪੈਦਾ ਕਰਨ ਵਾਲੀ ਰਾਜਨੀਤੀ ਤੇ ਸਵਾਲ ਚੁੱਕੇ ਗਏ ਅਤੇ ਇਸ ਬਦਲਾਖੋਰੀ ਦੀ ਰਾਜਨੀਤੀ ਦੀ ਜੰਮ ਕੇ ਨਿੰਦਾ ਕੀਤੀ ਗਈ।

ਇਸ ਮੌਕੇ ਕਾਮਰੇਡ ਮਨਜੀਤ ਸਿੰਘ ਰਾਊਵਾਲ, ਕਾਮਰੇਡ ਜਨਕ ਰਾਜ ਸੰਘੀ ਧਿਆਨਪੁਰ, ਕਿਸਾਨ ਆਗੂ ਮਨਜੀਤ ਸਿੰਘ ਬਸੰਤਕੋਟ, ਕੁਲਜੀਤ ਸਿੰਘ ਮਰੋਲ, ਸੰਗਤੂਵਾਲ, ਕਿਸਾਨ ਆਗੂ ਮਨਜੀਤ ਸਿੰਘ ਬਾਜਵਾ ਕੋਟਲੀ, ਬਲਵਿੰਦਰ ਸਿੰਘ ਖੈਹਿਰਾ, ਕੁਲਵਿੰਦਰ ਸਿੰਘ ਮਠਵਾਲ, ਜੋਧਾ ਸਿੰਘ ਮੰਮਣ, ਬਲਵਿੰਦਰ ਸਿੰਘ ਗਾਜੀਨੰਗਲ, ਗੁਰਦੇਵ ਸਿੰਘ ਧਾਰੋਵਾਲੀ, ਰਕੇਸ਼ ਧਿਆਨਪੁਰ, ਬਾਊ ਦਿੱਲੀ ਵਾਲੇ, ਨਰਿੰਦਰ ਸਿੰਘ ਡਾਲੇਚੱਕ, ਕਾਮਰੇਡ ਨਰਿੰਦਰ ਸਿੰਘ ਖੈਹਿਰਾ, ਮਹਿੰਦਰ ਸਿੰਘ ਖੈਹਿਰਾ, ਕਸ਼ਮੀਰ ਸਿੰਘ ਖੈਹਿਰਾ ਨੰਬਰਦਾਰ ਜਗਜੀਤ ਸਿੰਘ ਖੈਹਿਰਾ, ਪ੍ਰੀਤਮ ਸਿੰਘ ਖੈਹਿਰਾ, ਅਜ਼ਾਦ ਸਿੰਘ ਸ਼ਾਹਪੁਰ ਜਾਜਨ, ਪ੍ਰਭਦਿਆਲ ਸਿੰਘ ਸ਼ਾਹਪੁਰ ਜਾਜਨ, ਜੀਤੂ ਬਸੰਤਕੋਟ ਤਰਸੇਮ ਸਿੰਘ ਸਾਹਸਮਸ, ਮਹਿਲ ਸਿੰਘ ਸਾਹਸਮਸ, ਤਰਸੇਮ ਸਿੰਘ ਸਰਪੰਚ ਧਿਆਨਪੁਰ, ਬਸੰਤਕੋਟ ਸਿੰਘ ਧਿਆਨਪੁਰ ਅਨੂਪ ਸਿੰਘ ਖ਼ਜ਼ਾਨੇ ਕੋਟ, ਬੀਬੀ ਬਲਵਿੰਦਰ ਕੌਰ ਕਾਲਾ ਅਫਗਾਨਾ, ਪ੍ਰਗਟ ਸਿੰਘ ਰਾਊਵਾਲ ਅਤੇ ਹੋਰ ਕਿਸਨ ਆਗੂ ਹਾਜ਼ਰ ਸਨ।

# ਬਿਜਲੀ ਸੋਧ ਬਿੱਲ-2025 ਵਿਰੁੱਧ ਧਰਨਾ ਦੇ ਕੇ ਖਰੜੇ ਦੀਆਂ ਕਾਪੀਆਂ ਸਾੜੀਆਂ

ਧਾਰੀਵਾਲ/ਗੁਰਦਾਸਪੁਰ, (ਮਨਦੀਪ ਸਿੰਘ ਵਿੱਕੀ, ਜਨਕ ਮਹਾਜਨ)-ਸੰਯੁਕਤ ਕਿਸਾਨ ਮੋਰਚੇ ਅਤੇ ਬਿਜਲੀ ਕਾਮਿਆਂ ਦੀਆਂ ਜਥੇਬੰਦੀਆਂ ਅਤੇ ਦੇ ਸੱਦੇ ਤੇ ਅੱਜ ਸਾਰੇ ਪੰਜਾਬ ਵਿੱਚ ਸਭ ਡਵੀਜ਼ਨਾਂ ਦੇ ਦਫਤਰਾਂ ਅੱਗੇ ਬਿਜਲੀ ਸੋਧ ਬਿੱਲ ਵਿਰੁੱਧ ਧਰਨੇ ਦੇ ਕੇ ਉਸਦੀਆਂ ਕਾਪੀਆਂ ਸਾੜਨ ਦੇ ਪ੍ਰੋਗਰਾਮ ਤਹਿਤ ਅੱਜ ਸੁੱਕਾ ਤਲਾਬ ਗੁਰਦਾਸਪੁਰ ਵਿਖੇ ਸਾਂਝੇ ਤੌਰ ਤੇ ਇੱਕ ਧਰਨਾ ਦੇ ਕੇ ਬਿਜਲੀ ਸੋਧ ਬਿੱਲ ਦੀਆਂ ਕਾਪੀਆਂ ਸਾੜੀਆਂ ਗਈਆਂ।ਇਸ ਧਰਨੇ ਦੀ ਪ੍ਰਧਾਨਗੀ ਸਾਂਝੇ ਤੌਰ ਤੇ ਬਿਜਲੀ ਮੁਲਾਜ਼ਮ ਆਗੂ ਪ੍ਰਕਾਸ਼ ਚੰਦ ਘੁੱਲਾ, ਸੁਖਦੇਵ ਸਿੰਘ ਖੁੰਡਾ, ਕਿਸਾਨ ਆਗੂ ਗੁਰਦੀਪ ਸਿੰਘ ਮੁਸਤਫਾਬਾਦ ਕੁਲਵਿੰਦਰ ਸਿੰਘ ਤਿੱਬੜ, ਐੱਸਪੀ ਸਿੰਘ ਗੋਸਲ ਸਾਬਕਾ ਸੈਨਿਕ ਸੰਘਰਸ਼ ਕਮੇਟੀ ਨੇ ਕੀਤੀ।ਇਸ ਮੌਕੇ ਬੋਲਦਿਆਂ ਮੱਖਣ ਸਿੰਘ ਕੁਹਾੜ, ਸੰਜੀਵ ਮਿੰਟੂ, (ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ) ਬਲਵਿੰਦਰ ਸਿੰਘ ਉਦੀਪੁਰ, ਬਲਵੰਤ ਸਿੰਘ ਝਾਵਰ, ਅਜੀਤ ਸਿੰਘ ਹੁੰਦਲ, ਅਮਨਦੀਪ ਸਿੰਘ ਚੱਕ ਅਰਾਈਆਂ, ਹਰਚਰਨ ਸਿੰਘ ਔਜਲਾ, ਦਿਲਬਾਗ ਸਿੰਘ ਰਤੋਵਾਲ (ਪੋਲਟਰੀ ਫਾਰਮ ਯੂਨੀਅਨ), ਦਰਬਾਰਾ ਸਿੰਘ ਛੀਨਾ, ਜਗਜੀਤ ਸਿੰਘ ਅਲੂਣਾ, ਅਬਿਨਾਸ਼ ਸਿੰਘ (ਪੈਨਸ਼ਨ ਐਸੋਸੀਏਸ਼ਨ), ਨਿਰਮਲ ਸਿੰਘ ਬਾਠ, ਬਿਮਲ ਕੌਰ ਆਦਿ ਨੇ ਆਖਿਆ ਕਿ ਬਿਜਲੀ ਸੋਧ ਬਿੱਲ ਨਾਲ ਕੇਂਦਰ ਸਰਕਾਰ ਗਰੀਬਾਂ ਤੋਂ ਉਨ੍ਹਾਂ ਨੂੰ ਮਿਲਦੀ ਸਬਸਿਡੀ ਅਤੇ ਕਿਸਾਨਾਂ ਕੋਲੋਂ ਪਹਿਲਾਂ ਟਿਊਬਵੈਲਾਂ ਤੇ ਮਿਲਦੀ ਮੁਫਤ ਬਿਜਲੀ ਦੀ ਸਹੂਲਤ ਮੁਕੰਮਲ ਤੌਰ ਤੇ ਖੋਹਣਾ ਚਾਹੁੰਦੀ ਹੈ।ਰੋਟੀ, ਕੱਪੜਾ,



ਮਕਾਨ, ਸਾਫ ਪਾਣੀ, ਸਿਹਤ ਅਤੇ ਬਿਜਲੀ ਦੀ ਸਹੂਲਤ ਮੁਕੰਮਲ ਤੌਰ ਤੇ ਖੋਹ ਰਹੀ ਹੈ।ਨਾਲ ਹੀ ਕੇਂਦਰ ਸਰਕਾਰ ਰਾਜਾਂ ਦੇ ਜਮਹੂਰੀ ਹੱਕ ਖੋਹ ਕੇ ਫੈਡਰਲ ਢਾਂਚੇ ਨੂੰ ਤਬਾਹ ਕਰ ਰਹੀ ਹੈ।ਚਿੱਪ ਵਾਲੇ ਮੀਟਰ ਲਾ ਕੇ ਉਨ੍ਹਾਂ ਨੂੰ ਪਹਿਲਾਂ ਪੈਸੇ ਦੇਣ ਲਈ ਮਜਬੂਰ ਕਰਨਾ ਗਰੀਬਾਂ ਤੋਂ ਫਿਰ ਤੋਂ ਦੀਵੇ ਜਗਾਉਣ ਲਈ ਮਜਬੂਰ ਕਰ ਰਹੀ ਹੈ, ਜਦਕਿ ਬਿਜਲੀ ਇਸ ਵੇਲੇ ਹਰ ਮਨੁੱਖ ਦੀ ਬੁਨਿਆਦੀ ਲੋੜ ਹੈ।ਇਹ ਇਸੇ ਤਰ੍ਹਾਂ ਹੀ ਹੈ ਜਿਸ ਤਰਾਂ ਕਾਲੇ ਕਾਨੂੰਨ ਸਨ। ਆਗੂਆਂ ਨੇ ਕਿਹਾ ਕਿ ਕਾਲੇ ਕਾਨੂੰਨਾਂ ਵਿਰੁੱਧ ਜਿਵੇਂ ਸੰਯੁਕਤ ਕਿਸਾਨ ਮੋਰਚਾ ਲੜਿਆ ਇਸੇ ਤਰੀਕੇ ਨਾਲ ਹੀ ਹੁਣ ਸਾਨੂੰ ਸਭ ਨੂੰ ਇਕੱਠੇ ਹੋ ਕੇ ਵੱਡੀ ਲੜਾਈ ਲੜਨੀ ਪਵੇਗੀ।ਆਗੂਆਂ ਨੇ ਪੰਜਾਬ ਸਰਕਾਰ ਦੀ ਆਮ ਆਦਮੀ ਪਾਰਟੀ ਦੀ ਮਾਨ ਸਰਕਾਰ ਦੀ ਇਸ ਗੱਲ ਤੋਂ ਸਖਤ ਨਿਖੇਧੀ ਕੀਤੀ ਕਿ ਉਨ੍ਹਾਂ ਨੇ ਹੁਣ ਤੱਕ ਇਸ ਬਿਲ ਵਿਰੁੱਧ ਅਸੰਬਲੀ ਦਾ ਸੈਸ਼ਨ ਸੱਦ ਕੇ ਵਿਸ਼ੇਸ਼ ਤੌਰ ਤੇ ਮਤਾ ਪਾਸ ਨਹੀਂ ਕੀਤਾ ਅਤੇ ਨਾ ਹੀ ਕੋਈ ਇਸ ਬਾਰੇ ਬਿੱਲ ਵਿਰੋਧੀ ਕੋਈ ਪ੍ਰਤੀਕਰਮ ਕੇਂਦਰ ਨੂੰ ਭੇਜਿਆ ਹੈ। ਇਸ ਦਾ ਭਾਵ ਇਹ ਸਮਝਿਆ ਜਾਵੇਗਾ ਕਿ ਪੰਜਾਬ ਸਰਕਾਰ ਵੀ ਕੇਂਦਰ ਸਰਕਾਰ ਸਰਕਾਰ ਦੀ ਤਰਹਾਂ ਲੋਕਾਂ ਕੋਲੋਂ ਬਿਜਲੀ ਤੇ ਮਿਲਦੀ ਸਬਸਿਡੀ ਖੋਹਣਾ ਚਾਹੁੰਦੀ ਹੈ ਅਤੇ ਬਿਜਲੀ ਸੋਧ ਬਿੱਲ ਦੀ ਹਮਾਇਤ ਕਰਦੀ ਹੈ।ਇਸ ਲਈ ਆਉਣ ਵਾਲੇ ਸਮੇਂ ਵਿੱਚ ਕੇਂਦਰ ਸਰਕਾਰ ਦੇ ਨਾਲ ਨਾਲ ਪੰਜਾਬ ਸਰਕਾਰ ਦੇ ਖਿਲਾਫ ਵੀ ਵੱਡਾ ਮੋਰਚਾ ਲੱਗੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮੱਖਣ ਸਿੰਘ ਤਿੱਬੜ, ਦਰਸ਼ਨ ਸਿੰਘ ਤਿੱਬੜ, ਰਣਜੀਤ ਸਿੰਘ ਰਾਣਾ ਘਰਾਲਾ, ਰਜਿੰਦਰ ਸਿੰਘ ਸੋਨਾ ਘਰਾਲਾ, ਪਲਵਿੰਦਰ ਸਿੰਘ ਘਰਾਲਾ ਨਿਰਮਲ ਸਿੰਘ ਕਾਹਲੋਂ, ਕੰਸਰਾਜ ਗੁਰਪ੍ਰੀਆ, ਬਲਕਾਰ ਸਿੰਘ ਧਾਰੋਚੱਕ ਆਦਿ ਵੀ ਹਾਜ਼ਰ ਸਨ।

# ਕਾਂਗਰਸ ਪਾਰਟੀ ਵੱਲੋਂ ਸਰਕਾਰ ਦੀ ਧੱਕੇਸ਼ਾਹੀ ਵਿਰੁੱਧ ਚੋਣ ਨਾ ਲੜਨ ਦਾ ਫੈਸਲਾ : ਸੱਚਰ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਕਰਵਾਈਆਂ ਜਾ ਰਹੀਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਨਾਮਜ਼ਦਗੀਆਂ ਭਰਨ ਵੇਲੇ ਹੋਈਆਂ ਧਾਂਦਲੀਆਂ ਤੇ ਧੱਕੇਸ਼ਾਹੀ ਵਿਰੁੱਧ ਅੰਮ੍ਰਿਤਸਰ ਦਿਹਾਤੀ ਦੇ ਤਿੰਨ ਹਲਕਿਆਂ ਮਜੀਠਾ, ਰਾਜਾਸਾਂਸੀ ਤੇ ਅਜਨਾਲਾ ਵਿੱਚ ਚੋਣਾਂ ਦਾ ਬਾਈਕਾਟ ਕਰਨ ਦਾ ਫ਼ੈਸਲਾ ਲਿਆ ਗਿਆ, ਖਾਸ ਤੌਰ ਤੇ ਮਾਝੇ ਦੇ ਸੀਨੀਅਰ ਕਾਂਗਰਸੀ ਆਗੂ ਸਾਬਕਾ ਮੰਤਰੀ ਤੇ ਮੌਜੂਦਾ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਤੇ ਉਨ੍ਹਾਂ ਦੇ ਭਤੀਜੇ ਦਿਲਰਾਜ ਸਿੰਘ ਸਰਕਾਰੀਆ 'ਤੇ ਹੋਏ ਝੂਠੇ ਪਰਚੇ ਕਾਰਨ ਇਹ ਫੈਸਲਾ ਲਿਆ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਮਜੀਠਾ ਹਲਕੇ ਦੇ ਕਾਂਗਰਸ ਦੇ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਨੇ ਕਿਹਾ ਕਿ ਰਾਜਾਸਾਂਸੀ ਹਲਕੇ ਵਿੱਚ ਹੋਈ ਲੜਾਈ ਦੌਰਾਨ ਧੱਕੇਸ਼ਾਹੀ ਕਰਦਿਆਂ ਸੱਤਾਧਾਰੀ ਪਾਰਟੀ ਨੇ ਨੈਤਿਕਤਾ ਦੀਆਂ ਸਾਰੀਆਂ ਹੱਦਾਂ ਟੱਪ ਦਿੱਤੀਆਂ ਜਦ ਔਰਤਾਂ ਨੂੰ ਵੀ ਨਹੀਂ ਬਖਸ਼ਿਆ ਗਿਆ ਤੇ ਉਲਟਾ ਸੁਰਜੀਤ ਸਿੰਘ ਸਰਪੰਚ ਭਿੰਡੀ ਸੈਦਾ ਦੇ ਸਾਰੇ ਪਰਿਵਾਰ ਤੇ ਮੁਕੱਦਮਾ ਦਰਜ ਕਰ ਦਿੱਤਾ, ਹਲਕਾ ਮਜੀਠਾ ਦੀ ਗੱਲ ਕਰਦਿਆਂ ਸੱਚਰ ਨੇ ਕਿਹਾ ਕਿ ਨਾਮਜ਼ਦਗੀ ਭਰਨ ਦੀ ਆਖ਼ਰੀ ਤਰੀਕ ਵਾਲੇ ਦਿਨ ਸਰਕਾਰ ਨੇ



ਖ਼ਾਕੀ ਵਰਦੀ ਵਾਲਿਆਂ ਕੋਲੋਂ ਬੂਹੇ ਬੰਦ ਕਰਵਾ ਕੇ ਕਿਸੇ ਵੀ ਗੈਰ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਅੰਦਰ ਹੀ ਨਹੀਂ ਵੜਨ ਦਿੱਤਾ ਗਿਆ। ਜਦ ਅਸੀਂ ਸਾਥੀਆਂ ਸਮੇਤ ਮੌਕੇ 'ਤੇ ਜਾ ਕੇ ਸਾਰੀ ਸਥਿਤੀ ਦੀ ਲਾਈਵ ਵੀਡੀਓਗ੍ਰਾਫੀ ਕਰਕੇ ਮੀਡੀਆ ਤੇ ਚਲਾਈ 'ਤੇ ਸਾਰੀ ਧੱਕੇਸ਼ਾਹੀ ਦੀਆਂ ਫੋਟੋਆਂ ਵੀ ਸਮੇਂ ਦੇ ਨਾਲ ਨਾਲ ਪੋਸਟ ਕੀਤੀਆਂ ਪਰ ਪੰਜਾਬ ਦੇ ਇਲੈਕਸ਼ਨ ਕਮਿਸ਼ਨ ਨੇ ਇਸਦਾ ਰੱਤੀ ਭਰ ਵੀ ਨੋਟਿਸ ਨਹੀਂ ਲਿਆ। ਇਸਦੀ ਚਰਚਾ ਵਿਧਾਨ ਸਭਾ ਸ਼ੈਸਨ ਵਿੱਚ ਵੀ ਸਾਡੇ ਵਿਧਾਇਕਾਂ ਵੱਲੋਂ ਕੀਤੀ ਜਾਵੇਗੀ। ਸੱਚਰ ਨੇ ਕਿਹਾ ਕਿ ਮਜੀਠਾ ਹਲਕੇ ਦੇ 33 ਬਲਾਕ ਸੰਮਤੀ ਜ਼ੋਨਾਂ ਵਿੱਚੋ ਇਨ੍ਹਾਂ ਨੇ ਸਿਰਫ਼ ਸਾਡੇ 8 ਉਮੀਦਵਾਰਾਂ ਦੇ ਪਰਚੇ ਹੀ ਭਰਨ ਦਿੱਤੇ ਬਾਕੀਆਂ ਨੂੰ ਨੇੜੇ ਫਟਕਣ ਵੀ ਨਹੀਂ ਦਿੱਤਾ ਜਿਸ ਬਾਰੇ ਹਾਈਕੋਰਟ ਵਿੱਚ ਇਸਦੇ ਸਾਰੇ ਖੁਲਾਸੇ ਸਬੂਤਾਂ ਸਮੇਤ ਕਰਾਂਗੇ। ਸੱਚਰ ਨੇ ਕਿਹਾ ਕਿ ਇਲੈਕਸ਼ਨ ਕਮਿਸ਼ਨ ਨੂੰ ਤੁਰੰਤ ਉਹ ਸਾਰੀ ਪ੍ਰਕਿਰਿਆ ਕੈਂਸਲ ਕਰਕੇ ਨਵੇਂ ਸਿਰੇ ਤੋਂ ਇਹ ਆਪਣੀ ਨਿਗਰਾਨੀ ਹੇਠ ਵੀਡੀਓਗ੍ਰਾਫੀ ਰਾਹੀਂ ਇਲੈਕਸ਼ਨ ਕਰਵਾਉਣ ਤਾਂ ਫੇਰ ਵੇਖਿਓ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਜਾਵੇਗਾ।

ਇਸ ਮੌਕੇ ਸਾਬਕਾ ਸਰਪੰਚ ਪਲਵਿੰਦਰ ਸਿੰਘ ਪੰਧੇਰ, ਹਰਦੀਪ ਸਿੰਘ ਪੰਧੇਰ ਤੇ ਭਗਵਾਨ ਸਿੰਘ ਵੀ ਹਾਜ਼ਰ ਸਨ ।

# ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਮੈਂਬਰਾਂ ਵੱਲੋਂ ਸਫਾਈ ਕਰਮਚਾਰੀਆਂ ਨਾਲ ਮੀਟਿੰਗ

ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)-ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਜ਼ਿਲ੍ਹੇ ਵਿੱਚ ਠੋਸ ਕੂੜੇ ਨੂੰ ਖੁੱਲ੍ਹੇ ਵਿੱਚ ਸਾੜਨ ਖ਼ਿਲਾਫ਼ ਜਾਗਰੂਕਤਾ ਮੁਹਿੰਮ ਜਾਰੀ ਰੱਖੀ ਹੋਈ ਹੈ, ਜਿਸਦੇ ਤਹਿਤ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਨਗਰ ਕੌਂਸਲ ਡੇਰਾ ਬਾਬਾ ਨਾਨਕ ਵਿਖੇ ਸਫ਼ਾਈ ਕਰਮਚਾਰੀਆਂ ਅਤੇ ਦਫ਼ਤਰੀ ਸਟਾਫ਼ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਜਾਣਕਾਰੀ ਦਿੰਦਿਆਂ ਐਸ.ਡੀ.ਓ ਜਸਮੀਤ ਸਿੰਘ ਬੇਦੀ ਨੇ ਦੱਸਿਆ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਉਨ੍ਹਾਂ ਵੱਲੋਂ ਜ਼ਿਲ੍ਹੇ ਦੀਆਂ ਵੱਖ-ਵੱਖ ਨਗਰ ਕੌਂਸਲਾਂ ਵਿੱਚ ਜਾ ਕੇ ਸਫ਼ਾਈ ਕਰਮਚਾਰੀਆਂ ਨਾਲ ਮੀਟਿੰਗ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਨੂੰ ਕੂੜਾ ਨਾ ਸਾੜਨ ਅਤੇ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਕੂੜੇ ਕਰਕਟ ਨੂੰ ਸਾੜਨ ਨਾਲ ਜਿੱਥੇ ਮਨੁੱਖੀ ਸਿਹਤ ਨੂੰ ਨੁਕਸਾਨ ਹੁੰਦਾ ਹੈ, ਉਥੇ ਵਾਤਾਵਰਨ ਵੀ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੁੰਦਾ ਹੈ।ਉਨ੍ਹਾਂ ਦੱਸਿਆ ਕਿ ਸੋਲਿਡ ਵੇਸਟ ਮੈਨੇਜਮੈਂਟ 2016 ਦੇ ਰੂਲਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾ ਰਹੀ ਹੈ ਅਤੇ ਕੂੜੇ ਨੂੰ ਅੱਗ ਲੱਗਣ ਦੀਆਂ



ਘਟਨਾਵਾਂ ਤੇ ਕਾਬੂ ਪਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕੂੜਾ ਸਾੜਨ ਦੀਆਂ ਘਟਨਾਵਾਂ ਨੂੰ ਰੋਕਣਾ ਅੱਜ ਦੇ ਸਮੇਂ ਦੀ ਜ਼ਰੂਰਤ ਹੈ।

ਐੱਸ. ਡੀ. ਓ ਜਸਮੀਤ ਸਿੰਘ ਬੇਦੀ ਨੇ ਅੱਗੇ ਦੱਸਿਆ ਕਿ ਸਮੂਹ ਸਫ਼ਾਈ ਕਰਮਚਾਰੀਆਂ ਅਤੇ ਦਫ਼ਤਰ ਦੇ ਸਟਾਫ਼ ਨੂੰ ਆਪਣੇ ਆਪਣੇ ਖੇਤਰਾਂ ਵਿੱਚ ਕੂੜਾ ਸਾੜਨ ਨੂੰ ਪੂਰੀ ਤਰ੍ਹਾਂ ਰੋਕਣ ਲਈ ਇਕੱਠੇ ਹੋ ਕੇ ਸਹੁੰ ਵੀ ਚੁਕਾਈ ਗਈ ਹੈ।ਉਨ੍ਹਾਂ ਦੱਸਿਆ ਕਿ ਅਜਿਹੀਆਂ ਘਟਨਾਵਾਂ ਤੇ ਕਾਬੂ ਪਾਉਣ ਲਈ ਸਫ਼ਾਈ ਕਰਮਚਾਰੀਆਂ ਅਤੇ ਸਟਾਫ਼ ਦਾ ਸਹਿਯੋਗ ਜ਼ਰੂਰੀ ਹੈ।

# ਰਿਧਮ ਸ਼ਰਮਾ 'ਪ੍ਰਾਈਡ ਆਫ ਇੰਡੀਆ ਐਵਾਰਡ' ਨਾਲ ਸਨਮਾਨਿਤ

ਪਠਾਨਕੋਟ (ਦਵਿੰਦਰ ਸਿੰਘ)-ਜੇਐੱਮਕੇ ਇੰਟਰਨੇਸ਼ਨਲ ਸਕੂਲ ਪਠਾਨਕੋਟ ਦੀ ਵਿਦਿਆਰਥਣ ਰਿਧਮ ਸ਼ਰਮਾ ਨੂੰ ਪ੍ਰਾਈਡ ਆਫ ਇੰਡੀਆ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਨੀਤੀ ਕੋਚਰ ਨੇ ਕਿਹਾ ਕਿ ਕੁਝ ਦਿਨ ਪਹਿਲਾਂ ਜੇਐੱਮਕੇ ਸਕੂਲ ਦੀ ਵਿਦਿਆਰਥਣ ਰਿਧਮ ਸ਼ਰਮਾ ਨੂੰ ਏਐੱਫਪੀ ਨੈਸ਼ਨਲ ਐਵਾਰਡਜ਼ 2025 ਦੇ ਤਹਿਤ ਚੰਡੀਗੜ੍ਹ ਯੂਨੀਵਰਸਿਟੀ ਵਿੱਚ ਪ੍ਰਾਈਡ ਆਫ ਇੰਡੀਆ ਐਵਾਰਡ ਨਾਲ



ਸਨਮਾਨਿਤ ਕੀਤਾ ਗਿਆ।ਰਿਧਮ ਸ਼ਰਮਾ ਨੂੰ ਇੰਨੇ ਵੱਡੇ ਮੰਚ ਉਤੇ ਸਨਮਾਨਿਤ ਕਰਨਾ ਸਾਡੇ ਸਕੂਲ ਲਈ ਮਾਣ ਵਾਲੀ ਗੱਲ ਹੈ।

ਇਸ ਪ੍ਰਾਪਤੀ ਨੇ ਨਾ ਸਿਰਫ਼ ਖੇਤਰ, ਸਗੋਂ ਪੂਰੇ ਪ੍ਰਦੇਸ਼ ਦਾ ਗੌਰਵ ਵਧਾਇਆ ਹੈ।ਇਹ ਐਵਾਰਡ ਵਿਦਿਆਰਥੀਆਂ ਅਤੇ ਸੰਸਥਾਵਾਂ ਨੂੰ ਬਿਹਤਰੀਨ ਪ੍ਰਦਰਸ਼ਨ ਲਈ ਰਾਸ਼ਟਰੀ ਪੱਧਰ 'ਤੇ ਪਹਿਚਾਣ ਪ੍ਰਦਾਨ ਕਰਦਾ ਹੈ।ਉਨ੍ਹਾਂ ਨੇ ਕਿਹਾ ਕਿ ਇਸ ਐਵਾਰਡ ਲਈ ਦੇਸ਼ ਭਰ ਤੋਂ 2024-25 ਸੈਸ਼ਨ ਵਿੱਚ 97-100% ਅੰਕ ਪ੍ਰਾਪਤ ਕਰਨ ਵਾਲੇ ਕੇਵਲ 50 ਵਿਦਿਆਰਥੀਆਂ ਦੀ ਚੋਣ ਕੀਤੀ ਗਈ ਜੋ ਹਰਿਆਣਾ, ਹਿਮਾਚਲ, ਦਿੱਲੀ, ਕਰਨਾਟਕ, ਰਾਜਸਥਾਨ, ਗੁਜਰਾਤ, ਪੰਜਾਬ ਸਮੇਤ 18 ਰਾਜਾਂ ਤੋਂ ਸਨ, ਜਿਨ੍ਹਾਂ ਵਿੱਚੋਂ 315 ਵਿਦਿਆਰਥੀਆਂ ਦੀ ਚੋਣ ਕੀਤੀ ਗਈ।ਪਠਾਨਕੋਟ ਤੋਂ ਜੇਐੱਮਕੇ ਇੰਟਰਨੇਸ਼ਨਲ ਸਕੂਲ ਦੀ ਵਿਦਿਆਰਥਣ ਰਿਧਮ ਸ਼ਰਮਾ ਨੂੰ ਇਸ ਚੋਣ ਵਿੱਚ ਸ਼ਾਮਿਲ ਕੀਤਾ ਗਿਆ।

ਇਸ ਮੌਕੇ ਹਰਿਆਣਾ ਦੇ ਰਾਜਪਾਲ ਅਸ਼ਿਮ ਕੁਮਾਰ ਘੋਸ਼, ਪੰਜਾਬੀ ਫਿਲਮ ਅਦਾਕਾਰ ਅਤੇ ਗੀਤਕਾਰ ਗੁਰਨਾਮ ਭੁੱਲਰ, ਏਐੱਫਪੀ ਦੇ ਪ੍ਰਧਾਨ ਜਗਜੀਤ ਧੂਰੀ, ਰਾਜ ਸਭਾ ਮੈਂਬਰ ਸਤਨਾਮ ਸੰਧੂ ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਕੁਲ ਅਧਿਪਤੀ ਮੌਜੂਦ ਸਨ।ਸਕੂਲ ਮੈਨੇਜਮੈਂਟ ਵੱਲੋਂ ਇਸ ਮੌਕੇ ਉਨ੍ਹਾਂ ਦੇ ਪਿਤਾ ਡਾ. ਰਾਜਿੰਦਰ ਸ਼ਰਮਾ ਅਤੇ ਉਨ੍ਹਾਂ ਦੇ ਪੂਰੇ ਪਰਿਵਾਰ ਨੂੰ ਵਧਾਈ ਦਿੱਤੀ ਗਈ।

# ਖਾਲਸਾ ਕਾਲਜੀਏਟ ਸਕੂਲ ਦੇ ਵਿਦਿਆਰਥੀਆਂ ਵੱਲੋਂ ਧਾਰਮਿਕ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਵਿਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਕਾਲਜੀਏਟ ਸਕੂਲ ਮਹਿਤਾ ਦੇ ਵਿਦਿਆਰਥੀਆਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਵੱਖ-ਵੱਖ ਸਕੂਲਾਂ ਜਿਵੇਂ ਸੰਤ ਬਾਬਾ ਨੱਥਾ ਸਿੰਘ ਜੀ ਮੈਮੋਰੀਅਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਐੱਸਐੱਸਐੱ ਗਲੋਬਲ ਸਕੂਲ ਬੁਤਾਲਾ ਅਤੇ ਦਮਦਮੀ ਟਕਸਾਲ ਰਣਜੀਤ ਅਖਾੜਾ



ਵਡਾਲਾ ਗ੍ਰੰਥੀਆਂ ਗੁਰਦਾਸਪੁਰ ਤੇ ਕਰਵਾਏ ਗਏ ਧਾਰਮਿਕ ਮੁਕਾਬਲਿਆਂ ਵਿੱਚ ਹਿੱਸਾ ਲਿਆ ਜਿਸ ਵਿੱਚ ਕਵੀਸ਼ਰੀ, ਕੀਰਤਨ, ਗੁਰਬਾਣੀ ਕੰਠ ਤੇ ਸੁੰਦਰ ਦਸਤਾਰ ਮੁਕਾਬਲੇ ਕਰਵਾਏ ਗਏ ।

ਕਵੀਸ਼ਰੀ ਵਿੱਚ ਗੁਰਨੂਰ ਸਿੰਘ, ਜੰਗਬੀਰ ਸਿੰਘ, ਅਰਮਾਨਦੀਪ ਸਿੰਘ, ਕੀਰਤਨ ਵਿੱਚ ਹਰਮਨਪ੍ਰੀਤ ਸਿੰਘ, ਮਨਦੀਪ ਸਿੰਘ, ਗੁਰਜੰਟ ਸਿੰਘ, ਸਿਮਰਨਜੀਤ ਸਿੰਘ, ਗੁਰਸ਼ਰਨਜੀਤ ਸਿੰਘ, ਹਰਮਨਪ੍ਰੀਤ ਸਿੰਘ, ਮਨਦੀਪ ਸਿੰਘ ਗੁਰਬਾਣੀ ਕੰਠ ਵਿੱਚ ਜਸ਼ਨਦੀਪ ਸਿੰਘ, ਦਸਤਾਰ ਮੁਕਾਬਲੇ ਵਿੱਚ ਅਨਮੋਲਦੀਪ ਸਿੰਘ ਅਤੇ ਕੀਰਤਨ ਸੋਲੋ ਵਿੱਚ ਗੁਰਸ਼ਰਨਜੀਤ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ।ਸਕੂਲ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ ਅਤੇ ਸਮੂਹ ਸਟਾਫ ਵੱਲੋਂ ਸਕੂਲ ਪਹੁੰਚਣ ਤੇ ਜੇਤੂ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕੀਤਾ ਗਿਆ ਤੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕਰਦੇ ਹੋਏ ਉਨ੍ਹਾਂ ਨੂੰ ਮੈਡਲ, ਸ਼ੀਲਡ ਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਤੇ ਇਸੇ ਤਰ੍ਹਾਂ ਭਵਿੱਖ ਵਿੱਚ ਵੀ ਮਿਹਨਤ ਕਰਦੇ ਹੋਏ ਨਵੀਆਂ ਮੰਜ਼ਿਲਾਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ।

# ਮਾਤਾ ਗੁਜਰੀ ਕਾਨਵੈਂਟ ਸਕੂਲ ਸਰਹਾਲੀ ਕਲਾਂ ਵਿਖੇ ਬੜੇ ਉਤਸ਼ਾਹ ਨਾਲ ਮਨਾਇਆ ਬਾਲ ਦਿਹਾੜਾ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਮਾਤਾ ਗੁਜਰੀ ਕਾਨਵੈਂਟ ਸਕੂਲ ਸਰਹਾਲੀ ਕਲਾਂ ਵਿਖੇ ਸ੍ਰੀ ਗੁਰੂ ਅਰਜਨ ਦੇਵ ਸਹੋਦਇਆ ਤਰਨ ਤਾਰਨ, ਪੰਜਾਬ ਵੱਲੋਂ ਬਾਲ ਦਿਵਸ ਵੱਡੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਵੱਖ-ਵੱਖ ਸਕੂਲਾਂ ਦੇ ਪ੍ਰਿੰਸੀਪਲ, ਅਧਿਆਪਕ ਸਾਹਿਬਾਨ, ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।ਇਸ ਮੌਕੇ ਬਾਲ ਦਿਵਸ ਨੂੰ ਸਮਰਪਿਤ ਕਰਦਿਆਂ ਹੋਣਹਾਰ ਵਿਦਿਆਰਥੀਆਂ ਨੂੰ ਬੈਸਟ ਸਟੂਡੈਂਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਅਤੇ ਐੱਸਜੀਏਡੀ ਸਹੋਦਇਆ ਦੇ ਪ੍ਰਿੰਸੀਪਲਾ ਨੂੰ ਯਾਦਗਾਰੀ ਮੋਮੈਂਟੋ ਦਿੱਤੇ ਗਏ।ਸਮਾਗਮ ਦੌਰਾਨ ਸਕੂਲ ਦੀ ਪ੍ਰਿੰਸੀਪਲ ਗੀਤਾ ਕੁਕਰੇਜਾ ਅਤੇ ਐੱਮ. ਡੀ. ਮਨਜਿੰਦਰ ਸਿੰਘ ਕੁਕਰੇਜਾ ਨੇ ਸਾਰੇ ਬੱਚਿਆਂ ਨੂੰ ਹੋਰ ਮਿਹਨਤ ਕਰਨ ਅਤੇ ਪੜ੍ਹਾਈ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਮਾਤਾ ਗੁਜਰੀ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਵੱਲੋਂ ਸਿੱਖ ਇਤਿਹਾਸ ਨਾਲ ਸਬੰਧਿਤ ਸੁੰਦਰ ਨਾਟਕ ਪੇਸ਼ ਕੀਤੇ ਗਏ।ਨਾਲ ਹੀ ਭੰਗੜਾ ਅਤੇ ਗਿੱਧਾ ਪੇਸ਼ ਕਰਕੇ ਦਰਸ਼ਕਾਂ ਦਾ ਮਨੋਰੰਜਨ ਕੀਤਾ ਗਿਆ।ਐੱਸਜੀਏਡੀ ਸਹੋਦਇਆ ਤਰਨ ਤਾਰਨ ਦੀ ਪ੍ਰਧਾਨ ਗੁਰਚਰਨ ਕੌਰ ਨੇ ਬੱਚਿਆਂ ਨੂੰ ਚੰਗੀ ਸਿੱਖਿਆ ਹਾਸਲ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਰਵਿੰਦਰ ਕੌਰ ਵਾਈਸ




ਪ੍ਰਧਾਨ ਸਹੋਦਇਆ, ਮਾਨਵਜੀਤ ਸਿੰਘ ਡਾਇਰੈਕਟਰ ਸੇਂਟ ਕਬੀਰ ਸਕੂਲ ਵਲਟੋਹਾ, ਜਤਿੰਦਰ ਕੌਰ ਪ੍ਰਿੰਸੀਪਲ ਲੋਟਸ ਵੈਲੀ ਸੀਨੀਅਰ ਸਕੂਲ, ਕੰਵਲਜੀਤ ਕੌਰ ਐੱਮ.ਆਰ.ਐੱਸ. ਪਬਲਿਕ ਸਕੂਲ ਤਰਨ ਤਾਰਨ, ਅਪਰਣਾ ਮੈਤਰੀ ਪ੍ਰਿੰ. ਡੂਨ ਪਬਲਿਕ ਸਕੂਲ ਪੱਟੀ, ਬਲਜਿੰਦਰ ਸਿੰਘ ਡਾਇਰੈਕਟਰ ਅਤੇ ਪ੍ਰਿੰ. ਵਲਦੀਪ ਕੌਰ ਭਾਈ ਗੁਰਦਾਸ ਅਕੈਡਮੀ ਪੰਡੋਰੀ ਰਣ ਸਿੰਘ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਸਮਾਗਮ ਦੀ ਸ਼ਾਨ ਵਧਾਈ।

# ਡੀ ਟੀ ਐੱਫ ਦੇ ਸੂਬਾ ਪ੍ਰਧਾਨ ਖ਼ਿਲਾਫ਼ ਕਾਰਨ ਦੱਸੋ ਨੋਟਿਸ ਜਾਰੀ ਕਰਨਾ ਨਿਰੋਲ ਪੱਖਪਾਤੀ ਕਾਰਵਾਈ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਵਿੱਚ ਸੂਬੇ ਭਰ ਵਿੱਚ ਨੱਬੇ ਪ੍ਰਤੀਸ਼ਤ ਅਧਿਆਪਕਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ।ਇਸ ਤੋਂ ਬਿਨਾਂ ਸੂਬੇ ਦੇ ਡਿਪਟੀ ਕਮਿਸ਼ਨਰ ਦਫ਼ਤਰਾਂ ਵਿੱਚ ਵੀ ਵੱਡੀ ਗਿਣਤੀ ਵਿਚ ਲੱਗਭਗ ਸਾਰਾ ਸਾਲ ਕੰਪਿਊਟਰ ਅਧਿਆਪਕਾਂ ਤੋਂ ਕੰਮ ਲਿਆ ਜਾਂਦਾ ਹੈ।ਇਸ ਦੇ ਬਾਵਜੂਦ ਵੀ ਜੇਕਰ ਅਧਿਆਪਕ ਆਪਣੀਆਂ ਸਮੱਸਿਆਵਾਂ ਸਬੰਧੀ ਚੋਣ ਅਧਿਕਾਰੀਆਂ ਨਾਲ਼ ਰਾਬਤਾ ਕਰਦੇ ਹਨ ਤਾਂ ਸਮੱਸਿਆ ਦਾ ਢੁੱਕਵਾਂ ਹੱਲ ਕੱਢਣ ਦੀ ਬਜਾਏ ਕਾਰਨ ਦੱਸੋ ਨੋਟਿਸ ਜਾਰੀ ਕਰਕੇ ਅਧਿਆਪਕ ਆਗੂਆਂ ਨੂੰ ਧਮਕਾਇਆ ਜਾਂਦਾ ਹੈ।ਮੋਗਾ ਜ਼ਿਲ੍ਹੇ ਦੇ ਨਿਹਾਲ ਸਿੰਘ ਵਾਲਾ ਬਲਾਕ ਦੇ ਆਰਟੀਓ-ਕਮ-ਰਿਟਰਨਿੰਗ ਅਫ਼ਸਰ ਵੱਲੋਂ ਸੂਬਾ ਪ੍ਰਧਾਨ ਦਿੱਗਵਿਜੇ ਪਾਲ ਸ਼ਰਮਾ ਖ਼ਿਲਾਫ਼ ਕਾਰਨ ਦੱਸੋ ਨੋਟਿਸ ਜਾਰੀ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਡੀਟੀਐੱਫ ਦੇ ਜ਼ਿਲ੍ਹਾ ਪ੍ਰਧਾਨ ਪਲਵਿੰਦਰ ਸਿੰਘ ਰੰਧਾਵਾ ਅਤੇ ਜ਼ਿਲ੍ਹਾ ਸਕੱਤਰ ਸਾਹਿਬ ਸਿੰਘ ਅੱਬਲਖੈਰ ਨੇ ਕਿਹਾ ਕਿ ਅਫ਼ਸਰਸ਼ਾਹੀ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਲੋੜਵੰਦ ਅਤੇ ਗਰੀਬ ਵਿਦਿਆਰਥੀਆ ਦੀ ਰੱਤੀ ਭਰ ਵੀਚਿੰਤਾ ਨਹੀਂ ਹੈ।ਇੱਕ ਪਾਸੇ ਸੂਬੇ ਦਾ ਮੁੱਖ ਮੰਤਰੀ ਵਿਧਾਨ ਸਭਾ ਵਿੱਚ ਅਧਿਆਪਕਾਂ ਤੋਂ ਕਿਸੇ ਕਿਸਮ ਦਾ ਗ਼ੈਰ-ਵਿੱਦਿਅਕ ਕੰਮ ਨਾ ਲੈਣ ਦੇ ਦਾਅਵੇ ਕਰਦਾ ਹੈ, ਦੂਜੇ ਪਾਸੇ ਅਫ਼ਸਰਸ਼ਾਹੀ ਵੱਲੋਂ ਮਨਮਰਜ਼ੀ ਨਾਲ ਵੱਡੀ ਗਿਣਤੀ ਵਿੱਚ ਕੇਵਲ ਅਧਿਆਪਕਾਂ ਨੂੰ ਹੀ ਗ਼ੈਰ-ਵਿੱਦਿਅਕ ਕੰਮਾਂ ਦੀ ਭੱਠੀ



ਵਿੱਚ ਝੋਕਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਮਸਲਾ ਕੇਵਲ ਬੀ. ਐੱਲ. ਓ. ਅਧਿਆਪਕਾਂ ਨੂੰ ਚੋਣ ਡਿਊਟੀ ਤੋਂ ਛੋਟ ਦੇਣ ਦਾ ਹੀ ਸੀ ਇਸ ਵਾਜਿਬ ਮੰਗ ਨੂੰ ਸੰਬੰਧਿਤ ਅਧਿਕਾਰੀ ਵੱਲੋਂ ਕਥਿਤ ਮੁੱਛ ਦਾ ਸੁਆਲ ਬਣਾ ਕੇ ਨੋਟਿਸ ਜਾਰੀ ਕੀਤਾ ਗਿਆ ਹੈ।ਕਰਨੈਲ ਸਿੰਘ ਚਿੱਟੀ ਅਤੇ ਸੁਖਵਿੰਦਰ ਪਾਲ ਨੇ ਜਾਰੀ ਨੋਟਿਸ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕਰਦਿਆਂ ਚੇਤਾਵਨੀ ਦਿੱਤੀ ਕਿ ਜੇਕਰ ਅਜਿਹਾ ਨਹੀਂ ਹੁੰਦਾ ਤਾਂ ਸੂਬੇ ਭਰ ਵਿੱਚ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਵੱਡੀ ਗਿਣਤੀ ਵਿਚ ਅਧਿਆਪਕ ਆਗੂ ਹਾਜ਼ਰ ਸਨ।

# ਬਿਜਲੀ ਸੋਧ ਬਿੱਲ-2025 ਖਿਲਾਫ ਮੁਲਾਜ਼ਮ ਜਥੇਬੰਦੀਆਂ ਨੇ ਕੀਤਾ ਰੋਸ ਪ੍ਰਦਰਸ਼ਨ

ਗੁਰਦਾਸਪੁਰ, (ਜਨਕ ਮਹਾਜਨ)- ਪੰਜਾਬ ਪਾਵਰ ਕੌਮ ਵਿੱਚ ਕੰਮ ਕਰਦੀਆਂ ਸਮੂਹ ਮੁਲਾਜ਼ਮ ਜਥੇਬੰਦੀਆਂ ਵੱਲੋਂ ਪਾਵਰਕੌਮ ਦੀ ਉਪ ਮੰਡਲ ਤਿੱਬੜ ਵਿਖੇ ਮੁਲਾਜ਼ਮ ਆਗੂ ਹਰਪਿੰਦਰ ਸਿੰਘ ਔਜਲਾ ਅਤੇ ਬਲਜਿੰਦਰ ਸਿੰਘ ਦੀ ਅਗਵਾਈ ਵਿੱਚ ਬਿਜਲੀ ਸੋਧ ਬਿੱਲ 2025 ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਮੁਲਾਜ਼ਮ ਜਥੇਬੰਦੀਆਂ ਦੇ ਆਗੂਆਂ ਵੱਲੋਂ ਸੋਧ ਬਿੱਲ ਦੀਆਂ ਕਾਪੀਆਂ ਸਾੜੀਆਂ ਗਈਆਂ ਅਤੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਆਗੂਆਂ ਨੇ ਦੱਸਿਆ ਕਿ ਬਿਜਲੀ ਸੋਧ ਬਿੱਲ 2025 ਸਮੂਹ ਲੋਕਾਂ ਲਈ ਬਹੁਤ ਹੀ ਖਤਰਨਾਕ ਹੈ। ਕੇਂਦਰ ਸਰਕਾਰ ਆਪਣੀ ਬਹੁ



ਸੰਮਤੀ ਦਾ ਨਜਾਇਜ਼ ਫਾਇਦਾ ਉਠਾਉਂਦਿਆਂ ਲੋਕ ਵਿਰੋਧੀ ਨੀਤੀਆਂ ਤੇ ਚੱਲ ਰਹੀ ਹੈ ਅਤੇ ਸਾਰੇ ਹੀ ਕਾਰਜ ਲੋਕਾਂ ਦੇ ਵਿਰੋਧ ਵਿੱਚ ਕਰ ਰਹੀ ਹੈ। ਇਹ ਸਾਰੇ ਕਾਰਜ ਕਾਰਪੋਰੇਟ ਸੈਕਟਰ ਪੱਖੀ ਹਨ ਹੁਣ ਉਨ੍ਹਾਂ ਨੇ ਬਿਜਲੀ ਸੋਧ ਬਿੱਲ ਰਾਹੀਂ ਬਿਜਲੀ ਦੀ ਵੰਡ ਦਾ ਮੁਕੰਮਲ ਤੌਰ 'ਤੇ ਨਿੱਜੀਕਰਨ ਕੀਤਾ ਜਾਣਾ ਹੈ। ਮੁਲਾਜ਼ਮ ਆਗੂਆਂ ਨੇ ਕਿਹਾ ਪਾਵਰ ਕੌਮ ਦਾ ਨਿੱਜੀਕਰਨ ਹੋਣ ਦੇ ਨਾਲ ਬਿਜਲੀ ਉਪਰ ਮਿਲਦੀ ਸਬਸਿਡੀ ਮੁਕੰਮਲ ਤੌਰ ਤੇ ਖਤਮ ਹੋ ਜਾਵੇਗੀ, ਜਿਸ ਤੋਂ ਬਾਅਦ ਜਿੱਥੇ ਘਰੇਲੂ ਬਿਜਲੀ ਖਪਤਕਾਰਾਂ ਉਪਰ ਬਿਜਲੀ ਬਿੱਲਾਂ ਦਾ ਵਾਧੂ ਬੋਝ ਪਵੇਗਾ ਉਥੇ ਕਿਸਾਨਾਂ ਨੂੰ ਖੇਤੀ ਸੈਕਟਰ ਲਈ ਮਿਲਣ ਵਾਲੀ ਫਰੀ ਬਿਜਲੀ ਦੀ ਸਹੂਲਤ ਵੀ ਖਤਮ ਹੋ ਜਾਵੇਗੀ। ਆਗੂਆਂ ਕਿਹਾ ਕਿ ਇਸ ਬਿਲ ਨੂੰ ਰੋਕਣਾ ਬੇਹੱਦ ਜ਼ਰੂਰੀ ਹੈ ਪਰ ਬਹੁਤ ਅਫਸੋਸ ਇਸ ਗੱਲ ਦਾ ਹੈ ਕਿ ਪੰਜਾਬ ਦੀ ਸਰਕਾਰ ਨੇ ਇਸ ਬਾਰੇ ਅਜੇ ਤੱਕ ਫੈਸਲਾ ਨਹੀਂ ਲਿਆ ਅਤੇ ਬਿਲ ਦਾ ਵਿਰੋਧ ਕਰਨ ਲਈ ਕੁਝ ਵੀ ਨਹੀਂ ਕਿਹਾ ਹੈ।

ਉਨ੍ਹਾਂ ਨੇ ਇਸ ਦਾ ਵਿਰੋਧ ਕਰਨ ਦੀ ਗੱਲ ਕਹੀ ਸੀ ਪਰ ਉਹ ਚੁੱਪ ਕਰਕੇ ਬੈਠੀ ਹੋਈ ਹੈ ਜੇ ਪੰਜਾਬ ਦੀ ਸਰਕਾਰ ਨੇ ਇਸ ਬਿੱਲ ਦੇ ਵਿਰੋਧ ਵਿੱਚ ਅਸੈਂਬਲੀ ਦਾ ਵਿਸ਼ੇਸ਼ ਸੈਸ਼ਨ ਸੱਦ ਕੇ ਇਸ ਦੇ ਵਿਰੋਧ ਵਿੱਚ ਮਤਾ ਪਾਸ ਨਾ ਕੀਤਾ ਤਾਂ ਮਾਨ ਸਰਕਾਰ ਵਿਰੁੱਧ ਵੱਡਾ ਮੋਰਚਾ ਲਗਾਇਆ ਜਾਵੇਗਾ। ਇਸ ਮੌਕੇ ਪ੍ਰੇਮ ਸਿੰਘ ਸੁਲਤਾਨਪੁਰ, ਅਮ੍ਰਿਤਪਾਲ ਸਿੰਘ, ਹਰੀ ਰਾਮ ਲੂਨਾ, ਬਚਿੱਤਰ ਸਿੰਘ, ਦੇਵ ਰਾਜ ਹੰਸ, ਅੰਕਿਤ ਸ਼ਰਮਾ, ਦਿਲਜੀਤ ਸਿੰਘ, ਸੁਮਨ ਕੁਮਾਰੀ, ਬਲਜੀਤ ਕੌਰ, ਗੁਰਵਿੰਦਰ ਕੌਰ, ਰਾਜਵਿੰਦਰ ਦੇਵੀ ਆਦਿ ਹਾਜ਼ਰ ਸਨ।

# ਸੀਵਰੇਜ ਦਾ ਪਾਣੀ ਲੀਕ ਹੋਣ ਕਾਰਨ ਪਿੰਡ ਵਾਸੀ ਪ੍ਰੇਸ਼ਾਨ

**ਗੁਰਦਾਸਪੁਰ (ਜਨਕ ਮਹਾਜਨ)**-ਗੁਰਦਾਸਪੁਰ-ਮੁਕੇਰੀਆਂ ਮੁੱਖ ਮਾਰਗ 'ਤੇ ਪੈਂਦੇ ਪਿੰਡ ਚਾਵਾ ਵਿੱਚ ਵਾਟਰ ਸਪਲਾਈ ਤੇ ਸੀਵਰੇਜ ਦਾ ਪਾਣੀ ਲੀਕ ਹੋਣ ਕਾਰਨ ਲੋਕ ਕਾਫੀ ਪ੍ਰੇਸ਼ਾਨ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪਿੰਡ ਵਾਸੀਆਂ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਸੀਵਰੇਜ ਦਾ ਪਾਣੀ ਲੀਕ ਹੁੰਦੇ ਨੂੰ ਕਾਫੀ ਸਮਾਂ ਹੋ ਗਿਆ ਹੈ ਅਤੇ ਜਦੋਂ ਵੀ ਵਾਟਰ ਸਪਲਾਈ ਦਾ ਪਾਣੀ ਆਉਂਦਾ ਹੈ ਤਾਂ ਉਹ ਸੜਕ 'ਤੇ ਇਕੱਠਾ ਹੋ ਜਾਂਦਾ ਹੈ ਅਤੇ ਵਾਟਰ ਸਪਲਾਈ ਦੀਆਂ ਪਾਈਪਾਂ ਦਾ ਪਾਣੀ ਵੀ ਦੂਸ਼ਿਤ ਆ ਰਿਹਾ ਹੈ। ਸਕੂਲ ਦੇ ਵਿਦਿਆਰਥੀ ਵੀ ਵਾਟਰ ਸਪਲਾਈ ਦਾ ਪਾਣੀ ਪੀਂਦੇ ਹਨ ਜੋ ਇਸ ਦੂਸ਼ਿਤ ਪਾਣੀ ਨੂੰ ਪੀਣ ਲਈ ਮਜਬੂਰ ਹਨ। ਇਸ ਤਰ੍ਹਾਂ ਪਿੰਡ ਅੰਦਰ ਮਹਾਂਮਾਰੀ ਫੈਲਣ ਦਾ ਡਰ ਵੀ ਬਣਿਆ ਹੋਇਆ ਹੈ।ਲੋਕਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਪਿੰਡ ਚਾਵਾ ਅੰਦਰ ਸੀਵਰੇਜ ਦੇ ਵਾਟਰ ਸਪਲਾਈ ਦੇ ਲੀਕੇਜ ਹੋ ਰਹੇ ਪਾਣੀ ਨੂੰ ਰੋਕਣ ਵਾਸਤੇ ਸੰਬੰਧਤ ਵਿਭਾਗ ਨੂੰ ਹਦਾਇਤਾਂ ਕੀਤੀਆਂ ਜਾਣ ਜਿਸ ਨਾਲ ਲੋਕ ਦੂਸ਼ਿਤ ਪਾਣੀ ਪੀਣ ਤੋਂ ਬਚ ਸਕਣ।

# ਠੰਢ ਤੋਂ ਬਚਣ ਲਈ ਸਿਹਤ ਵਿਭਾਗ ਨੇ ਜਾਰੀ ਕੀਤੀਆਂ ਹਦਾਇਤਾਂ

ਗੁਰਦਾਸਪੁਰ (ਜਨਕ ਮਹਾਜਨ)-ਇਨ੍ਹੀਂ ਦਿਨੀਂ ਘੱਟੋ-ਘੱਟ ਤਾਪਮਾਨ ਵਿਚ ਭਾਰੀ ਗਿਰਾਵਟ ਹੋ ਰਹੀ ਹੈ। ਤੜਕਸਾਰ ਤਾਪਮਾਨ ਕਾਫ਼ੀ ਘੱਟ ਰਹਿ ਰਿਹਾ ਹੈ। ਅਜਿਹੇ ਹਾਲਾਤ ਵਿਚ ਸਿਹਤ ਵਿਭਾਗ ਨੇ ਜ਼ਰੂਰੀ ਹਦਾਇਤਾਂ ਜਾਰੀ ਕੀਤੀਆਂ ਹਨ। ਸਿਵਲ ਸਰਜਨ ਗੁਰਦਾਸਪੁਰ ਡਾਕਟਰ ਮਹੇਸ਼ ਕੁਮਾਰ ਪ੍ਰਭਾਕਰ ਨੇ ਦੱਸਿਆ ਕਿ ਠੰਢ ਵਿਚ ਸਰੀਰ ਦੀ ਚਮੜੀ ਫਿੱਕੀ, ਸੁੱਕੀ, ਸਖ਼ਤ ਅਤੇ ਸੁੰਨ ਹੋ ਜਾਂਦੀ ਹੈ। ਚਮੜੀ ਫਟਣ ਲੱਗ ਜਾਂਦੀ ਹੈ। ਸਰੀਰ 'ਤੇ ਕਾਲੇ ਛਾਲੇ ਹੋ ਸਕਦੇ ਹਨ। ਚਮੜੀ ਸੁੱਕੀ ਹੋਵੇ ਜਾਂ ਫਟੇ ਤਾਂ ਤੇਲ ਜਾਂ ਪੈਟਰੋਲੀਅਮ ਜੈਲੀ ਲਗਾਈ ਜਾਵੇ । ਠੰਢ ਵਿਚ ਕਾਂਬਾ ਛਿੜਦਾ ਹੈ। ਕਾਂਬੇ ਨੂੰ ਨਜ਼ਰਅੰਦਾਜ਼ ਨਾ ਕਰੋ। ਠੰਢ ਵਿਚ ਬੱਚੇ, ਬਜ਼ੁਰਗਾਂ ਅਤੇ ਬਿਮਾਰੀਆਂ ਤੋਂ ਪੀੜਤ ਲੋਕਾਂ ਦਾ ਖ਼ਾਸ ਖ਼ਿਆਲ ਰੱਖਿਆ ਜਾਵੇ। ਜ਼ਿਆਦਾ ਠੰਢ ਵਿਚ ਸੈਰ ਨਾ ਕੀਤੀ ਜਾਵੇ। ਪੌਸ਼ਟਿਕ ਭੋਜਨ ਕੀਤਾ ਜਾਵੇ। ਡਾਕਟਰ ਮਹੇਸ਼ ਪ੍ਰਭਾਕਰ ਨੇ ਦੱਸਿਆ ਕਿ ਠੰਢ ਵਿਚ ਸਰੀਰ ਦੇ ਤਾਪਮਾਨ ਨੂੰ ਸੰਤੁਲਨ ਵਿਚ ਰੱਖਿਆ ਜਾਵੇ। ਪੌਸ਼ਟਿਕ ਭੋਜਨ ਕੀਤਾ ਜਾਵੇ। ਤਰਲ ਪਦਾਰਥ ਲੋੜੀਂਦੀ ਮਾਤਰਾ ਵਿਚ ਲਏ ਜਾਣ। ਜ਼ਿਆਦਾ ਕੈਫ਼ੀਨ ਵਾਲੇ ਪਦਾਰਥ ਨਾ ਲਏ ਜਾਣ। ਸ਼ਰਾਬ ਅਤੇ ਨਸ਼ੇ ਤੋਂ ਪਰਹੇਜ਼ ਕੀਤਾ ਜਾਵੇ। ਜ਼ਿਆਦਾ ਕੱਪੜੇ ਪਾਏ ਜਾਣ ਪਰ ਖ਼ਿਆਲ ਰੱਖਿਆ ਜਾਵੇ ਕਿ ਟਾਈਟ ਕੱਪੜੇ ਨਾ ਪਾਏ ਜਾਣ ਕਿਉਂਕਿ ਇਸ ਨਾਲ ਖ਼ੂਨ ਦਾ ਦੌਰਾ ਰੁਕਦਾ ਹੈ। ਸਰੀਰ ਨੂੰ ਨਿੱਘਾ ਰੱਖਣ ਲਈ ਪਰਤਾਂ ਵਿਚ ਜ਼ਿਆਦਾ ਕੱਪੜੇ ਪਾਏ ਜਾਣ। ਕਿਸੇ ਵੀ ਐਮਰਜੈਂਸੀ ਵੇਲੇ ਘਰੇਲੂ ਟੋਟਕੇ ਨਾ ਕਰਕੇ ਤੁਰੰਤ ਸਿਹਤ ਸੰਸਥਾ ਵਿਚ ਜਾਇਆ ਜਾਵੇ।

# ਅਕਾਲੀ ਦਲ (ਬ) ਨੂੰ ਝਟਕਾ; ਸਰਪੰਚ ਪ੍ਰੇਮ ਸਿੰਘ ਤਰਫਾਨ ਪੰਚਾਇਤ ਮੈਂਬਰਾਂ ਸਣੇ ਆਪ 'ਚ ਸ਼ਾਮਿਲ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਵਿਧਾਨ ਸਭਾ ਹਲਕਾ ਮਜੀਠਾ ਦੇ ਸੀਨੀਅਰ ਅਕਾਲੀ ਆਗੂ ਸਰਪੰਚ ਪ੍ਰੇਮ ਸਿੰਘ ਤਰਫਾਨ ਆਪਣੇ ਗ੍ਰਹਿ ਵਿਖੇ ਰੱਖੇ ਇੱਕ ਪ੍ਰਭਾਵਸ਼ਾਲੀ ਪ੍ਰੋਗਰਾਮ ਵਿੱਚ ਸਰਦਾਰ ਤਲਬੀਰ ਸਿੰਘ ਗਿੱਲ ਹਲਕਾ ਇੰਚਾਰਜ ਮਜੀਠਾ ਦੀ ਰਹਿਨੁਮਾਈ ਵਿੱਚ ਆਮ ਆਦਮੀ ਪਾਰਟੀ ਵਿੱਚ ਆਪਣੀ ਸਮੁੱਚੀ ਟੀਮ ਸਮੇਤ ਸ਼ਾਮਿਲ ਹੋ ਗਏ । ਇਸ ਮੌਕੇ ਉਨਾਂ ਨੇ ਹੋਏ ਇਕੱਠ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ



ਕਿਸ ਤਰ੍ਹਾਂ ਸਰਦਾਰ ਗਿੱਲ ਦਿਨ ਰਾਤ ਬਿਨਾਂ ਪਾਰਟੀ ਦੇਖੇ ਹਰੇਕ ਹਲਕਾ ਮਜੀਠਾ ਵਾਸੀ ਦਾ ਬਿਨਾਂ ਭੇਦ ਭਾਵ ਦੇ ਜਾਇਜ਼ ਕੰਮ ਕਰਵਾ ਰਹੇ ਹਨ। ਉਨ੍ਹਾਂ ਸਰਦਾਰ ਗਿੱਲ ਨੂੰ ਭਰੋਸਾ ਦਿੰਦਿਆਂ ਦੱਸਿਆ ਕਿ ਬਲਾਕ ਸੰਮਤੀ ਅਤੇ ਜ਼ਿਲ੍ਹਾ ਪਰੀਸ਼ਦ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਸਰਦਾਰ ਗਿੱਲ ਦੀ ਝੋਲੀ ਪਾਉਣਗੇ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਸਰਦਾਰ ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਸਰਪੰਚ ਪ੍ਰੇਮ ਸਿੰਘ ਤਰਫਾਨ ਦੇ ਸਾਡੇ ਨਾਲ ਆਉਣ ਨਾਲ ਇਸ ਇਲਾਕੇ ਵਿੱਚ ਆਮ ਆਦਮੀ ਪਾਰਟੀ ਹੋਰ ਮਜ਼ਬੂਤ ਹੋਈ ਹੈ। ਉਹਨਾਂ ਕਿਹਾ ਕਿ ਹਲਕੇ ਵਿੱਚ ਕੋਈ ਵੀ ਸੜਕ ਨੂੰ ਟੁੱਟੀ ਨਹੀਂ ਰਹਿਣ ਦਿੱਤਾ ਜਾਵੇਗਾ।ਉਨ੍ਹਾਂ ਇਹ ਵੀ ਦੱਸਿਆ ਕਿ ਹਲਕੇ ਵਿੱਚ ਸਰਦਾਰ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਕਰੀਬ 30 ਸਟੇਡੀਅਮ ਬਣਾਏ ਜਾ ਰਹੇ ਹਨ ਜਿਨ੍ਹਾਂ ਨਾਲ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕੀਤਾ ਜਾ ਸਕਦਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਸਰਪੰਚ ਸਿਕੰਦਰ ਸਿੰਘ ਖਿੱਦੋਵਾਲੀ, ਸਰਪੰਚ ਬਲਬੀਰ ਸਿੰਘ ਬੋਪਾਰਾਏ, ਮਲਕੀਅਤ ਸਿੰਘ ਬੀਡੀਓ ਭੋਏ, ਮੈਂਬਰ ਪੰਚਾਇਤ ਤਰਸੇਮ ਸਿੰਘ ਗਾਰਡ ਮੱਤੇਵਾਲ, ਸਤਨਾਮ ਸਿੰਘ ਮੱਤੇਵਾਲ ਆਦਿ ਹਾਜ਼ਰ ਸਨ।

# ਵੱਖ-ਵੱਖ ਜਥੇਬੰਦੀਆਂ ਨੇ ਸਬ-ਡਵੀਜ਼ਨ ਕਲਾਨੌਰ ਵਿਖੇ ਦਿੱਤਾ ਵਿਸ਼ਾਲ ਧਰਨਾ

ਕਲਾਨੌਰ,(ਮਨਦੀਪ ਕੋਹਲੀ)-ਸੰਯੁਕਤ ਕਿਸਾਨ ਮੋਰਚਾ, ਮਜ਼ਦੂਰ ਜਥੇਬੰਦੀਆਂ ਦਾ ਸਾਂਝਾ ਮੋਰਚਾ ਅਤੇ ਪੰਜਾਬ ਰਾਜ ਬਿਜਲੀ ਕਾਰਪੋਰੇਸ਼ਨ ਦੀਆਂ ਮੁਲਾਜ਼ਮ ਜਥੇਬੰਦੀਆਂ ਦੇ ਸਾਂਝੇ ਸੱਦੇ ਤੇ ਪੰਜਾਬ ਰਾਜ ਬਿਜਲੀ ਨਿਗਮ ਸਬ ਡਿਵੀਜ਼ਨ ਕਲਾਨੌਰ ਦੇ ਦਫਤਰ ਸਾਹਮਣੇ ਵਿਸ਼ਾਲ ਧਰਨਾ ਦਿੱਤਾ ਗਿਆ। ਇਸ ਧਰਨੇ ਨੂੰ ਸੰਬੋਧਨ ਕਰਦਿਆਂ ਹਰਜੀਤ ਸਿੰਘ ਜ਼ਿਲਾ ਪ੍ਰਧਾਨ ਜਮਹੂਰੀ ਕਿਸਾਨ ਸਭਾ, ਮਾਸਟਰ ਲਖਵਿੰਦਰ ਸਿੰਘ ਪੰਜਾਬ ਕਿਸਾਨ ਸਭਾ, ਰਣਧੀਰ ਸਿੰਘ ਰਿਟਾਇਰਡ ਇੰਪ. ਯੂਨੀਅਨ ਮੁਖਵਿੰਦਰ ਸਿੰਘ ਖਾਲਸਾ ਮੁਲਾਜ਼ਮ ਆਗੂ, ਮਾਨਵ ਜੋਤ ਸਿੰਘ ਮੁਲਾਜ਼ਮ ਆਗੂ, ਹਰਭਜਨ



ਸਿੰਘ ਭਕੀਵਾਂ ਅਤੇ ਰੋਸ਼ਨ ਲਾਲ ਜੋਸ਼ੀ ਕਿਸਾਨ ਆਗੂ, ਗੁਰਸੇਵਕ ਸਿੰਘ ਮੁਲਾਜ਼ਮ ਆਗੂ, ਅਨੂਪ ਸਿੰਘ ਮੁਲਾਜ਼ਮ ਆਗੂ, ਮਾਨਵ ਜੋਤ ਸਿੰਘ ਮੁਲਾਜ਼ਮ ਆਗੂ, ਜਗਦੀਸ਼ ਸਿੰਘ ਪਵਾਰ ਸਾਬਕਾ ਸੈਨਿਕ ਸੰਘਰਸ਼ ਕਮੇਟੀ ਦੇ ਆਗੂਆਂ ਨੇ ਸੰਬੋਧਨ ਕਰਦੇ ਹੋਏ ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਬਿਜਲੀ ਸੋਧ ਬਿੱਲ 2025 ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ। ਇਸ ਬਿੱਲ ਅਨੁਸਾਰ ਬਿਜਲੀ ਬੋਰਡ ਨੂੰ ਜ਼ਮੀਨਾਂ ਸਮੇਤ ਕਿਸੇ ਪ੍ਰਾਈਵੇਟ ਕੰਪਨੀ ਨੂੰ ਵੇਚਣ ਦੀ ਵਿਵਸਥਾ ਹੈ ਅਤੇ ਚਿੱਪ ਵਾਲੇ ਮੀਟਰਾਂ ਰਾਹੀਂ ਬਿੱਲਾਂ ਦੀ ਵਸੂਲੀ ਕੀਤੀ ਜਾਵੇਗੀ ਅਤੇ ਹਰ ਤਰ੍ਹਾਂ ਦੀਆਂ ਸਬਸਿਡੀਆਂ ਅਤੇ ਕਰਾਸ ਸਬਸਿਡੀਆਂ ਬੰਦ ਹੋਣਗੀਆਂ, ਪ੍ਰਾਈਵੇਟ ਕੰਪਨੀ ਨੂੰ ਆਪਣੇ ਮਨ ਮਾਨੇ ਰੇਟ ਤੇ ਬਿਜਲੀ ਵੇਚਣ ਦਾ ਅਧਿਕਾਰ ਪ੍ਰਾਪਤ ਰਹੇਗਾ। ਉਨ੍ਹਾਂ ਨੇ ਧਰਨਾਕਾਰੀਆਂ ਨੂੰ ਇੱਕਜੁੱਟ ਹੋ ਕੇ ਆਉਣ ਵਾਲੇ ਸਮੇਂ ਵਿੱਚ ਵੱਡਾ ਸੰਘਰਸ਼ ਕਰਨ ਦਾ ਸੱਦਾ ਦਿੱਤਾ। ਧਰਨੇ ਵਿੱਚ ਹੋਰਨਾਂ ਤੋਂ ਇਲਾਵਾ ਗੁਰਜੀਤ ਸਿੰਘ ਬੁਲਾਰੀਆ, ਗੁਰਿੰਦਰ ਪਾਲ ਸਿੰਘ ਸੋਨੂ, ਮਨਜੀਤ ਸਿੰਘ ਅਦਾਲਤਪੁਰ, ਰਜਿੰਦਰ ਸਿੰਘ ਖੁਸ਼ੀਪੁਰ, ਅਰਜਨਜੀਤ ਸਿੰਘ ਔਜਲਾ, ਸੇਵਾ ਸਿੰਘ ਕਲਾਨੌਰ, ਵੀਰ ਸਿੰਘ ਕਲਾਨੌਰ ਨਿਸ਼ਾਨ ਸਿੰਘ ਸੋਹਲ ਸਕੱਤਰ ਬਾਰਡਰ ਜ਼ੋਨ, ਗੁਰਿੰਦਰ ਸਿੰਘ ਖਦਰ, ਦਲਬੀਰ ਸਿੰਘ ਖੱਦਰ, ਸੁਖਦੇਵ ਸਿੰਘ, ਜਗਜੀਤ ਸਿੰਘ, ਸੁੱਚਾ ਸਿੰਘ ਡੇਰੀਵਾਲ, ਮੰਗਲ ਸਿੰਘ ਅਟਾਰੀ, ਸਤਨਾਮ ਸਿੰਘ ਬ ਖਤਪੁਰ, ਮਜ਼ਦੂਰ ਆਗੂ ਬਸ਼ੀਰ ਮਸੀਹ, ਸਾਬਾ ਕਲਾਨੌਰ, ਬਲਰਾਜ ਸਿੰਘ ਬਿਸ਼ਨਕੋਟ, ਮਨਜੀਤ ਸਿੰਘ ਨੜਾਵਾਲੀ, ਸੰਤੋਖ ਸਿੰਘ ਸ਼ਾਲੇਚੱਕ ਸ਼ਾਮਲ ਸਨ।

# ਹਥਿਆਰ ਤਸਕਰੀ ਮਾਡਿਊਲ ਦਾ ਪਰਦਾਫ਼ਾਸ਼; ਨਾਬਾਲਗ ਸਮੇਤ 6 ਗ੍ਰਿਫ਼ਤਾਰ

ਛੇਹਰਟਾ, ਅੰਮ੍ਰਿਤਸਰ (ਮਨੋਜ ਕੁਮਾਰ/ਨਰਿੰਦਰ ਜੀਤ ਸਿੰਘ)-ਅੰਮ੍ਰਿਤਸਰ ਕਮਿਸ਼ਨਰੇਟ ਪੁਲਸ ਨੇ ਪਾਕਿਸਤਾਨ ਵੱਲੋਂ ਸੰਚਾਲਿਤ ਹਥਿਆਰ ਤਸਕਰੀ ਮਾਡਿਊਲ ਦੇ ਛੇ ਕਾਰਕੁਨਾਂ, ਜਿਨ੍ਹਾਂ ਵਿੱਚੋਂ ਇੱਕ ਨਾਬਾਲਗ ਵੀ ਹੈ, ਨੂੰ ਛੇ ਆਧੁਨਿਕ ਪਿਸਤੌਲਾਂ ਨਾਲ ਗ੍ਰਿਫ਼ਤਾਰ ਕਰਕੇ ਇਸ ਗਿਰੋਹ ਨੂੰ ਬੇਅਸਰ ਕੀਤਾ ਹੈ।ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸੋਮਵਾਰ ਨੂੰ ਇੱਥੇ ਦਿੱਤੀ।ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਤਰਨਤਾਰਨ ਦੇ ਪਿੰਡ ਕੋਟਲੀ ਵਸਾਵਾ ਸਿੰਘ ਦੇ ਰਹਿਣ ਵਾਲੇ ਗੁਰਬੀਰ ਸਿੰਘ ਉਰਫ਼ ਸੋਨੂੰ (28), ਗੁਰਪ੍ਰੀਤ ਸਿੰਘ ਉਰਫ਼ ਗੋਪਾ (32), ਗੋਰਕਾ ਸਿੰਘ ਉਰਫ਼ ਗੋਰਾ, ਰਾਜਵਿੰਦਰ ਸਿੰਘ ਉਰਫ਼ ਰਾਜੂ-ਤਿੰਨੇਂ ਵਾਸੀ ਖੇਮਕਰਨ (ਤਰਨਤਾਰਨ), ਜਸਪਾਲ ਸਿੰਘ ਉਰਫ਼ ਜੱਸ (24) ਵਾਸੀ ਬੱਚੀਵਿੰਡ (ਅੰਮ੍ਰਿਤਸਰ) ਅਤੇ ਸੁਲਤਾਨਪੁਰ ਲੋਧੀ ਸਥਿਤ 16 ਸਾਲਾ ਨਾਬਾਲਗ ਵਜੋਂ ਹੋਈ ਹੈ।ਬਰਾਮਦ ਕੀਤੇ ਗਏ ਪਿਸਤੌਲਾਂ ਵਿੱਚ ਪੰਜ.30 ਬੋਰ ਪਿਸਤੌਲ ਅਤੇ ਇੱਕ 9 ਐੱਮਐੱਮ ਪੀਐਕਸ-5 ਪਿਸਤੌਲ ਸ਼ਾਮਲ ਹਨ।ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਉਕਤ ਦੋਸ਼ੀ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ



ਪਾਕਿਸਤਾਨ ਸਥਿਤ ਇੱਕ ਹੈਂਡਲਰ ਦੇ ਸਿੱਧੇ ਸੰਪਰਕ ਵਿੱਚ ਸਨ, ਜੋ ਹਥਿਆਰਾਂ ਦੀ ਖੇਪ ਨੂੰ ਪ੍ਰਾਪਤ ਕਰਨ ਅਤੇ ਅੱਗੇ ਸਪਲਾਈ ਕਰਨ ਲਈ ਜਾਣਕਾਰੀ ਸਾਂਝੀ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਸੰਗਠਿਤ ਗਿਰੋਹ ਵੱਲੋਂ ਹਥਿਆਰਾਂ ਦੀਆਂ ਇਹ ਖੇਪਾਂ ਅੱਗੇ ਮਾਝਾ-ਦੋਆਬਾ ਖੇਤਰਾਂ ਵਿੱਚ ਸਰਗਰਮ ਅਪਰਾਧੀਆਂ ਨੂੰ ਸਪਲਾਈ ਕੀਤੀਆਂ ਜਾਂਦੀਆਂ ਸਨ।ਪੁਲਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਗੋਰਕਾ ਉਰਫ਼ ਗੋਰਾ ਅਤੇ ਰਾਜਵਿੰਦਰ ਉਰਫ਼ ਰਾਜੂ ਵਿਰੁੱਧ ਪਹਿਲਾਂ ਵੀ ਐੱਨਡੀਪੀਐੱਸ ਐਕਟ ਦੇ ਅਪਰਾਧ ਅਤੇ ਬਲਾਤਕਾਰ ਅਤੇ ਪੋਕਸੋ ਐਕਟ ਨਾਲ ਸਬੰਧਤ ਕਈ ਮਾਮਲੇ ਦਰਜ ਹਨ।

# ਸਾਬਕਾ ਬਲਾਕ ਸਮਿਤੀ ਚੇਅਰਮੈਨ ਨੇ ਸਮੇਤ ਦਰਜਨਾਂ ਪਰਿਵਾਰਾਂ 'ਆਪ' ਦਾ ਲੜ ਫੜਿਆ

ਪਠਾਨਕੋਟ (ਦਵਿੰਦਰ ਸਿੰਘ)-ਹਲਕਾ ਭੋਆ ਵਿਚ ਅੱਜ ਰਾਜਨੀਤਿਕ ਗਤੀਵਿਧੀਆਂ ਨੇ ਨਵਾਂ ਮੋੜ ਲੈ ਲਿਆ, ਜਦੋਂ ਕਾਂਗਰਸ ਅਤੇ ਭਾਜਪਾ ਨੂੰ ਵੱਡਾ ਭਾਰੀ ਝਟਕਾ ਲੱਗਦਾ ਹੋਇਆ ਦਿਖਿਆ।ਸਾਬਕਾ ਬਲਾਕ ਸਮਿਤੀ ਦੀ ਚੇਅਰਮੈਨ ਕਿਰਨ ਕੁਮਾਰੀ ਪਿੰਡ ਤਰਗੜ੍ਹ ਸਮੇਤ ਦਰਜਨਾਂ ਪ੍ਰਭਾਵਸ਼ਾਲੀ ਪਰਿਵਾਰਾਂ ਨੇ ਆਪਣੇ ਸਮਰਥਕਾਂ ਸਮੇਤ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿੰਦਿਆਂ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ 'ਦਾ ਪੱਲਾ ਫੜ ਕੇ ਹਲਕੇ ਦੀ ਰਾਜਨੀਤਿਕ ਹਵਾ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ।ਇਸ ਦੇ ਨਾਲ ਮੁਕੇਸ਼ ਸ਼ਰਮਾ ਬਸਾਊ ਬਾੜਵਾਂ ਸੋਸ਼ਲ ਵਰਕਰ ਬੀਜੇਪੀ, ਪਿੰਡ ਬਲੋਤਰ ਤੋਂ ਸਰਪੰਚ ਅਰਜੁਨ ਸ਼ਰਮਾ, ਸਾਬਕਾ ਸਰਪੰਚ ਦਰਸ਼ਨ ਕੁਮਾਰ ਪਿੰਡ ਬਲੋਤਰ, ਸਾਬਕਾ ਸਰਪੰਚ ਸੁਰਿੰਦਰ ਕੁਮਾਰ ਬਿੱਟੂ ਪਿੰਡ ਭਾਦਾ, ਬਿੰਦੂ ਠਾਕੁਰ ਸਰੋਟਾ, ਵਿਪਨ ਵਾੜਵਾਂ, ਕੁਸ਼ਲ ਜੋਤੀ ਮੈਂਬਰ ਪੰਚਾਇਤ ਪਿੰਡ ਭਾਦਾ, ਰੂਪ ਲਾਲ, ਰਾਜ ਕੁਮਾਰ, ਅਮੀ ਚੰਦ ਆਦਿ ਆਪ ਪਰਿਵਾਰ ਵਿੱਚ ਸ਼ਾਮਿਲ ਹੋਏ।ਮੰਤਰੀ ਨੇ ਨਵੇਂ ਸ਼ਾਮਲ ਹੋਏ ਵਰਕਰਾਂ ਤੇ ਸਮਰਥਕਾਂ ਦਾ ਤਹਿ ਦਿਲੋਂ ਸੁਆਗਤ ਕੀਤਾ।ਉਨ੍ਹਾਂ ਨੇ ਕਿਹਾ ਕਿ ਲੋਕ ਹੁਣ ਝੂਠ ਅਤੇ ਖਾਲੀ ਵਾਅਦਿਆਂ ਤੋਂ ਤੰਗ ਆ ਚੁੱਕੇ ਹਨ ਅਤੇ ਵਿਕਾਸ-ਕੇਂਦਰਤ ਤੇ ਸਾਫ਼ ਸਿਆਸਤ ਵਾਲੇ ਮਾਡਲ ਨਾਲ ਜੁੜ ਰਹੇ ਹਨ।ਸਾਬਕਾ ਬਲਾਕ ਸਮਿਤੀ ਚੇਅਰਮੈਨ ਨੇ ਆਪਣੇ ਪਰਿਵਾਰ ਅਤੇ ਸਹਿਯੋਗੀਆਂ ਸਮੇਤ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਲਕੇ ਵਿਚ ਪਿਛਲੇ ਕੁਝ ਸਮਿਆਂ ਦੌਰਾਨ ਹੋਏ ਸੜਕਾਂ, ਖੇਡ ਮੈਦਾਨਾਂ,



ਕਮਿਊਨਿਟੀ ਹਾਲ, ਪਾਰਕਾਂ, ਬਿਜਲੀ ਦੀ ਸੁਚੱਜੀ ਉਪਲਬਧਤਾ, ਪੀਣ ਵਾਲੇ ਪਾਣੀ, ਸਫਾਈ ਅਤੇ ਸਮੁੱਚੇ ਵਿਕਾਸ ਕਾਰਜਾਂ ਨੇ ਲੋਕਾਂ ਦਾ ਵਿਸ਼ਵਾਸ ਮਜ਼ਬੂਤ ਕੀਤਾ ਹੈ।ਸਾਨੂੰ ਲੱਗਾ ਕਿ ਹੁਣ ਲੋਕਾਂ ਦੀ ਖ਼ਿਦਮਤ ਕਰਨ ਦਾ ਸਹੀ ਮੌਕਾ ਤੇ ਸਹੀ ਪਲੇਟਫਾਰਮ ਮਾਨਯੋਗ ਮੰਤਰੀ ਕਟਾਰੂਚੱਕ ਹਨ।ਚੇਅਰਮੈਨ ਨੇ ਕਿਹਾ ਕਿ ਮੰਤਰੀ ਕਟਾਰੂਚੱਕ ਦੀ ਸਧਾਰਨ ਜੀਵਨ ਸ਼ੈਲੀ, ਲੋਕਾਂ ਨਾਲ ਜੁੜਾਅ ਅਤੇ ਹਲਕੇ ਵਿੱਚ ਹੋ ਰਹੇ ਅਭੂਤਪੂਰਵ ਵਿਕਾਸ ਕਾਰਜਾਂ ਨੇ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ ਹੈ।ਉਨ੍ਹਾਂ ਨੇ ਕਿਹਾ ਕਿ ਹੁਣ ਉਹ ਹਲਕੇ ਦੇ ਵਿਕਾਸ ਲਈ ਆਪ ਦੀ ਨੀਤੀ ਨਾਲ ਕੰਮ ਕਰਨਗੇ। ਕਟਾਰੂਚੱਕ ਨੇ ਨਵੇਂ ਸ਼ਾਮਲ ਹੋਏ ਵਰਕਰਾਂ ਅਤੇ ਪਰਿਵਾਰਾਂ ਦਾ ਸਰੋਪਾ ਪਹਿਨਾ ਕੇ ਤਹਿ ਦਿਲੋਂ ਸਵਾਗਤ ਕੀਤਾ।

9 Dec Page 12.qxd 12/8/2025 10:46 PM Page 1



## ਵਰ੍ਹੇਗੰਢ ਮੁਬਾਰਕ



ਜਸਪਾਲ ਸਿੰਘ ਅਤੇ ਪਰਮਜੀਤ ਕੌਰ ਵਾਸੀ ਗੁਰਦਾਸਪੁਰ ਨੂੰ ਵਿਆਹ ਦੀ 18ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।



ਦਿਲਬਾਗ ਸਿੰਘ ਤੇ ਰਜਵੰਤ ਕੌਰ ਵਾਸੀ ਅੰਮ੍ਰਿਤਸਰ ਨੂੰ ਵਿਆਹ ਦੀ 27ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।

# ਬਿਜਲੀ ਬਿੱਲ 2025 ਤੇ ਲੇਬਰ ਕੋਡ ਦੀਆਂ ਕਾਪੀਆਂ ਸਾੜੀਆਂ

**ਬੰਗਾ (ਅਵਤਾਰ ਕਲੇਰ)**- ਮੰਡਲ ਦਫਤਰ ਪਾਵਰਕਾਮ ਨਵਾਂ ਸ਼ਹਿਰ ਦੇ ਗੇਟ ਅੱਗੇ ਕਿਸਾਨ ਜਥੇਬੰਦੀਆਂ, ਬਿਜਲੀ ਮੁਲਾਜ਼ਮ ਯੂਨੀਅਨ ਪਾਵਰਕਾਮ ਅਤੇ ਰੋਡਵੇਜ਼ ਪੈਨਸ਼ਨਰ ਯੂਨੀਅਨਾਂ ਵਲੋਂ ਸਾਂਝੇ ਤੌਰ ਤੇ ਕਿਸਾਨ ਆਗੂ ਜਸਵਿੰਦਰ ਸਿੰਘ ਭੰਗਲ ਜ਼ਿਲ੍ਹਾ ਸਕੱਤਰ ਕੁਲ ਹਿੰਦ ਕਿਸਾਨ ਸਭਾ (1936) ਦੀ ਪ੍ਰਧਾਨਗੀ ਹੇਠ ਰੋਸ ਮੁਜ਼ਾਹਰਾ ਕੀਤਾ ਗਿਆ ਅਤੇ ਬਿਜਲੀ ਬਿੱਲ 2025 ਅਤੇ ਲੇਬਰ ਕੋਡ ਦੀਆਂ ਕਾਪੀਆਂ ਸਾੜੀਆਂ ਗਈਆਂ। ਇਸ ਰੋਸ ਪ੍ਰਦਰਸ਼ਨ ਵਿੱਚ ਕੁਲ ਹਿੰਦ ਕਿਸਾਨ ਸਭਾ ਤੋਂ ਜ਼ਿਲ੍ਹਾ ਪ੍ਰਧਾਨ ਦਸੌਂਧਾ ਸਿੰਘ ਰੁੜਕੀ ਅਤੇ ਜ਼ਿਲ੍ਹਾ ਮੀਤ ਸਕੱਤਰ ਜੁਝਾਰ ਸਿੰਘ ਕੁੱਕੜ ਮਜਾਰਾ,ਜਸਵਿੰਦਰ ਪਾਲ ਰਾਹੋਂ ਮੀਤ ਸਕੱਤਰ ਪਾਵਰਕਾਮ ਟਰਾਸਕੋ ਪੈਨਸ਼ਨਰ ਯੂਨੀਅਨ ਪੰਜਾਬ ਏਟਕ ਦੇ ਸੂਬਾ ਆਗੂ ਇੰਜ ਰਾਮ ਆਸਰਾ, ਮੰਡਲ ਪ੍ਰਧਾਨ ਗੁਰਦੀਪ ਸਿੰਘ, ਮੰਡਲ ਆਗੂ ਇੰਜ ਵਿਜੇ ਸਿੰਘ, ਰਾਮ ਲਖਣ, ਜਗਦੀਪ ਸਿੰਘ,ਪ੍ਰਧਾਨ ਪ੍ਰਭਾਕਰ ਤਿਵਾੜੀ ਅਤੇ ਇੰਪਲਾਇਜ਼ ਫੈਡਰੇਸ਼ਨ ਤੋਂ ਪ੍ਰਧਾਨ ਮੋਹਨ ਸਿੰਘ ਬੂਟਾ,ਇੰਜ ਜਗਦੀਸ਼ ਕੁਮਾਰ ਇੰਜ ਸੋਮਨਾਥ ਇੰਜ ਕਮਲਜੀਤ ਸਿੰਘ ਅਤੇ ਐੱਸ ਐੱਸ ਯੂ ਤੋਂ ਪ੍ਰਧਾਨ ਤਰਲੋਚਨ ਸਿੰਘ, ਬਲਜਿੰਦਰ ਕੁਮਾਰ ਰੋਡਵੇਜ਼ ਪੈਨਸ਼ਨਰ ਯੂਨੀਅਨ ਤੋਂ ਜ਼ਿਲ੍ਹਾ ਸਕੱਤਰ ਗੁਰਮੇਲ ਚੰਦ,



ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਸਕੱਤਰ ਸਤਨਾਮ ਸਿੰਘ ਸੁੱਜੋਂ ਮਾਸਟਰ ਗੁਰਦਿਆਲ ਸਿੰਘ, ਟੈਕਨੀਕਲ ਸਰਵਿਸਿਜ਼ ਯੂਨੀਅਨ ਤੋਂ ਇੰਜ ਕੁਲਦੀਪ ਸਿੰਘ ਅਤੇ ਆਰ.ਐਮ.ਪੀ. ਆਈ ਦੇ ਜ਼ਿਲ੍ਹਾ ਸਕੱਤਰ ਕੁਲਦੀਪ ਸਿੰਘ ਦੌੜਕਾ,ਸ੍ਰੀ ਐੱਸ ਐੱਨ ਐੱਲ ਤੋਂ ਨਰਿੰਦਰ ਕਾਲੀਆ,ਤਰਸੇਮ ਸਿੰਘ ਆਦਿ ਬੁਲਾਰਿਆਂ ਨੇ ਸੰਬੋਧਨ ਕੀਤਾ ਅਤੇ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਲੇਬਰ ਕੋਡ ਦੇ ਕਾਲੇ ਕਾਨੂੰਨ ਬਿਜਲੀ ਸੋਧ ਬਿੱਲ 2025 ਰੱਦ ਨਾ ਕੀਤੇ ਤਾਂ ਸੰਘਰਸ਼ ਹੋਰ ਵੀ ਤਿੱਖਾ ਵਿੱਢਿਆ ਜਾਵੇਗਾ। ਉਹਨਾਂ ਕਿਹਾ ਕਿ ਕਿਸਾਨਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ,ਪੈਨਸ਼ਨਰਾਂ ਦੇ ਹੱਕਾਂ ਦੀ ਰਾਖੀ ਕੀਤੀ ਜਾਵੇਗੀ।

# ਵਿਦਿਆਰਥੀਆਂ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਦਾ ਦੌਰਾ



**ਜਲੰਧਰ (ਕੇਸਰ)**- ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਦੇਸ਼ ਭਗਤਾਂ ਦੀਆਂ ਤਸਵੀਰਾਂ ਤੇ ਲਿਖਤਾਂ 'ਤੇ ਅਧਾਰਿਤ ਮਿਊਜ਼ੀਅਮ ਨੂੰ ਦੇਖਣ ਅਤੇ ਗ਼ਦਰੀ ਬਾਬਿਆਂ ਨੂੰ ਸਲਾਮ ਕਰਨ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਲੌਲਾ ਬਲਾਕ ਵੈਸਟ 2 ਜ਼ਿਲ੍ਹਾ ਜਲੰਧਰ ਦੇ ਵਿਦਿਆਰਥੀ ਆਪਣੇ ਅਧਿਆਪਕ ਪਵਨ ਕੁਮਾਰ, ਗੁਰਦਿਆਲ ਅਤੇ ਰਵਿੰਦਰ ਕੌਰ ਨਾਲ ਪਹੁੰਚੇ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਅਤੇ ਸਹਾਇਕ ਸਕੱਤਰ ਡਾ. ਗੋਪਾਲ ਸਿੰਘ ਬੁੱਟਰ ਨੇ ਬੱਚਿਆਂ ਨੂੰ ਸੰਬੋਧਤ ਹੁੰਦਿਆਂ ਗ਼ਦਰੀ ਬਾਬਿਆਂ ਦੀਆਂ ਮਿਸਾਲੀ ਕੁਰਬਾਨੀਆਂ ਦੇ ਇਤਿਹਾਸ ਤੋਂ ਜਾਣੂ ਕਰਵਾਇਆ ਅਤੇ ਉਨ੍ਹਾਂ ਦੇ ਅਧਿਆਪਕਾਂ ਨੂੰ ਬੱਚਿਆਂ ਅੰਦਰ ਉਸਾਰੂ ਉਤਸ਼ਾਹ ਪੈਦਾ ਕਰਨ ਲਈ ਧੰਨਵਾਦ ਦੇ ਸ਼ਬਦ ਕਹੇ। ਇਸ ਮੌਕੇ ਸਕੂਲ ਦੇ 75 ਵਿਦਿਆਰਥੀਆਂ ਨੇ ਮਿਊਜ਼ੀਅਮ ਨੂੰ ਬੜੀ ਗਹਿਰੀ ਦਿਲਚਸਪੀ ਨਾਲ ਦੇਖਿਆ ਅਤੇ ਸਮਝਿਆ। ਕੁਝ ਵਿਦਿਆਰਥੀਆਂ ਨੇ ਦੇਸ਼ ਭਗਤ ਗ਼ਦਰੀ ਬਾਬਿਆਂ ਬਾਰੇ ਕੁਝ ਭਾਵਪੂਰਤ ਪ੍ਰਸ਼ਨ ਵੀ ਪੁੱਛੇ। ਜਿਸ ਦੇ ਜਨਰਲ ਸਕੱਤਰ ਗੁਰਮੀਤ ਨੇ ਬੜੇ ਢੁੱਕਵੇਂ ਅਤੇ ਪ੍ਰਭਾਵਸ਼ਾਲੀ ਉੱਤਰ ਦੇਕੇ ਵਿਦਿਆਰਥੀਆਂ ਦੀ ਸੰਤੁਸ਼ਟੀ ਕਰਵਾਈ। ਇਸ ਸਮੇਂ ਕਮੇਟੀ ਦੇ ਮੈਂਬਰ ਚਰੰਜੀ ਲਾਲ ਕੰਗਣੀਵਾਲ ਅਤੇ ਸੁਰਿੰਦਰ ਕੁਮਾਰੀ ਕੋਛੜ ਵੀ ਹਾਜ਼ਰ ਸਨ।

# ਚਾਨਣ ਵੰਡਦੀਆਂ ਰਹਿਣਗੀਆਂ ਪੂਰਨ ਰਾਏਪੁਰ ਡੱਬਾ ਦੀਆਂ ਪੈੜਾਂ

ਮਾਂ ਚੰਨਣ ਕੌਰ ਅਤੇ ਪਿਤਾ ਸੋਹਣ ਲਾਲ ਵਾਸੀ ਰਾਏਪੁਰ ਡੱਬਾ (ਨਵਾਂ ਸ਼ਹਿਰ) ਦੇ ਘਰ 30 ਮਾਰਚ 1969 ਨੂੰ ਜਨਮੇ ਪੂਰਨ ਸਿੰਘ ਤੋਤਾ ਨੇ ਸਿਰਫ ਜਨਮ ਹੀ ਇਸ ਘਰ ਲਿਆ ਲੇਕਿਨ ਕੰਮੀਆਂ ਦੇ ਵਿਹੜੇ ਦਾ ਇਹ ਸੂਰਜ ਦੁਨੀਆਂ ਭਰ ਦੇ ਲੁੱਟੇ-ਪੁੱਟੇ ਅਤੇ ਕੁੱਟੇ ਜਾ ਰਹੇ ਲੋਕਾਂ ਦਾ ਜਾਇਆ ਬਣ ਕੇ ਵਿਚਰਦਾ ਰਿਹਾ।ਉਸਦੇ ਭੈਣਾਂ, ਭਰਾਵਾਂ, ਬੱਚਿਆਂ ਅਤੇ ਜੀਵਨ ਸਾਥਣ ਨੇ ਹਮੇਸ਼ਾ ਉਸਦੇ ਮਾਨਵ ਪੱਖੀ, ਅਗਾਂਹ ਵਧੂ, ਤਰਕਸ਼ੀਲ, ਇਨਕਲਾਬੀ ਜਮਹੂਰੀ ਵਿਚਾਰਾਂ ਦੀ ਪਹਿਲੀ ਦੀ ਕਦਰ ਵੀ ਕੀਤੀ ਅਤੇ ਆਪਣੇ ਵਿੱਤ ਮੁਤਾਬਕ ਪੂਰਨ ਦਾ ਸੰਗ ਸਾਥ ਦਿੱਤਾ।



ਕੁਝ ਅਰਸਾ ਪਹਿਲਾਂ ਉਸਦਾ ਬਾਥਲ ਸਦੀਵੀ ਵਿਛੋੜਾ ਦੇ ਗਿਆ ਨਹਿਰ ਕੰਢੇ ਉਸਦਾ ਹੋਣ ਬਸੇਰਾ ਅੱਜ ਵੀ ਉਸਦੀਆਂ ਯਾਦਾਂ ਆਪਣੀ ਬੁੱਕਲ ਵਿਚ ਸਾਂਭੀ ਬੈਠਾ ਹੈ।

ਬੀਤੇ ਵਰ੍ਹੇ ਦੀ ਵਰ੍ਹਿਆਂ ਤੋਂ ਪੂਰਨ ਨੂੰ ਬ੍ਰੇਨ ਹੈਮਰੇਜ ਦੇ ਜਾਨ ਲੇਵਾ ਹਮਲੇ ਨੇ ਡੰਗ ਮਾਰਿਆ। ਪਰਿਵਾਰ ਨੇ ਇਲਾਜ ਲਈ ਆਪਣੀ ਪੂਰੀ ਊ ਲਾਈ। ਪੂਰਨ ਤੋਤੇ ਦੇ ਜ਼ਿੰਦਗੀ ਦੇ ਅਧਿਆਪਕ ਪਿੰਡ ਦੇ ਸੁਖਦੇਵ ਸਿੰਘ ਰੈਸਲਿੰਗ ਕੋਚ ਦੀ ਵਰ੍ਹਿਆਂ ਬੱਧੀ ਏਕ ਦੇ ਰੱਖਿਆ ਅਤੇ ਅਖੀਰ ਉਹ ਵੀ ਸੰਗਰਾਮੀ ਕਾਫ਼ਲੇ ਨੂੰ ਸਦੀਵੀ ਵਿਛੋੜਾ ਦੇ ਗਏ।ਪੂਰਨ ਦੇ ਸਾਥੀ ਨਾਲ ਲੱਗਦੇ ਪਿੰਡ ਰਾਜਾ ਸਾਹਿਬ ਦਾ ਮਜਾਰਾ ਦੇ ਡਾ. ਲਾਭ ਸਿੰਘ ਵੀ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਜੂਝਦੇ ਹੋਏ ਸਦਾ ਲਈ ਅੱਖੀਆਂ ਮੀਟ ਗਏ।ਗੁਰਮੁਖ ਗੁਨਾਚੌਰ ਸਮੇਤ ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਬੰਗਾ ਦੇ ਚਾਰ ਲੋਕ ਲਹਿਰੀ ਅਤੇ ਸੰਘਰਸ਼ਸ਼ੀਲ ਕਾਮੇ ਵਿਛੋੜਾ ਦੇ ਗਏ।

ਪੂਰਨ ਰਾਏਪੁਰ ਡੱਬਾ ਸਾਰੀ ਜ਼ਿੰਦਗੀ ਵੱਖ-ਵੱਖ ਸੰਸਥਾਵਾਂ ਨਾਲ ਜੁੜਕੇ ਚਾਨਣ ਦੇ ਵਣਜਾਰੇ ਦੀ ਮਿਸਾਲੀ ਭੂਮਿਕਾ ਅਦਾ ਕਰਦਾ ਰਿਹਾ।ਉਸਨੇ ਲੋਕ ਸੰਗਰਾਮ ਮੋਰਚਾ ਪੰਜਾਬ, ਜਬਰ ਤੇ ਫਿਰਕਾਪ੍ਰਸਤੀ ਵਿਰੋਧੀ ਜਮਹੂਰੀ ਫਰੰਟ ਪੰਜਾਬ ਇਲਾਕਾ ਬੰਗਾ ਦੀ ਇਕਾਈ, ਪਲਸ ਮੰਚ ਦੇ ਸਹਿਯੋਗੀ, ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਵਿਚ ਕੰਮ ਕਰਨ ਦੇ ਨਾਲ-ਨਾਲ ਖਟਕੜ ਕਲਾਂ ਵਿਖੇ ਦਹਾਕਿਆਂ ਤੋਂ ਸ਼ਹੀਦ ਭਗਤ ਸਿੰਘ ਰਾਜਗੁਰੂ ਅਤੇ ਸੁਖਦੇਵ ਦੀ ਯਾਦ 'ਚ ਹੁੰਦੇ ਆ ਰਹੇ ਸਮਾਗਮ ਅਤੇ ਆਪਣੇ ਪਿੰਡ ਗ਼ਦਰੀ ਭਾਈ ਰਤਨ ਸਿੰਘ ਰਾਏਪੁਰ ਡੱਬਾ ਦੀ ਯਾਦ 'ਚ ਹੁੰਦੇ ਸਮਾਗਮ ਵਿੱਚ ਉਹ ਅਗਲੀਆਂ ਸਫ਼ਾਂ ਵਿੱਚ ਡਟਕੇ ਕੰਮ ਕਰਦਾ ਰਿਹਾ। ਗ਼ਦਰੀ ਬਾਬਿਆਂ ਦਾ ਮੇਲਾ ਹੋਵੇ ਜਾਂ ਪਲਸ ਮੰਚ ਦਾ 25 ਜਨਵਰੀ ਦਾ ਜਲੰਧਰ ਸਮਾਗਮ ਹੋਵੇ, ਪਹਿਲੀ ਮਈ ਦਾ ਵਿਛੋੜਾ ਭਵਨ ਲੁਧਿਆਣਾ ਵਿਖੇ ਪਲਸ ਮੰਚ ਦਾ ਸਮਾਗਮ ਹੋਵੇ ਉਹ ਜੱਥੇ ਲੈ ਕੇ ਸ਼ਾਮਲ ਹੁੰਦੇ ਰਹੇ।

ਮਰਹੂਮ ਸਾਥੀ ਸੁਖਦੇਵ ਸਿੰਘ ਰੈਸਲਿੰਗ ਕੋਚ ਦੇ ਸਪੁੱਤਰ ਹਰਜਿੰਦਰ ਸਿੰਘ ਨੇ ਕਨੇਡਾ ਭੇਜੇ ਸ਼ੋਕ ਸੁਨੇਹੇ ਵਿੱਚ ਆਪਣੇ ਬਾਪ ਅਤੇ ਪੂਰਨ ਦੀ ਜੋੜੀ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਕਿਹਾ ਹੈ ਕਿ ਅਜੋਕੇ ਸਮੇਂ ਨੂੰ ਅਨੇਕਾਂ ਪੂਰਨਾਂ ਅਤੇ ਡਾ. ਲਾਭ ਸਿੰਘ ਲੋੜੀਂਦੇ ਹਨ।ਅਜਿਹੇ ਤਿੱਖੀਆਂ ਚੁਣੌਤੀਆਂ ਭਰੇ ਦੌਰ ਅੰਦਰ ਉਹਨਾਂ ਦਾ ਵਿਛੋੜਾ ਇਨਕਲਾਬੀ ਕਾਫ਼ਲੇ ਲਈ ਅਸਹਿ ਝੋਰੇਡਾ ਅਤੇ ਨਾ ਪੂਰਾ ਹੋਣ ਵਾਲਾ ਘਾਟਾ ਹੈ।

ਲੋਕ ਕਾਫ਼ਲੇ ਲਈ ਮਾਣ ਵਾਲੀ ਗੱਲ ਹੈ ਕਿ ਪੂਰਨ ਦੇ ਪਰਵਾਰ ਨੇ ਆਪਣੀ ਜਿੰਦ ਵਾਰਨ ਤੱਕ ਜਾ ਕੇ ਉਸ ਨੂੰ ਜਿਸਮਾਨੀ ਤੌਰ 'ਤੇ ਸੰਭਾਲਿਆ ਅਤੇ ਉਸਦੀ ਅੰਤਿਮ ਇੱਛਾ ਮੁਤਾਬਿਕ ਉਸਦੇ ਪਰਵਾਰ ਉਸਦੀ ਸੋਚ ਦੇ ਵਾਰਿਸ ਹੋਣ ਵੀ ਬੁਲੰਦ ਰੱਖਣ ਲਈ ਸੰਜੀਦਾ ਅਹਿਦ ਕਰ ਰਿਹਾ ਹੈ।

ਅੱਜ 9 ਦਸੰਬਰ ਦਿਨੇ ਠੀਕ 12 ਵਜੇ ਪਿੰਡ ਰਾਏਪੁਰ ਡੱਬਾ ਵਿਖੇ ਪੂਰਨ ਦੀ ਯਾਦ 'ਚ ਹੋ ਰਹੇ ਸਮਾਗਮ ਮੌਕੇ ਉਸਦੀ ਘਾਲਣਾ ਸਲਾਮ ਕਰਦਿਆਂ ਉਸਦੇ ਸੁਪਨਿਆਂ ਦਾ ਸਾਂਝੀਵਾਲਤਾ ਭਰਿਆ ਬੇਗ਼ਮਪੁਰਾ ਵਸਾਉਣ ਲਈ ਅਹਿਦ ਕੀਤਾ ਜਾਵੇਗਾ।

**ਅਮੋਲਕ ਸਿੰਘ**
**ਸੰਪਰਕ : 98778-68710**

# ਕਾਂਗਰਸ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰੇਗੀ : ਮੰਗੂਪੁਰ

**ਬਲਾਚੌਰ (ਜਸਵਿੰਦਰ ਬੈਂਸ)**- ਚੋਣਾਂ ਦਾ ਬਿਗੁਲ ਵੱਜਣ ਉਪਰੰਤ ਸਾਰੀਆਂ ਹੀ ਰਾਜਨੀਤਿਕ ਪਾਰਟੀਆਂ ਮੈਦਾਨ ਵਿੱਚ ਆ ਗਈਆਂ ਹਨ ਅਤੇ ਕਾਂਗਰਸ ਪਾਰਟੀ ਸਭ ਤੋਂ ਅਗਾਂਹ ਵਧਦੀ ਦਿਖਾਈ ਦੇ ਰਹੀ ਹੈ। ਜ਼ਿਲ੍ਹਾ ਪ੍ਰੀਸ਼ਦ ਜ਼ੋਨ ਰੱਤੇਵਾਲ ਦੇ ਮੁੱਖ ਦਫਤਰ ਦਾ ਸ਼ਹਿਰ ਬਲਾਚੌਰ ਅਤੇ ਬਲਾਕ ਸੰਮਤੀ ਜੋਨ ਥੋਪੀਆ ਦੇ ਦਫਤਰ ਦਾ ਪਿੰਡ-ਉਧਨਵਾਲ ਵਿਖੇ ਉਦਘਾਟਨ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਕਾਂਗਰਸ ਵੱਲੋਂ ਕੀਤਾ ਗਿਆ। ਸਾਰੇ ਹੀ ਕਾਂਗਰਸੀ ਵਰਕਰਾਂ ਵਿੱਚ ਆਪਣੇ ਲੀਡਰ ਪ੍ਰਤੀ ਵਿਸ਼ਵਾਸ ਅਤੇ ਜੋਸ਼ ਨਾਲ ਭਰਿਆ ਉਤਸਾਹ ਮਹਿਸੂਸ ਕੀਤਾ ਜਾ ਰਿਹਾ ਸੀ। ਅਜੇ ਮੰਗਪੁਰ ਨੇ ਕਿਹਾ ਕਿ ਸਾਰੇ ਹੀ ਕਾਂਗਰਸੀ ਵਰਕਰ ਇਨ੍ਹਾਂ ਚੋਣਾਂ ਵਿੱਚ ਅਣਥੱਕ ਮਿਹਨਤ ਕਰ ਕਾਂਗਰਸ ਪਾਰਟੀ ਦੀ ਜਿੱਤ ਲਈ ਮਿਹਨਤ ਕਰ ਰਹੇ ਹਨ। ਲੋਕ ਸੱਤਾਧਾਰੀ ਪਾਰਟੀ ਅਤੇ ਬਾਕੀ ਪਾਰਟੀਆਂ ਤੋਂ ਅੱਕ ਚੁੱਕੇ ਹਨ ਅਤੇ ਕਾਂਗਰਸ ਪਾਰਟੀ ਨੂੰ ਜਿਤਾਉਣ ਦਾ ਮਨ ਬਣਾਈ ਬੈਠੇ ਹਨ। ਅਜੇ ਮੰਗੂਪੁਰ ਨੇ ਕਿਹਾ ਕਿ ਇਸ ਵਾਰ ਘਰਾਂ ਵਿੱਚ ਬੈਠੇ ਲੋਕ ਰਾਜਨੀਤਿਕ ਪਾਰਟੀਆਂ ਨਾਲੋਂ ਵੱਧ ਚੋਣਾ ਦੀ ਉਡੀਕ ਕਰ ਰਹੇ ਹਨ। ਅਜੇ ਮੰਗੂਪੁਰ ਨੇ ਕਿਹਾ ਕਿ ਕਾਂਗਰਸ ਪਾਰਟੀ ਦੇ ਸਾਰੇ ਹੀ ਉਮੀਦਵਾਰ ਸੂਝਵਾਨ ਅਤੇ ਸਮਾਜ ਸੇਵੀ ਹਨ ਅਤੇ ਕਾਂਗਰਸ ਪਾਰਟੀ ਇਸ ਵਾਰੀ ਵਧੇਰੀ ਲੀਡ ਨਾਲ ਜਿੱਤ ਪ੍ਰਾਪਤ ਕਰੇਗੀ। ਇਸ ਮੌਕੇ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ, ਧਰਮਪਾਲ ਚੇਅਰਮੈਨ, ਅਮਨਦੀਪ ਕੌਰ ਉਮੀਦਵਾਰ ਪਤਨੀ ਵਿਜੇ ਮੋਹਨ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਰੱਤੇਵਾਲ ਜ਼ੋਨ, ਮੋਹਨ ਲਾਲ ਸੰਧੂ ਬਲਾਕ ਪ੍ਰਧਾਨ ਬਲਾਚੌਰ, ਬਲਜਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਪੰਚਾਇਤ ਰਾਜ ਸੰਗਠਨ, ਅਮਨਦੀਪ ਕੁਮਾਰੀ ਪਤਨੀ ਰਵੀ ਕੁਮਾਰ ਉਮੀਦਵਾਰ ਬਲਾਕ ਸੰਮਤੀ ਥੋਪੀਆ, ਮੋਹਿੰਦਰ ਪਾਲ ਚੇਅਰਮੈਨ, ਨਾਨਕ ਸਿੰਘ ਬਾਂਠ ਉਮੀਦਵਾਰ ਬਲਾਕ ਸੰਮਤੀ ਸੁੱਧਾ ਮਾਜਰਾ, ਪ੍ਰਵੀਨ ਚੌਧਰੀ ਉਮੀਦਵਾਰ ਬਲਾਕ ਸੰਮਤੀ ਟਕਾਰਲਾ, ਕੇਵਲ ਲਾਲ ਉਮੀਦਵਾਰ ਬਲਾਕ ਸੰਮਤੀ ਚਣਕੋਆ, ਮਦਨ ਲਾਲ ਉਮੀਦਵਾਰ ਬਲਾਕ ਸੰਮਤੀ ਆਦੋਆਣਾਂ, ਮੋਹਿੰਦਰ ਪਾਲ ਉਮੀਦਵਾਰ ਬਲਾਕ ਸੰਮਤੀ ਭਰਥਲਾ, ਰਾਜੀਵ ਘੋਲਾ ਉਮੀਦਵਾਰ ਬਲਾਕ ਸੰਮਤੀ ਰੱਤੇਵਾਲ, ਕੁਲਦੀਪ ਕੁਮਾਰ ਦੀਪਾ ਪ੍ਰਧਾਨ ਕਿਸਾਨ ਸੈੱਲ, ਪ੍ਰਵੀਨ ਚੌਧਰੀ ਕਾਠਗੜ ਆਦਿ ਸੈਂਕੜੇ ਕਾਂਗਰਸੀ ਵਰਕਰ ਹਾਜਰ ਸਨ।



# ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਸੰਬੰਧੀ 'ਆਪ' ਵੱਲੋਂ ਮੀਟਿੰਗ



**ਬੰਗਾ (ਅਵਤਾਰ ਕਲੇਰ)**- ਆਮ ਆਦਮੀ ਪਾਰਟੀ ਵਲੋਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੀ ਮੁਹਿਮ ਨੂੰ ਤੇਜ਼ ਕਰਦਿਆਂ ਮੇਹਲੀ ਵਿਖੇ ਭਰਵੀਂ ਮੀਟਿੰਗ ਕੀਤੀ ਗਈ। ਜ਼ਿਲ੍ਹਾ ਪ੍ਰੀਸ਼ਦ ਜੋਨ ਕੁਲਥਮ ਤੋਂ ਸ਼ਾਰਦਾ ਰਾਣੀ ਬਸਰਾ ਅਤੇ ਬਲਾਕ ਸੰਮਤੀ ਮੇਹਲੀ ਜੋਨ ਤੋਂ ਅਵਤਾਰ ਕੌਰ ਦੇ ਹੱਕ 'ਚ ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰ ਰਹੇ। ਮੇਹਲੀ ਕਲੋਨੀ ਦੇ ਗੰਦੇ ਪਾਣੀ ਦੇ ਨਿਕਾਸ ਲਈ ਗਰਾਂਟ ਪਹਿਲਾਂ ਹੀ ਜਾਰੀ ਹੋ ਚੁੱਕੀ ਹੈ, ਨਵਾਂਸ਼ਹਿਰ ਵਿਖੇ ਮੈਡੀਕਲ ਕਾਲਜ ਬਣਨ ਨਾਲ ਸਾਰੇ ਇਲਾਕੇ ਨੂੰ ਫਾਇਦਾ ਹੋਵੇਗਾ। ਬੀਬੀਆਂ ਦੇ ਖਾਤੇ ਸਰਕਾਰ ਵੱਲੋਂ ਜਲਦੀ ਹੀ ਹਜ਼ਾਰ- ਹਜ਼ਾਰ ਰੁਪਏ ਪਾਏ ਜਾਣਗੇ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ 'ਆਪ' ਉਮੀਦਵਾਰਾਂ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਤਾਓ। ਹਲਕਾ ਸੰਗਠਨ ਇੰਚਾਰਜ ਪਵਨਜੀਤ ਸਿੰਘ ਸਿੱਧੂ ਯੂਥ ਆਗੂ ਰੌਬੀ ਕੰਗ ਨੇ ਵੀ ਸੰਬੋਧਨ ਕੀਤਾ। ਪਿੰਡ ਦੀ ਪੰਚਾਇਤ ਵਲੋਂ ਆਏ ਹੋਏ ਪਤਵੰਤੇ ਸੱਜਣਾਂ ਨੂੰ ਸਿਰਪਾਓ ਨਾਲ ਸਨਮਾਨਤ ਕੀਤਾ।ਇਸ ਮੌਕੇ ਸਤਨਾਮ ਸਰਪੰਚ ਮੇਹਲੀ,ਰਵਿੰਦਰ ਸਿੰਘ ਨੰਬਰਦਾਰ, ਕਮਲਜੀਤ ਸਿੰਘ ਪੰਚ, ਕੇਵਲ ਰਾਮ ਪੰਚ, ਲਖਵੀਰ ਰਾਮ ਪੰਚ, ਸਰਬਜੀਤ ਕੌਰ ਪੰਚ, ਨਵਜੀਤ ਕੌਰ ਪੰਚ, ਸੋਮਨਾਥ ਬਿੱਟੂ, ਅਵਤਾਰ ਰਾਮ,ਗੁਰਦਿਆਲ ਸਿੰਘ ਨੰਬਰਦਾਰ ਬਹੂਆ,ਅਮਰਜੀਤ ਸਿੰਘ ਪੰਚ ਬਹੂਆ, ਮੇਹਰ ਚੰਦ ਬੁਰਜ, ਸੰਤੋਖ ਸਿੰਘ ਮੁੰਨਾ ਆਦਿ ਹਾਜ਼ਰ ਸਨ।

# ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਚੋਣਾਂ ਲਈ 662 ਉਮੀਦਵਾਰ ਚੋਣ ਮੈਦਾਨ 'ਚ

## 14 ਨੂੰ ਪੈਣਗੀਆਂ ਵੋਟਾਂ, ਗਿਣਤੀ 17 ਨੂੰ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਪ੍ਰੋਗਰਾਮ ਅਨੁਸਾਰ 14 ਦਸੰਬਰ ਨੂੰ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਦੀਆਂ ਚੋਣਾਂ ਕਰਵਾਈਆਂ ਜਾ ਰਹੀਆਂ ਹਨ। ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪੜਤਾਲ ਅਤੇ ਨਾਮਜ਼ਦਗੀ ਪੱਤਰ ਵਾਪਸ ਲੈਣ ਉਪਰੰਤ ਕੁੱਲ 662 ਉਮੀਦਵਾਰ ਚੋਣ ਲੜਨਗੇ।ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਅਤੇ ਨਾਮਜ਼ਦਗੀਆਂ ਵਾਪਸ ਲੈਣ ਉਪਰੰਤ ਜ਼ਿਲ੍ਹਾ ਪ੍ਰੀਸ਼ਦ ਲਈ ਕੁੱਲ 80 ਅਤੇ ਪੰਚਾਇਤ ਸੰਮਤੀਆਂ ਲਈ ਕੁੱਲ 582 ਉਮੀਦਵਾਰ ਚੋਣਾਂ ਲੜਨਗੇ। ਉਨ੍ਹਾਂ ਦੱਸਿਆ ਕਿ ਪੰਚਾਇਤ ਸੰਮਤੀਆਂ ਲਈ 17 ਮੈਂਬਰ ਬਿਨਾਂ ਮੁਕਾਬਲਾ/ਸਰਵਸੰਮਤੀ ਨਾਲ ਚੁਣੇ ਗਏ ਹਨ।ਉਨ੍ਹਾਂ ਦੱਸਿਆ ਕਿ ਵੋਟਾਂ 14 ਦਸੰਬਰ ਨੂੰ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਬੈਲਟ ਪੇਪਰਾਂ ਰਾਹੀਂ ਪੈਣਗੀਆਂ, ਜਿਸ ਦੇ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੁਖ਼ਤਾ ਪ੍ਰਬੰਧ ਯਕੀਨੀ ਬਣਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪੋਲ ਹੋਈਆਂ ਵੋਟਾਂ ਦੀ ਗਿਣਤੀ 17 ਦਸੰਬਰ ਨੂੰ ਸਵੇਰੇ 8 ਵਜੇ ਤੋਂ ਹੋਵੇਗੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਚੋਣਾਂ ਨੂੰ ਅਮਨ-ਅਮਾਨ, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਵਚਨਬੱਧ ਹੈ।

# ਬਸਪਾ ਨੂੰ ਅਲਵਿਦਾ ਕਹਿ ਕੇ 'ਆਪ' 'ਚ ਸ਼ਾਮਿਲ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਪਿੰਡ ਹਰਦੋ ਸ਼ੇਖਾਂ ਵਿੱਚ ਬਸਪਾ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਦਾ ਹਿੱਸਾ ਬਣਿਆ ਇਹ ਬਹੁ ਗਿਣਤੀ ਵਿੱਚ ਲੋਕਾਂ ਨੇ ਜਿਵੇਂ ਇਕ ਪਾਸੜ ਫੈਸਲਾ ਕਰ ਲਿਆ। ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਆਮ ਆਦਮੀ ਦਾ ਹਿੱਸਾ ਬਣ ਰਹੇ ਹਨ। ਇਹ ਵਿਚਾਰ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਪਰਗਟ ਕਰਦਿਆਂ ਕਿਹਾ ਕਿ ਬਸਪਾ ਦਾ ਗੜ ਪਿੰਡ ਹਰਦੋ ਸ਼ੇਖਾਂ ਦੇ ਇਹ ਲੋਕ ਜਿਹਨਾਂ ਵਿੱਚ ਸਰਪੰਚ ਮੋਹਣ ਲਾਲ , ਸੁਖਵਿੰਦਰ ਸਿੰਘ, ਜਗਰੂਪ ਸਿੰਘ ਪੰਚ, ਜੈ ਪ੍ਰਕਾਸ਼ ਪੰਚ, ਰੇਸ਼ਮ ਲਾਲ ਪੰਚ, ਜਗਜੀਵਨ ਰਾਮ ਪ੍ਰਧਾਨ, ਨਿਰਮਲ ਦਾਸ, ਲਖਵੀਰ ਪ੍ਰਧਾਨ, ਸਰਵਣ ਕੁਮਾਰ, ਓਕਾਰ ਸਿੰਘ ਜੌਹਲ, ਜੋਧ ਸਿੰਘ, ਸਰਵਣ ਸਿੰਘ, ਕ੍ਰਿਸ਼ਨ ਕਲੇਰ, ਬਿੰਦਰ ਕੁਮਾਰ, ਬੰਸੀ ਲਾਲ, ਬਿਰਜੂ, ਮੇਜਰ, ਸੁਖਦੀਪ ਕੌਰ ਪੰਚ, ਕੁਲਵਿੰਦਰ ਕੌਰ ਪੰਚ, ਪਲਵਿੰਦਰ ਕੌਰ ਪੰਚ, ਰਕੇਸ਼ ਕੁਮਾਰ, ਗੁਰਪ੍ਰੀਤ ਸਿੰਘ, ਪਰਮਜੀਤ ਕੌਰ, ਧਰਮਵੀਰ, ਮਨਜੀਤ ਕੁਮਾਰ ਸਾਬਕਾ ਸਰਪੰਚ, ਕੁਲਦੀਪ ਕੁਮਾਰ, ਸੁਸ਼ੀਲ ਕੁਮਾਰ, ਰੇਸ਼ਮ ਸਿੰਘ, ਸਾਗਰ ਕਲੇਰ, ਸਰੂਪ ਸਿੰਘ, ਗੁਰਚੇਤਕ ਸਿੰਘ ਜੌਹਲ, ਲੇਖ ਰਾਜ, ਸੋਮਨਾਥ, ਆਤਮਾ ਰਾਮ, ਹਰਮੇਸ਼ ਕੁਮਾਰ ਸ਼ਾਮਲ ਹੋਏ ਜਿਹਨਾਂ ਨੂੰ ਬੀਬੀ ਮਾਨ ਨੇ ਜੀ ਆਇਆ ਆਖਿਆ ਪਾਰਟੀ ਵਿੱਚ ਪੂਰਾ ਮਾਣ ਸਤਿਕਾਰ ਦੇਣ ਦਾ ਵਾਅਦਾ ਕੀਤਾ। ਮੌਕੇ ਤੇ ਲਖਵੀਰ ਸਿੰਘ ਸ਼ੀਰ ਉਪਲ ਚੇਅਰਮੈਨ ਮਾਰਕੀਟ ਕਮੇਟੀ ਨੂਰਮਹਿਲ, ਜਸਵੀਰ ਸਿੰਘ ਧੰਜਲ ਸੰਗਠਨ ਇੰਚਾਰਜ, ਰਣਜੋਧ ਸਿੰਘ ਬਲਾਕ ਸੰਮਤੀ ਮੈਂਬਰ ਅਤੇ ਆਮ ਆਦਮੀ ਪਾਰਟੀ ਦੇ ਵਰਕਰ ਹਾਜ਼ਰ ਸਨ।





# ਐੱਸ ਆਈ ਐੱਚ 2025 ਗ੍ਰੈਂਡ ਫਿਨਾਲੇ ਦੀ ਐੱਲ ਪੀ ਯੂ ਮੇਜ਼ਬਾਨੀ ਕਰੇਗਾ

**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ ਪੀ ਯੂ), ਆਪਣੇ ਵਿਸ਼ੇਸ਼ ਨੋਡਲ ਸੈਂਟਰਾਂ ਵਿੱਚੋਂ ਇੱਕ ਦੇ ਰੂਪ ਵਿੱਚ, ਪ੍ਰਤਿਸ਼ਠਾਵਾਨ ਸਮਾਰਟ ਇੰਡੀਆ ਹੈਕਾਥਨ (ਐੱਸ ਆਈ ਐੱਚ) 2025 - ਹਾਰਡਵੇਅਰ ਐਡੀਸ਼ਨ ਗ੍ਰੈਂਡ ਫਿਨਾਲੇ ਦੀ ਮੇਜ਼ਬਾਨੀ ਕਰ ਰਹੀ ਹੈ। ਸਿੱਖਿਆ ਮੰਤਰਾਲੇ ਦੇ ਇਨੋਵੇਸ਼ਨ ਸੈੱਲ (ਐਮਆਈਸੀ) ਅਤੇ ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ (ਏਆਈਸੀਟੀਈ) ਦੁਆਰਾ ਆਯੋਜਿਤ, ਪੰਜ ਦਿਨਾਂ ਰਾਸ਼ਟਰੀ ਫਿਨਾਲੇ 8 ਤੋਂ 12 ਦਸੰਬਰ, 2025 ਤੱਕ ਐੱਲ ਪੀਯੂ ਅਤੇ ਦੇਸ਼ ਭਰ ਦੇ 60 ਨੋਡਲ ਸੈਂਟਰਾਂ 'ਤੇ ਆਯੋਜਿਤ ਕੀਤਾ ਜਾਵੇਗਾ।ਐੱਸ ਆਈ ਐੱਚ ਇੱਕ ਪ੍ਰਮੁੱਖ ਰਾਸ਼ਟਰੀ ਪਹਿਲਕਦਮੀ ਹੈ ਜੋ ਵਿਦਿਆਰਥੀਆਂ ਨੂੰ ਅਸਲ-ਸੰਸਾਰ ਦੀਆਂ ਚੁਣੌਤੀਆਂ ਨਾਲ ਨਜਿੱਠਣ ਤੇ ਨਵੀਨਤਾ ਅਤੇ ਹੱਲ-ਮੁਖੀ ਸੋਚ ਨੂੰ ਉਤਸ਼ਾਹਿਤ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ। ਇਸ ਸਾਲ ਦੇਸ਼ ਭਰ ਵਿੱਚ ਇੱਕ ਸਖ਼ਤ ਸਕ੍ਰੀਨਿੰਗ ਪ੍ਰਕਿਰਿਆ ਤੋਂ ਬਾਅਦ 8,000 ਤੋਂ ਵੱਧ ਵਿਦਿਆਰਥੀ ਟੀਮਾਂ, ਜਿਨ੍ਹਾਂ ਵਿੱਚੋਂ ਹਰੇਕ ਵਿੱਚ ਛੇ ਵਿਦਿਆਰਥੀ ਸ਼ਾਮਲ ਹਨ, ਨੂੰ ਅੰਤਿਮ ਪੜਾਅ ਲਈ ਚੁਣਿਆ ਗਿਆ ਸੀ। 2025 ਐਡੀਸ਼ਨ ਵਿੱਚ 54 ਮੰਤਰਾਲਿਆਂ, ਵਿਭਾਗਾਂ, ਉਦਯੋਗਾਂ ਤੇ ਜਨਤਕ ਖੇਤਰ ਦੇ ਅਦਾਰਿਆਂ ਤੋਂ 250 ਤੋਂ ਵੱਧ ਸਮੱਸਿਆ ਬਿਆਨ ਸ਼ਾਮਲ ਹਨ, ਜੋ ਸਮਾਰਟ ਇੰਡੀਆ ਹੈਕਾਥੌਨ ਦੇ ਵਧ ਰਹੇ ਪੈਮਾਨੇ ਅਤੇ ਮਹੱਤਵ ਨੂੰ ਦਰਸਾਉਂਦੇ ਹਨ। ਇਹ ਸਮੱਸਿਆ ਬਿਆਨ 17 ਮੁੱਖ ਥੀਮੈਟਿਕ ਖੇਤਰਾਂ ਵਿੱਚ ਫੈਲੇ ਹੋਏ ਹਨ, ਜਿਨ੍ਹਾਂ ਵਿੱਚ ਸਿਹਤ ਸੰਭਾਲ, ਸਪਲਾਈ ਚੇਨ ਅਤੇ ਲੌਜਿਸਟਿਕਸ, ਸਮਾਰਟ ਤਕਨਾਲੋਜੀ, ਵਿਰਾਸਤ ਅਤੇ ਸੱਭਿਆਚਾਰ, ਸਥਿਰਤਾ, ਸਿੱਖਿਆ ਅਤੇ ਹੁਨਰ ਵਿਕਾਸ, ਪਾਣੀ, ਖੇਤੀਬਾੜੀ ਅਤੇ ਭੋਜਨ, ਉੱਭਰ ਰਹੀਆਂ ਤਕਨਾਲੋਜੀਆਂ ਅਤੇ ਆਫ਼ਤ ਪ੍ਰਬੰਧਨ ਸ਼ਾਮਲ ਹਨ।ਐਲਪੀਯੂ ਪੰਜਾਬ ਸਰਕਾਰ ਅਤੇ ਏਆਈਸੀਟੀਈ-ਐਮਆਈਸੀ ਵਿਦਿਆਰਥੀ ਇਨੋਵੇਸ਼ਨ ਵਰਟੀਕਲ ਦੁਆਰਾ ਪ੍ਰਦਾਨ ਕੀਤੇ ਗਏ ਸਮੱਸਿਆ ਬਿਆਨਾਂ 'ਤੇ ਕੰਮ ਕਰਨ ਵਾਲੀਆਂ 20 ਉੱਚ-ਸੰਭਾਵੀ ਟੀਮਾਂ (150 ਭਾਗੀਦਾਰ) ਦੀ ਮੇਜ਼ਬਾਨੀ ਕਰੇਗਾ। ਯੂਨੀਵਰਸਿਟੀ ਨੇ ਪੰਜ ਦਿਨਾਂ ਦੀ ਹਾਰਡਵੇਅਰ ਮੈਰਾਥਨ ਦੌਰਾਨ ਭਾਗੀਦਾਰਾਂ ਦਾ ਸਮਰਥਨ ਕਰਨ ਲਈ ਉੱਨਤ ਪ੍ਰਯੋਗਸ਼ਾਲਾਵਾਂ, ਆਧੁਨਿਕ ਹਾਰਡਵੇਅਰ ਬੁਨਿਆਦੀ ਢਾਂਚਾ, ਤਜਰਬੇਕਾਰ ਸਲਾਹਕਾਰਾਂ ਅਤੇ ਇੱਕ ਜੀਵੰਤ ਨਵੀਨਤਾ ਈਕੋਸਿਸਟਮ ਦਾ ਪ੍ਰਬੰਧ ਕੀਤਾ ਹੈ। ਜੇਤੂ ਟੀਮ ਨੂੰ ਉਨ੍ਹਾਂ ਦੇ ਨਵੀਨਤਾਕਾਰੀ ਹੱਲ ਲਈ 1 ਲੱਖ ਦਾ ਨਕਦ ਇਨਾਮ ਮਿਲੇਗਾ।ਐੱਲ ਪੀ ਯੂ ਦੇ ਸੰਸਥਾਪਕ ਚਾਂਸਲਰ ਅਤੇ ਸੰਸਦ ਮੈਂਬਰ (ਰਾਜ ਸਭਾ) ਡਾ. ਅਸ਼ੋਕ ਕੁਮਾਰ ਮਿੱਤਲ ਨੇ ਕਿਹਾ ਕਿ ਲਗਾਤਾਰ ਛੇਵੀਂ ਵਾਰ ਨੋਡਲ ਸੈਂਟਰ ਵਜੋਂ ਚੁਣਿਆ ਜਾਣਾ ਯੂਨੀਵਰਸਿਟੀ ਦੀ ਭਾਰਤ ਦੇ ਨੌਜਵਾਨਾਂ ਵਿੱਚ ਰਚਨਾਤਮਕਤਾ, ਤਕਨੀਕੀ ਉੱਤਮਤਾ ਅਤੇ ਉੱਦਮੀ ਸੋਚ ਨੂੰ ਉਤਸ਼ਾਹਿਤ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਮੁਕਾਬਲੇ ਤੋਂ ਇਲਾਵਾ, ਗ੍ਰੈਂਡ ਫਿਨਾਲੇ ਭਾਗੀਦਾਰਾਂ ਨੂੰ ਸਾਥੀਆਂ ਅਤੇ ਸਲਾਹਕਾਰਾਂ ਨਾਲ ਨੈੱਟਵਰਕ ਕਰਨ ਅਤੇ ਰਾਸ਼ਟਰੀ ਚੁਣੌਤੀਆਂ ਨੂੰ ਹੱਲ ਕਰਨ ਦੇ ਉਦੇਸ਼ ਨਾਲ ਪ੍ਰੋਟੋਟਾਈਪ ਵਿਕਸਤ ਕਰਨ ਦਾ ਇੱਕ ਕੀਮਤੀ ਮੌਕਾ ਪ੍ਰਦਾਨ ਕਰਦਾ ਹੈ।




# ਜ਼ਿਲ੍ਹਾ ਪ੍ਰੀਸ਼ਦ ਚੋਣਾਂ 'ਚ ਭਾਜਪਾ ਉਮੀਦਵਾਰਾਂ ਦੀ ਵੱਡੀ ਜਿੱਤ ਹੋਵੇਗੀ : ਡਾ. ਸੁਭਾਸ਼ ਸ਼ਰਮਾ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਭਾਰਤੀ ਜਨਤਾ ਪਾਰਟੀ ਪੰਜਾਬ ਦੇ ਉਪ ਪ੍ਰਧਾਨ ਅਤੇ ਸ੍ਰੀ ਅਨੰਦਪੁਰ ਸਾਹਿਬ ਲੋਕ ਸਭਾ ਹਲਕੇ ਦੇ ਇੰਚਾਰਜ ਡਾ. ਸੁਭਾਸ਼ ਸ਼ਰਮਾ ਵੱਲੋਂ ਕੋਟਲਾ ਜ਼ਿਲ੍ਹਾ ਪ੍ਰੀਸ਼ਦ ਜੋਨ ਦੀ ਮੀਟਿੰਗ ਪਿੰਡ ਮਿੱਢਵਾਂ ਵਿੱਚ ਕੀਤੀ ਗਈ। ਮੀਟਿੰਗ ਦੌਰਾਨ ਉਹਨਾਂ ਨੇ ਆਉਣ ਵਾਲੀਆਂ ਚੋਣਾਂ ਨੂੰ ਲੈ ਕੇ ਪਾਰਟੀ ਵਰਕਰਾਂ ਵਿੱਚ ਨਵਾਂ ਜੋਸ਼ ਭਰਿਆ ਅਤੇ ਦਾਅਵਾ ਕੀਤਾ ਕਿ ਕੋਟਲਾ ਜ਼ਿਲ੍ਹਾ ਪ੍ਰੀਸ਼ਦ ਜੋਨ ਵਿੱਚ ਭਾਜਪਾ ਦੀ ਉਮੀਦਵਾਰ ਸੁਖਜਿੰਦਰ ਕੌਰ ਅਤੇ ਸਾਰੇ ਬਲਾਕ ਸਮਤੀ ਮੈਂਬਰ ਭਾਰੀ ਮਤਾਂ ਨਾਲ ਜਿੱਤ ਦਰਜ ਕਰਨਗੇ।ਇਸ ਮੀਟਿੰਗ ਦੌਰਾਨ ਬਲਾਕ ਸਮਤੀ ਜੋਨਾਂ ਦੇ ਉਮੀਦਵਾਰਾਂ ਦੀ ਚੋਣੀ ਰਣਨੀਤੀ ਨੂੰ ਲੈ ਕੇ ਪਾਰਟੀ ਦੇ ਅਹੁਦੇਦਾਰਾਂ ਨਾਲ ਵਿਸਥਾਰ ਨਾਲ ਚਰਚਾ ਕੀਤੀ ਗਈ। ਇਸ ਮੌਕੇ ਗੰਗੂਵਾਲ ਜੋਨ ਤੋਂ ਪਰਮਜੀਤ ਕੌਰ, ਝਿੰਝਰੀ ਜੋਨ ਤੋਂ ਸੁਦੇਸ਼ ਕੁਮਾਰੀ, ਕੋਟਲਾ ਜੋਨ ਤੋਂ ਪ੍ਰਦੀਪ ਕੁਮਾਰ, ਮੋਹੀਵਾਲ ਤੋਂ ਰਾਮ ਪਿਆਰੀ ਅਤੇ ਜ਼ਿਲ੍ਹਾ ਪਰਿਸ਼ਦ ਦੀ ਉਮੀਦਵਾਰ ਸੁਖਜਿੰਦਰ ਕੌਰ ਖ਼ਾਸ ਤੌਰ 'ਤੇ ਹਾਜ਼ਰ ਰਹੇ।ਮੀਟਿੰਗ ਵਿੱਚ ਪਾਰਟੀ ਦੇ ਸੀਨੀਅਰ ਆਗੂ ਜਤਿੰਦਰ ਅਟਵਾਲ, ਮੰਡਲ ਅਧਿਆਕਸ਼ ਰਤਨ ਧਨੇਰਾ, ਸੁਰਿੰਦਰ ਪੁਰੀ, ਰਵਿ ਦੱਤ, ਸਰਪੰਚ ਅਮਰੀਕ ਸਿੰਘ, ਪਾਰਸ ਮਿੱਢਾ, ਮੰਡਲ ਅਧਿਆਕਸ਼ ਜਗਦੀਪ ਚੰਦ ਸਮੇਤ ਕਈ ਹੋਰ ਆਗੂ ਅਤੇ ਵਰਕਰ ਵੀ ਸ਼ਾਮਲ ਹੋਏ।



# ਪੰਵਾਰ ਤੇ ਧਨਖੜ ਨੇ ਕੀਤਾ ਸ਼ਹੀਦ ਕਰਣ ਸਿੰਘ ਦੇ ਬੁੱਤ ਦਾ ਉਦਘਾਟਨ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਵਿਕਾਸ ਅਤੇ ਪੰਚਾਇਤ ਮੰਤਰੀ ਕ੍ਰਿਸ਼ਣ ਲਾਲ ਪੰਵਾਰ, ਭਾਜਪਾ ਦੇ ਰਾਸ਼ਟਰੀ ਸਕੱਤਰ ਓਮ ਪ੍ਰਕਾਸ਼ ਧਨਖੜ ਅਤੇ ਸਾਬਕਾ ਸਾਂਸਦ ਸੁਨੀਤਾ ਦੁਗੱਲ ਨੇ ਸ਼ਹੀਦ ਦੇ ਪਰਵਾਰਕ ਮੈਂਬਰਾਂ ਅਤੇ ਭਾਵਪੂਰਨ ਮਾਹੌਲ ਵਿੱਚ ਬਾਦਲੀ ਵਿਧਾਨ ਸਭਾ ਖੇਤਰ ਦੇ ਪਿੰਡ ਡਾਵਲਾ ਵਿੱਚ ਸ਼ਹੀਦ ਕਰਣ ਸਿੰਘ ਦੇ ਬੁੱਤ ਦਾ ਉਦਘਾਟਨ ਕੀਤਾ। ਵਿਕਾਸ ਅਤੇ ਪੰਚਾਇਤ ਮੰਤਰੀ ਨੇ ਸ਼ਹੀਦ ਦੇ ਨਾਂਅ 'ਤੇ ਪਿੰਡ ਡਾਵਲਾ ਵਿੱਚ ਆਧੁਨਿਕ ਈ-ਲਾਇਬ੍ਰੇਰੀ, ਨਵੇਂ ਭਵਨ ਸਮੇਤ ਧਨਖੜ ਖਾਪ ਦੇ ਚਬੂਤਰੇ ਲਈ 11 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਉਨ੍ਹਾਂ ਨੇ ਕਿਹਾ ਕਿ ਸਾਡੀ ਸਰਕਾਰ ਲਈ ਸ਼ਹੀਦਾਂ ਦਾ ਸਨਮਾਨ ਸੱਭ ਤੋਂ ਉੱਪਰ ਹੈ। ਪਿੰਡ ਦੇ ਖੇਤਾਂ ਦੇ ਵੱਲ ਜਾਣ ਵਾਲੇ ਪੰਜ ਰਸਤੇ ਸ਼ਹੀਦ ਦੇ ਨਾਂਅ 'ਤੇ ਪੱਕੇ ਕੀਤੇ ਜਾਣਗੇ। ਪਿੰਡ ਵਿੱਚ ਮਹਿਲਾਵਾਂ ਲਈ ਮਹਿਲਾ ਸਭਿਆਚਾਰਕ ਕੇਂਦਰ ਖੋਲਿਆ ਜਾਵੇਗਾ। ਪਿੰਡ ਵਿੱਚ ਇੰਡੋਰ ਜਿਮ ਲਈ ਸਮੱਗਰੀ ਵੀ ਦਿੱਤੀ ਜਾਵੇਗੀ। ਵਿਕਾਸ ਅਤੇ ਪੰਚਾਇਤ ਮੰਤਰੀ ਪੰਵਾਰ ਨੇ ਸ਼ਹੀਦ ਕਰਣ ਸਿੰਘ ਦੀ ਧਰਮਪਤਨੀ ਯੁੱਧ ਵੀਰਾਂਗਨਾ ਆਰਤੀ ਦੇਵੀ, ਮਾਤਾ ਸੁਮਿਤਰਾ ਦੇਵੀ, ਸ਼ਹੀਦ ਵਿਨੋਦ ਕੁਮਾਰ ਦੀ ਧਰਮਪਤਨੀ ਯੁੱਧ ਵਿਰਾਗਨਾ ਬਿਮਲਾ ਦੇਵੀ ਦਾ ਸਨਮਾਨ ਕੀਤਾ। ਇਸ ਮੌਕੇ 'ਤੇ ਸ਼ਹੀਦ ਕਰਣ ਦਾ ਬੇਟ ਰੁਦਰ, ਬੇਟੀ ਪਰੀ ਤੇ ਭਰਾ ਅਰਜੁਨ, ਸ਼ਹੀਦ ਵਿਨੋਦ ਦਾ ਬੇਟਾ ਆਸ਼ਿਸ਼, ਸਮੇਤ ਹੋਰ ਪਰਿਜਨ ਵੀ ਮੌਜੂਦ ਰਹੇ।

# ਐੱਲ ਪੀ ਯੂ ਨੇ ਏ ਆਈ ਯੂ ਨਾਰਥ ਜ਼ੋਨ ਵਾਈਸ ਚਾਂਸਲਰਜ਼ ਮੀਟ ਤੋਂ ਪਹਿਲਾਂ ਕੀਤੀ ਪ੍ਰੈੱਸ ਕਾਨਫਰੰਸ

**ਜਲੰਧਰ (ਸ਼ੈਲੀ ਐਲਬਰਟ)**- 1925 ਵਿੱਚ ਸਥਾਪਿਤ, ਐਸੋਸੀਏਸ਼ਨ ਆਫ਼ ਇੰਡੀਅਨ ਯੂਨੀਵਰਸਿਟੀਜ਼ (ਏ ਆਈ ਯੂ) ਭਾਰਤ 'ਚ ਉੱਚ ਸਿੱਖਿਆ ਲਈ ਇੱਕ ਪ੍ਰਮੁੱਖ ਸੰਸਥਾ ਹੈ। ਇਸ ਦੀ ਅਗਵਾਈ ਪਹਿਲਾਂ ਡਾ. ਸਰਵਪੱਲੀ ਰਾਧਾਕ੍ਰਿਸ਼ਨਨ, ਡਾ. ਸ਼ਿਆਮਾ ਪ੍ਰਸਾਦ ਮੁਖਰਜੀ, ਡਾ. ਜ਼ਾਕਿਰ ਹੁਸੈਨ, ਡਾ. ਕੇ.ਐਲ. ਸ਼੍ਰੀਮਾਲੀ, ਅਤੇ ਏ ਐੱਲ ਮੁਦਾਲੀਅਰ ਵਰਗੀਆਂ ਉੱਘੀਆਂ ਸ਼ਖਸੀਅਤਾਂ ਕਰ ਰਹੀਆਂ ਸਨ। ਏ ਆਈ ਯੂ 9-10 ਦਸੰਬਰ, 2025 ਨੂੰ ਆਪਣੀ 'ਉੱਤਰੀ ਜ਼ੋਨ ਦੇ ਵਾਈਸ ਚਾਂਸਲਰਜ਼ ਕਾਨਫਰੰਸ 2025-26' ਦਾ ਆਯੋਜਨ ਕਰ ਰਿਹਾ ਹੈ। ਕਾਨਫਰੰਸ ਦਾ ਥੀਮ 'ਪਾਠਕ੍ਰਮ ਅਤੇ ਖੋਜ ਵਿੱਚ ਰਵਾਇਤੀ ਗਿਆਨ ਨੂੰ ਜੋੜਨਾ' ਹੈ। ਇਸਦੀ ਮੇਜ਼ਬਾਨੀ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਕਰ ਰਹੀ ਹੈ।ਪੰਜਾਬ ਦੇ ਮਾਣਯੋਗ ਰਾਜਪਾਲ ਗੁਲਾਬ ਚੰਦ ਕਟਾਰੀਆ, 9 ਦਸੰਬਰ ਨੂੰ ਸਵੇਰੇ 10:00 ਵਜੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ, ਪੰਜਾਬ ਵਿਖੇ ਹੋਣ ਵਾਲੇ ਇਸ ਮੀਟ ਦੇ ਉਦਘਾਟਨੀ ਸਮਾਰੋਹ ਵਿੱਚ ਮੁੱਖ ਮਹਿਮਾਨ ਹੋਣਗੇ।ਇਸ ਮੀਟ ਦੀ ਪ੍ਰਧਾਨਗੀ ਪ੍ਰੋ. ਵਿਨੈ ਕੁਮਾਰ ਪਾਠਕ, ਪ੍ਰਧਾਨ, ਏਆਈਯੂ ਅਤੇ ਵਾਈਸ ਚਾਂਸਲਰ, ਸੀਐਸਜੀਐਮ ਯੂਨੀਵਰਸਿਟੀ, ਕਾਨਪੁਰ ਕਰਨਗੇ। ਡਾ. (ਸ਼੍ਰੀਮਤੀ) ਪੰਕਜ ਮਿੱਤਲ, ਜਨਰਲ ਸਕੱਤਰ, ਏ ਆਈ ਯੂ, ਮੀਟ ਦਾ ਸੰਚਾਲਨ ਕਰਨਗੇ। ਅਸ਼ੋਕ ਕੁਮਾਰ ਮਿੱਤਲ, ਸੰਸਦ ਮੈਂਬਰ (ਰਾਜ ਸਭਾ) ਅਤੇ ਸੰਸਥਾਪਕ ਚਾਂਸਲਰ, ਐਲਪੀਯੂ, ਉੱਤਰੀ ਜ਼ੋਨ ਦੇ ਮਾਣਯੋਗ ਵਾਈਸ ਚਾਂਸਲਰਾਂ ਨੂੰ ਵੀ ਸੰਬੋਧਨ ਕਰਨਗੇ। ਪ੍ਰੋ. ਡਾ. ਜਸਪਾਲ ਸਿੰਘ ਸੰਧੂ, ਵਾਈਸ ਚਾਂਸਲਰ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ, ਪੰਜਾਬ, ਮੀਟ ਦੀ ਮੇਜ਼ਬਾਨੀ ਕਰਨਗੇ ਅਤੇ ਇਕੱਠ ਦਾ ਸਵਾਗਤ ਕਰਨਗੇ। ਮੀਟ ਦੇ ਉਦਘਾਟਨੀ ਸੈਸ਼ਨ ਦੌਰਾਨ ਮੁੱਖ ਮਹਿਮਾਨ ਦੁਆਰਾ ਯੂਨੀਵਰਸਿਟੀ ਨਿਊਜ਼ ਦਾ ਇੱਕ ਵਿਸ਼ੇਸ਼ ਅੰਕ ਜਾਰੀ ਕੀਤਾ ਜਾਵੇਗਾ।




# ਕੈਂਪ 'ਚ 85 ਖ਼ੂਨਦਾਨੀਆਂ ਨੇ ਕੀਤਾ ਖ਼ੂਨਦਾਨ

**ਫਗਵਾੜਾ (ਡਾ. ਰਮਨ)**- ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਵੇਂ ਸ਼ਹਾਦਤ ਦਿਵਸ ਨੂੰ ਸਮਰਪਿਤ ਹਿੰਦੁਸਤਾਨ ਵੈਲਫੇਅਰ ਬਲੱਡ ਡੋਨਰਜ਼ ਕਲੱਬ ਫਗਵਾੜਾ ਵਲੋਂ ਇੱਕ ਖ਼ੂਨਦਾਨ ਕੈਂਪ ਸ਼ਿਵ ਮੰਦਰ ਬਾਬਾ ਗਧੀਆ ਖਲਵਾੜਾ ਰੋਡ ਫਗਵਾੜਾ ਵਿਖੇ ਆਯੋਜਿਤ ਕੀਤਾ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਹਿੰਦੂ ਧਾਰਮਿਕ ਤਿਉਹਾਰ ਕਮੇਟੀ ਦੇ ਪ੍ਰਧਾਨ ਇੰਦਰਜੀਤ ਕਰਵਲ ਨੇ ਵਿਚਾਰ ਪ੍ਰਗਟ ਕੀਤੇ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ ਬਰਾਬਰ ਹੋਰ ਕੋਈ ਕੁਰਬਾਨੀ ਇਤਿਹਾਸ ਦੇ ਪੰਨਿਆਂ ਵਿੱਚ ਨਹੀਂ ਹੈ ਅਤੇ ਇਸ ਸ਼ਹਾਦਤ ਨੇ ਧਰਮ ਪਰਿਵਰਤਨ ਦੇ ਭੁੱਖੇ ਹੁਕਮਰਾਨ ਨੂੰ ਮੂੰਹ ਤੋੜ ਜਵਾਬ ਦਿੱਤਾ। ਕਲੱਬ ਸਰਪ੍ਰਸਤ ਪ੍ਰਦੀਪ ਬੇਦੀ ਅਤੇ ਚੇਅਰਮੈਨ ਜਰਨੈਲ ਸਿੰਘ ਬਸਰਾ ਦੀ ਪ੍ਰਧਾਨਗੀ ਹੇਠ ਆਯੋਜਿਤ ਇਸ ਕੈਂਪ ਵਿੱਚ 85 ਖ਼ੂਨਦਾਨੀਆਂ ਨੇ ਖ਼ੂਨਦਾਨ ਕਰਕੇ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਸੀਸ ਨਿਵਾਇਆ ।ਕੈਂਪ ਵਿੱਚ ਵਾਤਾਵਰਨ ਪ੍ਰੇਮੀਆਂ ਦੀ ਸੰਸਥਾ ਗ੍ਰੋ ਗਰੀਨ ਦੇ ਮੈਂਬਰਾਂ ਅਤੇ ਲੈਕ ਹਰਜਿੰਦਰ ਗੋਗਨਾ ਨੇ ਆਪਣੇ ਬੇਟੇ ਜਤਿਨ ਗੋਗਨਾ ਨਾਲ ਖ਼ੂਨਦਾਨ ਕੀਤਾ ।ਕਲੱਬ ਦੇ ਜਨਰਲ ਸਕੱਤਰ ਵਿਤਿਨ ਪੁਰੀ ਅਤੇ ਉਪ ਚੇਅਰਮੈਨ ਗੋਪਾਲ ਲੂੰਬਾ ਨੇ ਕਿਹਾ ਕਿ ਖ਼ੂਨ ਦੀ ਕਮੀ ਦੇ ਕਾਰਨ ਕਿਸੇ ਵੀ ਮਰੀਜ਼ ਦਾ ਜਾਨੀ ਨੁਕਸਾਨ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਲੋੜ ਅਨੁਸਾਰ ਹੋਰ ਖ਼ੂਨਦਾਨ ਕੈਂਪ ਆਯੋਜਿਤ ਕੀਤੇ ਜਾਣਗੇ । ਕਲੱਬ ਦੇ ਸਾਬਕਾ ਪ੍ਰਧਾਨ ਵਿਕਰਮ ਗੁਪਤਾ ਨੇ ਸਮੂਹ ਖ਼ੂਨਦਾਨੀਆਂ ਦਾ ਧੰਨਵਾਦ ਕੀਤਾ । ਇਸ ਮੌਕੇ ਵਿਤਿਨ ਪੁਰੀ, ਨੀਰਜ ਬਖਸ਼ੀ, ਨਰੇਸ਼ ਕੋਹਲੀ, ਰਾਕੇਸ਼ ਵਢੇਰਾ, ਪ੍ਰਭਜੋਤ ਸਿੰਘ, ਹਰੀਸ਼ ਚੰਦਰ , ਨੀਤੂ, ਡਾ. ਅੰਜੂ ਸ਼ਰਮਾ, ਪ੍ਰਦੀਪ ਬੇਦੀ , ਪ੍ਰੇਮ ਗੁਪਤਾ ਹਾਜ਼ਰ ਸਨ ।



# ਸੜਕ ਹਾਦਸੇ 'ਚ ਐਕਟਿਵਾ ਸਵਾਰ ਔਰਤ ਦੀ ਮੌਤ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਗੜ੍ਹਸ਼ੰਕਰ ਤੋਂ ਹੁਸ਼ਿਆਰਪੁਰ ਰੋਡ ਤੇ ਪੈਂਦੇ ਪਿੰਡ ਗੋਲੀਆਂ ਲਾਗੇ ਇੱਕ ਦੁਖਦਾਇਕ ਹਾਦਸੇ ਦੀ ਖਬਰ ਸਾਹਮਣੇ ਆਈ ਹੈ ਜਿਸ ਵਿੱਚ ਇੱਕ ਐਕਟੀਵਾ ਸਵਾਰ ਔਰਤ ਦੀ ਵੈਨ ਨਾਲ ਟੱਕਰ ਹੋਣ ਤੇ ਉਸ ਦੀ ਮੌਕੇ ਤੇ ਹੀ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਜਗਦੀਸ਼ ਕੌਰ ਕਪੂਰਥਲਾ ਜ਼ਿਲ੍ਹੇ ਤੋਂ ਆਪਣੀ ਧੀ ਨੂੰ ਫਤਿਹਪੁਰ ਖੁਰਦ ਵਿਖੇ ਮਿਲਣ ਲਈ ਆਈ ਹੋਈ ਸੀ ਜਿਸ ਦੇ ਨਾਲ ਹੋਰ ਵੀ ਸਵਾਰ ਸਨ ਜਿਹਨਾਂ ਦੇ ਗੰਭੀਰ ਸੱਟਾਂ ਲੱਗੀਆਂ,ਉਹਨਾਂ ਨੂੰ ਤਰੁੰਤ ਸਿਵਲ ਹਸਪਤਾਲ ਗੜ੍ਹਸ਼ੰਕਰ ਪਹੁੰਚਾਇਆ ਗਿਆ। ਮਿੱਤ੍ਰਕ ਜਗਦੀਸ਼ ਕੌਰ ਪਤਨੀ ਦੇਵ ਸਿੰਘ ਵਾਸੀ ਭੁਲਰ ਬੇਟ ਜਿਲ੍ਹਾ ਕਪੂਰਥਲਾ ਦੀ ਰਹਿਣ ਵਾਲੀ ਸੀ। ਘਟਨਾ ਦੀ ਜਾਣਕਾਰੀ ਮਿਲਦੇ ਸਥਾਨਕ ਪੁਲਿਸ ਨੇ ਮੌਕੇ ਤੇ ਪਹੁੰਚ ਕੇ ਵੈਨ ਚਾਲਕ ਗੁਰਦੀਪ ਸਿੰਘ (ਜੰਮੂ ਕਸ਼ਮੀਰ)ਨੂੰ ਵੈਨ ਸਮੇਤ ਕਾਬੂ ਕਰ ਲਿਆ ਅਤੇ ਲਾਸ਼ ਨੂੰ ਸਿਵਲ ਹਸਪਤਾਲ ਗੜ੍ਹਸ਼ੰਕਰ ਪਹੁੰਚਾਇਆ ਗਿਆ। ਪੁਲਸ ਵਲੋਂ ਦੋਵੇਂ ਵਾਹਨਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ।















# ਪਿਪਸ ਸਕੂਲ ਦੀ ਵਿਦਿਆਰਥਣ ਰੁਪਿੰਦਰ ਕੌਰ ਨੂੰ ਸਟੇਟ ਚੈਂਪੀਅਨ ਐਵਾਰਡ




**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**- ਪੰਜਾਬ ਇੰਟਰਨੈਸ਼ਨਲ ਪਬਲਿਕ ਸਕੂਲ ਪਿੱਪਲ ਮਾਜਰਾ ਦੀ ਵਿਦਿਆਰਥਣ ਰੁਪਿੰਦਰ ਕੌਰ ਨੇ ਸਟੇਟ ਚੈਂਪੀਅਨ ਐਵਾਰਡ ਪ੍ਰਾਪਤ ਕਰਕੇ ਆਪਣਾ ਅਤੇ ਆਪਣੇ ਸਕੂਲ ਦਾ ਨਾਂਅ ਰੋਸ਼ਨ ਕੀਤਾ। ਸਕੂਲ ਦੇ ਪ੍ਰਿੰਸੀਪਲ ਸੁਰਜੀਤ ਸਿੰਘ ਨੇ ਦੱਸਿਆ ਕਿ ਫੈਪ ਵੱਲੋਂ ਕਰਵਾਏ ਗਏ ਉਲੰਪਿਆਡ 2025 ਵਿੱਚ ਸਕੂਲ ਦੀ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਰੁਪਿੰਦਰ ਕੌਰ ਨੇ ਪੀ ਸੀ ਬੀ ਵਿੱਚ ਭਾਗ ਲਿਆ ਅਤੇ ਪਹਿਲਾ ਸਥਾਨ ਹਾਸਲ ਕੀਤਾ। ਇਸ ਵਿਦਿਆਰਥਣ ਨੂੰ ਫੈਪ ਵੱਲੋਂ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵਿਖੇ ਕਰਵਾਏ ਗਏ ਵਿਸ਼ੇਸ਼ ਸਮਾਰੋਹ ਵਿੱਚ ਸਟੇਟ ਚੈਂਪੀਅਨ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਇਸੇ ਸਮਾਰੋਹ ਦੌਰਾਨ ਪਿਪਸ ਦੇ ਪ੍ਰਿੰਸੀਪਲ ਸੁਰਜੀਤ ਸਿੰਘ ਨੂੰ ਗੋਲਡਨ ਪ੍ਰਿੰਸੀਪਲ, ਮਮਤਾ ਸ਼ਰਮਾ ਨੂੰ ਬੈਸਟ ਟੀਚਰ ਅਤੇ ਹਰਜੀਤ ਸਿੰਘ ਨੂੰ ਇਨਸਪਾਇਰਿੰਗ ਟੀਚਰ ਦੇ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਸਕੂਲ ਕਮੇਟੀ ਦੇ ਪ੍ਰਧਾਨ ਗੁਰਦੇਵ ਸਿੰਘ ਅਟਵਾਲ, ਮੈਨੇਜਿੰਗ ਡਾਇਰੈਕਟਰ ਸ਼ਿੰਦਰਪਾਲ ਕੌਰ ਅਟਵਾਲ, ਮੈਨੇਜਰ ਪ੍ਰੀਤਪਾਲ ਕੌਰ ਅਟਵਾਲ, ਵਾਈਸ ਪ੍ਰਿੰਸੀਪਲ ਮਨਦੀਪ ਕੌਰ ਮਾਹਲ ਅਤੇ ਇਸਟੇਟ ਇੰਚਾਰਜ਼ ਅਰਸ਼ਦੀਪ ਸਿੰਘ ਬਰਾੜ ਵੱਲੋਂ ਵਿਦਿਆਰਥਣ ਰੁਪਿੰਦਰ ਕੌਰ ਅਤੇ ਉਸ ਦੇ ਮਾਪਿਆਂ ਨੂੰ ਵਿਸ਼ੇਸ਼ ਰੂਪ ਵਿੱਚ ਵਧਾਈ ਦਿੱਤੀ।

# ਰਾਜ ਪੱਧਰੀ ਸਮਾਗਮ 'ਚ ਲਿੰਗ ਅਨੁਪਾਤ 'ਚ ਕਪੂਰਥਲਾ ਫਿਰ ਤੋਂ ਰਿਹਾ ਮੋਹਰੀ

**ਕਪੂਰਥਲਾ (ਪ੍ਰੀਤ ਸੰਗੋਜਲਾ)**- ਪੰਜਾਬ ਸਰਕਾਰ ਵੱਲੋਂ ਪਿਛਲੇ ਦਿਨੀਂ ਪੀ ਸੀ ਪੀ ਐੱਨ ਡੀ ਟੀ ਤਹਿਤ ਕਰਵਾਏ ਗਏ ਸੂਬਾ ਪੱਧਰੀ ਸਮਾਗਮ ਦੌਰਾਨ ਸਿਹਤ ਵਿਭਾਗ ਕਪੂਰਥਲਾ ਨੂੰ ਵਧੀਆ ਲਿੰਗ ਅਨੁਪਾਤ ਲਈ ਸਨਮਾਨਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਜਿਲਾ ਕਪੂਰਥਲਾ ਪਿਛਲੇ ਤਿੰਨ ਸਾਲਾਂ ਤੋਂ ਲਿੰਗ ਅਨੁਪਾਤ ਦਰ ਤਹਿਤ ਮੋਹਰੀ ਰਿਹਾ ਹੈ। ਇਸ ਵਾਰ ਵੀ ਏਥੇ ਲੜਕਿਆਂ ਦੇ ਮੁਕਾਬਲੇ ਲੜਕੀਆਂ ਦੀ ਗਿਣਤੀ ਜ਼ਿਆਦਾ ਹੈ । ਸਿਹਤ ਵਿਭਾਗ ਵੱਲੋਂ ਇਹ ਇਨਾਮ ਸਿਹਤ ਮੰਤਰੀ ਪੰਜਾਬ ਡਾਕਟਰ ਬਲਬੀਰ ਸਿੰਘ ਸਿਹਤ ਤੇ ਪਰਵਾਰ ਭਲਾਈ ਡਾਇਰੈਕਟਰ, ਡਾਕਟਰ ਹਤਿੰਦਰ ਕੌਰ ਐੱਮ ਡੀ ਐੱਨ ਐੱਚ ਐੱਮ ਘਨਸਾਮ ਥੋਰੀ ਵੱਲੋਂ ਸਿਵਲ ਸਰਜਨ ਕਪੂਰਥਲਾ ਡਾਕਟਰ ਸੰਜੀਵ ਭਗਤ,ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾਕਟਰ ਰਵਜੀਤ ਸਿੰਘ ਤੇ ਪੀ ਐੱਨ ਡੀ ਟੀ ਕੁਆਰਡੀਨੇਟਰ ਕਮ ਡਿਪਟੀ ਮਾਸ ਮੀਡੀਆ ਅਫ਼ਸਰ ਸ਼ਰਨਦੀਪ ਸਿੰਘ ਨੂੰ ਪ੍ਰਦਾਨ ਕੀਤਾ ਗਿਆ। ਸਿਵਲ ਸਰਜਨ ਡਾਕਟਰ ਸੰਜੀਵ ਭਗਤ ਨੇ ਦਸਿਆ ਕਿ ਜ਼ਿਲ੍ਹੇ ਵਿਚ ਪੀ ਸੀ ਪੀ ਐਨ ਡੀ ਟੀ ਐਕਟ ਨੂੰ ਸਖ਼ਤੀ ਨਾਲ ਲਾਗੂ ਕੀਤਾ ਗਿਆ ਹੈ। ਇਹੀ ਨਹੀਂ ਸਿਹਤ ਵਿਭਾਗ ਵੱਲੋਂ ਸਮੇਂ ਸਮੇਂ ਤੇ ਬੇਟੀ ਬਚਾਓ ਜਾਗਰੂਕਤਾ ਗਤੀਵਿਧੀਆਂ ਵੀ ਕਰਵਾਈਆਂ ਜਾਂਦੀਆਂ ਹਨ। ਡਾਕਟਰ ਸੰਜੀਵ ਭਗਤ ਨੇ ਕਿਹਾ ਕਿ ਧੀਆਂ ਪਰਵਾਰ ਅਤੇ ਸਮਾਜ ਦੀ ਸ਼ਾਨ ਹਨ, ਸਾਨੂੰ ਸਾਰਿਆਂ ਨੂੰ ਇਨ੍ਹਾਂ ਨੂੰ ਵੀ ਅੱਗੇ ਵੱਧਣ ਦੇ ਮੌਕੇ ਪ੍ਰਦਾਨ ਕਰਨੇ ਚਾਹੀਦੇ ਹਨ। ਉਨ੍ਹਾਂ ਇਸ ਪ੍ਰਾਪਤੀ ਦਾ ਕ੍ਰੈਡਿਟ ਸਾਰੇ ਸਟਾਫ ਨੂੰ ਦਿੰਦਿਆਂ ਕਿਹਾ ਕਿ ਉਹ ਅੱਗੇ ਵੀ ਇਸ ਮੁਕਾਮ ਨੂੰ ਬਰਕਰਾਰ ਰੱਖਣ ਲਈ ਤਨਦੇਹੀ ਨਾਲ ਡਿਊਟੀ ਨਿਭਾਉਣ। ਉਨ੍ਹਾ ਕਿਹਾ ਕਿ ਭਵਿੱਖ ਵਿਚ ਵੀ ਜ਼ਿਲੇ ਵਿਚ ਅਚਨਚੇਤ ਚੈਕਿੰਗਾਂ ਕੀਤੀਆਂ ਜਾਣ ਤੇ ਪੀ ਸੀ ਪੀ ਐੱਨ ਡੀ ਟੀ ਦੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ।




# ਫਿਲਮ 'ਧੁਰੰਧਰ' 'ਤੇ ਤੁਰੰਤ ਰੋਕ ਲਵਾਉਣ ਸੰਬੰਧੀ ਦਿੱਤਾ ਯਾਦ ਪੱਤਰ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਫਿਲਮ ਇੰਡਸਟਰੀ ਵੱਲੋਂ 5 ਦਸੰਬਰ ਨੂੰ ਨਵੀਂ ਰਿਲੀਜ਼ ਕੀਤੀ ਜਾ ਰਹੀ ਫਿਲਮ 'ਧੁਰੰਧਰ' ਤੇ ਤੁਰੰਤ ਰੋਕ ਲਗਵਾਉਣ ਸਬੰਧੀ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਾ ਪ੍ਰਧਾਨ ਤੇ ਸੰਦੀਪ ਸਿੰਘ ਖਾਲਸਾ ਟਾਂਡਾ ਜਰਨਲ ਸਕੱਤਰ ਪੰਜਾਬ ਯੂਥ ਵਿੰਗ ਦੀ ਅਗਵਾਈ ਹੇਠ ਇੱਕ ਯਾਦ ਪੱਤਰ ਡਿਪਟੀ ਕਮਿਸ਼ਨਰ ਅਸ਼ਿਕਾ ਜੈਨ ਦੀ ਗੈਰ ਹਾਜ਼ਰੀ ਵਿੱਚ ਅਮਰਵੀਰ ਕੌਰ ਭੁੱਲਰ ਏ ਡੀ ਸੀ ਜਰਨਲ ਨੂੰ ਦਿੱਤਾ ਗਿਆ। ਇਸ ਸਮੇਂ ਗੁਰਨਾਮ ਸਿੰਘ ਸਿੰਗੜੀਵਾਲਾ ਅਤੇ ਸੰਦੀਪ ਸਿੰਘ ਖਾਲਸਾ ਨੇ ਕਿਹਾ ਕਿ ਧੁਰੰਧਰ ਫਿਲਮ ਉਤੇ ਤੁਰੰਤ ਰੋਕ ਲਗਾਇਆ ਲਗਾਈ ਜਾਵੇ। ਇਸ ਸਮੇਂ ਹਰਵਿੰਦਰ ਸਿੰਘ ਹੀਰਾ,ਅਵਤਾਰ ਸਿੰਘ ਝੀਂਗੜ ਕਲਾਂ, ਬੀਬੀ ਰਾਜਵਿੰਦਰ ਕੌਰ ਢੱਡੇ ਫਤਿਹ ਸਿੰਘ, ਬੀਬੀ ਸਪਨਾ, ਬੇਬੀ ਪੰਡੋਰੀ ਬੀਬੀ ਦੀ, ਅਜੇ ਮੱਲ,ਗੁਰਨਾਮ ਸਿੰਘ ਫੱਤਣ ਚੱਕ ਆਦਿ ਹਾਜ਼ਰ ਸਨ।